**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S. Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Fourteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 16, April 20th, 2013 20451 N Plum Grove Rd. Palatine, IL 60074 Ph:847-359-0746, Fax:847-705-9388

## ਭੁੱਲਰ ਨੂੰ ਬਚਾਉਣ ਦਾ ਆਖਰੀ ਹੰਭਲਾ

### ਗ੍ਰਹਿ ਮੰਤਰੀ ਵੱਲੋਂ ਕੇਸ 'ਤੇ ਵਿਚਾਰ ਦਾ ਭਰੋਸਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਫਾਂਸੀ ਦੀ ਸਜ਼ਾ ਪਾ ਚੁਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਬਚਾਉਣ ਲਈ ਹੁਣ ਆਖਰੀ ਹੰਭਲਾ ਮਾਰਿਆ ਜਾ ਰਿਹਾ ਹੈ। ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਐਲਾਨ ਕੀਤਾ ਹੈ ਕਿ ਭੁੱਲਰ ਦੇ ਮਾਮਲੇ ਬਾਰੇ ਸਰਕਾਰ ਇਕ ਵਾਰ ਫਿਰ ਵਿਚਾਰ ਕਰੇਗੀ। ਯਾਦ ਰਹੇ ਕਿ ਸੁਪਰੀਮ ਕੋਰਟ ਨੇ ਭੁੱਲਰ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਸਬੰਧੀ ਪਟੀਸ਼ਨ ਖਾਰਜ ਕਰ ਦਿੱਤੀ ਸੀ। ਇਸ ਨਾਲ ਉਸ ਨੂੰ ਬਚਾਉਣ ਦੇ ਤਕਰੀਬਨ ਸਾਰੇ ਕਾਨੂੰਨੀ ਰਾਹ ਬੰਦ ਹੋ ਗਏ ਸਨ। ਇਸ ਸਿਲਸਿਲੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਸ੍ਰੀ ਸ਼ਿੰਦੇ ਨੂੰ ਮਿਲੇ। ਇਸ ਤੋਂ ਬਾਅਦ ਹੀ ਉਨ੍ਹਾਂ ਇਹ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਅਦਾਲਤ ਦੇ ਖਚਾਖਚ ਭਰੇ ਕਮਰੇ ਵਿਚ ਫ਼ੈਸਲਾ ਸੁਣਾਉਂਦਿਆਂ



ਜਸਟਿਸ ਜੀ.ਐਸ. ਸਿੰਘਵੀ ਤੇ ਜਸਟਿਸ ਐਸ.ਜੇ. ਮੁਖੋਪਾਧਿਆਏ 'ਤੇ ਆਧਾਰਤ ਬੈਂਚ ਨੇ ਕਿਹਾ ਕਿ ਭੁੱਲਰ ਦੇ ਬਿਨੈਕਾਰ ਫਾਂਸੀ ਦੀ ਸਜ਼ਾ 'ਚ ਤਬਦੀਲੀ ਲਈ ਕੋਈ ਢੁੱਕਵੀਂ ਦਲੀਲ ਦੇਣ 'ਚ ਨਾਕਾਮ ਰਹੇ ਹਨ। ਸੁਪਰੀਮ ਕੋਰਟ ਨੇ ਪਟੀਸ਼ਨ ਖਾਰਜ ਕਰਦਿਆਂ ਕਿਹਾ ਕਿ ਉਹ ਅਤਿਵਾਦੀਆਂ ਜਾਂ ਸਮੂਹਿਕ ਕਤਲੇਆਮ 'ਚ ਸ਼ਾਮਿਲ ਲੋਕਾਂ ਦੀ ਰਹਿਮ ਦੀ ਅਪੀਲ 'ਤੇ ਦੇਰੀ ਨਾਲ ਫ਼ੈਸਲੇ ਨੂੰ ਆਧਾਰ ਬਣਾ ਕੇ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਨਹੀਂ ਬਦਲ ਸਕਦੀ। ਇਹ ਵੀ ਉਲਟੀ ਗੱਲ ਹੈ ਕਿ ਜਿਨ੍ਹਾਂ ਨੇ ਦੂਜਿਆਂ ਨੂੰ ਮਾਰਨ ਵੇਲੇ ਕੋਈ ਤਰਸ ਨਹੀਂ ਕੀਤਾ, ਉਹ ਹੁਣ ਆਪਣੇ ਲਈ ਤਰਸ ਦੀ ਅਪੀਲ ਕਰ ਰਹੇ ਹਨ।

ਇਸ ਫ਼ੈਸਲੇ ਨਾਲ ਪ੍ਰੋ. ਭੁੱਲਰ ਨੂੰ ਫਾਂਸੀ ਤੋਂ ਬਚਾਉਣ ਦੇ ਸਾਰੇ ਕਾਨੂੰਨੀ ਰਸਤੇ ਭਾਵੇਂ ਬੰਦ ਹੋ ਗਏ ਹਨ, ਪਰ ਕੁਝ ਮਾਹਿਰਾਂ ਮੁਤਾਬਕ ਉਸ ਦਾ ਕੇਸ ਜਿਸ ਮੁਕਾਮ ਉਤੇ ਪੁੱਜ ਗਿਆ ਹੈ, ਇਕ ਹੋਰ ਪਟੀਸ਼ਨ ਪਾਈ ਜਾ ਸਕਦੀ ਹੈ ਕਿਉਂਕਿ ਅਜੇ ਅਦਾਲਤ ਨੇ ਹਸਪਤਾਲ ਤੋਂ ਭੁੱਲਰ ਦੀ ਬਿਮਾਰੀ ਬਾਰੇ ਰਿਕਾਰਡ ਮੰਗਿਆ ਨਹੀਂ ਹੈ। ਯਾਦ ਰਹੇ ਕਿ ਸੁਪਰੀਮ ਕੋਰਟ ਨੇ ਪਿਛਲੇ ਸਾਲ ਭੁੱਲਰ ਦੇ ਪਰਿਵਾਰ ਦੀ ਅਪੀਲ 'ਤੇ 19 ਅਪ੍ਰੈਲ ਨੂੰ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਇਸ ਪਟੀਸ਼ਨ ਵਿਚ ਦਲੀਲ ਦਿੱਤੀ ਗਈ ਸੀ ਕਿ ਭੁੱਲਰ ਦੀ ਰਹਿਮ ਦੀ

*(ਬਾਕੀ ਸਫਾ 6 'ਤੇ)*



ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਵਿਸਾਖੀ ਮੌਕੇ ਪੁੱਜੇ ਸ਼ਰਧਾਲੂ।

## ਖਾਲਸਾ ਸਾਜਨਾ ਦਿਵਸ ਮੌਕੇ ਵੀ ਦੂਸ਼ਣਬਾਜ਼ੀ

**ਤਲਵੰਡੀ ਸਾਬੋ:** ਕਣਕ ਦੀ ਫਸਲ ਪੱਕਣ ਵਿਚ ਦਿਨ ਰਹਿੰਦੇ ਹੋਣ ਕਾਰਨ ਇਸ ਵਾਰ ਵਿਸਾਖੀ ਦੇ ਮੇਲੇ ਖੂਬ ਭਰੇ। ਪੰਜਾਬ ਵਿਚ ਭਾਵੇਂ ਸਭ ਤੋਂ ਵੱਡਾ ਵਿਸਾਖੀ ਮੇਲਾ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਲੱਗਾ ਜਿੱਥੇ ਸਿਆਸੀ ਕਾਨਫਰੰਸਾਂ ਵੀ ਹੋਈਆਂ, ਪਰ ਖਾਲਸੇ ਦੀ ਜਨਮ ਭੂਮੀ ਅਨੰਦਪੁਰ ਸਾਹਿਬ ਵਿਖੇ ਵੀ ਸੰਗਤਾਂ ਹੁੰਮਹੁਮਾ ਕੇ ਪੁੱਜੀਆਂ। ਇਸ ਤੋਂ ਇਲਾਵਾ ਪਿੰਡਾਂ ਤੇ ਸ਼ਹਿਰਾਂ ਦੇ ਗੁਰਦੁਆਰਿਆਂ ਵਿਚ ਵੀ ਵਿਸਾਖੀ ਸ਼ਰਧਾ ਨਾਲ ਮਨਾਈ ਗਈ।

ਖਾਲਸਾ ਸਾਜਨਾ ਦਿਵਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਲੱਗੇ ਵਿਸਾਖੀ ਮੇਲੇ ਦੌਰਾਨ ਦੇਸ਼ ਦੇ ਕੋਨੇ-ਕੋਨੇ ਤੋਂ ਪਹੁੰਚੇ ਲੱਖਾਂ ਸ਼ਰਧਾਲੂਆਂ ਨੇ ਪਵਿੱਤਰ ਸਰੋਵਰਾਂ ਵਿਚ ਇਸ਼ਨਾਨ ਕੀਤਾ ਤੇ ਤਖ਼ਤ ਸਾਹਿਬ ਸਮੇਤ ਇਥੋਂ ਦੇ ਹੋਰ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ-ਦੀਦਾਰ ਕੀਤੇ। ਦੂਜੇ ਬੰਨੇ ਸਿਆਸੀ ਪਾਰਟੀਆਂ ਨੇ ਆਪਣੀਆਂ ਕਾਨਫਰੰਸਾਂ ਵਿਚ ਇਕ-ਦੂਜੇ ਉਪਰ ਚਿੱਕੜ ਉਛਾਲਿਆ। ਵੱਡੀਆਂ ਕਾਨਫਰੰਸਾਂ ਭਾਵੇਂ ਅਕਾਲੀ ਦਲ ਤੇ ਕਾਂਗਰਸ ਪਾਰਟੀ ਦੀਆਂ ਹੀ ਸਨ ਪਰ ਸ਼੍ਰੋਮਣੀ ਅਕਾਲੀ ਦਲ (ਅ) ਤੇ ਹੋਰ ਪਾਰਟੀਆਂ ਦੀਆਂ ਕਾਨਫਰੰਸਾਂ ਵਿਚ ਵੀ ਕਾਫੀ ਰੌਣਕਾਂ ਰਹੀਆਂ। ਤਲਵੰਡੀ ਸਾਬੋ ਵਿਖੇ ਸੱਤਾਧਾਰੀ ਧਿਰ ਅਕਾਲੀ-ਭਾਜਪਾ ਗੱਠਜੋੜ ਵੱਲੋਂ ਬਾਬਾ ਡੱਲ ਸਿੰਘ ਦੀਵਾਨ ਹਾਲ ਵਿਚ ਕਾਨਫਰੰਸ ਕੀਤੀ ਗਈ ਜਿਸ ਵਿਚ ਬੁਲਾਰਿਆਂ ਨੇ ਕੇਂਦਰ ਦੀ ਕਾਂਗਰਸ ਸਰਕਾਰ ਨੂੰ ਮੁੱਖ

*(ਬਾਕੀ ਸਫਾ 6 'ਤੇ)*

## ਬੋਸਟਨ ਧਮਾਕੇ: ਫਿਰ ਦਹਿਲਿਆ ਅਮਰੀਕਾ

**ਬੋਸਟਨ:** ਦੁਨੀਆਂ ਭਰ ਵਿਚ ਮਸ਼ਹੂਰ ਅਮਰੀਕਾ ਦੀ ਬੋਸਟਨ ਮੈਰਾਥਨ ਦੌਰਾਨ ਬੰਬ ਧਮਾਕਿਆਂ ਨੇ ਇਕ ਵਾਰ ਫਿਰ ਅਮਰੀਕਾ ਦੇ ਖੁਫੀਆ ਤੰਤਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹਾ ਕਰ ਦਿੱਤਾ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਦੇਸ਼ ਦੀ ਦੂਜੀ ਵਾਰ ਵਾਗਡੋਰ ਸੰਭਾਲਣ ਤੋਂ ਬਾਅਦ ਲੋਕਾਂ ਨੂੰ ਸੁਰੱਖਿਆ ਦਾ ਪੂਰਾ ਭਰੋਸਾ ਦਿਵਾਇਆ ਸੀ ਪਰ ਖੁਫੀਆ ਏਜੰਸੀਆਂ ਦੇ ਨੱਕ ਹੇਠ ਵਾਪਰੀ ਇਸ ਘਟਨਾ ਨੇ ਜਨਤਾ ਦੇ ਮਨ ਵਿਚ ਫਿਰ ਸ਼ੰਕੇ ਪੈਦਾ ਕਰ ਦਿੱਤੇ ਹਨ ਕਿ ਉਹ ਕਿਤੇ ਵੀ ਮਹਿਫੂਜ਼ ਨਹੀਂ। ਇਨ੍ਹਾਂ ਧਮਾਕਿਆਂ ਨੇ ਇਕ ਵਾਰ ਮੁੜ 9/11 ਦੀ ਯਾਦ ਦਿਵਾ ਦਿੱਤੀ। ਉਂਜ, 9/11 ਤੋਂ ਬਾਅਦ ਇਹ ਪਹਿਲਾ ਵੱਡਾ ਧਮਾਕਾ ਹੈ।

ਜ਼ਿਕਰਯੋਗ ਹੈ ਕਿ ਮੈਰਾਥਨ ਦੀ ਜੇਤੂ ਲਾਈਨ ਨੇੜੇ ਦੌੜਾਕਾਂ ਨੂੰ ਉਤਸ਼ਾਹਤ ਕਰ ਰਹੀ ਭੀੜ ਵਿਚ ਬੀਤੇ ਦਿਨ ਦੋ ਬੰਬ ਧਮਾਕੇ ਹੋਣ ਕਾਰਨ ਤਿੰਨ ਵਿਅਕਤੀ ਮਾਰੇ ਗਏ ਤੇ 170 ਤੋਂ ਵੱਧ ਫੱਟੜ ਹੋ ਗਏ। ਧਮਾਕਿਆਂ ਮਗਰੋਂ ਨਿਊ ਯਾਰਕ, ਲਾਸ ਏਂਜਲਸ, ਸ਼ਿਕਾਗੋ ਤੇ ਵਾਸ਼ਿੰਗਟਨ ਵਿਚ ਚੌਕਸੀ ਵਧਾ ਦਿੱਤੀ ਗਈ ਹੈ। 42 ਕਿਲੋਮੀਟਰ ਬੋਸਟਨ ਮੈਰਾਥਨ ਦੀ ਜੇਤੂ ਲਾਈਨ ਕੋਲ ਸੈਂਕੜਿਆਂ ਦੀ ਗਿਣਤੀ ਵਿਚ ਲੋਕ, ਦੌੜਾਕਾਂ ਦਾ ਉਤਸ਼ਾਹ ਵਧਾਉਣ ਲਈ ਖੜ੍ਹੇ ਸਨ। ਇਸ ਤੋਂ ਇਲਾਵਾ ਪੂਰੇ

*(ਬਾਕੀ ਸਫਾ 6 'ਤੇ)*

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA · SFR · CDPE
Century 21
M&M and Associates
209.918.6464
ahundal@c21mm.com
605 Standiford Ave, Ste D · Modesto, CA 95350
SFR

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# Imperial Truck Wash & Repair

Located at 2635 E. North Ave., Fresno, CA 93725 (Corner of North & Chestnut).






**Special prices for all tires.**

- All major repairs for trucks & trailers.
- Brand new truck & trailer wash.
- Best prices on wash in the Fresno area.
- We offer truck & trailer wash, trailer washout,
- Wax, tire dressing, towel dry.
- We sell all major parts for truck & trailers.

*Gated parking with security guard on-site at night*

Also have office space available (ideal for a trucking company).

ਅਸੀਂ ਟਰੱਕ ਅਤੇ ਟਰੇਲਰਾਂ ਦੇ ਸਾਰੇ ਮੁੱਖ ਕਲਪੁਰਜੇ ਵੀ ਵੇਚਦੇ ਹਾਂ



**Contact: Inderjit Singh. Ph. 559-442-8500 or Cell. 209-872-4117**



# Pacific Coast Law Firm P.C.

*A Professional Corporation*

2351 W. March Lane, Ste A, Stockton, CA 95207
704 I Street, Ste B, Modesto, CA 95253

**(209) 475-6001**

**DIVORCE/FAMILY LAW (ਡਿਵੋਰਸ ਅਤੇ ਫੈਮਿਲੀ ਲਾਅ)**
* Child Custody/Visitation
* Child Support
* Spousal Support/Alimony
* Property Division
* Restraining Orders
* Guardianships

**IMMIGRATION LAW (ਇਮੀਗਰੇਸ਼ਨ ਲਾਅ)**
* Family/Fiancee Visa
* Citizenship
* Removal/Deportation Defense
* Asylum
* Adjustment of Status
* Waivers (UP/Criminal)
* International Visas
* Passport Applications
* Power of Attorney
* Religious Visa/Adjustment
* EB-5/Investor Visas
* VAWA
* U/T Visas
* Green Card
* DACA
* OCI
* Passport/Identity Card

**BANKRUPTCY (ਬੈਂਕਰਪਸੀ)**
* Chapter 7
* Credit Card Bills
* Medical Bills
* Wage Garnishments



Harleen Wahid-Dail
Attorney at Law

**WILLS, TRUSTS & ESTATES (ਵਿਰਾਸਤ, ਟਰਸਟ ਅਤੇ ਐਸਟੇਟਸ)**
· Document Creation
· Inter Vivos Trusts
· Direction for Res Funding
· Notary on Site
· Durable Power of Attorney
· Power of Attorney

**TAX LAW (ਟੈਕਸ ਲਾਅ)**
* Offers In Compromise * Payment Plans

**SOCIAL SECURITY & VETERAN DISABILITY (ਸੋਸ਼ਲ ਸਿਕਿਉਰਿਟੀ ਅਤੇ ਵੈਟਰਨ ਡਿਸਏਬਲਿਟੀ)**
* Initial Applications
* SSDI / SSI
* Hearings / Appeals
* Survivor & Disabled
* Widower Benefit
* EDD Claims / Appeals



*Kiran Sihota*
*Attorney at Law*

# ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

ਦੇਸ਼ ਵਾਸੀਓ ਰੱਖਣਾ ਯਾਦ ਸਾਨੂੰ ਕਿਤੇ ਦਿਲਾਂ ਤੋਂ ਨਾ ਭੁਲਾ ਦੇਣਾ।
ਖਾਤਰ ਵਤਨ ਦੀ ਲੱਗੇ ਆਂ ਚੜ੍ਹਨ ਫਾਂਸੀ, ਸਾਨੂੰ ਵੇਖ ਕੇ ਨਾ ਘਬਰਾ ਜਾਣਾ।

## ਭਾਰਤੀ ਅਜ਼ਾਦੀ ਲਈ ਵਿੱਢੀ ਗਈ ਗਦਰ ਲਹਿਰ ਦੀ ਸ਼ਤਾਬਦੀ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ

## ਐਤਵਾਰ 28 ਅਪਰੈਲ 2013

*ਸਮਾਂ: ਦੁਪਹਿਰ 12 ਵਜੇ ਤੋਂ ਸ਼ਾਮ 6 ਵਜੇ ਤੱਕ*

ਸਥਾਨ: ਸਟੋਨ ਕਰੀਕ ਜੂਨੀਅਰ ਹਾਈ ਸਕੂਲ (8000 ਏਕਰਜ਼ ਰੋਡ), ਬੇਕਰਜ਼ਫੀਲਡ, ਕੈਲੀਫੋਰਨੀਆ 93313

## ਪੈਰੀਂ ਬੇੜੀਆਂ ਦੁਆਲੀ ਸੰਗੀਨਾਂ ਦੀ ਛਾਂ, ਜਾ ਰਹੇ ਹਨ ਸਜ ਧਜ ਕੇ ਇਨ੍ਹਾਂ ਦੀ ਫਬਤ ਤਾਂ ਦੇਖ



*ਬਾਬਾ ਸੋਹਣ ਸਿੰਘ ਭਕਨਾ*



*ਲਾਲਾ ਹਰਦਿਆਲ*



*ਸੁਭਾਸ਼ ਚੰਦਰ ਬੋਸ*



*ਜਗਜੀਤ ਸਿੰਘ ਬਾਗੀ*

ਗਦਰ ਪਾਰਟੀ ਦੀ 100ਵੀਂ ਵਰ੍ਹੇਗੰਢ ਸਾਲ 2013 ਵਿਚ ਮਨਾਈ ਜਾ ਰਹੀ ਹੈ। ਗਦਰੀ ਬਾਬਿਆਂ ਨੇ ਅਮਰੀਕਾ ਵਿਚ ਆਪਣੀਆਂ ਜਾਇਦਾਦਾਂ, ਆਪਣਾ ਸੁੱਖ-ਅਰਾਮ ਤਿਆਗ ਕੇ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਹੇਠ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਦੇਸ਼ ਵੱਲ ਚਾਲੇ ਪਾਏ। ਗਦਰੀ ਯੋਧਿਆਂ ਬਰਤਾਨਵੀ ਸਾਮਰਾਜੀਆਂ ਦੀਆਂ ਬੰਦੂਕਾਂ ਅੱਗੇ ਸੀਨੇ ਡਾਹੇ, ਫਾਂਸੀਆਂ ਦੇ ਰੱਸੇ ਚੁੰਮੇ, ਕਾਲੇ ਪਾਣੀ ਦੇ ਨਰਕ ਨੂੰ ਹੱਡੀਂ ਹੰਢਾਇਆ। ਉਨ੍ਹਾਂ ਦੀਆਂ ਲਾਸਾਨੀ ਕੁਰਬਾਨੀਆਂ ਨੇ ਭਾਰਤ ਦੀ ਅਜ਼ਾਦੀ ਲਈ ਹੋਰ ਇਨਕਲਾਬੀ ਲਹਿਰਾਂ ਨੂੰ ਜਨਮ ਦਿੱਤਾ। ਦੇਸ਼ ਅਜ਼ਾਦ ਹੋਇਆ ਤਾਂ ਉਨ੍ਹਾਂ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਭੁਲਾ ਦਿੱਤਾ ਗਿਆ। ਆਪ ਸਭ ਨੂੰ ਗੁਜਾਰਿਸ਼ ਹੈ ਕਿ ਉਨ੍ਹਾਂ ਦੇਸ਼ ਭਗਤਾਂ ਨੂੰ ਯਾਦ ਕਰਨ ਅਤੇ ਗਦਰ ਪਾਰਟੀ ਦੇ ਸੌ ਸਾਲਾ ਸਮਾਗਮਾਂ ਵਿਚ ਹੁਮ ਹੁਮਾ ਕੇ ਪਹੁੰਚੋ। ਸਮੁੱਚੀਆਂ ਭਾਈਚਾਰਕ ਜਥੇਬੰਦੀਆਂ ਨੂੰ ਇਸ ਮੇਲੇ ਵਿਚ ਵਧ ਚੜ੍ਹ ਕੇ ਪਹੁੰਚਣ ਦੀ ਬੇਨਤੀ ਹੈ।

**ਫਰੀ ਫੂਡ ਅਤੇ ਫਰੀ ਪਾਰਕਿੰਗ**

ਮੁੱਖ ਮਹਿਮਾਨ: ਜਗਦੀਸ਼ ਸਿੰਘ ਖੰਗੂੜਾ (ਗਦਰੀ ਬਾਬਾ ਕਰਤਾਰ ਸਿੰਘ ਦੁੱਕੀ ਦਾ ਪੋਤਾ), ਕਿਰਪਾਲ ਸਿੰਘ ਸੰਧੂ ਅਤੇ ਦਲਵਿੰਦਰ ਸਿੰਘ ਧੂਤ

ਪਹੁੰਚ ਰਹੇ ਵਿਦਵਾਨ: ਕਿਰਪਾਲ ਸਿੰਘ ਸੰਧੂ, ਪਸ਼ੌਰਾ ਸਿੰਘ ਢਿੱਲੋਂ, ਡਾ. ਗੁਰੂਮੇਲ ਸਿੰਘ ਸਿੱਧੂ, ਡਾ. ਜਸਵੰਤ ਸਿੰਘ ਮਾਨ, ਡਾ. ਸ਼ਾਹਬਾਜ਼ ਇਕਬਾਲ

ਪਹੁੰਚ ਰਹੇ ਕਲਾਕਾਰ: ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ, ਦਲਬੀਰ ਸਿੰਘ ਬੇਕਰਜ਼ਫੀਲਡ, ਜੀਵਨ ਰੱਤੂ, ਗਗਨ ਸਿੱਧੂ, ਰਾਜ ਬਰਾੜ ਤੇ ਸਨੀ ਬੱਬਰ

**ਸਪਾਂਸਰ:** ਸਿਕੰਦਰ ਸਿੰਘ ਜੱਸੜ, ਹਰਜਿੰਦਰ ਸਿੰਘ ਗਿੱਲ, ਜਗਦੀਸ਼ ਸਿੰਘ ਢਿੱਲੋਂ, ਪ੍ਰੀਤ ਸਿੰਘ, ਵਿਨੋਦ ਕੁਮਾਰ, ਅਕਾਲ ਸੇਵਾ ਸੁਸਾਇਟੀ, ਨਾਜਰ ਸਿੰਘ, ਪਰਮਜੀਤ ਦੁਸਾਂਝ, ਮਹਿੰਦਰ ਧਾਲੀਵਾਲ, ਸੁਰਜੀਤ ਧਾਲੀਵਾਲ, ਨਾਨਕ ਸਵੀਟਸ, ਜੋਬਨਜੀਤ ਸਿੰਘ ਬੌਬੀ, ਬਲਜੀਤ ਨਿਰਵਾਨ, ਭਜਨ ਸੰਧੂ, ਸੁਲੱਖਣ ਸਿੰਘ ਰਾਏ, ਗੁਰਚਰਨ ਸਿੰਘ ਬੈਂਸ ਐਲ ਏ, ਗੁਰਦੇਵ ਢਿੱਲੋਂ ਐਲ ਏ, ਡਾ. ਮਨਵੀਰ ਸਿੰਘ, ਡਾ. ਯਾਦਵਿੰਦਰ ਸਿੰਘ ਕੰਗ, ਡਾ. ਅਜੀਤਪਾਲ ਟਿਵਾਣਾ, ਛਿੰਦਾ ਸਿੰਘ ਉਪਲ, ਭਰਪੂਰ ਸਿੰਘ, ਮਾਸਟਰ ਜਗਦੇਵ ਸਿੰਘ ਗਰੇਵਾਲ, ਨਿਰਮਲ ਕੰਗ, ਜੱਸੀ ਗਿੱਲ, ਜਗਤਾਰ ਸਿੰਘ, ਇੰਦਰਜੀਤ ਸਿੰਘ, ਕੁਲਵਿੰਦਰ ਸਿੰਘ, ਅਜਮੇਰ ਸਿੰਘ ਭੋਗਲ, ਗੁਰਮੇਲ ਸਿੰਘ ਭੋਗਲ, ਅਮਰਿੰਦਰ ਸਿੰਘ, ਹਰਜਿੰਦਰ ਸਿੰਘ, ਚਮਕੌਰ ਸਿੰਘ, ਅਮਰੀਕ ਸਿੰਘ ਸੰਧੂ, ਓਮਨੀ ਵੀਡੀਓ, ਬੀਬੀ ਕਰਨੈਲ ਕੌਰ, ਹੀਰੋ ਸਿੰਘ, ਸੁੱਖੀ ਘੁੰਮਣ, ਕਮਲ ਗਿੱਲ, ਕੁਲਦੀਪ ਸਿੰਘ ਬਰਾੜ, ਪਨਾਮਾ ਫਾਰਮੇਸੀ, ਗੁਰਦੁਆਰਾ ਪ੍ਰਬੰਧਕ ਕਮੇਟੀ ਸਟਾਈਨ ਰੋਡ, ਗੁਰਦੁਆਰਾ ਪ੍ਰਬੰਧਕ ਕਮੇਟੀ ਪੀ ਸਟਰੀਟ, ਗੁਰਦੁਆਰਾ ਪ੍ਰਬੰਧਕ ਐਚ ਸਟਰੀਟ, ਗੁਰਦੁਆਰਾ ਕਮੇਟੀ ਵਾਈਬਲ ਰੋਡ, ਐਨ ਆਰ ਆਈ ਸਭਾ ਤੇ ਸੀਨੀਅਰ ਸਿਟੀਜ਼ਨ ਸਭਾ, www.khalsatr.com, Reliable Wholesale.

### ਬੋਰਡ ਆਫ ਡਾਇਰੈਕਟਰ

ਸੁਮਿਤਰ ਸਿੰਘ ਉਪਲ, ਯੂਬਾ ਸਿਟੀ
ਕਸ਼ਮੀਰ ਸਿੰਘ ਕਾਂਗਣਾ, ਬੇਕਰਜ਼ਫੀਲਡ
ਜਰਨੈਲ ਸਿੰਘ ਸਰਪੰਚ, ਸੈਕਰਾਮੈਂਟੋ

### ਕਮੇਟੀ ਮੈਂਬਰ

ਪਰਮਜੀਤ ਸਿੰਘ ਸੰਧੂ, ਜਗਜੀਤ ਸਿੰਘ ਗਿੱਲ, ਹਰਪਾਲ ਸੰਘੇੜਾ, ਜੁਝਾਰ ਸਿੰਘ ਗਿੱਲ, ਬਲਵੰਤ ਬਾਂਕਾ, ਰਾਕੇਸ਼ ਬੈਂਸ, ਸੁਰਿੰਦਰ ਸਿੰਘ ਗਿੱਲ, ਸ਼ਿੰਗਾਰਾ ਸਿੰਘ ਬੋਪਾਰਾਏ।

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਕਰਮਜੀਤ ਸਿੰਘ ਕੰਗ, ਫੋਨ: 661-205-5214
ਗਿਆਨ ਸਿੰਘ ਬਿਲਗਾ, ਫੋਨ: 661-397-7330
ਸਵਰਨ ਸਿੰਘ ਸਿੱਧੂ, ਫੋਨ: 661-302-5611
ਸ਼ਿਆਰਾ ਸਿੰਘ ਢੀਂਡਸਾ, ਫੋਨ: 661-703-6664
ਅਮਰਜੀਤ ਰਾਏ, ਫੋਨ: 661-832-9471

**ਜਾਰੀ ਕਰਤਾ: ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਅਤੇ ਸਕੱਤਰ ਬਲਜਿੰਦਰ ਸਿੰਘ ਭੱਟੀ**

# ਜ਼ਿੰਦਗੀ ਅਤੇ ਮੌਤ ਦਾ ਘਮਾਸਾਣ!

ਨਵੀਂ ਦਿੱਲੀ ਦੀ ਇੰਸਟੀਚਿਊਟ ਆਫ਼ ਹਿਊਮਨ ਬੀਹੇਵੀਅਰ ਐਂਡ ਅਲਾਈਡ ਸਾਇੰਸਿਸ ਜਿੱਥੇ ਦਵਿੰਦਰਪਾਲ ਸਿੰਘ ਭੁੱਲਰ ਦਾਖ਼ਲ ਹੈ, ਦੇ ਡਾਕਟਰਾਂ ਦਾ ਕਹਿਣਾ ਹੈ ਕਿ ਭੁੱਲਰ ਦੀ ਬਿਮਾਰੀ ਬਾਰੇ ਸੰਸਥਾ ਦਾ ਨਜ਼ਰੀਆ ਕਦੇ ਵੀ ਪੁੱਛਿਆ ਨਹੀਂ ਗਿਆ। ਅੱਜ ਵੀ ਭੁੱਲਰ ਦਾ ਡਿਪਰੈਸ਼ਨ ਦਾ ਇਲਾਜ ਚੱਲ ਰਿਹਾ ਹੈ ਅਤੇ ਅੱਜ ਵੀ ਉਸ ਦੀ ਮਾਨਸਿਕ ਅਵਸਥਾ ਦਾ ਝੁਕਾਅ ਖ਼ੁਦਕੁਸ਼ੀ ਕਰਨ ਵਾਲਾ ਹੈ। ਸੰਸਥਾ ਦੇ ਡਾਇਰੈਕਟਰ ਡਾ. ਨਿਮੇਸ਼ ਦੇਸਾਈ ਮੁਤਾਬਕ ਨਿਯਮਾਂ ਤਹਿਤ ਜਦੋਂ ਵੀ ਕੋਈ ਅਦਾਲਤ, ਕਿਸੇ ਮਰੀਜ਼ ਦੀ ਅਵਸਥਾ ਬਾਰੇ ਪੱਖ ਪੁੱਛਦੀ ਹੈ ਤਾਂ ਸੰਸਥਾ ਵਜੋਂ ਬਾਕਾਇਦਾ ਜਵਾਬ ਦਿੱਤਾ ਜਾਂਦਾ ਹੈ। ਇਸ ਪ੍ਰਕਿਰਿਆ ਤਹਿਤ ਪਹਿਲਾਂ ਮੈਡੀਕਲ ਬੋਰਡ ਬਿਠਾਇਆ ਜਾਂਦਾ ਹੈ। ਇਹੀ ਮੈਡੀਕਲ ਬੋਰਡ ਆਪਣੀ ਰਿਪੋਰਟ ਅਦਾਲਤ ਕੋਲ ਭੇਜਦਾ ਹੈ। ਭੁੱਲਰ ਦੀ ਸਿਹਤ ਬਾਰੇ ਅੱਜ ਤੱਕ ਅਦਾਲਤ ਨੇ ਕੁਝ ਪੁੱਛਿਆ ਹੀ ਨਹੀਂ, ਸੰਸਥਾ ਵੱਲੋਂ ਇਸ ਬਾਰੇ ਕੋਈ ਬੋਰਡ ਬਿਠਾਉਣਾ ਤਾਂ ਬਹੁਤ ਬਾਅਦ ਦੀ ਗੱਲ ਹੈ।

ਸੁਪਰੀਮ ਕੋਰਟ ਨੇ ਭੁੱਲਰ ਦੀ ਮਾਨਸਿਕ ਅਵਸਥਾ ਬਾਰੇ ਜਿਹੜੀ ਟਿੱਪਣੀ ਕੀਤੀ ਹੈ, ਉਹ ਸੰਸਥਾ ਵੱਲੋਂ ਸਤੰਬਰ 2011 ਵਿਚ ਜਾਰੀ ਕੀਤਾ ਮੈਡੀਕਲ ਸਰਟੀਫਿਕੇਟ ਹੈ। ਡਾ. ਦੇਸਾਈ ਨੇ ਦੱਸਿਆ ਕਿ ਭੁੱਲਰ ਦੇ ਵਕੀਲ ਕੇ.ਟੀ.ਐਸ. ਤੁਲਸੀ ਨੇ ਜਿਹੜੇ ਦਸਤਾਵੇਜ਼ ਅਦਾਲਤ ਵਿਚ ਪੇਸ਼ ਕੀਤੇ ਹਨ, ਉਹ ਵੱਖ-ਵੱਖ ਮੌਕਿਆਂ ਉਤੇ ਭੁੱਲਰ ਦੇ ਕੀਤੇ ਗਏ ਇਲਾਜ ਨਾਲ ਹੀ ਸਬੰਧਤ ਹਨ।

ਯਾਦ ਰਹੇ ਕਿ ਭੁੱਲਰ ਨੇ 2011 ਵਿਚ ਜਦੋਂ ਉਸ ਨੂੰ ਸੰਸਥਾ ਵਿਚ ਦਾਖ਼ਲ ਕਰਵਾਇਆ ਗਿਆ ਸੀ, ਉਸ ਨੇ ਦੋ ਵਾਰ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤ। ਇਸ ਤੋਂ ਬਾਅਦ ਉਸ ਦੀ ਸੁਰੱਖਿਆ ਅਤੇ ਨਿਗਰਾਨੀ ਹੋਰ ਵਧਾ ਦਿੱਤੀ ਗਈ। ਡਾਕਟਰ ਵੀ ਉਸ ਉਤੇ ਆਮ ਨਾਲੋਂ ਵੱਧ ਨਿਗ੍ਹਾ ਰੱਖ ਰਹੇ ਹਨ। ਸੰਸਥਾ ਦੇ ਇਕ ਹੋਰ ਡਾਕਟਰ ਮੁਤਾਬਕ ਭੁੱਲਰ ਆਮ ਕਰ ਕੇ ਆਪਣੇ ਬੈੱਡ ਉਤੇ ਹੀ ਰਹਿੰਦਾ ਹੈ। ਉਸ ਦੀਆਂ ਹੋਰ ਸਰਗਰਮੀਆਂ ਵੀ ਘੱਟ ਹੀ ਹਨ। ਅਕਸਰ ਹੀ ਉਹ ਰਾਤ ਨੂੰ ਹੁੰਗਦਾ-ਹੁੰਗਦਾ ਉਠ ਖੜ੍ਹਦਾ ਹੈ ਅਤੇ ਦੱਸਦਾ ਹੈ ਕਿ ਉਸ ਨੂੰ ਫਾਂਸੀ ਉਤੇ ਲਟਕਾਉਣ ਦੇ ਸੁਪਨੇ ਆ ਰਹੇ ਹਨ। ਜਦੋਂ ਜਾਗਦਾ ਹੈ ਤਾਂ 'ਬਚਾਓ, ਬਚਾਓ' ਅਤੇ 'ਮੈਨੂੰ ਛੱਡ ਦਿਓ' ਦੀਆਂ ਚੀਕਾਂ ਮਾਰਦਾ ਹੈ।

1991 ਨੂੰ ਦਸੰਬਰ ਦੀ ਇਕ ਠਰੀ ਸਵੇਰ ਜਦੋਂ ਪੰਜਾਬ ਵਿਚ ਅਤਿਵਾਦ ਸਿਖ਼ਰ ਉਤੇ ਸੀ, ਪੁਲਿਸ ਦੀ ਇਕ ਟੀਮ ਚੰਡੀਗੜ੍ਹ ਵਿਚ ਇਕ ਘਰ ਅੰਦਰ ਗਈ। ਉਹ ਲੁਧਿਆਣੇ ਦੇ ਪਾਲਿਟੈਕਨਿਕ ਕਾਲਜ ਵਿਚ ਪੜ੍ਹਾਉਂਦੇ ਦਵਿੰਦਰਪਾਲ ਸਿੰਘ ਭੁੱਲਰ ਪਿੱਛੇ ਲੱਗੀ ਹੋਈ ਸੀ। ਕਿਹਾ ਜਾ ਰਿਹਾ ਸੀ ਕਿ ਚੰਡੀਗੜ੍ਹ ਦੇ ਐਸ.ਐਸ.ਪੀ. ਸੁਮੇਧ ਸਿੰਘ ਸੈਣੀ ਉਤੇ ਉਸੇ ਸਾਲ (1991) ਅਗਸਤ ਵਿਚ ਹੋਏ ਹਮਲੇ ਵਿਚ ਦਵਿੰਦਰਪਾਲ ਵੀ ਸ਼ਾਮਲ ਸੀ। ਉਸ ਘਰ ਵਿਚੋਂ ਪੁਲਿਸ ਨੂੰ ਕੋਈ ਬੰਦਾ ਤਾਂ ਲੱਭਿਆ, ਪਰ ਉਸ ਦੇ ਪਿਤਾ ਜੋ ਸਰਕਾਰੀ ਮੁਲਾਜ਼ਮ ਸੀ ਅਤੇ ਮਾਸੜ ਨੂੰ ਘਰੋਂ ਚੁੱਕ ਲਿਆ ਗਿਆ। ਇਨ੍ਹਾਂ ਦੋਹਾਂ ਬਾਰੇ ਅੱਜ ਤੱਕ ਕਿਸੇ ਨੂੰ ਕੋਈ ਸੂਹ ਨਾ ਮਿਲੀ। ਉਂਜ, ਇਸ ਕੇਸ ਵਿਚ ਪਹਿਲੀ ਦਸੰਬਰ 2006 ਨੂੰ ਭਾਵੇਂ ਦਵਿੰਦਰਪਾਲ ਨੂੰ ਬਰੀ ਕਰ ਦਿੱਤਾ ਗਿਆ, ਪਰ ਲੁਧਿਆਣੇ ਦੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਤੋਂ ਪੜ੍ਹਿਆ ਦਵਿੰਦਰਪਾਲ ਮੁੜ ਘਰ ਨਾ ਵੜ ਸਕਿਆ। ਜਿਸ ਦਿਨ ਉਹ ਭਗੌੜਾ ਹੋਇਆ, ਉਸ ਤੋਂ ਤਿੰਨ ਮਹੀਨੇ ਪਹਿਲਾਂ ਹੀ ਉਸ ਦਾ ਵਿਆਹ ਹੋਇਆ ਸੀ। ਬਾਅਦ ਵਿਚ ਹਾਈਕੋਰਟ ਨੇ ਵੀ 2007 ਵਿਚ ਉਸ ਨੂੰ ਇਸ ਕੇਸ ਵਿਚੋਂ ਬਰੀ ਕਰ ਦਿੱਤਾ। ਭੁੱਲਰ ਦਾ ਵਿਆਹ ਨਵਨੀਤ ਕੌਰ ਨਾਲ ਸਤੰਬਰ 1991 ਨੂੰ ਹੋਇਆ ਸੀ। ਉਸ ਦਾ ਅਤਿਵਾਦੀਆਂ ਦੀ ਸੂਚੀ ਵਿਚ ਪਹਿਲੀ ਵਾਰ ਨਾਂ ਉਸ ਵੇਲੇ ਆਇਆ ਜਦੋਂ ਸੈਣੀ ਕੇਸ ਵਿਚ ਉਸ ਦੀ ਤਲਾਸ਼ ਆਰੰਭ ਹੋਈ। ਫਿਰ ਬਾਅਦ ਵਿਚ ਇਹ ਗੱਲ ਸਾਹਮਣੇ ਆਈ ਕਿ 1993 ਵਿਚ ਯੂਥ ਕਾਂਗਰਸ ਦੇ ਤਤਕਾਲੀ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਉਤੇ ਨਵੀਂ ਦਿੱਲੀ ਵਿਚ ਜਿਹੜਾ ਹਮਲਾ ਹੋਇਆ ਸੀ, ਉਸ ਦਾ ਮੁੱਖ ਸੂਤਰਧਾਰ ਦਵਿੰਦਰਪਾਲ ਸੀ। ਇਸੇ ਦੌਰਾਨ ਉਹ ਫਰਜ਼ੀ ਪਾਸਪੋਰਟ ਉਤੇ ਜਰਮਨੀ ਚਲਾ ਗਿਆ, ਪਰ ਜਰਮਨੀ ਦੇ ਫਰੈਂਕਫਰਟ ਹਵਾਈ ਅੱਡੇ ਉਤੇ ਉਸ ਨੂੰ ਫੜ ਲਿਆ ਗਿਆ ਅਤੇ ਇਕ ਸਾਲ ਜੇਲ੍ਹ ਵਿਚ ਰੱਖਣ ਪਿੱਛੋਂ ਉਸ ਨੂੰ 1995 ਵਿਚ ਭਾਰਤ ਭੇਜ ਦਿੱਤਾ ਗਿਆ।

ਦਹਿਸ਼ਤਪਸੰਦਾਂ ਦੀਆਂ ਸਫ਼ਾਂ ਵਿਚ ਜਿਹੜੇ ਹੋਣਹਾਰ ਵਿਦਿਆਰਥੀ ਜਾਂ ਵਿਅਕਤੀ ਆਏ, ਉਨ੍ਹਾਂ ਵਿਚ ਦਵਿੰਦਰਪਾਲ ਤੋਂ ਇਲਾਵਾ ਰਣਜੀਤ ਸਿੰਘ ਕੁੱਕੀ, ਗੁਰਨਾਮ ਸਿੰਘ ਬੁੱਟਰ, ਪ੍ਰੀਤਮ ਸਿੰਘ ਸੇਖੋਂ ਅਤੇ ਦਲਜੀਤ ਸਿੰਘ ਬਿੱਟੂ ਸ਼ਾਮਲ ਹਨ। ਕੁੱਕੀ ਉਸ ਵੇਲੇ ਪੰਜਾਬ ਖੇਤੀ ਯੂਨੀਵਰਸਿਟੀ ਤੋਂ ਐਮ.ਐਸਈ. ਕਰ ਰਿਹਾ ਸੀ। ਬੁੱਟਰ ਐਮ.ਬੀ.ਬੀ.ਐਸ ਅਤੇ ਸੇਖੋਂ ਵੈਟਰਨਰੀ ਡਾਕਟਰ ਸੀ। ਦਲਜੀਤ ਸਿੰਘ ਬਿੱਟੂ ਵੀ ਉਦੋਂ ਖੇਤੀ ਯੂਨੀਵਰਸਿਟੀ ਵਿਚ ਪੜ੍ਹ ਹੀ ਰਿਹਾ ਸੀ।

> **ਦਵਿੰਦਰਪਾਲ ਸਿੰਘ ਭੁੱਲਰ ਦਾ ਕੇਸ ਇਕੋ-ਇਕ ਅਜਿਹਾ ਕੇਸ ਹੈ ਜਿਸ ਵਿਚ ਪੁਲਿਸ ਵੱਲੋਂ ਜਬਰੀ ਲਿਖਵਾਏ ਇਕਬਾਲੀਆ ਬਿਆਨ ਦੇ ਆਧਾਰ 'ਤੇ ਫਾਂਸੀ ਦਿੱਤੀ ਗਈ ਹੈ। ਭੁੱਲਰ ਨਾਲ ਸਬੰਧਤ ਕੁਝ ਉਨ੍ਹਾਂ ਪੱਖਾਂ ਬਾਰੇ ਇੱਥੇ ਚਰਚਾ ਕੀਤੀ ਜਾ ਰਹੀ ਹੈ ਜਿਨ੍ਹਾਂ ਬਾਰੇ ਚਰਚਾ ਬਹੁਤ ਘੱਟ ਹੋਈ ਹੈ। ਇਹ ਪੱਖ ਸਿੱਧੇ ਜ਼ਿੰਦਗੀ ਦੀ ਲੜਾਈ ਨਾਲ ਜੁੜੇ ਹੋਏ ਹਨ।**





## ਨਹੀਂ ਲੱਗਿਆ ਵਿਸਾਖੀ ਦਾ ਮੇਲਾ

**ਬਠਿੰਡਾ:** ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਬਰਕਰਾਰ ਰਹਿਣ ਕਾਰਨ ਉਸ ਦੇ ਜੱਦੀ ਪਿੰਡ ਦਿਆਲਪੁਰਾ ਭਾਈਕਾ ਵਿਚ ਵਿਸਾਖੀ ਮੌਕੇ ਲੱਗਣ ਵਾਲਾ ਮੇਲਾ ਪਿੰਡ ਵਾਸੀਆਂ ਅਤੇ ਪ੍ਰਬੰਧਕਾਂ ਨੇ ਰੋਸ ਵਜੋਂ ਰੱਦ ਕਰ ਦਿੱਤਾ। ਪਿੰਡ ਦੇ ਸਾਬਕਾ ਸਰਪੰਚ ਤੇ ਸਰਕਲ ਜਥੇਦਾਰ ਚਤੁਰ ਸਿੰਘ ਗੁੱਡ ਅਤੇ ਹੋਰਾਂ ਨੇ ਦੱਸਿਆ ਕਿ ਭੁੱਲਰ ਦੀ ਸਜ਼ਾ ਘੱਟ ਕਰਨ ਸਬੰਧੀ ਸੁਪਰੀਮ ਕੋਰਟ ਵਿਚ ਪਾਈ ਪਟੀਸ਼ਨ ਰੱਦ ਹੋ ਜਾਣ ਕਾਰਨ ਪਿੰਡ ਵਾਸੀ ਸਦਮੇ ਵਿਚ ਹਨ। ਜ਼ਿਕਰਯੋਗ ਹੈ ਕਿ ਪਿੰਡ ਵਿਚ ਮਾਈ ਰੱਜੀ ਅਤੇ ਬਾਬਾ ਗੁੱਦੜ ਦੇ ਸਥਾਨ 'ਤੇ ਵਿਸਾਖੀ ਮੌਕੇ ਭਾਰੀ ਮੇਲਾ ਲੱਗਦਾ ਹੈ।

## ਪੰਜਾਬ ਵਿਚ ਚੌਕਸੀ

**ਚੰਡੀਗੜ੍ਹ:** ਦਵਿੰਦਰਪਾਲ ਸਿੰਘ ਭੁੱਲਰ ਦੀ ਮੌਤ ਦੀ ਸਜ਼ਾ ਮੁਆਫੀ ਵਾਲੀ ਪਟੀਸ਼ਨ ਖਾਰਜ ਹੋਣ ਤੋਂ ਬਾਅਦ ਪੰਜਾਬ ਅੰਦਰ ਇਹਤਿਆਤ ਵਜੋਂ ਨੀਮ-ਫੌਜੀ ਦਲ ਅਤੇ ਪੁਲਿਸ ਦੀ ਚੌਕਸੀ ਵਧਾ ਦਿੱਤੀ ਗਈ। ਸਾਰੇ ਮੁੱਖ ਸ਼ਹਿਰਾਂ ਅਤੇ ਸੜਕਾਂ ਉੱਪਰ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਅਤੇ ਪੀ.ਏ.ਪੀ. ਦੀਆਂ ਬਟਾਲੀਅਨਾਂ ਤਾਇਨਾਤ ਕਰ ਦਿੱਤੀਆਂ ਹਨ। ਇਸ ਤਾਇਨਾਤੀ ਨਾਲ ਲੋਕ ਕਿਆਸ-ਅਰਾਈਆਂ ਲਾਉਣ ਲੱਗ ਪਏ ਸਨ ਕਿ ਭੁੱਲਰ ਨੂੰ ਫਾਂਸੀ ਦਿੱਤੀ ਜਾ ਰਹੀ ਹੈ।

## ਭੁੱਲਰ ਕੇਸ: ਤਰੀਕ-ਦਰ-ਤਰੀਕ

ਸਤੰਬਰ 1993: ਨਵੀਂ ਦਿੱਲੀ ਵਿਚ ਬੰਬ ਧਮਾਕਾ। ਯੂਥ ਕਾਂਗਰਸ ਦੇ ਤਤਕਾਲੀ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਵਾਲ-ਵਾਲ ਬਚੇ ਪਰ 9 ਜਣਿਆਂ ਦੀ ਮੌਤ ਤੇ 25 ਫੱਟੜ। ਦਵਿੰਦਰਪਾਲ ਸਿੰਘ ਭੁੱਲਰ ਮੁੱਖ ਮੁਲਜ਼ਮ ਨਾਮਜ਼ਦ।
ਦਸੰਬਰ 1994: ਭੁੱਲਰ ਵੱਲੋਂ ਜਰਮਨੀ ਵਿਚ ਸਿਆਸੀ ਪਨਾਹ ਲਈ ਅਰਜ਼ੀ।
ਜਨਵਰੀ 1995: ਜਰਮਨੀ ਵੱਲੋਂ ਅਰਜ਼ੀ ਰੱਦ ਤੇ ਭੁੱਲਰ ਨੂੰ ਵਾਪਸ ਭਾਰਤ ਭੇਜਿਆ।
2000: ਕੇਸ ਦੀ ਸੁਣਵਾਈ ਆਰੰਭ
ਅਗਸਤ 2001: ਹੇਠਲੀ ਅਦਾਲਤ ਵੱਲੋਂ ਦੋਸ਼ੀ ਕਰਾਰ ਤੇ ਫਾਂਸੀ ਦੀ ਸਜ਼ਾ ਸੁਣਾਈ।
26 ਮਾਰਚ 2002: ਸੁਪਰੀਮ ਕੋਰਟ ਵੱਲੋਂ ਭੁੱਲਰ ਦੀ ਅਪੀਲ ਖਾਰਜ।
17 ਦਸੰਬਰ 2002: ਸੁਪਰੀਮ ਕੋਰਟ ਵੱਲੋਂ ਰਿਵਿਊ ਪਟੀਸ਼ਨ ਵੀ ਖਾਰਜ।
14 ਜਨਵਰੀ 2003: ਭੁੱਲਰ ਵੱਲੋਂ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ।
12 ਮਾਰਚ 2003: ਸੁਪਰੀਮ ਕੋਰਟ ਵੱਲੋਂ ਭੁੱਲਰ ਦੀ ਸੁਧਾਈ ਪਟੀਸ਼ਨ ਖਾਰਜ।
25 ਮਈ 2011: ਰਾਸ਼ਟਰਪਤੀ ਪ੍ਰਤਿਭਾ ਦੇਵੀਸਿੰਘ ਪਾਟਿਲ ਵੱਲੋਂ ਰਹਿਮ ਦੀ ਅਰਜ਼ੀ ਖਾਰਜ। ਭੁੱਲਰ ਵੱਲੋਂ ਰਹਿਮ ਦੀ ਅਪੀਲ ਵਿਚ ਦੇਰੀ ਦਾ ਆਧਾਰ ਬਣਾ ਕੇ ਸੁਪਰੀਮ ਕੋਰਟ ਕੋਲ ਪਹੁੰਚ ਅਤੇ ਸਜ਼ਾ ਉਮਰ ਕੈਦ ਵਿਚ ਬਦਲਣ ਦੀ ਅਪੀਲ।
19 ਅਪਰੈਲ 2012: ਸੁਪਰੀਮ ਕੋਰਟ ਵਲੋਂ ਭੁੱਲਰ ਦੀ ਅਪੀਲ 'ਤੇ ਫੈਸਲਾ ਰਾਖਵਾਂ ਰੱਖਿਆ।
12 ਅਪਰੈਲ 2013: ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲਣ ਦੀ ਅਪੀਲ ਸੁਪਰੀਮ ਕੋਰਟ ਵੱਲੋਂ ਰੱਦ।

## ਤੰਦਰੁਸਤੀ ਸਰਟੀਫਿਕੇਟ ਤੋਂ ਬਿਨਾਂ ਫਾਂਸੀ ਨਹੀਂ

**ਚੰਡੀਗੜ੍ਹ:** ਦਵਿੰਦਰਪਾਲ ਸਿੰਘ ਭੁੱਲਰ ਨੂੰ ਗੁਪਤ ਤਰੀਕੇ ਨਾਲ ਫਾਂਸੀ ਦੇਣ ਦੀ ਚਰਚਾ ਬਾਰੇ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਦੇਸ਼ ਦੇ ਕਾਨੂੰਨ ਅਨੁਸਾਰ ਜੇਲ੍ਹ ਦੇ ਡਾਕਟਰ ਵੱਲੋਂ ਦੋਸ਼ੀ ਦੇ ਤੰਦਰੁਸਤ ਹੋਣ ਸਬੰਧੀ ਸਰਟੀਫਿਕੇਟ ਜਾਰੀ ਕੀਤੇ ਜਾਣ ਤੋਂ ਬਿਨਾਂ ਫਾਂਸੀ ਨਹੀਂ ਦਿੱਤੀ ਜਾ ਸਕਦੀ। ਭੁੱਲਰ 13 ਅਕਤੂਬਰ 2010 ਤੋਂ ਦਿੱਲੀ ਦੇ ਇਕ ਹਸਪਤਾਲ ਵਿਚ ਇਲਾਜ ਅਧੀਨ ਦਾਖਲ ਹੈ। ਹਸਪਤਾਲ ਵੱਲੋਂ ਜਦੋਂ ਤੱਕ ਉਸ ਨੂੰ ਤੰਦਰੁਸਤ ਕਰਾਰ ਦੇ ਕੇ ਵਾਪਸ ਜੇਲ੍ਹ ਨਹੀਂ ਭੇਜਿਆ ਜਾਂਦਾ, ਉਸ ਸਮੇਂ ਤੱਕ ਜੇਲ੍ਹ ਦਾ ਡਾਕਟਰ ਵੀ ਉਨ੍ਹਾਂ ਸਬੰਧੀ ਮੈਡੀਕਲ ਜਾਂਚ ਅਤੇ ਤੰਦਰੁਸਤੀ ਸਬੰਧੀ ਕੋਈ ਸਰਟੀਫਿਕੇਟ ਜਾਰੀ ਨਹੀਂ ਕਰ ਸਕਦਾ।

# ਵਿਸ਼ਵਾਸ ਡੋਲ ਚੁੱਕਾ ਹੈ ਸਾਡਾ: ਨਵਨੀਤ

***-ਸੁਪਰੀਮਕੋਰਟ ਦੇ ਫੈਸਲੇ ਉਤੇ ਤੁਹਾਡੀ ਪ੍ਰਤੀਕਿਰਿਆ?***

*ਇਹ ਅਦਾਲਤੀ ਨਹੀਂ, ਸਗੋਂ ਸਿਆਸੀ ਫੈਸਲਾ ਹੈ; ਕਿਉਂਕਿ ਅਦਾਲਤ ਨੇ ਭੁੱਲਰ ਦੀ ਮਾਨਸਿਕ ਜਾਂ ਸਰੀਰਕ ਹਾਲਤ ਜਾਂ ਰਹਿਮ ਦੀ ਅਪੀਲ ਵਿਚ ਹੋਈ ਦੇਰੀ ਦੇ ਮਾਮਲੇ ਵਿਚਾਰੇ ਹੀ ਨਹੀਂ ਹਨ। ਇਸ ਦੇਸ਼ ਵਿਚ ਕੋਈ ਕਾਨੂੰਨ ਨਹੀਂ ਹੈ। ਦੇਸ਼ ਦਾ ਰਾਸ਼ਟਰਪਤੀ ਰਹਿਮ ਦੀ ਅਪੀਲ ਉਤੇ 11 ਸਾਲ ਕਿੱਦਾਂ ਬੈਠ ਸਕਦਾ ਹੈ? ਹੋਰ ਤਾਂ ਹੋਰ ਅਪ੍ਰੈਲ 2012 ਤੋਂ ਸੁਪਰੀਮ ਕੋਰਟ ਨੇ ਵੀ ਫੈਸਲਾ ਰਾਖਵਾਂ ਰੱਖਿਆ ਹੋਇਆ ਹੈ। ਤੁਸੀਂ ਫਾਸੀਯਾਫਤਾ ਲੋਕਾਂ ਨੂੰ ਇੱਦਾਂ ਕਿਸ ਤਰ੍ਹਾਂ ਲਟਕਾ ਸਕਦੇ ਹੋ? ਕੀ ਕਿਸੇ ਨੂੰ ਇਹ ਸਮਝ ਨਹੀਂ ਆ ਰਹੀ ਕਿ ਉਹ ਰੋਜ਼ ਤਿਲ-ਤਿਲ ਮਰਦੇ ਹਨ। ਇਹ ਕਿੱਥੋਂ ਦਾ ਮਨੁੱਖੀ ਵਿਹਾਰ ਹੈ?*

***-ਤੁਸੀਂ ਕਹਿ ਰਹੇ ਹੋ ਕਿ ਭੁੱਲਰ ਨੂੰ ਦੋ ਸਜ਼ਾਵਾਂ ਦਿੱਤੀਆਂ ਗਈਆਂ?***

*ਹਾਂ, ਭੁੱਲਰ ਜੇਲ੍ਹ ਵਿਚ 18 ਸਾਲ ਭੁਗਤ ਚੁੱਕਾ ਹੈ। ਇਸੇ ਕਰ ਕੇ ਉਸ ਦੀ ਮਾਨਸਿਕ ਅਵਸਥਾ ਡੋਲ ਗਈ ਹੈ। ਇਸ ਦੇ ਨਾਲ ਹੀ ਉਸ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ। ਹਰ ਰੋਜ਼ ਉਸ ਦੇ ਸਿਰ ਉਤੇ ਤਲਵਾਰ ਲਟਕਦੀ ਹੈ।*

***-ਹੁਣ ਉਸ ਦਾ ਕੀ ਹਾਲ ਹੈ?***

*ਪਿਛਲੇ ਦੋ ਸਾਲ ਤੋਂ ਉਹ ਇੰਸਟੀਚਿਊਟ ਆਫ਼ ਹਿਊਮਨ ਬੀਹੇਵੀਅਰ ਐਂਡ ਅਲਾਈਡ ਸਾਇੰਸਿਸ ਵਿਚ ਦਾਖ਼ਲ ਹੈ ਕਿਉਂਕਿ ਉਸ ਦੀ ਮਾਨਸਿਕ ਅਵਸਥਾ ਸਥਿਰ ਨਹੀਂ ਹੈ। ਉਸ ਨੂੰ ਹੱਥ ਨਾਲ ਖੁਆਉਣਾ ਪੈਂਦਾ ਹੈ। ਕਈ-ਕਈ ਦਿਨ ਉਹ ਨਹਾ ਨਹੀਂ ਸਕਦਾ, ਕਿਉਂਕਿ ਉਸ ਨੂੰ ਨੁਹਾਉਣਾ ਵੀ ਖੁਦ ਪੈਂਦਾ ਹੈ। ਜਦੋਂ ਮੈਂ ਉਸ ਨੂੰ ਮਿਲੀ, ਉਹ ਕੁਝ ਨਹੀਂ ਬੋਲਿਆ, ਸਿਰਫ਼ ਖਾਲੀ-ਖਾਲੀ ਸਿੱਧਾ ਝਾਕਦਾ ਰਿਹਾ ਤੇ ਫਿਰ ਥੋੜ੍ਹਾ ਹਮਲਾਵਰ ਜਿਹਾ ਵੀ ਹੋ ਗਿਆ। ਉਸ ਦਾ ਵਜ਼ਨ ਘਟ ਗਿਆ ਹੈ। 48 ਸਾਲਾਂ ਦੀ ਉਮਰ ਵਿਚ ਹੀ ਉਸ ਨੂੰ ਦਿਲ ਦੀਆਂ ਬਿਮਾਰੀਆਂ ਲੱਗ ਗਈਆਂ ਹਨ।*

***-ਭੁੱਲਰ ਦੀਆਂ ਕਈ ਪਟੀਸ਼ਨਾਂ ਸੁਪਰੀਮ ਕੋਰਟ ਅਤੇ ਰਾਸ਼ਟਰਪਤੀ ਵੱਲੋਂ ਰੱਦ ਕਰ ਚੁੱਕੀਆਂ ਹਨ। ਤੁਹਾਨੂੰ ਅਜੇ ਵੀ ਕੋਈ ਆਸ ਹੈ।***

*ਕਈ ਲੋਕ ਮੈਨੂੰ ਚਿਰਾਂ ਤੋਂ ਕਹਿ ਰਹੇ ਹਨ ਕਿ ਕਾਨੂੰਨ ਦੀ ਲੜਾਈ ਲੜਨ ਦਾ ਕੋਈ ਫਾਇਦਾ ਨਹੀਂ, ਕਿਉਂਕਿ ਅਦਾਲਤਾਂ ਵਿਚ ਵਿਤਕਰਾ ਹੁੰਦਾ ਹੈ। ਤੁਸੀਂ 1984 ਦੇ ਸਿੱਖ ਕਤਲੇਆਮ ਵਾਲੇ ਕੇਸ ਹੀ ਵੇਖ ਲਉ। ਤੀਹ ਸਾਲ ਹੋ ਗਏ ਹਨ, ਪਰ ਇਨਸਾਫ਼ ਨਹੀਂ ਮਿਲਿਆ। ਭਾਰਤ ਦੀ ਨਿਆਂ ਪ੍ਰਣਾਲੀ ਤੋਂ ਮੇਰਾ ਵਿਸ਼ਵਾਸ ਉੱਠ ਚੁੱਕਾ ਹੈ। ਜਗਦੀਸ਼ ਟਾਈਟਲਰ ਵਰਗੇ ਲੀਡਰਾਂ ਨੂੰ ਹੁਣ ਤੱਕ ਬਚਾਇਆ ਜਾ ਰਿਹਾ ਹੈ। ਸਭ ਸਬੂਤਾਂ ਦੇ ਬਾਵਜੂਦ ਕੋਈ ਉਸ ਨੂੰ ਅਤਿਵਾਦੀ ਨਹੀਂ ਕਹਿੰਦਾ। ਭੁੱਲਰ ਦੇ ਖ਼ਿਲਾਫ਼ ਕੋਈ ਸਿੱਧਾ ਸਬੂਤ ਵੀ ਨਹੀਂ ਹੈ, ਉਹ ਫਿਰ ਵੀ ਅਤਿਵਾਦੀ ਹੈ।*

***-ਪਰ ਹੇਠਲੀ ਅਦਾਲਤ ਅਤੇ ਉਪਰਲੀਆਂ ਅਦਾਲਤਾਂ ਨੇ ਉਸ ਨੂੰ ਦੋਸ਼ੀ ਠਹਿਰਾਇਆ ਹੈ।***

*ਜਦੋਂ ਇਹ ਕੇਸ ਹੇਠਲੀ ਅਦਾਲਤ ਵਿਚ ਸੀ, ਅਸੀਂ ਇਹ ਕੇਸ ਸਹੀ ਢੰਗ ਨਾਲ ਲੜ ਨਹੀਂ ਸਕੇ, ਕਿਉਂਕਿ ਅਸੀਂ ਪੰਜਾਬ ਪੁਲਿਸ ਦੇ ਡਰੋਂ ਭਾਰਤ ਨਹੀਂ ਆ ਸਕੇ। ਭੁੱਲਰ ਦੇ ਪਿਤਾ ਅਤੇ ਮਾਸੜ ਨੂੰ ਤਾਂ ਪੁਲਿਸ ਨੇ ਪਹਿਲਾਂ ਹੀ ਮਾਰ ਕੇ ਖਪਾ ਦਿੱਤਾ ਸੀ। ਮੈਂ, ਮੇਰੇ ਮਾਪੇ ਅਤੇ ਮੇਰੀ ਭੈਣ ਕੈਨੇਡਾ ਚਲੇ ਗਏ ਸਾਂ। ਭੁੱਲਰ ਨੇ ਕਈ ਵਾਰ ਦੱਸਿਆ ਕਿ ਉਸ ਉਤੇ ਤਸ਼ੱਦਦ ਕੀਤਾ ਜਾ ਰਿਹਾ ਹੈ ਅਤੇ ਕੋਰੇ ਕਾਗਜ਼ਾਂ ਉਤੇ ਦਸਤਖ਼ਤ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਉਂਜ ਮੈਨੂੰ ਇਹ ਆਸ ਸੀ ਕਿ ਸੁਪਰੀਮ ਕੋਰਟ ਉਸ ਨੂੰ ਬਰੀ ਕਰ ਦੇਵੇਗੀ, ਕਿਉਂਕਿ ਉਸ ਖ਼ਿਲਾਫ਼ ਕੋਈ ਸਿੱਧਾ ਸਬੂਤ ਨਹੀਂ ਸੀ। ਜਿਸ ਏ.ਸੀ.ਪੀ. ਨੇ ਭੁੱਲਰ ਤੋਂ ਗਵਾਹੀ ਲਈ ਸੀ, ਉਸ ਨੇ ਵੀ ਅਦਾਲਤ ਵਿਚ ਕਹਿ ਦਿੱਤਾ ਸੀ ਕਿ ਭੁੱਲਰ ਤੋਂ ਇਸ ਗਵਾਹੀ ਉਤੇ ਜ਼ਬਰਦਸਤੀ ਦਸਤਖ਼ਤ ਕਰਵਾਏ ਗਏ ਸਨ। 2003 ਵਿਚ ਕਪਿਲ ਸਿੱਬਲ ਉਸ ਦਾ ਵਕੀਲ ਸੀ, ਜਦੋਂ ਸੁਪਰੀਮ ਕੋਰਟ ਵਿਚ ਰਿਵਿਊ ਪਟੀਸ਼ਨ ਪਾਈ ਗਈ। ਉਨ੍ਹਾਂ ਨੇ ਵੀ ਮੈਨੂੰ ਇਹੀ ਦੱਸਿਆ ਕਿ ਭੁੱਲਰ ਇਸ ਕੇਸ ਵਿਚੋਂ ਬਰੀ ਹੋ ਸਕਦਾ ਹੈ, ਕਿਉਂਕਿ ਉਸ ਖ਼ਿਲਾਫ਼ ਸਬੂਤ ਬਹੁਤ ਕਮਜ਼ੋਰ ਹਨ।*

***-ਹੁਣ ਅੱਗੇ?***

*ਸਾਡੇ ਲਈ ਸਾਰੇ ਕਾਨੂੰਨੀ ਰਾਹ ਬੰਦ ਹੋ ਚੁੱਕੇ ਹਨ। ਮੈਂ ਤਾਂ ਹੁਣ ਧਾਰਮਿਕ ਆਗੂਆਂ, ਅਕਾਲ ਤਖ਼ਤ ਦੇ ਜਥੇਦਾਰ, ਸਿੱਖ ਲੀਡਰਾਂ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਅਪੀਲ ਹੀ ਕਰ ਸਕਦੀ ਹਾਂ ਕਿ ਉਹ ਇਹ ਗਲਤੀ ਸੁਧਾਰਨ ਲਈ ਸਰਕਾਰ ਨਾਲ ਗੱਲ ਕਰਨ। ਹੁਣ ਤਾਂ ਸਰਕਾਰ ਉਤੇ ਵੀ ਮੇਰਾ ਕੋਈ ਯਕੀਨ ਨਹੀਂ ਹੈ। ਭੁੱਲਰ ਭਾਵੇਂ ਬਿਮਾਰ ਹੈ ਪਰ ਕਿਸੇ ਦਿਨ ਇਹ ਸਰਕਾਰ ਉਸ ਨੂੰ ਚੁੱਪ ਚਪੀਤੇ ਫਾਂਸੀ ਉਤੇ ਲਟਕਾ ਦੇਵੇਗੀ।*



ਦਵਿੰਦਰਪਾਲ ਸਿੰਘ ਭੁੱਲਰ ਦੀ ਪਤਨੀ ਨਵਨੀਤ ਕੌਰ ਭੁੱਲਰ ਨਾਲ ਮੁਲਾਕਾਤ

# ਮਨਪ੍ਰੀਤ ਬਾਦਲ ਵੱਲੋਂ ਪੰਜਾਬ ਨੂੰ ਬਚਾਉਣ ਲਈ 10 ਨੁਕਾਤੀ ਪ੍ਰੋਗਰਾਮ ਪੇਸ਼

**ਜਲੰਧਰ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਦੋ ਦਿਨ ਚੱਲੇ ਚਿੰਤਨ ਇਜਲਾਸ ਦੀ ਸਮਾਪਤੀ ਉਤੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਪੰਜਾਬ ਦੇਸ਼ ਦੇ ਸਭ ਤੋਂ ਭ੍ਰਿਸ਼ਟ ਸੂਬਿਆਂ ਵਿਚੋਂ ਨੰਬਰ ਇਕ 'ਤੇ ਹੈ। ਮੁੱਖ ਮੰਤਰੀ ਪੰਜਾਬ ਨੂੰ ਲੁੱਟਣ ਵਾਲੀ ਧਿਰ ਦੇ ਨਾਲ ਖੜ੍ਹੇ ਨਜ਼ਰ ਆ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦਾ ਖਜ਼ਾਨਾ ਮੰਤਰੀ ਸ. ਬਾਦਲ ਦੇ ਮੁਨੀਮ ਵਜੋਂ ਕੰਮ ਕਰ ਰਿਹਾ ਹੈ। ਦੇਸ਼ ਭਗਤ ਯਾਦਗਾਰ ਹਾਲ ਵਿਚ ਹੋਏ ਪੀਪੀਪੀ ਦੇ ਚਿੰਤਨ ਇਜਲਾਸ ਵਿਚ ਪਾਰਟੀ ਨੇ ਪੰਜਾਬ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ 10 ਨੁਕਾਤੀ ਪ੍ਰੋਗਰਾਮ ਦਾ ਸੁਝਾਅ ਦਿੱਤਾ ਹੈ।

ਪਾਰਟੀ ਦਾ ਦਾਅਵਾ ਹੈ ਕਿ ਇਨ੍ਹਾਂ ਰਾਹੀਂ ਪੰਜਾਬ ਨੂੰ ਮਾਲੀ ਸੰਕਟ ਸਮੇਤ ਹੋਰ ਵੀ ਅਲਾਮਤਾਂ ਵਿਚੋਂ ਬਚਾਇਆ ਜਾ ਸਕਦਾ ਹੈ। ਸ. ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਜਿਥੇ ਉਨ੍ਹਾਂ ਪੰਜਾਬ ਦੇ ਭਲੇ ਲਈ ਚਿੰਤਨ ਇਜਲਾਸ ਵਿਚ 10 ਨੁਕਤੇ ਪੇਸ਼ ਕੀਤੇ ਹਨ, ਉਥੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਪੰਜਾਬ ਦੇ ਲੋਕਾਂ ਨੂੰ ਦੱਸਣ ਕਿ ਉਨ੍ਹਾਂ ਨੇ ਗੋਆ ਵਿਚ ਕੀਤੇ ਚਿੰਤਨ ਸ਼ਿਵਰ ਵਿਚ ਪੰਜਾਬ ਦੀਆਂ ਕਿਹੜੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਬਾਰੇ ਸੋਚਿਆ ਹੈ। ਪੀ ਪੀ ਪੀ ਵੱਲੋਂ ਪੇਸ਼ 10 ਨੁਕਾਤੀ ਏਜੰਡੇ ਵਿਚ ਆਰਥਿਕ ਪ੍ਰਬੰਧ, ਕਾਨੂੰਨ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਖੇਤੀਬਾੜੀ, ਸਨਅਤ, ਸਿੱਖਿਆ, ਸਿਹਤ, ਨਸ਼ੀਲੀਆਂ ਦਵਾਈਆਂ ਤੇ ਗਰੀਬ-ਗੁਰਬੇ ਸ਼ਾਮਲ ਹਨ। ਇਨ੍ਹਾਂ 10 ਨੁਕਤਿਆਂ 'ਤੇ ਪਾਰਟੀ ਨੇ ਚਰਚਾ ਕਰ ਕੇ ਇਨ੍ਹਾਂ ਸਮੱਸਿਆਵਾਂ ਨੂੰ ਕਿਵੇਂ ਨਜਿੱਠਣਾ ਹੈ ਤੇ ਉਸ ਦਾ ਹੱਲ ਵੀ ਦੱਸਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਉਹ ਇਹ ਨਹੀਂ ਪੁੱਛ ਰਹੇ ਕਿ ਹਾਕਮ ਧਿਰ ਨੇ ਚਿੰਤਨ ਲਈ ਗੋਆ ਨੂੰ ਹੀ ਕਿਉਂ ਚੁਣਿਆ, ਉਹ ਸਿਰਫ ਲੋਕਾਂ ਦੇ ਮਨਾਂ ਦੀ ਗੱਲ ਸਰਕਾਰ ਨੂੰ ਪੁੱਛ ਰਹੇ ਹਨ ਕਿ ਇਨ੍ਹਾਂ ਦੋ ਦਿਨਾਂ ਵਿਚ ਉਥੇ ਪੰਜਾਬ ਦੇ ਕਿਹੜੇ ਮਸਲੇ ਵਿਚਾਰੇ ਗਏ? ਗੋਆ ਚਿੰਤਨ ਸ਼ਿਵਰ ਸਿਰਫ ਸਰਕਾਰੀ ਖਰਚੇ ਉਤੇ ਕੀਤੀ ਮੌਜ-ਮਸਤੀ ਹੀ ਸੀ। ਉਨ੍ਹਾਂ ਸੱਤਾ ਵਿਚ ਭਾਈਵਾਲ ਭਾਜਪਾ ਬਾਰੇ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਵੀ ਦੱਸਣਾ ਪਵੇਗਾ ਕਿ ਗੋਆ ਚਿੰਤਨ ਸ਼ਿਵਰ ਲਈ ਪੈਸੇ ਕਿਧਰੋਂ ਆਏ।

ਪੰਜਾਬ ਦੇ ਡੂੰਘੇ ਹੁੰਦੇ ਜਾ ਰਹੇ ਮਾਲੀ ਸੰਕਟ ਦਾ ਜ਼ਿਕਰ ਕਰਦਿਆਂ ਪੀ ਪੀ ਪੀ ਆਗੂ ਨੇ ਕਿਹਾ ਕਿ ਪਾਰਟੀ ਇਸ ਸੋਚ ਦੀ ਹੈ ਕਿ ਬੇਲੋੜੇ ਖਰਚਿਆਂ ਨੂੰ ਘਟਾ ਕੇ ਪੰਜਾਬ ਨੂੰ ਆਰਥਿਕ ਸੰਕਟ 'ਚੋਂ ਕੱਢਣ ਲਈ ਠੋਸ ਯਤਨ ਕੀਤਾ ਜਾ ਸਕਦਾ ਹੈ। ਮੁੱਖ ਸੰਸਦੀ ਸਕੱਤਰਾਂ ਦਾ ਅਹੁਦਾ ਖਤਮ ਕਰ ਕੇ ਹੀ ਪੰਜਾਬ ਨੂੰ ਵੱਡੀ ਰਾਹਤ ਮਿਲ ਸਕਦੀ ਹੈ। ਕਾਰਪੋਰੇਸ਼ਨਾਂ ਦੇ ਲਾਏ ਗਏ ਬੇਲੋੜੇ ਚੇਅਰਮੈਨ ਵੀ ਸਰਕਾਰ 'ਤੇ ਭਾਰੀ ਬੋਝ ਹਨ। ਪਾਰਟੀ ਦੇ ਬੁਨਿਆਦੀ ਸਟੈਂਡ ਨੂੰ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਆਮ ਆਦਮੀ ਦਾ ਭਲਾ ਚਾਹੁੰਦੀ ਹੈ ਤੇ ਲੋਕਾਂ ਦੀ ਭਲਾਈ ਲਈ ਹਮੇਸ਼ਾ ਹੀ ਯਤਨਸ਼ੀਲ ਰਹੇਗੀ।

ਪੰਜਾਬ ਸਿਰ ਚੜ੍ਹੇ ਇਕ ਲੱਖ ਕਰੋੜ ਰੁਪਏ ਦੇ ਕਰਜ਼ੇ ਦਾ ਜ਼ਿਕਰ ਕਰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਪੰਜਾਬ ਦੇ ਬੱਚਿਆਂ ਸਿਰ ਏਨਾ ਕਰਜ਼ਾ ਚੜ੍ਹ ਚੁੱਕਾ ਹੈ ਕਿ ਜੇਕਰ ਇਸ ਪ੍ਰਤੀ ਸਿਰ ਜੋੜ ਕੇ ਠੋਸ ਰਣਨੀਤੀ ਨਾ ਘੜੀ ਗਈ ਤਾਂ ਉਨ੍ਹਾਂ ਦੀ ਅਗਲੀ ਪੀੜ੍ਹੀ ਵੀ ਇਸ ਨੂੰ ਨਹੀਂ ਉਤਾਰ ਸਕੇਗੀ। ਉਨ੍ਹਾਂ ਪੰਜਾਬ ਵਿਚ ਬਿਜਲੀ ਦੇ ਮਾਮਲੇ ਵਿਚ ਝੋਨੇ ਦੀ ਬਿਜਾਈ ਸਮੇਂ ਦੂਜੇ ਸੂਬਿਆਂ ਤੋਂ ਬਿਜਲੀ ਖ਼ਰੀਦਣ ਮੌਕੇ ਹਜ਼ਾਰਾਂ ਕਰੋੜ ਰੁਪਏ ਦੀ ਰਿਸ਼ਵਤ ਲਏ ਜਾਣ ਦਾ ਵੀ ਗੰਭੀਰ ਦੋਸ਼ ਲਾਇਆ।

ਪੀ.ਪੀ.ਪੀ. ਦੇ ਦੋ ਦਿਨਾਂ ਚਿੰਤਨ ਇਜਲਾਸ ਦੇ ਪਹਿਲੇ ਦਿਨ ਪੰਜਾਬ ਦੇ ਅਰਥਚਾਰੇ ਬਾਰੇ ਪਾਰਟੀ ਆਗੂਆਂ ਨੇ ਚਿੰਤਾ ਜਿਤਾਉਂਦਿਆਂ ਕਿਹਾ ਕਿ ਇਹ ਸਾਰਾ ਕੁਝ ਮੌਜੂਦਾ ਸਰਕਾਰ ਦੀ ਨਲਾਇਕੀ ਕਾਰਨ ਵਾਪਰਿਆ ਹੈ।

# ਨਿਤਿਸ਼ ਦੀ ਪਾਰਟੀ ਨੇ ਵਿਖਾਈਆਂ ਭਾਜਪਾ ਨੂੰ ਅੱਖਾਂ

**ਨਵੀਂ ਦਿੱਲੀ:** ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਨਾਂ 'ਤੇ ਕਾਟਾ ਮਾਰਦਿਆਂ ਜਨਤਾ ਦਲ (ਯੂ) ਨੇ ਆਪਣੀ ਸਹਿਯੋਗੀ ਭਾਰਤੀ ਜਨਤਾ ਪਾਰਟੀ ਨੂੰ ਅਗਲੀਆਂ ਆਮ ਚੋਣਾਂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਆਪਣਾ ਉਮੀਦਵਾਰ ਐਲਾਨਣ ਲਈ ਅੱਠ ਮਹੀਨਿਆਂ ਦੀ ਮੋਹਲਤ ਦਿੱਤੀ ਹੈ। ਇਸ ਦੇ ਨਾਲ ਹੀ ਸਪੱਸ਼ਟ ਕੀਤਾ ਹੈ ਕਿ ਉਮੀਦਵਾਰ ਦੇ ਧਰਮ-ਨਿਰਪੱਖ ਕਿਰਦਾਰ ਉੱਪਰ ਕੋਈ ਸੰਦੇਹ ਨਹੀਂ ਹੋਣਾ ਚਾਹੀਦਾ।

ਪ੍ਰਧਾਨ ਮੰਤਰੀ ਦੇ ਅਹੁਦੇ ਲਈ ਕੌਮੀ ਜਮਹੂਰੀ ਗੱਠਜੋੜ ਦੇ ਉਮੀਦਵਾਰ ਸਬੰਧੀ ਸ਼ਰਤਾਂ ਰੱਖਦਿਆਂ ਪਾਰਟੀ ਨੇ ਆਪਣੀ ਕੌਮੀ ਕੌਂਸਲ ਦੀ ਮੀਟਿੰਗ ਵਿਚ ਸਿਆਸੀ ਮਤਾ ਪਾਸ ਕਰਦਿਆਂ ਕਿਹਾ ਕਿ ਉਮੀਦਵਾਰ ਅਟਲ ਬਿਹਾਰੀ ਵਾਜਪਾਈ ਵਰਗਾ ਹੋਣਾ ਚਾਹੀਦਾ ਹੈ, ਨਹੀਂ ਤਾਂ ਇਸ ਦੇ ਨਾਂਹਪੱਖੀ ਨਤੀਜੇ ਨਿਕਲਣਗੇ। ਮਤੇ ਵਿਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਗੱਠਜੋੜ ਦੇ ਉਮੀਦਵਾਰ ਦਾ ਐਲਾਨ ਇਸ ਸਾਲ ਦੇ ਅੰਤ ਤੋਂ ਪਹਿਲਾਂ ਹੋ ਜਾਣਾ ਚਾਹੀਦਾ ਹੈ।

ਮਤੇ ਵਿਚ ਕਿਹਾ ਗਿਆ ਹੈ ਕਿ ਜਨਤਾ ਦਲ (ਯੂ) ਦਾ ਸਪੱਸ਼ਟ ਮੱਤ ਹੈ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਐਨ ਡੀ ਏ ਦੇ ਉਮੀਦਵਾਰ ਦਾ ਐਲਾਨ ਚੋਣਾਂ ਤੋਂ ਪਹਿਲਾਂ ਹੋ ਜਾਣਾ ਚਾਹੀਦਾ ਹੈ। ਇਸ ਬਾਰੇ ਵੀ ਸਪੱਸ਼ਟ ਵਿਚਾਰ ਹਨ ਕਿ ਉਮੀਦਵਾਰ ਕਿਹੋ ਜਿਹਾ ਹੋਣਾ ਚਾਹੀਦਾ ਹੈ। ਉਹ ਐਨ ਡੀ ਏ ਦੇ ਸ਼ਾਸਨ ਬਾਰੇ ਕੌਮੀ ਏਜੰਡੇ ਤੇ ਤਿੰਨ ਮੁੱਦਿਆਂ (ਅਯੁੱਧਿਆ 'ਚ ਰਾਮ ਮੰਦਰ, ਧਾਰਾ 370 ਤੇ ਇਕਸਾਰ ਸਿਵਲ ਕੋਡ) ਉਪਰ ਪਹਿਲਾਂ ਤੋਂ ਤੈਅ ਪੁਜ਼ੀਸ਼ਨ ਪ੍ਰਤੀ ਵਚਨਬੱਧ ਹੋਣਾ ਚਾਹੀਦਾ ਹੈ।

ਭਾਰਤ ਜਿਹੇ ਬਹੁਧਰਮੀ ਅਤੇ ਬਹੁ-ਭਾਸ਼ਾਈ ਮੁਲਕ ਵਿਚ ਉਸ ਦਾ ਧਰਮ-ਨਿਰਪੱਖ ਕਿਰਦਾਰ ਸੰਦੇਹ ਮੁਕਤ ਹੋਣਾ ਚਾਹੀਦਾ ਹੈ। ਉਹ ਸਭ ਨੂੰ ਨਾਲ ਲੈ ਕੇ ਚੱਲਣ ਵਾਲੀ ਰਾਜਨੀਤੀ ਦਾ ਹਾਮੀ ਤੇ ਪਛੜੇ ਰਾਜਾਂ ਅਤੇ ਖੇਤਰਾਂ ਦੇ ਵਿਕਾਸ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਭਾਜਪਾ ਐਨ ਡੀ ਏ ਦੀ ਸਭ ਤੋਂ ਵੱਡੀ ਭਿਆਲ ਹੈ ਤੇ ਇਸ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਚੁਣਨ ਵਕਤ ਇਨ੍ਹਾਂ ਗੱਲਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਆਖਿਆ ਕਿ ਇਸ ਦੇਸ਼ ਦਾ ਸ਼ਾਸਨ ਚਲਾਉਣ ਲਈ ਵਾਜਪਾਈ ਜਿਹੀ ਸੋਚ ਦੀ ਲੋੜ ਹੈ। ਸ੍ਰੀ ਕੁਮਾਰ ਨੇ ਆਪਣੇ ਅੰਦਾਜ਼ ਵਿਚ ਨਰਿੰਦਰ ਮੋਦੀ 'ਤੇ ਕਈ ਹੋਰ ਬਾਣ ਚਲਾਏ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਇਸ ਦੇਸ਼ ਨੂੰ ਤਾਕਤ ਰਾਹੀਂ ਚਲਾਉਣ ਬਾਰੇ ਨਹੀਂ ਸੋਚਣਾ ਚਾਹੀਦਾ।

## ਕੁਲਵੰਤ ਸਿੰਘ ਖਹਿਰਾ ਦੀ ਐਕਟਿੰਗ ਪ੍ਰਧਾਨ ਵਜੋਂ ਨਿਯੁਕਤੀ ਦਾ ਸਵਾਗਤ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੀ ਮਿਡਵੈਸਟ ਯੂਥ ਇਕਾਈ ਦੇ ਪ੍ਰਧਾਨ ਜਸਕਰਨ ਸਿੰਘ ਅਤੇ ਜਨਰਲ ਸਕੱਤਰ ਹਰਵਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ ਇਲੀਨਾਏ ਇਕਾਈ ਦੇ ਪ੍ਰਧਾਨ ਲਖਵੰਤ ਸਿੰਘ ਕੋਮਲ, ਸੀਨੀਅਰ ਮੀਤ ਪ੍ਰਧਾਨ ਅਮਰੀਕ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ ਭੋਲਾ ਅਤੇ ਹੋਰ ਅਕਾਲੀ ਆਗੂਆਂ ਪ੍ਰਭਜੋਤ ਸਿੰਘ, ਹੈਪੀ ਹੀਰ ਅਤੇ ਪਰਮਵੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਦੇ ਪ੍ਰਧਾਨ ਸ. ਮਨਜੀਤ ਸਿੰਘ ਦਸੂਹਾ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਤੇ ਅਕਾਲੀ ਦਲ ਦੇ ਪਰਵਾਸੀ ਮਾਮਲਿਆਂ ਦੇ ਇੰਚਾਰਜ ਸ. ਸੁਰਜੀਤ ਸਿੰਘ ਰੱਖੜਾ ਵਲੋਂ ਕੁਲਵੰਤ ਸਿੰਘ ਖਹਿਰਾ ਨੂੰ ਮਿਡਵੈਸਟ ਅਤੇ ਵੈਸਟ ਕੋਸਟ ਲਈ ਅਕਾਲੀ ਦਲ ਦਾ ਐਕਟਿੰਗ ਪ੍ਰਧਾਨ ਬਣਾਏ ਜਾਣ ਦਾ ਸਵਾਗਤ ਕੀਤਾ ਹੈ।

ਇਥੇ ਜਾਰੀ ਇਕ ਬਿਆਨ ਵਿਚ ਇਨ੍ਹਾਂ ਆਗੂਆਂ ਨੇ ਸ. ਕੁਲਵੰਤ ਸਿੰਘ ਖਹਿਰਾ ਨੂੰ ਐਕਟਿੰਗ ਪ੍ਰਧਾਨ ਬਣਨ 'ਤੇ ਵਧਾਈ ਦਿੰਦਿਆਂ ਕਿਹਾ ਹੈ ਕਿ ਇਸ ਨਿਯੁਕਤੀ ਨਾਲ ਅਮਰੀਕਾ ਵਿਚ ਅਕਾਲੀ ਦਲ ਹੋਰ ਮਜ਼ਬੂਤ ਹੋਵੇਗਾ।

## ਚੋਣ ਲੜਨ ਤੋਂ ਪਹਿਲਾਂ ਹੀ ਮੁਸ਼ਰਫ ਹੋਇਆ ਚਿੱਤ

**ਇਸਲਾਮਾਬਾਦ:** ਪਾਕਿਸਤਾਨੀ ਚੋਣ ਟ੍ਰਿਬਿਊਨਲ ਨੇ ਸਾਬਕਾ ਫੌਜੀ ਸ਼ਾਸਕ ਪਰਵੇਜ਼ ਮੁਸ਼ੱਰਫ ਦੀਆਂ ਇਕ ਹਲਕੇ ਰਾਹੀਂ ਪਾਰਲੀਮੈਂਟ ਵਿਚ ਪੱਜਣ ਦੀਆਂ ਖਾਹਸ਼ਾਂ ਨੂੰ ਢਹਿ-ਢੇਰੀ ਕਰਦਿਆਂ ਉਸ ਦੇ ਚੋਣ ਲੜਨ 'ਤੇ ਰੋਕ ਲਾ ਦਿੱਤੀ। 11 ਮਈ ਨੂੰ ਹੋ ਰਹੀਆਂ ਆਮ ਚੋਣਾਂ ਲਈ ਸਿਰਫ ਇਕੋ ਹਲਕੇ ਚਿਤਰਾਲ ਤੋਂ ਮੁਸ਼ੱਰਫ ਦੇ ਨਾਮਜ਼ਦਗੀ ਕਾਗਜ਼ ਸਵੀਕਾਰ ਹੋਏ ਸਨ ਤੇ ਬਾਕੀ ਤਿੰਨ ਹਲਕਿਆਂ ਤੋਂ ਰੱਦ ਹੋ ਗਏ ਸਨ।

69 ਸਾਲਾ ਮੁਸ਼ਰਫ ਨੇ 4 ਪਾਰਲੀਮਾਨੀ ਸੀਟਾਂ ਚਿਤਰਾਲ, ਕਰਾਚੀ, ਕਸੂਰ ਤੇ ਇਸਲਾਮਾਬਾਦ ਤੋਂ ਚੋਣ ਲੜਨ ਦਾ ਮਨ ਬਣਾਇਆ ਸੀ। ਇਸ ਤੋਂ ਪਹਿਲਾਂ ਦੋ ਹੋਰ ਚੋਣ ਟ੍ਰਿਬਿਊਨਲਾਂ ਨੇ ਇਸਲਾਮਾਬਾਦ ਤੇ ਕੂਸਰ ਤੋਂ ਮੁਸ਼ਰਫ ਵੱਲੋਂ ਚੋਣ ਲੜਨ 'ਤੇ ਰੋਕ ਲਾ ਦਿੱਤੀ ਸੀ। ਹਾਈ ਕੋਰਟਾਂ ਦੇ ਜੱਜਾਂ 'ਤੇ ਆਧਾਰਤ ਇਨ੍ਹਾਂ ਟ੍ਰਿਬਿਊਨਲਾਂ ਨੇ ਰਿਟਰਨਿੰਗ ਅਫਸਰਾਂ ਦੇ ਮੁਸ਼ੱਰਫ ਦੇ ਕਾਗਜ਼ ਰੱਦ ਕਰਨ ਦੇ ਫੈਸਲੇ ਬਹਾਲ ਰੱਖੇ ਹਨ।


**Short Sale Specialist**

**Selling HUD homes anywhere in California**



**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

*Call: Sohanpreet 'Sam' Chahal*
**@916-612-5773**

**Sohanpreet (Sam) Chahal**
**CA Lic. 01504071**
**Realtor/Notary Public**
**email:samchahal@hotmail.com**

**visit: www.hudhomestore.com**
**Serving from Bay Area to Sacramento**

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

**Sacramento Office: 9912 Kapalua Ln., Elk Grove, CA 95624**
**Tel: 916-612-5773 Fax: 916-689-5707**



**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 95 ਡਾਲਰ, ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪ੍ਰੋ. ਭੁੱਲਰ ਨੂੰ ਬਚਾਉਣ ਦਾ ਆਖਰੀ ਹੰਭਲਾ

*(ਸਫਾ ਇਕ ਦੀ ਬਾਕੀ)*

ਅਪੀਲ 'ਤੇ ਫੈਸਲਾ ਕਰਨ ਵਿਚ ਅਸਾਧਾਰਨ ਦੇਰੀ ਹੋਈ ਹੈ ਅਤੇ ਉਹ ਮਾਨਸਿਕ ਤੌਰ 'ਤੇ ਵੀ ਠੀਕ ਨਹੀਂ। ਮੌਤ ਦੀ ਸਜ਼ਾ ਦੇ ਦੋਸ਼ੀ ਦਾ ਮਾਮਲਾ ਇੰਨਾ ਲੰਮਾ ਸਮਾਂ ਲਟਕਾਉਣਾ ਜ਼ੁਲਮ ਹੈ ਅਤੇ ਸੰਵਿਧਾਨ ਦੀ ਧਾਰਾ 21 ਤਹਿਤ ਜ਼ਿੰਦਗੀ ਜਿਉਣ ਦੇ ਮਿਲੇ ਬੁਨਿਆਦੀ ਹੱਕ ਦੀ ਉਲੰਘਣਾ ਹੈ।

ਸਤੰਬਰ 1993 ਵਿਚ ਦਿੱਲੀ ਵਿਚ ਬੰਬ ਧਮਾਕਾ ਕਰਨ ਦੇ ਦੋਸ਼ ਵਿਚ ਪ੍ਰੋ. ਭੁੱਲਰ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਸ ਹਮਲੇ ਵਿਚ 9 ਜਣੇ ਮਾਰੇ ਗਏ ਸਨ ਤੇ ਯੂਥ ਕਾਂਗਰਸ ਦੇ ਉਸ ਸਮੇਂ ਦੇ ਕੌਮੀ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਸਮੇਤ 25 ਹੋਰ ਜ਼ਖ਼ਮੀ ਹੋ ਗਏ ਸਨ। ਅਗਸਤ 2001 ਨੂੰ ਹੇਠਲੀ ਅਦਾਲਤ ਨੇ ਪ੍ਰੋ. ਭੁੱਲਰ ਨੂੰ ਮੌਤ ਦੀ ਸਜ਼ਾ ਸੁਣਾਈ ਸੀ ਜਿਸ ਦੀ 2002 ਵਿਚ ਦਿੱਲੀ ਹਾਈ ਕੋਰਟ ਨੇ ਪੁਸ਼ਟੀ ਕਰ ਦਿੱਤੀ ਸੀ। 26 ਮਾਰਚ 2002 ਨੂੰ ਸੁਪਰੀਮ ਕੋਰਟ ਨੇ ਭੁੱਲਰ ਵਲੋਂ ਹੇਠਲੀ ਅਦਾਲਤ ਦੇ ਫ਼ੈਸਲੇ ਵਿਰੁਧ ਕੀਤੀ ਅਪੀਲ ਖਾਰਜ ਕਰ ਦਿੱਤੀ ਸੀ। ਉਸ ਨੇ ਫਿਰ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਜਿਹੜੀ 17 ਦਸੰਬਰ 2002 ਨੂੰ ਖਾਰਜ ਕਰ ਦਿੱਤੀ ਗਈ। ਤਦ ਪ੍ਰੋ. ਭੁੱਲਰ ਨੇ ਸੋਧ ਪਟੀਸ਼ਨ ਦਾਇਰ ਕੀਤੀ, ਉਹ ਵੀ ਸੁਪਰੀਮ ਕੋਰਟ ਨੇ 12 ਮਾਰਚ 2003 ਨੂੰ ਖਾਰਜ ਕਰ ਦਿੱਤੀ। ਇਸੇ ਦੌਰਾਨ ਭੁੱਲਰ ਨੇ 14 ਮਾਰਚ 2003 ਨੂੰ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਇਰ ਕੀਤੀ। ਰਾਸ਼ਟਰਪਤੀ ਨੇ 8 ਸਾਲਾਂ ਦਾ ਸਮਾਂ ਲੰਘਾਉਣ ਪਿਛੋਂ 25 ਮਈ 2011 ਨੂੰ ਉਸ ਦੀ ਰਹਿਮ ਦੀ ਅਪੀਲ ਖਾਰਜ ਕਰ ਦਿੱਤੀ। ਅਦਾਲਤ ਵਿਚ ਹਾਜ਼ਰ ਪ੍ਰੋ. ਭੁੱਲਰ (48) ਦੀ ਕੈਨੇਡਾ ਰਹਿੰਦੀ ਪਤਨੀ ਨਵਨੀਤ ਕੌਰ ਨੇ ਕਿਹਾ ਕਿ ਸਰਕਾਰ ਉਸ ਦੇ ਪਤੀ ਨੂੰ ਬਚਾਉਣ ਲਈ ਹਾਲੇ ਵੀ ਦਖ਼ਲ ਦੇ ਸਕਦੀ ਹੈ। ਪ੍ਰੋ. ਭੁੱਲਰ ਦਾ ਮਾਨਸਿਕ ਸੰਤੁਲਨ ਠੀਕ ਨਹੀਂ ਅਤੇ ਇਸ ਸਮੇਂ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਬਾਦਲ-ਮਨਮੋਹਨ ਸਿੰਘ ਮੁਲਾਕਾਤ: ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਕਰ ਕੇ ਖਦਸ਼ਾ ਪ੍ਰਗਟ ਕੀਤਾ ਕਿ ਦਵਿੰਦਰਪਾਲ ਸਿੰਘ ਭੁੱਲਰ ਨੂੰ ਫਾਂਸੀ ਦੇਣ ਦੇ ਮੱਦੇਨਜ਼ਰ ਸੂਬੇ 'ਚ ਅਮਨ-ਕਾਨੂੰਨ ਦੀ ਸਥਿਤੀ ਵਿਗੜ ਸਕਦੀ ਹੈ ਤੇ ਉਸ ਦੀ ਮਾੜੀ ਸਿਹਤ ਨੂੰ ਦੇਖਦੇ ਹੋਏ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਬਦਲੀ ਜਾਵੇ। ਇਸ ਬਾਰੇ ਉਨ੍ਹਾਂ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨਾਲ ਵੀ ਮੁਲਾਕਾਤ ਕੀਤੀ। ਸ੍ਰੀ ਸ਼ਿੰਦੇ ਨੇ ਕਿਹਾ ਕਿ ਸਰਕਾਰ, ਭੁੱਲਰ ਦੀ ਸਜ਼ਾ ਮੁਆਫ਼ ਕਰਨ ਦੀ ਮੰਗ ਉਪਰ ਵਿਚਾਰ ਕਰੇਗੀ। ਇਸ ਬਾਰੇ ਸ੍ਰੀ ਸ਼ਿੰਦੇ ਅਤੇ ਕੇਂਦਰੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੇ ਅਗਾਂਹ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਵੀ ਗੱਲਬਾਤ ਕੀਤੀ। ਇਸੇ ਦੌਰਾਨ ਭਾਰਤੀ ਪ੍ਰੈਸ ਕੌਂਸਲ ਦੇ ਚੇਅਰਮੈਨ ਜਸਟਿਸ ਮਾਰਕੰਡੇ ਕਾਟਜੂ ਨੇ ਪੱਤਰ ਲਿਖ ਕੇ ਦੇਸ਼ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਤੋਂ ਮੰਗ ਕੀਤੀ ਹੈ ਕਿ ਉਹ ਦਵਿੰਦਰਪਾਲ ਸਿੰਘ ਭੁੱਲਰ ਨੂੰ ਮੁਆਫ ਕਰ ਦੇਣ। ਸਰਨਾ ਵੱਲੋਂ ਪਟੀਸ਼ਨ: ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਆਗੂਆਂ 'ਤੇ ਆਧਾਰਤ ਵਫਦ ਨੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੇ ਸਕੱਤਰ ਨੂੰ ਰਾਸ਼ਟਰਪਤੀ ਦੇ ਨਾਂ ਪਟੀਸ਼ਨ ਸੌਂਪੀ। ਪਟੀਸ਼ਨ ਵਿਚ ਮੰਗ ਕੀਤੀ ਗਈ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਨੂੰ ਦਿੱਤੀ ਫਾਂਸੀ ਦੀ ਸਜ਼ਾ ਮੁਆਫ਼ ਕੀਤੀ ਜਾਵੇ। ਬਾਅਦ ਸ. ਸਰਨਾ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਪੀਲ ਕੀਤੀ ਕਿ ਉਹ ਪ੍ਰੋ. ਭੁੱਲਰ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕਰਵਾ ਕੇ, ਕਿਸੇ ਚੰਗੇ ਹਸਪਤਾਲ ਵਿਚ ਉਸ ਦੇ ਇਲਾਜ ਦਾ ਪ੍ਰਬੰਧ ਕਰਵਾਉਣ।

ਅਕਾਲੀ ਦਲ ਤੇ ਭਾਜਪਾ ਵਿਚਕਾਰ ਮਤਭੇਦ: ਪੰਜਾਬ ਦੇ ਹਾਕਮ ਗਠਜੋੜ ਦੀਆਂ ਪਾਰਟੀਆਂ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ, ਵਿਚਕਾਰ ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ ਬਾਰੇ ਮੱਤਭੇਦ ਹਨ। ਭਾਜਪਾ ਦਾ ਅਜਿਹੇ ਮਾਮਲਿਆਂ 'ਤੇ ਸਟੈਂਡ ਹੈ ਕਿ ਅਤਿਵਾਦ ਨਾਲ ਜੁੜੇ ਮਾਮਲਿਆਂ 'ਤੇ ਕੋਈ ਰਹਿਮ ਨਹੀਂ ਹੋਣਾ ਚਾਹੀਦਾ। ਇਸ ਕੇਸ ਬਾਰੇ ਵੀ ਪਾਰਟੀ ਦੇ ਸੂਬਾਈ ਤੇ ਕੌਮੀ ਆਗੂਆਂ ਨੇ ਸੁਪਰੀਮ ਕੋਰਟ ਦੇ ਫੈਸਲੇ ਨਾਲ ਸਹਿਮਤੀ ਪ੍ਰਗਟਾਈ ਹੈ। ਉਧਰ ਸ਼੍ਰੋਮਣੀ ਅਕਾਲੀ ਦਲ ਭੁੱਲਰ ਦੀ ਫਾਂਸੀ ਨੂੰ ਉਮਰ ਕੈਦ ਵਿਚ ਤਬਦੀਲ ਕਰਾਉਣ ਦੇ ਹੱਕ ਵਿਚ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਰਮਿਆਨ ਪਿਛਲੇ 6 ਸਾਲਾਂ ਦੌਰਾਨ ਅਜਿਹੇ ਕਈ ਮੁੱਦੇ ਆਏ ਹਨ ਜਦੋਂ ਦੋਹਾਂ ਪਾਰਟੀਆਂ ਆਹਮੋ-ਸਾਹਮਣੇ ਆਣ ਖੜ੍ਹੀਆਂ ਹੋਈਆਂ। ਸਾਕਾ ਨੀਲਾ ਤਾਰਾ ਦੀ ਯਾਦਗਾਰ ਦਾ ਵੀ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਵਿਰੋਧ ਕੀਤਾ ਸੀ।

ਜਰਮਨ ਸਫਾਰਤਖਾਨੇ ਨੂੰ ਮੰਗ-ਪੱਤਰ: ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦਵਿੰਦਰਪਾਲ ਸਿੰਘ ਭੁੱਲਰ ਦੀ ਪਤਨੀ ਨਵਨੀਤ ਕੌਰ ਭੁੱਲਰ, ਵਕੀਲ ਸਤਨਾਮ ਸਿੰਘ ਬੈਂਸ (ਯੂ.ਕੇ.) ਅਤੇ ਵਕੀਲ ਜਸਵੰਤ ਕੌਰ ਯੂ.ਕੇ. ਨਾਲ ਵਫ਼ਦ ਦੇ ਰੂਪ ਵਿਚ ਜਰਮਨ ਸਫਾਰਤਖਾਨੇ ਦੇ ਸਿਆਸੀ ਕੌਂਸਲਰ ਨਾਲ ਮੁਲਾਕਾਤ ਕੀਤੀ ਅਤੇ ਭੁੱਲਰ ਦੀ ਅਰਜ਼ੀ ਖਾਰਜ ਕਰਨ ਬਾਰੇ ਜਾਣੂ ਕਰਵਾਇਆ ਤੇ ਮੰਗ ਪੱਤਰ ਸੌਂਪਿਆ।

## ਬੋਸਟਨ ਧਮਾਕੇ: ਫਿਰ ਦਹਿਲਿਆ ਅਮਰੀਕਾ



*ਧਮਾਕਿਆਂ ਤੋਂ ਬਾਅਦ ਵਿਲਕ ਰਹੀ ਇਕ ਮਾਂ।*

*(ਸਫਾ ਇਕ ਦੀ ਬਾਕੀ)*

42 ਕਿਲੋਮੀਟਰ ਦੇ ਰੂਟ 'ਤੇ ਹਜ਼ਾਰਾਂ ਲੋਕ ਖੜ੍ਹੇ ਦੌੜਾਕਾਂ ਨੂੰ ਹੱਲਾਸ਼ੇਰੀ ਦੇ ਰਹੇ ਸਨ। ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਜੇਤੂ ਲਾਈਨ ਕੋਲ ਸੈਕਿੰਡਾਂ ਦੇ ਫਰਕ ਨਾਲ ਦੋ ਬੰਬ ਧਮਾਕੇ ਹੋ ਜਾਣਗੇ। ਧਮਾਕਿਆਂ ਮਗਰੋਂ ਉਥੇ ਹੀ ਚੀਕ-ਚਿਹਾੜਾ ਮਚ ਗਿਆ ਤੇ ਲੋਕ ਇਧਰ-ਉਧਰ ਭੱਜਣ ਲੱਗੇ। ਹਾਲੇ ਤਕ ਇਹ ਪਤਾ ਨਹੀਂ ਲੱਗਿਆ ਕਿ ਇਸ ਘਟਨਾ ਪਿੱਛੇ ਕਿਸ ਦਾ ਹੱਥ ਹੈ। ਉਧਰ, ਤਾਲਿਬਾਨ ਨੇ ਧਮਾਕਿਆਂ ਵਿਚ ਆਪਣੀ ਕਿਸੇ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਬੁਲਾਰੇ ਅਹਿਸਾਨ-ਉਲਾ ਅਹਿਸਾਨ ਨੇ ਕਿਹਾ ਹੈ ਕਿ ਉਨ੍ਹਾਂ ਦਾ ਇਨ੍ਹਾਂ ਧਮਾਕਿਆਂ ਵਿਚ ਕੋਈ ਹੱਥ ਨਹੀਂ। ਧਮਾਕੇ ਕਰਨ ਲਈ ਛੇ ਲਿਟਰ ਵਾਲੇ ਪ੍ਰੈਸ਼ਰ ਕੁੱਕਰਾਂ ਦੀ ਵਰਤੋਂ ਕੀਤੀ ਗਈ ਤੇ ਉਨ੍ਹਾਂ ਨੂੰ ਕਾਲੇ ਰੰਗ ਦੇ ਥੈਲਿਆਂ ਵਿਚ ਛੁਪਾ ਕੇ ਜ਼ਮੀਨ 'ਤੇ ਹੀ ਰੱਖਿਆ ਹੋਇਆ ਸੀ। ਦੋ ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਇਕ ਬੰਬ ਵਿਚ ਬੈਰਿੰਗ ਤੇ ਹੋਰ ਲੋਹਾ ਤੇ ਦੂਸਰੇ ਵਿਚ ਬਾਰੂਦ ਨਾਲ ਲੋਹੇ ਦੇ ਕਿੱਲ ਰੱਖੇ ਹੋਏ ਸਨ।

ਵ੍ਹਾਈਟ ਹਾਊਸ ਦੇ ਅਧਿਕਾਰੀ ਅਨੁਸਾਰ ਉਹ ਇਸ ਨੂੰ ਅਤਿਵਾਦੀ ਕਾਰਾ ਮੰਨ ਕੇ ਚੱਲ ਰਹੇ ਹਨ। ਬੁਲਾਰੇ ਨੇ ਦੱਸਿਆ ਕਿ ਦੋ ਧਮਾਕੇ ਸਿਰਫ਼ ਤੇ ਸਿਰਫ਼ ਅਤਿਵਾਦੀ ਕਾਰਵਾਈ ਵੱਲ ਇਸ਼ਾਰਾ ਕਰਦੇ ਹਨ। ਮਾਮਲੇ ਦੀ ਜਾਂਚ ਐਫ.ਬੀ.ਆਈ. ਨੂੰ ਸੌਂਪ ਦਿੱਤੀ ਗਈ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਇਨ੍ਹਾਂ ਧਮਾਕਿਆਂ ਨੂੰ ਅਤਿਵਾਦੀ ਕਾਰਵਾਈ ਕਰਾਰ ਦਿੰਦਿਆਂ ਕਿਹਾ ਹੈ ਕਿ ਖੁਫ਼ੀਆ ਏਜੰਸੀਆਂ ਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਇਸ ਗੱਲ ਦਾ ਪਤਾ ਲਾਉਣ ਦਾ ਯਤਨ ਕਰ ਰਹੀਆਂ ਹਨ ਕਿ ਇਨ੍ਹਾਂ ਧਮਾਕਿਆਂ ਲਈ ਜ਼ਿੰਮੇਵਾਰ ਕੌਣ ਹੈ। ਉਨ੍ਹਾਂ ਨੇ ਧਮਾਕਿਆਂ ਨੂੰ ਵਿਵੇਕਹੀਣ ਕਰਾਰ ਦਿੰਦਿਆਂ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਇਸ ਦੇ ਸਾਜ਼ਿਸ਼ੀਆਂ ਨੂੰ ਇਨਸਾਫ ਦੇ ਕਟਹਿਰੇ ਵਿਚ ਲਿਆਂਦਾ ਜਾਵੇਗਾ।

ਬੋਸਟਨ ਦੇ ਵੱਖ-ਵੱਖ ਹਸਪਤਾਲਾਂ ਵਿਚ 144 ਲੋਕਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚ 42 ਦੀ ਹਾਲਤ ਗੰਭੀਰ ਹੈ। ਮਰਨ ਵਾਲਿਆਂ ਵਿਚ ਇਕ ਅੱਠ ਸਾਲਾ ਬੱਚਾ ਵੀ ਹੈ। ਸੁਰੱਖਿਆ ਏਜੰਸੀਆਂ ਨੇ ਧਮਾਕਿਆਂ ਮਗਰੋਂ ਦੋ ਹੋਰ ਥਾਂਵਾਂ ਤੋਂ ਬੰਬ ਬਰਾਮਦ ਕੀਤੇ ਹਨ। ਧਮਾਕਿਆਂ ਮਗਰੋਂ ਸਾਊਦੀ ਅਰਬ ਦਾ ਇਕ ਫੱਟੜ ਨਾਗਰਿਕ ਬੋਸਟਨ ਹਸਪਤਾਲ ਵਿਚ ਸੁਰੱਖਿਆ ਅਧੀਨ ਹੈ ਪਰ ਜਾਂਚ ਏਜੰਸੀਆਂ ਨੇ ਕਿਹਾ ਹੈ ਕਿ ਉਸ ਦਾ ਇਨ੍ਹਾਂ ਧਮਾਕਿਆਂ ਨਾਲ ਕੋਈ ਸਬੰਧ ਨਹੀਂ ਹੈ।

## ਹਰਸਿਮਰਤ ਬਾਦਲ ਨੂੰ ਉਮੀਦਵਾਰ ਐਲਾਨਿਆ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਨੇ ਚੋਣ ਮੁਹਿੰਮ ਸ਼ੁਰੂ ਕਰਦਿਆਂ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਬਠਿੰਡਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਵਿਸਾਖੀ ਮੌਕੇ ਕਰਵਾਈ ਕਾਨਫਰੰਸ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਲੜਕੇ ਰਣਇੰਦਰ ਸਿੰਘ ਨੂੰ ਬਠਿੰਡਾ ਲੋਕ ਸਭਾ ਤੋਂ ਹਲਕੇ ਤੋਂ ਕਾਂਗਰਸ ਪਾਰਟੀ ਦਾ ਉਮੀਦਵਾਰ ਬਣਾ ਕੇ ਚੁਣੌਤੀ ਦਿੱਤੀ ਸੀ ਜਿਸ ਕਰ ਕੇ ਹਰਸਿਮਰਤ ਕੌਰ ਬਾਦਲ ਨੂੰ ਅੱਗੇ ਲਿਆਉਣਾ ਪਿਆ। ਹਰਸਿਮਰਤ ਨੇ ਬੜੇ ਸੁਚੱਜੇ ਢੰਗ ਨਾਲ ਪੰਜਾਬ ਤੇ ਪੰਜਾਬੀਆਂ ਦੇ ਮਸਲੇ ਜ਼ੋਰਦਾਰ ਢੰਗ ਨਾਲ ਸੰਸਦ ਵਿਚ ਉਠਾਏ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਹਰਸਿਮਰਤ ਕੌਰ ਬਾਦਲ ਰਿਕਾਰਡ ਤੋੜ ਵੋਟਾਂ ਨਾਲ ਜਿੱਤਣਗੇ।

## ਖਾਲਸਾ ਸਾਜਨਾ ਦਿਵਸ ਮੌਕੇ ਵੀ ਦੂਸ਼ਣਬਾਜ਼ੀ

*(ਸਫਾ ਇਕ ਦੀ ਬਾਕੀ)*

ਤੌਰ 'ਤੇ ਨਿਸ਼ਾਨਾ ਬਣਾਇਆ ਤੇ ਪੰਜਾਬ ਦੀ ਅਕਾਲੀ ਸਰਕਾਰ ਦਾ ਗੁਣਗਾਨ ਕੀਤਾ। ਹੁਕਮਰਾਨ ਧਿਰ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਘੱਟ ਗਿਣਤੀ ਹੋਣ ਦੇ ਬਾਵਜੂਦ ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਵਿਚ ਅੱਸੀ ਫੀਸਦੀ ਕੁਰਬਾਨੀਆਂ ਕੀਤੀਆਂ ਤੇ ਦੇਸ਼ ਦੇ ਅੰਨ ਭੰਡਾਰ ਦੀ ਕਮੀ ਪੂਰੀ ਕੀਤੀ ਪਰ ਕੇਂਦਰ ਵਿਚ ਬਣੀਆਂ ਕਾਂਗਰਸੀ ਸਰਕਾਰਾਂ ਨੇ ਕੌਡੀ ਮੁੱਲ ਨਹੀਂ ਪਾਇਆ, ਸਗੋਂ ਇਹ ਪੰਜਾਬ ਨੂੰ ਕਮਜ਼ੋਰ ਕਰਨ ਦੀਆਂ ਨੀਤੀਆਂ ਉਤੇ ਚਲਦੀ ਆਈ ਹੈ।

ਕਾਂਗਰਸ ਵੱਲੋਂ ਕੀਤੀ ਗਈ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਦੇਸ਼ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਇਸ ਸਮੇਂ ਬਾਦਲਾਂ ਦਾ ਰੇਤੇ, ਬਜਰੀ, ਟਰਾਂਸਪੋਰਟ, ਟੀ.ਵੀ. ਚੈਨਲਾਂ ਤੇ ਸ਼ਰਾਬ ਦੇ ਕਾਰੋਬਾਰ ਉਤੇ ਮੁਕੰਮਲ ਕਬਜ਼ਾ ਹੋ ਚੁੱਕਿਆ ਹੈ ਤੇ ਲੋਕਾਂ ਦੀ ਅੰਨ੍ਹੀ ਲੁੱਟ ਕੀਤੀ ਜਾ ਰਹੀ ਹੈ। ਸਰਕਾਰ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵੱਲ ਧੱਕ ਰਹੀ ਹੈ। ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ ਤੇ ਰਾਜ ਦੇ ਲੋਕ ਲਾਚਾਰ ਹੋ ਕੇ ਰਹਿ ਗਏ ਹਨ। ਸ. ਬਾਜਵਾ ਨੇ ਦਾਅਵਾ ਕੀਤਾ ਕਿ ਕਾਂਗਰਸ ਹੀ ਸਹੀ ਮਾਮਲਿਆਂ ਵਿਚ ਪੰਥ ਹਿਤੈਸ਼ੀ ਹੈ। ਇਸ ਨੇ ਹਮੇਸ਼ਾ ਹੀ ਸਿੱਖ ਕੌਮ ਦਾ ਸਨਮਾਨ ਕੀਤਾ ਹੈ। ਸਿੱਖ ਭਾਈਚਾਰੇ ਨਾਲ ਸਬੰਧਤ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਸੈਨਾ ਮੁਖੀ ਰਾਜਾਂ ਦੇ ਰਾਜਪਾਲ ਕਾਂਗਰਸ ਨੇ ਹੀ ਬਣਾਏ ਹਨ।

## ਪੰਚਾਇਤੀ ਚੋਣਾਂ ਲਈ ਬਿਗਲ ਵੱਜਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਪੰਚਾਇਤੀ ਚੋਣਾਂ ਲਈ ਬਿਗਲ ਵੱਜ ਗਿਆ ਹੈ ਤੇ ਸਿਆਸੀ ਹਲਕਿਆਂ ਦੇ ਨਾਲ ਨਾਲ ਆਮ ਜਨਤਾ ਵਿਚ ਵੀ ਹੱਲਚਲ ਸ਼ੁਰੂ ਹੋ ਗਈ ਹੈ। ਪੰਜਾਬ ਸਰਕਾਰ ਨੇ ਤਾਂ ਬੇਹੱਦ ਕਾਹਲ ਦਿਖਾਉਂਦੇ ਹੋਏ ਪੰਚਾਇਤ ਚੋਣਾਂ 31 ਮਈ ਤੋਂ ਪਹਿਲਾਂ ਕਰਵਾਉਣ ਦਾ ਰਾਹ ਪੱਧਰਾ ਕਰਨ ਲਈ ਰਾਜ ਦੀਆਂ 12,775 ਪੰਚਾਇਤਾਂ ਭੰਗ ਵੀ ਕਰ ਦਿੱਤੀਆਂ, ਪਰ ਬਾਅਦ ਵਿਚ ਇਹ ਫੈਸਲਾ ਵਾਪਸ ਲੈਣਾ ਪਿਆ। ਅਸਲ ਵਿਚ ਪੰਚਾਇਤਾਂ ਭੰਗ ਕਰਨ ਅਤੇ ਚੋਣਾਂ ਦਾ ਐਲਾਨ ਪੰਜਾਬ ਰਾਜ ਚੋਣ ਕਮਿਸ਼ਨ ਨੇ ਕਰਨਾ ਹੁੰਦਾ ਹੈ।

ਸੂਬਾਈ ਚੋਣ ਕਮਿਸ਼ਨਰ ਸ਼ਵਿੰਦਰ ਸਿੰਘ ਬਰਾੜ ਨੇ ਖੇਤੀਬਾੜੀ ਵਿਭਾਗ ਤੋਂ ਕਣਕ ਦੀ ਖਰੀਦ ਦੇ ਸੀਜ਼ਨ ਦੇ ਦਿਨਾਂ ਬਾਰੇ ਜਾਣਕਾਰੀ ਮੰਗੀ ਹੈ ਅਤੇ ਪੂਰੀ ਰਿਪੋਰਟ ਆਉਣ ਤੋਂ ਬਾਅਦ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਸਰਕਾਰ ਵੱਲੋਂ 15 ਮਈ ਤੱਕ ਪੰਚਾਇਤ ਸਮਿਤੀ, ਜ਼ਿਲ੍ਹਾ ਪ੍ਰੀਸ਼ਦ ਤੇ 31 ਮਈ ਤਕ ਗਰਾਮ ਪੰਚਾਇਤਾਂ ਦੀਆਂ ਚੋਣਾਂ ਕਰਾਉਣ ਦੀ ਸਿਫਾਰਸ਼ ਕੀਤੀ ਗਈ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਗਦਰ ਲਹਿਰ ਨੂੰ ਸਮਰਪਿਤ ਸੈਮੀਨਾਰ 13 ਜੁਲਾਈ ਨੂੰ

**ਸੈਕਰਾਮੈਂਟੋ (ਬਿਊਰੋ):** ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ ਵਲੋਂ ਗਦਰ ਲਹਿਰ ਦੀ 100ਵੀਂ ਵਰ੍ਹੇਗੰਢ ਮੌਕੇ ਗਦਰੀ ਬਾਬਿਆਂ ਦੀ ਸੋਚ ਨੂੰ ਸਮਰਪਿਤ ਇਕ ਸੈਮੀਨਾਰ ਆਉਂਦੀ 13 ਜੁਲਾਈ ਨੂੰ ਸੈਨ ਫਰਾਂਸਿਸਕੋ ਵਿਚ ਗਦਰ ਮੈਮੋਰੀਅਲ ਹਾਲ (ਯੁਗਾਂਤਰ ਆਸ਼ਰਮ) ਵਿਚ ਕਰਵਾਇਆ ਜਾਵੇਗਾ।

ਇਹ ਜਾਣਕਾਰੀ ਦਿੰਦਿਆਂ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਦੇ ਆਗੂਆਂ ਕੁਲਦੀਪ ਸਿੰਘ ਚੇਅਰਮੈਨ, ਕੰਵਰ ਕਸ਼ਮੀਰ ਸਿੰਘ ਸਕੱਤਰ ਅਤੇ ਸਤਵੀਰ ਸਿੰਘ ਬਾਜਵਾ ਮੀਤ ਪ੍ਰਧਾਨ ਨੇ ਇਥੇ ਇਕ ਬਿਆਨ ਵਿਚ ਦੱਸਿਆ ਕਿ ਇਸ ਸੈਮੀਨਾਰ ਲਈ ਗਦਰ ਲਹਿਰ ਨੂੰ ਸਮਰਪਿਤ ਵੱਖ ਵੱਖ ਜਥੇਬੰਦੀਆਂ ਵਲੋਂ ਵੀ ਪੂਰਾ ਸਮਰਥਨ ਦਿੱਤਾ ਜਾ ਰਿਹਾ ਹੈ। ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਦੇ ਆਗੂਆਂ ਅਵਤਾਰ ਸਿੰਘ ਤਾਰੀ ਅਤੇ ਮਹਿੰਗਾ ਸਿੰਘ ਸਰਪੰਚ ਵੀ ਇਸ ਸੈਮੀਨਾਰ ਦੇ ਪ੍ਰਬੰਧ ਲਈ ਸਰਗਰਮ ਹਨ।

ਬਿਆਨ ਅਨੁਸਾਰ ਸੈਮੀਨਾਰ ਦੇ ਸ਼ੁਰੂ ਵਿਚ ਦੇਸ਼ ਭਗਤੀ ਦੇ ਗੀਤਾਂ ਦਾ ਪ੍ਰਵਾਹ ਚੱਲੇਗਾ। ਉਪਰੰਤ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਜਾਣਗੇ ਅਤੇ ਵਿਦਵਾਨਾਂ ਵਲੋਂ ਗਦਰ ਲਹਿਰ ਬਾਰੇ ਪਰਚੇ ਪੜ੍ਹੇ ਜਾਣਗੇ ਜਿਨ੍ਹਾਂ 'ਤੇ ਬਹਿਸ ਵੀ ਹੋਵੇਗੀ। ਗਦਰ ਮੈਮੋਰੀਅਲ ਫਾਊਂਡੇਸ਼ਨ ਦੀ ਪਹਿਲਕਦਮੀ ਉਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਤਿਆਰ ਕੀਤੀ ਗਈ ਇਤਿਹਾਸਕ ਕਿਤਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਵਲੋਂ ਰਿਲੀਜ਼ ਕੀਤੀ ਜਾਵੇਗੀ।

14 ਜੁਲਾਈ 2013 ਨੂੰ ਗਦਰੀ ਬਾਬਿਆਂ ਦਾ ਮੇਲਾ ਸੈਕਰਾਮੈਂਟੋ ਦੇ ਸੈਲਡਨ ਹਾਈ ਸਕੂਲ ਦੇ ਪਰਫਾਰਮਿੰਗ ਆਰਟਸ ਥੀਏਟਰ ਵਿਚ ਕਰਵਾਇਆ ਜਾਵੇਗਾ। ਇਸ ਮੇਲੇ ਦੌਰਾਨ ਆਜ਼ਾਦੀ ਲਹਿਰ ਸਬੰਧੀ ਗੀਤ-ਸੰਗੀਤ ਹੋਵੇਗਾ। ਮੁੱਖ ਮਹਿਮਾਨ ਤੋਂ ਇਲਾਵਾ ਹੋਰ ਵਿਦਵਾਨ ਤਕਰੀਰਾਂ ਕਰਨਗੇ। ਸ਼ਾਮੀਂ 4 ਵਜੇ ਇਕ ਕ੍ਰਾਂਤੀਕਾਰੀ ਨਾਟਕ ਖੇਡਿਆ ਜਾਵੇਗਾ। ਇਸ ਮੇਲੇ ਲਈ ਫਾਊਂਡੇਸ਼ਨ ਦੇ ਮੈਂਬਰਾਂ ਅਤੇ ਸਮਰਥਕਾਂ ਵਲੋਂ ਹੁਣੇ ਤੋਂ ਤਿਆਰੀਆਂ ਅਰੰਭ ਦਿੱਤੀਆਂ ਗਈਆਂ ਹਨ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖ਼ਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

ਸਸਤੀਆਂ ਦਰਾਂ-ਇਕ ਵਾਰ ਦਾ ਕਮਿਸ਼ਨ-ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow
*Low Rates *One-Time Discounts *No minimums
Call Paul at 1-800-705-3863
Transportation Funding Group, Inc.
Minneapolis , MN 55426

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਹਰਿਮੰਦਰ ਸਾਹਿਬ ਦੀਆਂ ਕੰਧਾਂ 'ਤੇ ਹੋਵੇਗੀ ਦੁਬਾਰਾ ਮੀਨਾਕਾਰੀ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਉਪਰਲੀ ਮੰਜ਼ਲ ਦੀਆਂ ਪੌੜੀਆਂ ਦੀਆਂ ਕੰਧਾਂ 'ਤੇ ਹੋਈ ਮੀਨਾਕਾਰੀ ਜੋ ਸੰਗਤ ਦੇ ਹੱਥ ਲੱਗਣ ਕਾਰਨ ਖਰਾਬ ਹੋ ਚੁੱਕੀ ਸੀ, ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੁਬਾਰਾ ਕਰਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਕਾਰਜ ਦੀ ਸੇਵਾ ਕਾਰਸੇਵਾ ਸੰਪਰਦਾਇ ਦੇ ਬਾਬਾ ਕਸ਼ਮੀਰਾ ਸਿੰਘ ਭੂਰੀ ਵਾਲਿਆਂ ਨੂੰ ਸੌਂਪੀ ਗਈ ਹੈ। ਇਸੇ ਤਰ੍ਹਾਂ ਗੁਰਦੁਆਰਾ ਬਾਬਾ ਅਟੱਲ ਰਾਏ ਦੇ ਖਸਤਾ ਹਾਲਤ ਦਰਵਾਜ਼ਿਆਂ ਨੂੰ ਬਦਲਣ ਦੀ ਸੇਵਾ ਵੀ ਸ਼ੁਰੂ ਹੋ ਗਈ ਹੈ।

ਦੱਸਣਯੋਗ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਉਪਰਲੀ ਮੰਜ਼ਲ ਤੇ ਦੂਜੀ ਮੰਜ਼ਲ 'ਤੇ ਪੁਰਾਤਨ ਸਮੇਂ ਤੋਂ ਮੀਨਾਕਾਰੀ ਕੀਤੀ ਹੋਈ ਸੀ ਜੋ ਪਹਿਲਾਂ ਸਾਂਭ ਸੰਭਾਲ ਦੀ ਘਾਟ ਕਾਰਨ ਕਈ ਥਾਵਾਂ ਤੋਂ ਖਰਾਬ ਹੋ ਚੁੱਕੀ ਹੈ। ਖਾਸ ਕਰਕੇ ਪੌੜੀਆਂ ਵਾਲਾ ਹਿੱਸਾ ਵਧੇਰੇ ਪ੍ਰਭਾਵਿਤ ਹੋਇਆ ਹੈ। ਪੌੜੀਆਂ ਚੜ੍ਹਨ ਸਮੇਂ ਸ਼ਰਧਾਲੂਆਂ ਦੇ ਹੱਥ ਲੱਗਣ ਨਾਲ ਇਹ ਮੀਨਾਕਾਰੀ ਆਪਣਾ ਅਸਲ ਰੂਪ ਗੁਆ ਚੁੱਕੀ ਹੈ ਜਦਕਿ ਪਹਿਲੀ ਮੰਜ਼ਲ ਦੀਆਂ ਕੰਧਾਂ 'ਤੇ ਹੋਈ ਮੀਨਾਕਾਰੀ ਨੂੰ ਸੰਭਾਲਣ ਲਈ ਇਨ੍ਹਾਂ ਉਪਰ ਸ਼ੀਸ਼ੇ ਦੇ ਫਰੇਮ ਲਾਏ ਗਏ ਹਨ ਪਰ ਮਾਹਰਾਂ ਨੇ ਇਸ ਢੰਗ ਤਰੀਕੇ ਨੂੰ ਵੀ ਗਲਤ ਦੱਸਿਆ ਸੀ। ਕਾਰ ਸੇਵਾ ਤੋਂ ਪਹਿਲਾਂ ਮੀਨਾਕਾਰੀ ਦੇ ਚਿੱਤਰ ਲਏ ਗਏ ਹਨ ਤਾਂ ਜੋ ਉਸੇ ਮੁਤਾਬਕ ਮੁੜ ਮੀਨਾਕਾਰੀ ਕੀਤੀ ਜਾ ਸਕੇ। ਇਸ ਦੌਰਾਨ ਇਤਿਹਾਸਕ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਦੇ ਪੁਰਾਤਨ ਦਰਵਾਜ਼ਿਆਂ ਨੂੰ ਬਦਲਣ ਦੀ ਸੇਵਾ ਕਾਰਸੇਵਾ ਵਾਲੇ ਬਾਬਾ ਮਨਜੀਤ ਸਿੰਘ ਫਗਵਾੜੇ ਵਾਲਿਆਂ ਵੱਲੋਂ ਸ਼ੁਰੂ ਕੀਤੀ ਗਈ ਹੈ। ਪਹਿਲਾਂ ਇਮਾਰਤ ਦੇ ਅੰਦਰ ਕਾਰਸੇਵਾ ਵਾਲੇ ਬਾਬਿਆਂ ਵੱਲੋਂ ਬਾਥਰੂਮ ਟਾਈਲਾਂ ਲਾ ਦਿੱਤੀਆਂ ਗਈਆਂ ਸਨ ਜਿਸ ਕਾਰਨ ਇਹ ਬਹੁਮੁੱਲੀ ਕੰਧ ਕਲਾ ਖਰਾਬ ਹੋ ਗਈ ਸੀ।

# ਇਉਂ ਦਿਖਾਇਆ ਜਾਵੇਗਾ ਸਾਕਾ ਜਲ੍ਹਿਆਂਵਾਲਾ

## ਕੇਂਦਰ ਸਰਕਾਰ ਵੱਲੋਂ 60 ਲੱਖ ਦੀ ਇਮਦਾਦ

**ਅੰਮ੍ਰਿਤਸਰ:** ਜਲ੍ਹਿਆਂਵਾਲਾ ਬਾਗ ਵਿਖੇ 13 ਅਪਰੈਲ, 1919 ਨੂੰ ਵਾਪਰੇ ਦੁਖਾਂਤ ਬਾਰੇ ਦੇਸ਼ ਵਿਦੇਸ਼ ਦੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ ਟਰੱਸਟ ਵੱਲੋਂ ਕੀਤੇ ਜਾ ਰਹੇ ਯਤਨਾਂ ਤਹਿਤ ਇਸ ਬਾਰੇ ਵਿਆਪਕ ਜਾਣਕਾਰੀ ਵਾਲੀ ਵੈੱਬਸਾਈਟ ਸ਼ੁਰੂ ਕਰਨ ਦੀ ਯੋਜਨਾ ਹੈ। ਇਸ ਦੇ ਨਾਲ ਹੀ ਇਤਿਹਾਸਕ ਯਾਦਗਾਰ ਦੇ ਵਿਹੜੇ ਵਿਚ ਬੂਟਿਆਂ ਦੀ ਮਦਦ ਨਾਲ ਗੋਲੀਆਂ ਵਰ੍ਹਾਉਂਦੇ ਅੰਗਰੇਜ਼ ਸੈਨਿਕ ਤੇ ਨਾਅਰੇ ਲਾਉਂਦੇ ਭਾਰਤੀ ਬਣਾਏ ਗਏ ਹਨ ਜੋ 94 ਸਾਲ ਪਹਿਲਾਂ ਵਾਪਰੀ ਘਟਨਾ ਨੂੰ ਦਰਸਾਉਣਗੇ।

ਕੇਂਦਰ ਸਰਕਾਰ ਵੱਲੋਂ ਦਿੱਤੀ 60 ਲੱਖ ਰੁਪਏ ਦੀ ਮਾਲੀ ਮਦਦ ਨਾਲ ਇਥੇ ਵਿਸ਼ੇਸ਼ ਰੂਪ ਵਿਚ ਲੈਂਡਸਕੇਪਿੰਗ ਕੀਤੀ ਜਾ ਰਹੀ ਹੈ ਜਿਸ ਤਹਿਤ ਇੱਥੇ ਲੋਹੇ ਦੇ ਫਰੇਮ ਰਾਹੀਂ (ਟੌਪਰੀ ਆਰਟ) ਹਥਿਆਰਾਂ ਨਾਲ ਲੈਸ ਅੰਗਰੇਜ਼ ਸੈਨਿਕ ਬਣਾਏ ਗਏ ਹਨ। ਇਨ੍ਹਾਂ ਨੂੰ ਹਰੀਆਂ ਵੇਲਾਂ ਨਾਲ ਕਵਰ ਕੀਤਾ ਜਾਵੇਗਾ ਤੇ ਕਟਿੰਗ ਕਰਨ ਮਗਰੋਂ ਇਹ ਦੂਰੋਂ ਹਰੇ ਰੰਗ ਦੇ ਸੈਨਿਕ ਦਿਖਾਈ ਦੇਣਗੇ ਜੋ ਗੋਲੀ ਚਲਾਉਂਦੇ ਦਰਸਾਏ ਗਏ ਹਨ। ਇਸੇ ਤਰ੍ਹਾਂ ਉਸ ਵੇਲੇ ਜਲਸੇ ਵਿਚ ਆਏ ਭਾਰਤੀ ਨਾਅਰੇ ਲਾਉਂਦੇ ਹੋਏ ਹੱਥਾਂ ਦੇ ਰੂਪ ਵਿਚ ਦਿਖਾਏ ਗਏ ਹਨ।ਇਹ ਸਮੁੱਚਾ ਦ੍ਰਿਸ਼ ਲੈਂਡ ਸਕੇਪਿੰਗ ਰਾਹੀਂ ਦਰਸਾਇਆ ਜਾ ਰਿਹਾ ਹੈ।

ਇਸ ਯੋਜਨਾ ਤਹਿਤ ਖੂਨੀ ਖੂਹ ਨੇੜੇ, ਜਲਸੇ ਵਾਲੀ ਥਾਂ ਨੇੜੇ ਤੇ ਜਿਥੇ ਵੀ ਗੋਲੀਆਂ ਦੇ ਨਿਸ਼ਾਨ ਮੌਜੂਦ ਹਨ, ਨੇੜੇ ਅੰਗਰੇਜ਼ ਸਿਪਾਹੀਆਂ ਦੇ ਫਰੇਮ ਸਥਾਪਤ ਕੀਤੇ ਗਏ ਹਨ। ਇਨ੍ਹਾਂ ਦੀ ਗਿਣਤੀ 15 ਹੈ ਜਦਕਿ ਹੱਥਾਂ ਦੇ ਰੂਪ ਵਿੱਚ ਲੋਕਾਂ ਦੀ ਗਿਣਤੀ 30 ਹੈ। ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰੀ ਟਰੱਸਟ ਦੇ ਸਕੱਤਰ ਐਸ ਮੁਖਰਜੀ ਨੇ ਦੱਸਿਆ ਕਿ ਆਉਂਦੇ ਇਕ ਸਾਲ ਵਿਚ ਇੱਥੇ ਸਥਾਪਤ ਕੀਤੇ ਗਏ ਸਮੁੱਚੇ ਲੋਹੇ ਦੇ ਫਰੇਮ ਤੇ ਇਨ੍ਹਾਂ ਵਿਚ ਲਾਈਆਂ ਗਈਆਂ ਹਰੀਆਂ ਵੇਲਾਂ ਜੋਬਨ 'ਤੇ ਆ ਜਾਣਗੀਆਂ ਜਿਨ੍ਹਾਂ ਦੀ ਕਾਂਟ ਛਾਂਟ ਕੀਤੇ ਜਾਣ ਤੋਂ ਬਾਅਦ ਇਹ ਪੂਰੀ ਤਰ੍ਹਾਂ ਉਸ ਵੇਲੇ ਦੀ ਘਟਨਾ ਨੂੰ ਦਰਸਾਉਣਗੇ। ਯਾਦਗਾਰ ਨੇੜੇ ਜਿੰਨੀਆਂ ਵੀ ਥਾਵਾਂ 'ਤੇ ਗੋਲੀਆਂ ਦੇ ਨਿਸ਼ਾਨ ਮੌਜੂਦ ਹਨ, ਉਨ੍ਹਾਂ ਦੇ ਨੇੜੇ ਹੀ ਅੰਗਰੇਜ਼ ਸਿਪਾਹੀ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਜਲਦੀ ਹੀ ਇਕ ਵੈੱਬਸਾਈਟ ਸ਼ੁਰੂ ਕੀਤੀ ਜਾਵੇਗੀ ਜਿਸ ਤੋਂ ਦੇਸ਼ ਵਿਦੇਸ਼ ਦੇ ਲੋਕਾਂ ਨੂੰ ਜਲ੍ਹਿਆਂਵਾਲਾ ਬਾਗ ਸਾਕੇ ਬਾਰੇ ਮੁਕੰਮਲ ਜਾਣਕਾਰੀ ਮਿਲ ਸਕੇਗੀ। ਇਸ ਵਿਚ ਘਟਨਾ, ਮਾਰੇ ਗਏ ਲੋਕਾਂ, ਯਾਦਗਾਰ, ਅਜਾਇਬ ਘਰ, ਲਾਈਟ ਐਂਡ ਸਾਊਂਡ ਸ਼ੋਅ ਤੇ ਹੋਰ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇੱਥੇ ਆਉਣ ਵਾਲੇ ਯਾਤਰੂਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋਇਆ ਹੈ ਤੇ ਇਸ ਵੇਲੇ ਰੋਜ਼ ਔਸਤਨ 35 ਹਜ਼ਾਰ ਲੋਕ ਸ਼ਹੀਦੀ ਯਾਦਗਾਰ ਵਿਖੇ ਪੁੱਜ ਰਹੇ ਹਨ।



# ਮੁੱਖ ਸੰਸਦੀ ਸਕੱਤਰਾਂ ਦੀ ਕਮਾਨ ਮੁੱਖ ਮੰਤਰੀ ਦੇ ਹੱਥ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਸੰਸਦੀ ਸਕੱਤਰਾਂ ਨੂੰ ਕੰਮ ਲਾਉਣ ਦਾ ਜ਼ਿੰਮਾ ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਗੋਆ ਵਿਚ ਹੋਏ ਦੋ ਰੋਜ਼ਾ ਚਿੰਤਨ ਸ਼ਿਵਰ ਦੌਰਾਨ ਮੁੱਖ ਸੰਸਦੀ ਸਕੱਤਰਾਂ ਨੇ ਕੋਈ ਵੀ ਕੰਮ ਨਾ ਹੋਣ ਦਾ ਰੋਣਾ ਰੋਇਆ ਸੀ। ਮੁੱਖ ਸੰਸਦੀ ਸਕੱਤਰਾਂ ਨੂੰ ਮੰਤਰੀਆਂ ਵੱਲੋਂ ਕੰਮ ਨਾ ਦੇਣ ਦੇ ਮੁੱਦੇ 'ਤੇ ਮੰਤਰੀਆਂ ਨੇ ਤਾਂ ਪੂਰੀ ਤਰ੍ਹਾਂ ਚੁੱਪ ਵੱਟ ਲਈ। ਮੰਤਰੀਆਂ ਨੇ ਮੁੱਖ ਮੰਤਰੀ ਨੂੰ ਹੀ ਕਿਹਾ ਕਿ ਉਹ ਖੁਦ ਹੀ ਕੰਮ ਦੇ ਦੇਣ। ਨਵੇਂ ਦਲਬਦਲੀ ਕਾਨੂੰਨ ਮੁਤਾਬਕ ਸੂਬੇ ਵਿਚ ਵਿਧਾਇਕਾਂ ਦੀ ਗਿਣਤੀ ਦੇ ਮੁਤਾਬਕ ਮੰਤਰੀਆਂ ਦੀ ਗਿਣਤੀ 18 ਹੀ ਹੋ ਸਕਦੀ ਹੈ।



ਪੰਜਾਬ ਸਰਕਾਰ ਨੇ ਹੋਰਾਂ ਵਿਧਾਇਕਾਂ ਨੂੰ ਸਰਕਾਰੀ ਸਹੂਲਤਾਂ ਦੇਣ ਲਈ 20 ਤੋਂ ਵੱਧ ਵਿਧਾਇਕਾਂ ਨੂੰ ਮੁੱਖ ਸੰਸਦੀ ਸਕੱਤਰਾਂ ਦੇ ਅਹੁਦੇ ਦਿੱਤੇ ਹੋਏ ਹਨ ਪਰ ਇਨ੍ਹਾਂ ਕੋਲ ਕੰਮ ਕਾਰ ਕੋਈ ਵੀ ਨਹੀਂ ਪਰ ਸਰਕਾਰੀ ਖਜ਼ਾਨੇ ਵਿਚੋਂ ਸਹੂਲਤਾਂ ਤਕਰੀਬਨ ਮੰਤਰੀਆਂ ਵਾਲੀਆਂ ਹੀ ਹਾਸਲ ਕਰ ਰਹੇ ਹਨ। ਮੁੱਖ ਸੰਸਦੀ ਸਕੱਤਰਾਂ ਵੱਲੋਂ ਸਰਕਾਰੀ ਕੰਮ ਕਾਰ ਵਿਚੋਂ 'ਹਿੱਸਾ' ਲੈਣ ਲਈ ਚਾਰਾਜੋਈ ਤਾਂ ਲਗਾਤਾਰ ਕੀਤੀ ਜਾ ਰਹੀ ਹੈ ਪਰ ਮੰਤਰੀਆਂ ਦੀ ਮਰਜ਼ੀ ਅੱਗੇ ਕੋਈ ਪੇਸ਼ ਨਹੀਂ ਚਲਦੀ। ਇਹੀ ਕਾਰਨ ਹੈ ਕਿ ਉਨ੍ਹਾਂ ਆਪਣਾ ਦੁੱਖ ਗੋਆ ਚਿੰਤਨ ਸ਼ਿਵਰ ਦੌਰਾਨ ਵੀ ਸਾਂਝਾ ਕੀਤਾ।

ਪਾਰਟੀ ਸੂਤਰਾਂ ਮੁਤਾਬਕ ਮੁੱਖ ਸੰਸਦੀ ਸਕੱਤਰਾਂ ਨੇ ਮੁੱਖ ਮੰਤਰੀ ਤੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਦੱਸਿਆ ਕਿ ਸਰਕਾਰ ਨੇ ਝੰਡੀ ਵਾਲੀਆਂ ਕਾਰਾਂ, ਦਫ਼ਤਰ, ਸਰਕਾਰੀ ਰਿਹਾਇਸ਼ ਤੇ ਤਨਖਾਹਾਂ ਦੀਆਂ ਸਹੂਲਤਾਂ ਤਾਂ ਦਿੱਤੀਆਂ ਹਨ ਪਰ ਮੰਤਰੀਆਂ ਵੱਲੋਂ ਕੰਮ ਕਾਰ ਕੋਈ ਨਹੀਂ ਦਿੱਤਾ ਜਾ ਰਿਹਾ। ਇਨ੍ਹਾਂ ਮੁੱਖ ਸੰਸਦੀ ਸਕੱਤਰਾਂ ਦਾ ਕਹਿਣਾ ਸੀ ਕਿ ਅਧਿਕਾਰੀਆਂ ਵੱਲੋਂ ਕੋਈ ਫਾਈਲ ਨਹੀਂ ਭੇਜੀ ਜਾਂਦੀ ਕਿਉਂਕਿ ਮੰਤਰੀਆਂ ਨੇ ਅਧਿਕਾਰੀਆਂ ਨੂੰ ਫਾਈਲਾਂ ਨਾ ਭੇਜਣ ਦੇ ਨਿਰਦੇਸ਼ ਦਿੱਤੇ ਹੋਏ ਹਨ।

ਮੁੱਖ ਸੰਸਦੀ ਸਕੱਤਰਾਂ ਦੇ ਇਸ ਗਿਲੇ 'ਤੇ ਮੰਤਰੀਆਂ ਨੇ ਕੋਈ ਵੀ ਹੁੰਗਾਰਾ ਨਹੀਂ ਭਰਿਆ ਸਗੋਂ ਚੁੱਪ ਰਹੇ। ਮੁੱਖ ਸੰਸਦੀ ਸਕੱਤਰਾਂ ਦੀ ਫਰਿਆਦ ਸੁਣਨ ਤੋਂ ਬਾਅਦ ਸ. ਬਾਦਲ ਨੇ ਜਦੋਂ ਸਾਰਿਆਂ ਨੂੰ ਇਸ ਮਸਲੇ ਦਾ ਹੱਲ ਪੁੱਛਿਆ ਤਾਂ ਮੁੱਖ ਸੰਸਦੀ ਸਕੱਤਰਾਂ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਖੁਦ ਹੀ ਕੋਈ ਕੰਮ ਕਾਰ ਦੇ ਦੇਣ। ਮੁੱਖ ਮੰਤਰੀ ਵੱਲੋਂ ਹੀ ਕੰਮ ਦੇਣ ਦੇ ਮਾਮਲੇ 'ਤੇ ਸਾਰੇ ਮੰਤਰੀਆਂ ਨੇ ਹਾਂ ਵਿਚ ਹਾਂ ਜ਼ਰੂਰ ਮਿਲਾਈ ਗਈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਈ ਵਾਰੀ ਲਿਖਤੀ ਹੁਕਮ ਦੇ ਚੁੱਕੇ ਹਨ ਕਿ ਹਰ ਮਸਲੇ ਦੀ ਫਾਈਲ ਮੁੱਖ ਸੰਸਦੀ ਸਕੱਤਰਾਂ ਰਾਹੀਂ ਹੋ ਕੇ ਹੀ ਜਾਣੀ ਚਾਹੀਦੀ ਹੈ।

# ਪਾਕਿਸਤਾਨ ਵਿਚ ਵਿਸਾਖੀ ਮਨਾਈ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਵਾਰ ਭਾਵੇਂ ਪਾਕਿਸਤਾਨ ਵਿਚ ਵਿਸਾਖੀ ਮਨਾਉਣ ਲਈ ਜਥਾ ਨਹੀਂ ਭੇਜਿਆ ਗਿਆ ਪਰ ਦਿੱਲੀ, ਪੰਜਾਬ, ਰਾਜਸਥਾਨ, ਜੰਮੂ ਤੇ ਹੋਰ ਰਾਜਾਂ ਤੋਂ ਸਿੱਖ ਸ਼ਰਧਾਲੂਆਂ ਦਾ 1139 ਮੈਂਬਰੀ ਜਥਾ ਪਕਿਸਤਾਨ ਗਿਆ। ਪਾਕਿਸਤਾਨ ਤੋਂ ਇਸ ਵਾਰ ਸਖਤ ਕਾਨੂੰਨ ਲਾਗੂ ਕਰਨ ਤੋਂ ਬਾਅਦ ਸਿੱਖ ਸ਼ਰਧਾਲੂ ਇਕੋ ਦਿਨ ਹੀ ਪਾਕਿਸਤਾਨ ਲਈ ਰਵਾਨਾ ਹੋਏ। ਕਿਸੇ ਸ਼ਰਧਾਲੂ ਨੂੰ ਇਸ ਵਾਰ ਸੜਕ ਰਸਤੇ ਵੀਜ਼ਾ ਨਹੀਂ ਦਿੱਤਾ ਗਿਆ। ਜਥੇ ਦੇ ਆਗੂ ਬਲਵਿੰਦਰ ਸਿੰਘ ਝਬਾਲ ਖ਼ਾਲਸਾ ਮਿਸ਼ਨ ਕਮੇਟੀ, ਨਨਕਾਣਾ ਸਾਹਿਬ ਯਾਤਰੂ ਜਥੇ ਦੇ ਪ੍ਰਧਾਨ ਸਵਰਨ ਸਿੰਘ ਗਿੱਲ, ਭਾਈ ਮਰਦਾਨਾ ਯਾਦਗਾਰੀ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸਰਨਾ ਗਰੁੱਪ ਦੇ ਜਥਿਆਂ ਦੇ 1600 ਸਿੱਖ ਸ਼ਰਧਾਲੂਆਂ ਦੇ ਨਾਂ ਪਾਕਿਸਤਾਨ ਕੌਂਸਲਖਾਨੇ ਨੂੰ ਦਿੱਤੇ ਗਏ ਸਨ ਜਿਨ੍ਹਾਂ ਵਿਚੋਂ 1139 ਸ਼ਰਧਾਲੂ ਹੀ ਪਾਕਿਸਤਾਨ ਗਏ।

ਸਿੱਖ ਸ਼ਰਧਾਲੂਆਂ ਦੇ ਜਥੇ ਵੱਲੋਂ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਤੇ ਸਿੱਖ ਸੰਗਤਾਂ ਵੱਲੋਂ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਪਾਕਿਸਤਾਨ ਦੀਆਂ ਗਤਕਾ ਟੀਮਾਂ ਤੇ ਉਕਾਫ਼ ਬੋਰਡ ਦੇ ਅਧਿਕਾਰੀਆਂ ਵੱਲੋਂ ਸ਼ਿਰਕਤ ਕੀਤੀ। ਸੁਰੱਖਿਆ ਕਾਰਨਾਂ ਕਰਕੇ ਇਸ ਵਾਰ ਵੀ ਸਿੱਖ ਸੰਗਤਾਂ ਨੂੰ ਕਸਬੇ ਅੰਦਰ ਨਗਰ ਕੀਰਤਨ ਕੱਢਣ ਦੀ ਇਜਾਜ਼ਤ ਨਹੀਂ ਮਿਲ ਸਕੀ।

## ਸਿੱਖਾਂ ਦੇ ਕਤਲੇਆਮ ਲਈ ਕਾਂਗਰਸ ਜ਼ਿੰਮੇਵਾਰ: ਭਾਜਪਾ

**ਨਵੀਂ ਦਿੱਲੀ:** ਭਾਜਪਾ ਨੇ ਦਿੱਲੀ ਦੰਗਿਆਂ ਬਾਰੇ ਕਾਂਗਰਸ ਦੇ ਸੀਨੀਅਰ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਕੇਸ ਖੋਲ੍ਹਣ ਲਈ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕਰਦਿਆਂ ਦੋਸ਼ ਲਾਇਆ ਹੈ ਕਿ 1984 ਦੇ ਸਿੱਖ ਵਿਰੋਧੀ ਦੰਗੇ ਕਾਂਗਰਸ ਨੇ ਗਾਂਧੀ ਪਰਿਵਾਰ ਦੀ ਸ਼ਹਿ 'ਤੇ ਕਰਵਾਏ ਸਨ। ਮੁੱਖ ਵਿਰੋਧੀ ਪਾਰਟੀ ਨੇ ਸਵਾਲ ਕੀਤਾ ਕਿ ਹਾਕਮ ਪਾਰਟੀ ਬੀਤੇ 28 ਸਾਲਾਂ ਤੋਂ ਇਸ ਕਤਲੇਆਮ ਬਾਰੇ ਚੁੱਪ ਕਿਉਂ ਹੈ ਤੇ ਗਾਂਧੀ ਪਰਿਵਾਰ ਨੂੰ ਇਸ ਲਈ ਮੁਆਫ਼ੀ ਮੰਗਣੀ ਚਾਹੀਦੀ ਸੀ। ਪਾਰਟੀ ਨੇ ਨਾਲ ਹੀ ਦਾਅਵਾ ਕੀਤਾ ਕਿ 1984 ਦੇ ਕਤਲੇਆਮ ਤੇ 2002 ਦੇ ਗੁਜਰਾਤ ਦੰਗਿਆਂ ਵਿਚ ਕੋਈ ਇਕਸਾਰਤਾ ਨਹੀਂ ਹੈ। ਭਾਜਪਾ ਉੱਤੇ ਵੀ ਗੁਜਰਾਤ ਵਿਚ ਗੋਧਰਾ ਕਾਂਡ ਤੋਂ ਬਾਅਦ ਅਜਿਹੇ ਦੰਗੇ ਕਰਵਾਉਣ ਦਾ ਦੋਸ਼ ਲੱਗਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੰਗਿਆਂ ਨੂੰ 2002 ਦੇ ਗੁਜਰਾਤ ਦੰਗਿਆਂ ਨਾਲ ਨਹੀਂ ਮੇਲਿਆ ਜਾ ਸਕਦਾ। 2002 ਵਿਚ (ਗੁਜਰਾਤ) ਪ੍ਰਸ਼ਾਸਨ ਨੇ ਤੁਰੰਤ ਫੌਜ ਸੱਦ ਲਈ ਸੀ ਜਦੋਂਕਿ 1984 ਵਿਚ ਇਕਤਰਫਾ ਕਤਲੇਆਮ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਦੰਗਿਆਂ ਵਿਚ ਕਈ ਕਾਂਗਰਸੀ ਆਗੂਆਂ ਦਾ ਨਾਂ ਬੋਲਦਾ ਹੈ ਤੇ ਇਨ੍ਹਾਂ ਨੂੰ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਗਾਂਧੀ ਪਰਿਵਾਰ ਦੀ ਸ਼ਹਿ ਹਾਸਲ ਸੀ। ਉਨ੍ਹਾਂ ਕਿਹਾ ਕਿ ਜੇ (ਗਾਂਧੀ) ਪਰਿਵਾਰ ਵਿਚ ਰਤਾ ਵੀ ਸੰਵੇਦਨਸ਼ੀਲਤਾ ਹੁੰਦੀ ਤਾਂ ਉਹ ਮੁਆਫ਼ੀ ਮੰਗ ਚੁੱਕਿਆ ਹੁੰਦਾ। ਦੂਜੇ ਪਾਸੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਟਾਈਟਲਰ ਨੇ ਦਾਅਵਾ ਕੀਤਾ ਕਿ ਇਸ ਮਾਮਲੇ ਵਿਚ ਉਸ ਖ਼ਿਲਾਫ਼ ਕੋਈ ਸਬੂਤ ਨਹੀਂ ਹੈ। ਉਸ ਨੇ ਕਿਹਾ ਕਿ ਉਸ ਖ਼ਿਲਾਫ਼ ਗਵਾਹ ਬੇਭਰੋਸਯੋਗ ਹਨ ਤੇ ਝੂਠ ਬੋਲਦੇ ਹਨ। ਉਸ ਨੇ ਕਿਹਾ ਕਿ ਉਹ ਕਿਸੇ ਵੀ ਜਾਂਚ ਲਈ ਤਿਆਰ ਹੈ।

# ਸ਼ਹੀਦ ਭਗਤ ਸਿੰਘ ਦਾ ਕੇਸ ਮੁੜ ਖੋਲ੍ਹਣ ਲਈ ਪਟੀਸ਼ਨ

**ਲਾਹੌਰ:** ਸ਼ਹੀਦ ਭਗਤ ਸਿੰਘ ਨੂੰ ਭਾਰਤ ਵਿਚ ਬਰਤਾਨਵੀ ਹਕੂਮਤ ਵੱਲੋਂ ਫਾਂਸੀ 'ਤੇ ਲਟਕਾਏ ਜਾਣ ਤੋਂ ਤਕਰੀਬਨ ਅੱਠ ਦਹਾਕੇ ਬਾਅਦ ਪਾਕਿਸਤਾਨੀ ਨਾਗਰਿਕ ਨੇ ਲਾਹੌਰ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਸ਼ਹੀਦ ਭਗਤ ਸਿੰਘ ਦਾ ਕੇਸ ਦੁਬਾਰਾ ਖੋਲ੍ਹਣ ਦੀ ਮੰਗ ਕੀਤੀ ਹੈ। ਪਾਕਿਸਤਾਨ ਵਿਚ 'ਸੇਵ ਦ ਜੁਡੀਸ਼ੀਅਰੀ ਕਮੇਟੀ' ਨਾਂ ਦੀ ਸੰਸਥਾ ਦੇ ਮੈਂਬਰ ਰਸ਼ੀਦ ਕੁਰੈਸ਼ੀ ਨੇ ਲਾਹੌਰ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਕਿਹਾ ਹੈ ਕਿ ਬਰਤਾਨਵੀ ਸਾਮਰਾਜ ਨੇ ਮਾਰਚ 1931 ਵਿਚ ਸ਼ਹੀਦ ਭਗਤ ਸਿੰਘ ਨੂੰ ਫਾਂਸੀ 'ਤੇ ਲਟਕਾਇਆ ਸੀ ਜੋ ਆਜ਼ਾਦੀ ਘੁਲਾਟੀਆ ਸੀ।



ਆਪਣੀ ਪਟੀਸ਼ਨ ਵਿਚ ਕੁਰੈਸ਼ੀ ਨੇ ਕਿਹਾ ਹੈ ਕਿ ਅੰਗਰੇਜ਼ੀ ਹਕੂਮਤ ਨੇ ਭਗਤ ਸਿੰਘ ਨੂੰ ਝੂਠੇ ਕੇਸ ਵਿਚ ਫਸਾਇਆ ਸੀ। ਬਰਤਾਨਵੀ ਅਦਾਲਤ ਨੇ ਪਹਿਲਾਂ ਉਸ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਸੀ ਪਰ ਬਾਅਦ ਵਿਚ ਇਸ ਨੂੰ ਮੌਤ ਦੀ ਸਜ਼ਾ ਵਿਚ ਤਬਦੀਲ ਕਰ ਦਿੱਤਾ। ਕੁਰੈਸ਼ੀ ਦਾ ਕਹਿਣਾ ਹੈ ਕਿ ਸਿੱਖ ਤੇ ਮੁਸਲਿਮ ਭਾਈਚਾਰੇ ਦੇ ਲੋਕ ਸ਼ਹੀਦ ਭਗਤ ਸਿੰਘ ਦਾ ਬਹੁਤ ਸਤਿਕਾਰ ਕਰਦੇ ਹਨ। ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਵੀ ਸ਼ਹੀਦ ਭਗਤ ਸਿੰਘ ਦੇ ਪ੍ਰਸ਼ੰਸਕ ਸਨ। ਇਸ ਲਈ ਅਦਾਲਤ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇ ਕੇਸ ਨੂੰ ਦੁਬਾਰਾ ਖੋਲ੍ਹ ਕੇ ਉਨ੍ਹਾਂ ਨੂੰ ਬੇਕਸੂਰ ਕਰਾਰ ਦਿੱਤਾ ਜਾਵੇ। ਕੁਰੈਸ਼ੀ ਦਾ ਕਹਿਣਾ ਹੈ ਕਿ ਪੁਲਿਸ ਨੇ ਭਗਤ ਸਿੰਘ ਤੇ ਸਾਥੀਆਂ ਨੂੰ ਕੇਂਦਰੀ ਅਸੈਂਬਲੀ ਵਿਚ ਦੋ ਹੱਥ ਗੋਲੇ ਸੁੱਟਣ ਉਪਰੰਤ ਗ੍ਰਿਫ਼ਤਾਰ ਕੀਤਾ ਸੀ ਪਰ ਇਸ ਘਟਨਾ ਦੌਰਾਨ ਕਿਸੇ ਦਾ ਜਾਨੀ ਨੁਕਸਾਨ ਨਹੀਂ ਸੀ ਹੋਇਆ। ਬਾਅਦ ਵਿਚ ਇਕ ਪੁਲਿਸ ਅਫ਼ਸਰ ਦੀ ਹੱਤਿਆ ਕਰਨ ਦਾ ਦੋਸ਼ ਲਾ ਕੇ ਉਨ੍ਹਾਂ ਨੂੰ ਮੌਤ ਦੀ ਸਜਾ ਦੇ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਲਾਹੌਰ ਹਾਈ ਕੋਰਟ ਵਿਚ ਸ਼ਹੀਦ ਭਗਤ ਸਿੰਘ ਨਾਲ ਸਬੰਧਤ ਇਕ ਹੋਰ ਪਟੀਸ਼ਨ ਵੀ ਬਕਾਇਆ ਪਈ ਹੈ ਜਿਸ ਵਿਚ ਇਹ ਮੰਗ ਕੀਤੀ ਗਈ ਹੈ ਕਿ ਲਾਹੌਰ ਦੇ ਸ਼ਾਦਮਨ ਚੌਕ ਦਾ ਨਾਂ ਬਦਲ ਕੇ ਸ਼ਹੀਦ ਭਗਤ ਸਿੰਘ ਚੌਕ ਰੱਖਿਆ ਜਾਵੇ ਜਦਕਿ ਪਾਕਿਸਤਾਨ ਦੇ ਕੱਟੜਵਾਦੀ ਸੰਗਠਨ ਇਸ ਦੀ ਵਿਰੋਧਤਾ ਕਰ ਰਹੇ ਹਨ।

## Matrimonials

### ਵਰ ਦੀ ਲੋੜ ਹੈ

ਰਾਮਗੜ੍ਹੀਆ ਸਿੱਖ ਬੀ ਏ ਪਾਸ ਅਮਰੀਕਾ ਵਿਚ ਜੌਬ ਕਰਦੀ ਲੜਕੀ, 30, 5'-2" ਲਈ ਅਮਰੀਕੀ ਗਰੀਨ ਕਾਰਡ ਹੋਲਡਰ/ਸਿਟੀਜ਼ਨ, ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 347-653-5790,ਈਮੇਲ: prince.kular@yahoo.com

*-16.4*

U.S citizen boy sought for Ramdasia Sikh girl 25 , 5' -3" smart looking Physical Therapist living in Punjab. Whole family is in the U.S. Send bio-data/ photograph to jasdev13@gmail.com or call: 630-379-8202 *-16.4*

ਇੰਡੀਆ ਰਹਿੰਦੀ ਜੱਟ ਸਿੱਖ, 25 ਸਾਲ, ਕੱਦ 5'-4", ਬੀ ਐਸ ਸੀ ਨਰਸਿੰਗ ਲੜਕੀ ਲਈ ਢੁਕਵੇਂ ਅਮਰੀਕੀ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੀ ਮਾਸੀ ਅਮਰੀਕਾ ਵਿਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ ਕਰੋ, ਫੋਨ 530-227-4566

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਸਮਰਾ ਸੁੰਦਰ ਵੈਸ਼ਨੂੰ, 28, 5'-9", +2, ਕੈਲੀਫੋਰਨੀਆ 'ਚ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਸੁਨੱਖੀ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦਾ ਹੈ। ਸੰਪਰਕ ਕਰੋ: 559-289-7076 ਜਾਂ 760-590-0426

# ਅਮਰੀਕੀ ਵੱਲੋਂ ਭਾਰਤੀ ਇਮਦਾਦ ਵਿਚ 16% ਕਟੌਤੀ

**ਵਾਸ਼ਿੰਗਟਨ:** ਅਮਰੀਕੀ ਵਿਦੇਸ਼ ਮੰਤਰੀ ਜੌਹਨ ਕੈਰੀ ਨੇ ਭਾਰਤ ਲਈ ਅਮਰੀਕੀ ਮਦਦ 16 ਫੀਸਦ ਕਮੀ ਦੀ ਤਜਵੀਜ਼ ਰੱਖੀ ਹੈ ਜਿਸ ਤੋਂ ਸੰਕੇਤ ਮਿਲਦਾ ਹੈ ਕਿ ਭਾਰਤ ਦਾ ਰੁਤਬਾ ਹੁਣ ਦਾਨ ਪਾਤਰੀ ਦੀ ਬਜਾਏ ਰਣਨੀਤਕ ਭਿਆਲੀ ਵਾਲਾ ਬਣਦਾ ਜਾ ਰਿਹਾ ਹੈ। ਵਿਦੇਸ਼ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਅਨੁਸਾਰ ਵਿੱਤੀ ਸਾਲ 2014 ਲਈ ਭਾਰਤ ਵਾਸਤੇ ਵਿਦੇਸ਼ ਵਿਭਾਗ ਦੀ ਬੇਨਤੀ 9.10 ਕਰੋੜ ਡਾਲਰ ਹੈ। ਇਹ 2012 ਦੇ ਵਿੱਤੀ ਪੱਧਰ ਨਾਲੋਂ 16 ਫੀਸਦ ਕਮੀ ਦਰਸਾਉਂਦਾ ਹੈ। ਦਰਅਸਲ ਇਹ ਰੁਝਾਨ ਪਿਛਲੇ ਕਈ ਸਾਲਾਂ ਤੋਂ ਜਾਰੀ ਹੈ।

2010 ਵਿਚ ਭਾਰਤ ਨੂੰ 12.67 ਕਰੋੜ ਡਾਲਰ ਦੀ ਅਮਰੀਕੀ ਇਮਦਾਦ ਮਿਲੀ ਸੀ ਜੋ 2011 ਵਿਚ 12.16 ਕਰੋੜ ਡਾਲਰ ਤੇ 2012 ਵਿਚ 10.80 ਕਰੋੜ ਡਾਲਰ ਅਤੇ 2013 9.83 ਕਰੋੜ ਡਾਲਰ ਰਹਿ ਗਈ। ਅਧਿਕਾਰੀ ਨੇ ਦੱਸਿਆ ਕਿ ਇਮਦਾਦ ਵਿਚ ਕਟੌਤੀ ਰਵਾਇਤੀ ਦਾਨੀ-ਲਾਭਪਾਤਰੀ ਸਬੰਧਾਂ ਤੋਂ ਵਧੇਰੇ ਰਣਨੀਤਕ ਭਿਆਲੀ ਵਿਚ ਤਬਾਦਲੇ ਦਾ ਸੰਕੇਤ ਹੈ। ਇਸ ਅਮਰੀਕੀ ਇਮਦਾਦ ਵਿਚੋਂ ਦੋ-ਤਿਹਾਈ ਹਿੱਸਾ ਸਿਹਤ ਖੇਤਰ ਲਈ ਰੱਖਿਆ ਗਿਆ ਹੈ।

ਅਧਿਕਾਰੀ ਨੇ ਕਿਹਾ ਕਿ ਭਾਰਤ ਵਿਚ ਅਜੇ ਵੀ ਸਿਹਤ ਦੀਆਂ ਕਈ ਚੁਣੌਤੀਆਂ ਹਨ। 2012 ਵਿਚ ਭਾਰਤ ਦੇ ਸਿਹਤ ਖੇਤਰ ਲਈ 7.6 ਕਰੋੜ ਡਾਲਰ ਦੀ ਇਮਦਾਦ ਮਿਲੀ ਸੀ।ਵਿੱਤੀ ਸਾਲ 2014 ਲਈ ਵਿਦੇਸ਼ ਵਿਭਾਗ ਦਾ ਕੁੱਲ ਬਜਟ ਪ੍ਰਸਤਾਵ 47.8 ਅਰਬ ਡਾਲਰ ਹੈ ਜੋ ਵਿੱਤੀ ਸਾਲ 2012 ਦੇ ਅਸਲ ਖਰਚ ਨਾਲੋਂ ਛੇ ਫੀਸਦ ਘੱਟ ਹੈ। ਸਾਲ 2014 ਵਿਚ ਭਾਰਤ ਨੂੰ ਅਮਰੀਕਾ ਤੋਂ ਵਿਕਾਸ ਲਈ 1.2 ਕਰੋੜ ਡਾਲਰ ਦੀ ਇਮਦਾਦ ਮਿਲੇਗੀ ਜਦਕਿ ਵਿੱਤੀ ਸਾਲ 2012 ਦੌਰਾਨ ਇਸ ਮੰਤਵ ਲਈ 1.85 ਕਰੋੜ ਡਾਲਰ ਖਰਚ ਕੀਤੇ ਗਏ ਸਨ। ਵਿਦੇਸ਼ ਮੰਤਰੀ ਜੌਹਨ ਕੈਰੀ ਵੱਲੋਂ ਬਜਟ ਪ੍ਰਸਤਾਵਾਂ ਸਹਿਤ ਕਾਂਗਰਸ ਨੂੰ ਲਿਖੇ ਪੱਤਰ ਦਾ ਹਵਾਲਾ ਦਿੰਦਿਆਂ ਅਧਿਕਾਰੀ ਨੇ ਕਿਹਾ ਕਿ ਭਾਰਤ ਦੀ ਇਸ ਸਬੰਧ ਵਿਚ ਅਹਿਮ ਭੂਮਿਕਾ ਬਣ ਰਹੀ ਹੈ। ਦੱਖਣੀ ਅਤੇ ਮੱਧ ਏਸ਼ੀਆ ਲਈ ਕੈਰੀ ਨੇ ਕੁੱਲ 51.40 ਕਰੋੜ ਡਾਲਰ ਦੀ ਇਮਦਾਦ ਦੀ ਤਜਵੀਜ਼ ਬਣਾਈ ਹੈ ਪਰ ਇਸ ਵਿਚ ਅਫਗਾਨਿਸਤਾਨ ਤੇ ਪਾਕਿਸਤਾਨ ਲਈ ਦਿੱਤੀ ਜਾਂਦੀ ਇਮਦਾਦ ਸ਼ਾਮਲ ਨਹੀਂ ਹੈ ਕਿਉਂਕਿ ਉਥੇ ਦਹਿਸ਼ਤਵਾਦ ਖਿਲਾਫ ਚੱਲ ਰਹੀ ਲੜਾਈ ਦੇ ਮੱਦੇਨਜ਼ਰ ਓਬਾਮਾ ਪ੍ਰਸ਼ਾਸਨ ਵੱਲੋਂ ਵੱਖਰੇ ਤੌਰ 'ਤੇ ਰਕਮ ਰੱਖੀ ਜਾਂਦੀ ਹੈ।

# ਪਾਕਿਸਤਾਨ ਵਿਚ ਧਰਮ ਦੇ ਨਾਂ 'ਤੇ ਵੋਟਾਂ ਮੰਗਣ ਦੀ ਮਨਾਹੀ

**ਇਸਲਾਮਾਬਾਦ:** ਪਾਕਿਸਤਾਨ ਦੇ ਚੋਣ ਕਮਿਸ਼ਨ ਨੇ 11 ਮਈ ਨੂੰ ਹੋਣ ਵਾਲੀਆਂ ਆਮ ਚੋਣਾਂ ਲਈ ਨਵੀਆਂ ਸੇਧਾਂ ਜਾਰੀ ਕੀਤੀਆਂ ਹਨ ਜਿਨ੍ਹਾਂ ਤਹਿਤ ਉਮੀਦਵਾਰਾਂ 'ਤੇ ਧਰਮ ਜਾਂ ਫਿਰਕੇ ਦੇ ਨਾਂ 'ਤੇ ਵੋਟਾਂ ਮੰਗਣ ਤੋਂ ਰੋਕ ਲਗਾ ਦਿੱਤੀ ਗਈ ਹੈ। ਚੋਣ ਕਮਿਸ਼ਨ ਨੇ ਕਿਹਾ ਹੈ ਕਿ ਆਮ ਚੋਣਾਂ ਸੁਚਾਰੂ ਤੇ ਅਮਨਪੂਰਬਕ ਢੰਗ ਨਾਲ ਕਰਾਉਣ ਦੇ ਇਰਾਦੇ ਨਾਲ ਇਹ ਸੇਧਾਂ ਜਾਰੀ ਕੀਤੀਆਂ ਗਈਆਂ ਹਨ।

ਸਰਕਾਰੀ ਮਾਲਕੀ ਵਾਲੇ ਰੇਡੀਓ ਪਾਕਿਸਤਾਨ ਦੀ ਇਕ ਰਿਪੋਰਟ ਅਨੁਸਾਰ ਨਵੀਆਂ ਸੇਧਾਂ ਮੁਤਾਬਕ ਉਮੀਦਵਾਰ ਧਰਮ ਜਾਂ ਫਿਰਕੇ ਦੇ ਨਾਂ 'ਤੇ ਵੋਟਾਂ ਨਹੀਂ ਮੰਗ ਸਕਣਗੇ। ਵੋਟਰਾਂ ਨੂੰ ਪੋਲਿੰਗ ਸਟੇਸ਼ਨਾਂ 'ਤੇ ਲਿਜਾਣ ਲਈ ਟਰਾਂਸਪੋਰਟ ਮੁਹੱਈਆ ਕਰਾਉਣ ਜਾਂ ਵੋਟਰਾਂ ਨੂੰ ਪੋਲਿੰਗ ਸਟੇਸ਼ਨਾਂ ਵਿਚੋਂ ਜਬਰੀ ਬਾਹਰ ਕੱਢਣ ਨੂੰ ਅਪਰਾਧ ਗਿਣਿਆ ਜਾਵੇਗਾ।

ਪਾਕਿਸਤਾਨ ਦੇ 66 ਸਾਲਾਂ ਦੇ ਇਤਿਹਾਸ ਵਿਚ ਜਮਹੂਰੀ ਢੰਗ ਨਾਲ ਚੁਣੀ ਗਈ ਸਰਕਾਰ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਪਹਿਲੀ ਵਾਰ ਚੋਣਾਂ ਹੋਣ ਜਾ ਰਹੀਆਂ ਹਨ। ਇਸ ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਟੈਲੀਵਿਜ਼ਨ ਚੈਨਲਾਂ ਤੇ ਅਖ਼ਬਾਰਾਂ ਵਿਚ ਕੀਤੀ ਜਾ ਰਹੀ ਇਸ਼ਤਿਹਾਰਬਾਜ਼ੀ ਵਿਚ ਧਰਮ ਦਾ ਪੱਤਾ ਖੇਡਣ ਦੀ ਸਾਫ਼ ਕੋਸ਼ਿਸ਼ ਕੀਤੀ ਗਈ ਹੈ। ਸ਼ਾਇਦ ਇਸ ਦੇ ਮੱਦੇਨਜ਼ਰ ਹੀ ਚੋਣ ਕਮਿਸ਼ਨ ਨੇ ਇਹ ਸੇਧਾਂ ਜਾਰੀ ਕੀਤੀਆਂ ਹਨ।

# ਪੰਜਾਬੀ ਬਿਜਨਸਮੈਨ ਫਰਾਡ ਦੇ ਦੋਸ਼ਾਂ 'ਚ ਘਿਰਿਆ

**ਓਕ ਹਿਲ, ਕੈਲੀਫੋਰਨੀਆ (ਬਿਊਰੋ):** ਇਥੋਂ ਦਾ ਇਕ ਪੰਜਾਬੀ ਬਿਜਨਸਮੈਨ 42 ਸਾਲਾ ਭਗਵੰਤ ਸਿੰਘ ਵਰਕਰਜ਼ ਕੰਪਨਸੇਸ਼ਨ ਅਤੇ ਟੈਕਸ ਫਰਾਡ ਦੇ ਕਈ ਦੋਸ਼ਾਂ ਵਿਚ ਫਸ ਗਿਆ ਹੈ। ਸੈਨ ਬਰਨਾਰਡੀਨੋ ਕਾਊਂਟੀ ਦੇ ਡਿਸਟ੍ਰਿਕਟ ਅਟਾਰਨੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਭਗਵੰਤ ਸਿੰਘ ਨੂੰ ਪਿਛਲੇ ਦਿਨੀਂ 10 ਮਹੀਨੇ ਦੀ ਜਾਂਚ-ਪੜਤਾਲ ਉਪਰੰਤ ਹਿਰਾਸਤ ਵਿਚ ਲਿਆ ਗਿਆ ਸੀ। ਉਸ ਨੂੰ ਵਿਕਟਰ ਵੈਲੀ ਜੇਲ੍ਹ ਭੇਜਿਆ ਗਿਆ ਜਿਥੋਂ ਉਹ 150,000 ਡਾਲਰ ਦਾ ਬਾਂਡ ਭਰ ਕੇ ਰਿਹਾ ਹੋ ਗਿਆ। ਉਸ ਦੀ ਪੇਸ਼ੀ ਵਿਕਟਰ ਵਿਲ ਅਦਾਲਤ ਵਿਚ ਆਉਂਦੀ 29 ਮਈ ਨੂੰ ਹੈ।

ਸੈਨ ਬਰਨਾਰਡੀਨੋ ਕਾਊਂਟੀ ਦੇ ਡਿਸਟ੍ਰਿਕਟ ਅਟਾਰਨੀ, ਮੁਲਾਜ਼ਮ ਮੁਆਵਜ਼ਾ ਬੀਮਾ ਫਰਾਡ ਯੂਨਿਟ ਅਤੇ ਕੈਲੀਫੋਰਨੀਆ ਸਨਅਤੀ ਮਾਮਲਿਆਂ ਦੇ ਵਿਭਾਗ ਵਲੋਂ ਮਈ 2012 ਵਿਚ ਭਗਵੰਤ ਸਿੰਘ ਵਿਰੁਧ ਜਾਂਚ ਪੜਤਾਲ ਸ਼ੁਰੂ ਕੀਤੀ ਗਈ ਸੀ। ਡਿਸਟ੍ਰਿਕਟ ਅਟਾਰਨੀ ਦਫਤਰ ਵਲੋਂ ਦਿਤੀ ਗਈ ਜਾਣਕਾਰੀ ਅਨੁਸਾਰ ਭਗਵੰਤ ਸਿੰਘ ਏ ਐਂਡ ਜੇ ਸ਼ਿਪਰਜ਼ ਇੰਕ ਅਤੇ ਲਾਸ ਏਂਜਲਸ ਐਕਸਪ੍ਰੈਸ ਟਰੱਕਿੰਗ ਕੰਪਨੀ ਦਾ ਮਾਲਕ ਹੈ ਅਤੇ ਉਸ ਨੇ ਆਪਣੇ ਮੁਲਾਜ਼ਮਾਂ ਲਈ ਵਰਕਰਜ਼ ਕੰਪਨਸੇਸ਼ਨ ਇੰਸ਼ੋਰੈਂਸ ਲੈਣ ਵਿਚ ਵੀ ਢਿਲ ਵਰਤੀ ਅਤੇ ਸਟੇਟ ਵਲੋਂ ਜਰੂਰੀ ਕਰਾਰ ਦਿਤੇ ਗਏ ਮੁਲਾਜ਼ਮਾਂ ਦੀ ਤਨਖਾਹ ਦੇ ਟੈਕਸ ਵੀ ਜਮਾਂ ਨਹੀਂ ਕਰਵਾਏ।

ਸਰਕਾਰੀ ਸੂਤਰਾਂ ਅਨੁਸਾਰ ਉਸ ਵਿਰੁਧ ਮਾਰਚ ਮਹੀਨੇ ਟੈਕਸ ਚੋਰੀ ਦੇ 6 ਫੈਲਨੀ ਦੋਸ਼, ਇੰਸ਼ੋਰੈਂਸ ਬਿਨਾ ਬਿਜਨਸ ਕਰਨ ਦੇ 4 ਮਿਸਡਿਮੀਨਰ, ਰੋਕ ਲਾਏ ਜਾਣ ਦੇ ਹੁਕਮਾਂ ਦੀ ਖਿਲਾਫਵਰਜੀ ਦੇ 3 ਅਤੇ ਖਿਲਾਫਵਰਜ਼ੀ ਦੇ ਇਕ ਮਿਸਡਿਮੀਨਰ ਦੋਸ਼ ਆਇਦ ਕੀਤੇ ਗਏ ਹਨ।

ਦੋਸ਼ ਸਾਬਤ ਹੋਣ 'ਤੇ ਭਗਵੰਤ ਸਿੰਘ ਨੂੰ 20,000 ਡਾਲਰ ਤਕ ਦਾ ਜੁਰਮਾਨਾ ਅਤੇ 6 ਸਾਲ ਤਕ ਕੈਦ ਹੋ ਸਕਦੀ ਹੈ। ਇਸ ਤੋਂ ਇਲਾਵਾ ਉਸ ਨੂੰ ਬੇਰੁਜਗਾਰੀ ਟੈਕਸ ਦੇ ਸਾਰੇ ਬਕਾਏ ਦੇਣੇ ਪੈ ਸਕਦੇ ਹਨ।

# ਸੁਪਰੀਮ ਕੋਰਟ ਨੇ ਦੋ ਲੜਕੀਆਂ ਨੂੰ ਗੋਦ ਲਿਆ

**ਨਵੀਂ ਦਿੱਲੀ:** ਸਿਰ ਤੋਂ ਆਪਸ ਵਿਚ ਜੁੜੀਆਂ ਦੋ 17 ਸਾਲਾ ਜੌੜੀਆਂ ਭੈਣਾਂ ਸਬਾ ਤੇ ਫਰਾਹ ਦੀ ਪੀੜ ਨੂੰ ਮਹਿਸੂਸ ਕਰਦਿਆਂ ਸੁਪਰੀਮ ਕੋਰਟ ਨੇ ਇਨ੍ਹਾਂ ਨੂੰ ਆਪਣੀ ਸਰਪ੍ਰਸਤੀ ਹੇਠ ਲੈ ਲਿਆ। ਅਦਾਲਤ ਨੇ ਬਿਹਾਰ ਸਰਕਾਰ ਨੂੰ ਹਦਾਇਤ ਦਿੱਤੀ ਕਿ ਇਨ੍ਹਾਂ ਦੇ ਸਾਰੇ ਮੈਡੀਕਲ ਖਰਚੇ ਉਹ ਕਰੇ ਤੇ ਉਨ੍ਹਾਂ ਨੂੰ ਮਾਸਿਕ 5000 ਰੁਪਏ ਵੀ ਦੇਵੇ। ਇਹ ਫੈਸਲਾ ਜਸਟਿਸ ਰਾਧਾਕ੍ਰਿਸ਼ਨਨ ਤੇ ਜਸਟਿਸ ਮਿਸ਼ਰਾ ਦੀ ਅਦਾਲਤ ਨੇ ਦਿੱਤਾ।

# ਅਮਰੀਕਾ ਨੇ ਨਾਗਰਿਕਾਂ ਨੂੰ ਪਾਕਿ ਜਾਣੋਂ ਰੋਕਿਆ

**ਵਾਸ਼ਿੰਗਟਨ:** ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਗ਼ੈਰ-ਜ਼ਰੂਰੀ ਕੰਮਾਂ ਲਈ ਪਾਕਿਸਤਾਨ ਨਾ ਜਾਣ ਕਿਉਂਕਿ ਉੱਥੇ ਦਹਿਸ਼ਤਗਰਦ ਗਰੁੱਪਾਂ ਕਾਰਨ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਦਹਿਸ਼ਤਗਰਦ ਗਰੁਪ ਉਨ੍ਹਾਂ ਥਾਂਵਾਂ 'ਤੇ ਹਮਲੇ ਕਰਨ ਦੇ ਮੌਕੇ ਲੱਭਦੇ ਰਹਿੰਦੇ ਹਨ ਜਿੱਥੇ ਅਮਰੀਕੀ ਨਾਗਰਿਕ ਜਾਂਦੇ ਹਨ।

# ਕੇ ਐਸ ਮੱਖਣ ਸਿੰਘ ਸਜਿਆ

**ਨਕੋਦਰ:** ਪ੍ਰਸਿੱਧ ਪੰਜਾਬੀ ਗਾਇਕ ਤੇ ਫ਼ਿਲਮੀ ਕਲਾਕਾਰ ਕੇ ਐਸ ਮੱਖਣ ਨੇ ਅੰਮ੍ਰਿਤ ਛੱਕ ਕੇ ਨਵੇਂ ਜੀਵਨ ਦੀ ਸ਼ੁਰੂਆਤ ਕੀਤੀ ਹੈ। ਨਵਾਂ ਨਾਨਕਸਰ ਠਾਠ ਬੁਲੰਦਪੁਰੀ ਵਿਖੇ ਵਿਸਾਖੀ ਮੌਕੇ ਅੰਮ੍ਰਿਤ ਸੰਚਾਰ ਵਿਚ ਉਸ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਉਨ੍ਹਾਂ ਦੇ ਜੀਵਨ ਵਿਚ ਇਹ ਮੋੜ ਨਵਾਂ ਨਾਨਕਸਰ ਠਾਟ ਬੁਲੰਦਪੁਰੀ ਵਾਲੇ ਸੰਤ ਬਲਦੇਵ ਸਿੰਘ ਦੀ ਪ੍ਰੇਰਨਾ ਸਦਕਾ ਆਇਆ। ਮੱਖਣ ਦੇ ਮਾਪੇ, ਪਤਨੀ ਤੇ ਬੱਚੇ ਪਹਿਲਾਂ ਹੀ ਅੰਮ੍ਰਿਤਧਾਰੀ ਹਨ।

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

Emirates
Asiana Airlines
KOREAN AIR
SINGAPORE AIRLINES
CATHAY PACIFIC
Lufthansa
CHINA AIRLINES
India Vacation tour package also available.

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 8am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

# ਸਟਾਕਟਨ 'ਚ ਸਜਿਆ ਮਹਾਨ ਨਗਰ ਕੀਰਤਨ

**ਸਟਾਕਟਨ (ਬਿਊਰੋ):** ਗਦਰੀ ਬਾਬਿਆਂ ਵਲੋਂ ਅਮਰੀਕਾ ਵਿਚ ਬਣਾਏ ਗਏ ਪਹਿਲੇ ਗੁਰਦੁਆਰਾ ਸਟਾਕਟਨ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਹਰ ਸਾਲ ਵਾਂਗ ਮਹਾਨ ਨਗਰ ਕੀਰਤਨ ਸਜਾਇਆ ਗਿਆ। ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜੇ ਇਸ ਨਗਰ ਕੀਰਤਨ ਵਿਚ ਦੂਰ ਦੂਰ ਤੱਕ ਕੇਸਰੀ ਦਸਤਾਰਾਂ ਅਤੇ ਰੰਗ-ਬਰੰਗੇ ਦੁਪੱਟਿਆਂ ਦਾ ਜਿਵੇਂ ਹੜ੍ਹ ਆਇਆ ਹੋਇਆ ਸੀ। ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਸਰਬਜੀਤ ਸਿੰਘ ਵਲੋਂ ਗਾਏ ਜਾ ਰਹੇ 'ਤੀਸਰ ਮਜਹਬ ਖਾਲਸਾ ਪ੍ਰਗਟਿਓ ਪ੍ਰਧਾਨਾ' ਦੀਆਂ ਧੁਨਾਂ ਫਿਜ਼ਾ ਵਿਚ ਗੂੰਜ ਰਹੀਆਂ ਸਨ। ਦੇਗ ਤੇਗ ਫਤਿਹ ਅਤੇ ਪੰਥ ਕੀ ਜੀਤ ਦੇ ਨਾਅਰੇ ਸੰਗਤਾਂ ਵਿਚ ਜੋਸ਼ ਪੈਦਾ ਕਰ ਰਹੇ ਸਨ। ਖਾਲਸੇ ਦੇ ਰਵਾਇਤੀ ਸ਼ਸਤਰਾਂ ਨਾਲ ਲੈਸ ਨੌਜਵਾਨ ਗਤਕੇ ਦੇ ਜੌਹਰ ਵਿਖਾ ਰਹੇ ਸਨ ਅਤੇ ਭਾਈ ਲਖਵੀਰ ਸਿੰਘ ਸੋਹਲ ਦਾ ਢਾਡੀ ਜਥਾ ਬੀਰ ਰਸੀ ਵਾਰਾਂ ਨਾਲ ਜੁਝਾਰੂ ਸਿੱਖ ਇਤਿਹਾਸ ਚੇਤੇ ਕਰਵਾ ਰਿਹਾ ਸੀ।

ਇਸ ਤੋਂ ਪਹਿਲਾਂ ਗੁਰੂ ਘਰ ਅੰਦਰ ਸਜੇ ਦੀਵਾਨ ਵਿਚ ਰਾਗੀ ਜਥਿਆਂ ਨੇ ਸ਼ਬਦ ਕੀਰਤਨ ਕੀਤਾ ਅਤੇ ਪੰਥਕ ਬੁਲਾਰਿਆਂ ਨੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪੁਆਈ। ਇਸ ਜੋੜ ਮੇਲੇ ਦੀ ਵਿਲੱਖਣ ਗੱਲ ਇਹ ਰਹੀ ਕਿ ਖਾੜਕੂ ਸੁਰ ਵਾਲੀਆਂ ਤਿੰਨ ਜਥੇਬੰਦੀਆਂ ਅਕਾਲੀ ਦਲ-ਮਾਨ, ਪੰਚ ਪ੍ਰਧਾਨੀ ਅਤੇ ਸਿੱਖ ਯੂਥ ਆਫ ਅਮੈਰਿਕਾ ਨੇ ਸਾਂਝੇ ਤੌਰ 'ਤੇ ਇਕੋ ਫਲੋਟ ਸਜਾਇਆ ਹੋਇਆ ਸੀ ਜਿਥੋਂ ਤਿੰਨੋਂ ਜਥੇਬੰਦੀਆਂ ਦੇ ਆਗੂ ਕੌਮੀ ਹਾਲਾਤ ਬਾਰੇ ਆਪਣੇ ਵਿਚਾਰ ਪ੍ਰਗਟਾ ਰਹੇ ਸਨ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਮੁਆਫੀ ਲਈ ਪੁਰਜ਼ੋਰ ਆਵਾਜ਼ ਉਠਾਈ ਜਾ ਰਹੀ ਸੀ। ਅਸਲ ਨਾਨਕਸ਼ਾਹੀ ਕੈਲੰਡਰ ਦੀ ਕਾਪੀ ਕਰੀਬ ਕਰੀਬ ਹਰ ਸ਼ਰਧਾਲੂ ਦੇ ਹੱਥਾਂ ਵਿਚ ਦੇਖੀ ਗਈ।

ਗੰਨਿਆਂ ਦੇ ਰਸ, ਮਿੱਠੀ ਲੱਸੀ, ਗੋਲ ਗੱਪਿਆਂ, ਛੋਲੇ ਭਠੂਰਿਆਂ, ਗਰਮਾ ਗਰਮ ਜਲੇਬੀਆਂ ਅਤੇ ਪਕੌੜਿਆਂ ਦੇ ਲੰਗਰਾਂ ਨਾਲ ਆਈਆਂ ਸੰਗਤਾਂ ਦੀ ਸੇਵਾ ਕੀਤੀ ਜਾ ਰਹੀ ਸੀ। ਇਨਸਾਫ ਅਤੇ ਜੈਕਾਰਾ ਮੂਵਮੈਂਟ ਤੋਂ ਇਲਾਵਾ ਵਰਲਡ ਸਿੱਖ ਫੈਡਰੇਸ਼ਨ ਦੇ ਸਟਾਲਾਂ ਉਤੇ ਡੇਰਾਵਾਦ ਵਿਰੁਧ ਅਤੇ ਗੁਰਮਤਿ ਪ੍ਰਚਾਰ ਲਈ ਸਾਹਿਤ ਵੰਡਿਆ ਜਾ ਰਿਹਾ ਸੀ। ਬਹੁਤ ਸਾਰੇ ਨੌਜਵਾਨਾਂ ਨੇ ਸਾਡਾ ਹੱਕ ਫਿਲਮ ਦੇ ਹੱਕ ਵਿਚ ਟੀ-ਸ਼ਰਟਾਂ ਪਹਿਨੀਆਂ ਹੋਈਆਂ ਸਨ।







*ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ (ਤਸਵੀਰਾਂ: ਹੁਸਨ ਲੜੋਆ ਬੰਗਾ)*




*ਵਰਲਡ ਸਿੱਖ ਫੈਡਰੇਸ਼ਨ ਵਲੋਂ ਸਾਹਿਤ ਅਤੇ ਸੀਡੀਆਂ ਦਾ ਲਾਇਆ ਗਿਆ ਸਟਾਲ*

# ਸੈਕਰਾਮੈਂਟੋ 20-20 ਕ੍ਰਿਕਟ ਟਰੇਸੀ ਕਲੱਬ ਨੇ ਜਿੱਤੀ

**ਸੈਕਰਾਮੈਂਟੋ (ਬਿਊਰੋ):** ਪੰਜਾਬ ਕ੍ਰਿਕਟ ਕਲੱਬ, ਸੈਕਰਾਮੈਂਟੋ ਵੱਲੋਂ ਕਰਵਾਏ ਗਏ ਪਹਿਲੇ ਕ੍ਰਿਕਟ ਟੂਰਨਾਮੈਂਟ ਵਿਚ ਕੈਲੀਫੋਰਨੀਆ ਦੇ ਫਾਈਨਲ ਵਿਚ ਟਰੇਸੀ ਕ੍ਰਿਕਟ ਕਲੱਬ ਨੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੀ ਟੀਮ ਨੂੰ ਹਰਾ ਕੇ ਟਰਾਫੀ ਉਤੇ ਕਬਜ਼ਾ ਕਰ ਲਿਆ। ਇਸ ਤੋਂ ਪਹਿਲਾਂ ਸੈਮੀਫਾਈਨਲ ਵਿਚ ਟਰੇਸੀ ਕ੍ਰਿਕਟ ਕਲੱਬ ਨੇ ਪੰਜਾਬ ਕ੍ਰਿਕਟ ਕਲੱਬ, ਸੈਕਰਾਮੈਂਟੋ ਨੂੰ ਹਰਾਇਆ ਜਦਕਿ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਨੇ ਯੂਨਾਈਟਿਡ ਕ੍ਰਿਕਟ ਕਲੱਬ, ਰੋਜ਼ਵਿਲ ਨੂੰ ਸਖ਼ਤ ਮੁਕਾਬਲੇ 'ਚ ਮਾਤ ਦਿੱਤੀ।

ਜੇਤੂ ਟੀਮ ਨੂੰ 1 ਹਜ਼ਾਰ ਡਾਲਰ ਅਤੇ ਟਰਾਫੀ ਦਿੱਤੀ ਗਈ, ਜਦਕਿ ਦੂਜੇ ਨੰਬਰ 'ਤੇ ਆਉਣ ਵਾਲੀ ਟੀਮ ਨੂੰ 500 ਡਾਲਰ ਨਕਦ ਅਤੇ ਟਰਾਫੀ ਦਿੱਤੀ ਗਈ। ਇਨਾਮਾਂ ਦੀ ਵੰਡ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲਖਾਨੇ ਦੇ ਦਫਤਰ ਤੋਂ ਆਏ ਕੌਂਸਲ ਸ੍ਰੀ ਐਨ. ਪੀ. ਸਿੰਘ ਨੇ ਕੀਤੀ। ਕ੍ਰਿਕਟ ਮੈਚ ਦੇ ਆਯੋਜਕ ਗੁਰਜਤਿੰਦਰ ਸਿੰਘ ਰੰਧਾਵਾ ਅਤੇ ਭੁਪਿੰਦਰ ਸੰਘੇੜਾ ਨੇ ਆਏ ਖਿਡਾਰੀਆਂ ਅਤੇ ਕਲੱਬਾਂ ਦਾ ਧੰਨਵਾਦ ਕੀਤਾ। ਟੂਰਨਾਮੈਂਟ ਨੂੰ ਕਾਮਯਾਬ ਕਰਨ ਲਈ ਰਣਧੀਰ ਸਿੰਘ ਧੀਰਾ ਨਿੱਝਰ, ਪਾਲ ਰਾਜ, ਜੱਸੀ ਸੰਘਾ, ਗੁਰੀ ਕੰਗ, ਰਵਿੰਦਰ ਸਿੰਘ ਕਾਹਲੋਂ, ਗੁਲਿੰਦਰ ਸਿੰਘ ਗਿੱਲ, ਨਿਰਮਲ ਸਿੰਘ, ਗੁਰਮੀਤ ਸਿੰਘ ਵੜੈਚ, ਪਰਗਟ ਸਿੰਘ ਸੰਧੂ (ਕਮਿਸ਼ਨਰ ਗਾਲਟ ਸਿਟੀ), ਡਾ. ਬਰਿੰਦਰ ਪਾਲ ਸਿੰਘ ਸੰਧੂ, ਜੇ.ਪੀ. ਕੁਲਾਰ, ਬੱਬੀ ਗਿੱਲ, ਨਿਰਮਲ ਸਿੰਘ ਨਿੰਮਾ ਨੇ ਵਿਸ਼ੇਸ਼ ਯੋਗਦਾਨ ਪਾਇਆ।

ਮਾਊਂਟੇਨ ਮਾਈਕ ਪੀਜ਼ਾ ਐਲਕਗਰੋਵ ਦੇ ਸ. ਇੰਦਰਜੀਤ ਸਿੰਘ ਨੇ ਖਿਡਾਰੀਆਂ ਅਤੇ ਕਲੱਬਾਂ ਲਈ ਪੀਜ਼ੇ ਦਾ ਲੰਗਰ ਲਾਇਆ। ਪਹਿਲਾ ਇਨਾਮ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ, ਸੈਕਰਾਮੈਂਟੋ ਵੱਲੋਂ ਦਿੱਤਾ ਗਿਆ।



*ਸੈਕਰਾਮੈਂਟੋ 'ਚ ਹੋਏ ਪਹਿਲੇ ਕ੍ਰਿਕਟ ਟੂਰਨਾਮੈਂਟ ਵਿਚ ਜੇਤੂ ਟਰੇਸੀ ਕਲੱਬ ਦੀ ਟੀਮ*



# ਪ੍ਰੋ. ਅਨੂਪ ਵਿਰਕ ਨਾਲ ਰੂਬਰੂ

**ਯੂਨੀਅਨ ਸਿਟੀ (ਬਿਊਰੋ):** ਵਿਸ਼ਵ ਸਾਹਿਤ ਅਕਾਦਮੀ ਕੈਲੀਫੋਰਨੀਆ ਵਲੋਂ ਇਥੇ ਯੂਨੀਅਨ ਸਿਟੀ ਲਾਇਬਰੇਰੀ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਾਬਕਾ ਪ੍ਰਧਾਨ ਪ੍ਰੋ. ਅਨੂਪ ਵਿਰਕ ਨਾਲ ਇਕ ਰੂਬਰੂ ਕੀਤਾ ਗਿਆ ਜਿਸ ਵਿਚ ਬੇਏਰੀਆ ਦੇ ਜਾਣੇ-ਪਹਿਚਾਣੇ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ। ਸਭਾ ਦੇ ਜਨਰਲ ਸਕੱਤਰ ਕੁਲਵਿੰਦਰ ਨੇ ਆਏ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਿਹਾ।

ਅਕਾਦਮੀ ਦੇ ਚੇਅਰਮੈਨ ਪ੍ਰੋ. ਸੁਖਵਿੰਦਰ ਕੰਬੋਜ ਨੇ ਪ੍ਰੋ. ਅਨੂਪ ਵਿਰਕ ਦੀ ਜਾਣ-ਪਛਾਣ ਕਰਵਾਉਂਦਿਆਂ ਕਿਹਾ ਕਿ ਪ੍ਰੋ. ਅਨੂਪ ਵਿਰਕ ਸਰਬਅੰਗੀ ਸਾਹਿਤਕਾਰ ਹੈ ਅਤੇ ਉਨ੍ਹਾਂ ਨੇ ਸਾਹਿਤ ਦੀਆਂ 21 ਪੁਸਤਕਾਂ ਲਿਖੀਆਂ ਹਨ। ਵੱਖ-ਵੱਖ ਸੰਸਥਾਵਾਂ ਵਲੋਂ ਸਨਮਾਨਿਤ ਪ੍ਰੋ. ਵਿਰਕ ਅਜਿਹਾ ਸਾਹਿਤਕਾਰ ਹੈ ਜੋ ਸਮੇਂ-ਸਮੇਂ ਪੰਜਾਬੀ ਬੋਲੀ ਲਈ ਸਰਕਾਰ ਨੂੰ ਵੀ ਚੁਣੌਤੀਆਂ ਦਿੰਦਾ ਰਹਿੰਦਾ ਹੈ।

ਪ੍ਰੋ. ਅਨੂਪ ਵਿਰਕ ਨੇ ਆਪਣੀ ਜੀਵਨ ਯਾਤਰਾ ਤੇ ਸਾਹਿਤਕ ਅਨੁਭਵਾਂ ਦੀ ਗੱਲ ਕਰਦਿਆਂ ਦੱਸਿਆ ਕਿ ਜਿਸ ਬੋਲੀ ਵਿਚ ਬਾਬਾ ਨਾਨਕ ਤੇ ਬਾਬਾ ਫਰੀਦ ਨੇ ਬਾਣੀ ਲਿਖੀ ਹੈ, ਉਹ ਬੋਲੀ ਕਦੇ ਮਰ ਨਹੀਂ ਸਕਦੀ। ਅੱਜ ਲੋੜ ਹੈ ਕਿ ਸਾਹਿਤਕਾਰ ਆਪਣਾ ਫਰਜ਼ ਪਛਾਨਣ ਅਤੇ ਸਮੇਂ ਦੇ ਇਤਿਹਾਸਕ ਵਿਰੋਧਾਂ ਨੂੰ ਜਨਤਾ ਦੀ ਕਚਹਿਰੀ ਵਿਚ ਪੇਸ਼ ਕਰਨ। ਉਨ੍ਹਾਂ ਗਿਲਾ ਕੀਤਾ ਕਿ ਸਾਹਿਤਕਾਰ ਸੁਚੇਤ ਹੋਣ ਦੇ ਬਾਵਜੂਦ ਅਸ਼ਲੀਲ ਲਿਖਣ ਵਾਲੇ ਗੀਤਕਾਰਾਂ ਅਤੇ ਗਾਉਣ ਵਾਲੇ ਗਾਇਕਾਂ ਦੇ ਖਿਲਾਫ ਕਾਰਵਾਈ ਕਿਉਂ ਨਹੀਂ ਕਰ ਰਹੇ। ਉਨ੍ਹਾਂ ਇਹ ਵੀ ਕਿਹਾ ਕਿ ਇਹ ਖੁਸ਼ੀ ਵਾਲੀ ਗੱਲ ਹੈ ਕਿ ਪਰਵਾਸੀ ਸਾਹਿਤਕਾਰ ਪੰਜਾਬ ਦੇ ਲਿਖਾਰੀਆਂ ਨਾਲੋਂ ਵੱਧ ਜਾਗਰੂਕ ਅਤੇ ਸਭਿਆਚਾਰ ਬਾਰੇ ਵਧੇਰੇ ਚਿੰਤਤ ਹਨ।

ਇਸ ਪ੍ਰੋਗਰਾਮ ਦੀ ਪ੍ਰਧਾਨਗੀ ਮੰਡਲ ਵਿਚ ਪ੍ਰੋ. ਅਨੂਪ ਵਿਰਕ ਤੋਂ ਇਲਾਵਾ ਇੰਡੋ-ਯੂ ਐਸ ਡਾਇਲਾਗ ਦੇ ਸੰਪਾਦਕ ਕੁਲਦੀਪ ਧਾਲੀਵਾਲ ਅਤੇ ਅਕਾਦਮੀ ਦੇ ਚੇਅਰਮੈਨ ਪ੍ਰੋ. ਸੁਖਵਿੰਦਰ ਕੰਬੋਜ ਸ਼ਾਮਲ ਸਨ। ਰੂਬਰੂ ਤੋਂ ਬਾਅਦ ਹੋਏ ਕਵੀ ਦਰਬਾਰ ਵਿਚ ਸਥਾਨਕ ਕਵੀਆਂ-ਜਗਜੀਤ ਨੌਸ਼ਹਿਰਵੀ, ਚਰਨਜੀਤ ਪੰਨੂ, ਮੇਜਰ ਭੁਪਿੰਦਰ ਦਲੇਰ, ਸ਼ਸ਼ੀ ਸਮੁੰਦਰਾ, ਤਾਰਾ ਸਾਗਰ, ਗੁਲਸ਼ਨ ਦਿਆਲ, ਕੁਲਵਿੰਦਰ, ਨਵਨੀਤ ਪੰਨੂ, ਸੁਖਪਾਲ ਸੰਘੇੜਾ, ਅਮਨਦੀਪ ਬੋਪਾਰਾਏ, ਕੁਲਦੀਪ ਧਾਲੀਵਾਲ, ਜਿਓਤੀ ਸਿੰਘ, ਤਤਿੰਦਰ ਕੌਰ, ਹਰਭਜਨ ਢਿੱਲੋਂ, ਮਾਸਟਰ ਰਿੰਕੂ, ਹਜ਼ੂਰਾ ਸਿੰਘ, ਸੁਖਵਿੰਦਰ ਕੰਬੋਜ ਅਤੇ ਪ੍ਰੋ. ਅਨੂਪ ਵਿਰਕ ਨੇ ਆਪੋ ਆਪਣੀਆਂ ਕਵਿਤਾਵਾਂ ਸਰੋਤਿਆਂ ਦੀ ਨਜ਼ਰ ਕੀਤੀਆਂ।



ਸਰੋਤਿਆਂ ਨੂੰ ਸੰਬੋਧਨ ਕਰਦਿਆਂ ਇੰਡੋ-ਯੂ ਐਸ ਡਾਇਲਾਗ ਦੇ ਸੰਪਾਦਕ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਪ੍ਰੋ. ਅਨੂਪ ਵਿਰਕ ਸਚਮੁਚ ਹੀ ਪੰਜਾਬੀ ਬੋਲੀ ਨੂੰ ਦਿਲੋਂ ਪਿਆਰ ਕਰਨ ਵਾਲੇ ਲੇਖਕ ਹਨ। ਅਖੀਰ ਵਿਚ ਉਘੇ ਗਾਇਕ ਸੁਖਦੇਵ ਸਾਹਿਲ ਨੇ ਆਪਣੀ ਸੁਰੀਲੀ ਆਵਾਜ਼ ਨਾਲ ਪ੍ਰੋ. ਅਨੂਪ ਵਿਰਕ ਦਾ ਗੀਤ ਗਾ ਕੇ ਪ੍ਰੋਗਰਾਮ ਨੂੰ ਸੰਗੀਤਕ ਮਹਿਫਲ ਵਿਚ ਤਬਦੀਲ ਕਰ ਦਿੱਤਾ।

ਵਿਪਸਾ ਦੀ ਅਗਲੀ ਮੀਟਿੰਗ ਮਈ ਵਿਚ ਹੋਵੇਗੀ ਜਿਸ ਵਿਚ ਗੁਲਸ਼ਨ ਦਿਆਲ ਦੀ ਕਿਤਾਬ ਲੋਕ-ਅਰਪਿਤ ਕੀਤੀ ਜਾਵੇਗੀ।



*ਇਨਸਾਫ ਕਾਫਲੇ ਵਿਚ ਸ਼ਾਮਲ ਕੁਝ ਬੀਬੀਆਂ*

# ਇਨਸਾਫ਼ ਜਥੇਬੰਦੀ ਵਲੋਂ ਫੰਡ ਰੇਜ਼ਿੰਗ ਲਈ ਵਾਕ


**ਫਰੀਮਾਂਟ (ਬਿਊਰੋ):** ਇਨਸਾਫ਼ ਜਥੇਬੰਦੀ ਵਲੋਂ ਪੰਜਾਬ 'ਚ ਕਾਲੇ ਦਿਨਾਂ ਦੌਰਾਨ ਪੁਲਿਸ ਜਬਰ ਦਾ ਸ਼ਿਕਾਰ ਹੋਏ ਲੋਕਾਂ ਦੀ ਯਾਦ 'ਚ 6 ਅਪਰੈਲ ਨੂੰ ਇਥੇ ਔਸਟਰਲੇ ਪਾਰਕ ਵਿਚ ਫੰਡ ਰੇਜ਼ਿੰਗ ਲਈ 5 ਕਿਲੋਮੀਟਰ ਦੀ ਵਾਕ ਕੀਤੀ ਗਈ। ਇਹ ਸਮਾਗਮ ਉਨ੍ਹਾਂ ਲੋਕਾਂ ਦੀ ਯਾਦ 'ਚ ਕੀਤਾ ਗਿਆ ਜਿਨ੍ਹਾਂ ਨੂੰ ਸਿੱਖ ਸੰਘਰਸ਼ ਦੌਰਾਨ ਪੰਜਾਬ ਪੁਲਿਸ ਅਤੇ ਭਾਰਤੀ ਸੁਰੱਖਿਆ ਦਲਾਂ ਨੇ ਗੈਰ ਕਾਨੂੰਨੀ ਤਰੀਕੇ ਨਾਲ ਘਰਾਂ 'ਚੋਂ ਚੁੱਕ ਲਿਆ ਸੀ ਜਿਨ੍ਹਾਂ ਦੀ ਅਜੇ ਤੱਕ ਕੋਈ ਉਘ ਸੁੱਘ ਨਹੀਂ ਹੈ। ਪੰਜਾਬ 'ਚ ਦੋ ਦਹਾਕੇ ਪਹਿਲਾਂ ਹੋਈ ਹਿੰਸਾ ਦੌਰਾਨ ਲਾਪਤਾ ਹੋਏ ਲੋਕਾਂ ਬਾਰੇ ਵਿਸ਼ੇਸ਼ ਪੋਸਟਰ ਲਗਾਏ ਗਏ।

ਇਸ ਮੌਕੇ ਇਨਸਾਫ਼ ਦੇ ਆਗੂਆਂ ਅਤੇ ਵਰਕਰਾਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਵਿਚ ਖਾੜਕੂ ਲਹਿਰ ਦੌਰਾਨ ਪੁਲਿਸ ਜਬਰ ਦੀ ਜ਼ੋਰਦਾਰ ਨਿੰਦਾ ਕੀਤੀ ਅਤੇ ਇਸ ਨੂੰ ਜਮਹੂਰੀਅਤ ਦਾ ਕਤਲ ਕਰਾਰ ਦਿੱਤਾ। ਸਿੱਖ ਕਲਾਕਾਰਾਂ ਗੁਨਜੀਵ 'ਬਾਗੀ' ਸਿੰਘ, ਜਗਮੀਤ 'ਹੁਡਿਨੀ' ਸਿੰਘ ਅਤੇ ਰਾਗਿੰਦਰ 'ਵਾਇਲਿੰਦਰ' ਸਿੰਘ ਨੇ ਗੀਤ ਸੰਗੀਤ ਦਾ ਪ੍ਰੋਗਰਾਮ ਪੇਸ ਕੀਤਾ। ਇਸ ਪ੍ਰੋਗਰਾਮ 'ਚ 32000 ਡਾਲਰ ਦਾ ਫੰਡ ਇਕੱਠਾ ਕੀਤਾ ਜਦੋਂ ਕਿ ਟੀਚਾ 25000 ਡਾਲਰ ਦਾ ਸੀ। ਇਨਸਾਫ਼ ਜਥੇਬੰਦੀ ਦਾ 30 ਜੂਨ 2013 ਤੱਕ 160,000 ਡਾਲਰ ਦਾ ਫੰਡ ਇਕੱਠਾ ਕਰਨ ਦਾ ਟੀਚਾ ਹੈ। ਜਥੇਬੰਦੀ ਵਲੋਂ ਆਉਣ ਵਾਲੇ ਦਿਨਾਂ ਵਿਚ ਫੰਡ ਰੇਜ਼ਿੰਗ ਪ੍ਰੋਗਰਾਮ ਸਿੱਖ ਵਸੋਂ ਵਾਲੇ ਹੋਰਨਾਂ ਸ਼ਹਿਰਾਂ ਵਿਚ ਵੀ ਕੀਤੇ ਜਾਣਗੇ।

ਜ਼ਿਕਰਯੋਗ ਹੈ ਕਿ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਰਗਰਮ ਜਥੇਬੰਦੀ 'ਇਨਸਾਫ਼' ਵਲੋਂ 'ਅਪੀਅਰ ਫਾਰ ਦਾ ਡਿਸਅਪੀਅਰ' ਦੇ ਸੱਦੇ ਹੇਠ 'ਇਨਸਾਫ਼ ਲਈ ਕਾਫ਼ਲਾ' ਦਾ ਉਦਮ ਕੀਤਾ ਗਿਆ ਸੀ ਅਤੇ ਇਸ ਦਾ ਮਨੋਰਥ ਪੀੜਤਾਂ ਨੂੰ ਇਨਸਾਫ ਅਤੇ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਢੁਕਵੀਆਂ ਸਜ਼ਾਵਾਂ ਦਿਵਾਉਣਾ ਸੀ। ਹੋਰ ਜਾਣਕਾਰੀ ਲਈ ਇਨਸਾਫ ਜਥੇਬੰਦੀ ਦੀ ਡਿਵੈਲਪਮੈਂਟ ਡਾਇਰੈਕਟਰ ਅੰਬਰੀ ਪੁਖਰਾਜ ਨਾਲ ਫੋਨ 510-910-3224 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਬਖਸ਼ ਸਿੰਘ ਸਰੋਆ ਦਾ ਦੇਹਾਂਤ

**ਯੂਬਾ ਸਿਟੀ (ਬਿਊਰੋ):** ਸਥਾਨਕ ਸਿੱਖ ਪਤਵੰਤੇ ਸ. ਗੁਰਬਖਸ਼ ਸਿੰਘ ਸਰੋਆ ਦਾ ਲੰਘੀ 14 ਅਪਰੈਲ ਨੂੰ ਇਥੇ ਦੇਹਾਂਤ ਹੋ ਗਿਆ। ਪੰਜਾਬ ਵਿਚ ਉਹ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਬੂਰੇ ਰਾਜਪੂਤਾਂ ਤੋਂ ਸਨ। ਉਹ 1992 ਤੋਂ ਇਥੇ ਆਪਣੇ ਸਪੁਤਰ ਪਰਵਿੰਦਰ ਸਿੰਘ



ਸਰੋਆ ਕੋਲ ਰਹਿ ਰਹੇ ਸਨ। 17 ਮਾਰਚ 1910 ਨੂੰ ਜਨਮੇਂ ਸ. ਸਰੋਆ ਨੇ ਬੀ ਏ ਦੀ ਪੜ੍ਹਾਈ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਕੀਤੀ।

ਸ. ਸਰੋਆ ਦਾ ਅੰਤਿਮ ਸਸਕਾਰ ਸਨਿਚਰਵਾਰ 20 ਅਪਰੈਲ ਨੂੰ ਹੋਵੇਗਾ ਅਤੇ ਅੰਤਿਮ ਅਰਦਾਸ ਉਸੇ ਦਿਨ ਗੁਰਦੁਆਰਾ ਟਾਇਰਾ ਬਿਊਨਾ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ 530-674-1297 ਜਾਂ 530-674-9202 ਰਾਹੀਂ ਹੋ ਸਕਦਾ ਹੈ।

# 9 ਸਾਲਾ ਅਰਸ਼ਦੀਪ ਨੂੰ ਲੋੜ ਹੈ ਸਹਾਰੇ ਦੀ

**ਬਰਨਾਲਾ (ਬਿਊਰੋ):** ਨਜ਼ਦੀਕੀ ਪਿੰਡ ਠੁੱਲੇਵਾਲ ਦੇ 9 ਸਾਲਾ ਅਪਾਹਜ ਬੱਚੇ ਅਰਸ਼ਦੀਪ ਦੀ ਕੁਦਰਤੀ ਕਰੋਪੀ ਕਾਰਨ ਵੇਦਨਾ ਹਰ ਇਨਸਾਨ ਦੀ ਰੂਹ ਨੂੰ ਝੰਜੋੜਦੀ ਹੈ। ਤੀਸਰੀ ਕਲਾਸ 'ਚ ਪੜ੍ਹਦੇ ਇਸ ਬੱਚੇ ਦੀ ਮਾਂ ਪਰਮਜੀਤ ਕੌਰ ਨੇ ਦੁਖੀ ਦਿਲ ਨਾਲ ਦੱਸਿਆ ਕਿ ਕੁਦਰਤ ਦੀ ਕਰੋਪੀ ਕਾਰਨ ਅਰਸ਼ਦੀਪ ਜਮਾਂਦਰੂ ਅਪਾਹਜ ਪੈਦਾ ਹੋਇਆ। ਉਹ ਸਿਰਫ ਇਕ ਲੱਤ 'ਤੇ ਹੀ ਤੁਰਦਾ



*ਅਰਸ਼ਦੀਪ ਆਪਣੀ ਮਾਂ ਨਾਲ*

ਹੈ। ਜਿਆਦਾ ਤੁਰਨ-ਫਿਰਨ ਨਾਲ ਥੱਕ ਜਾਂਦਾ ਹੈ ਤੇ ਨਿਢਾਲ ਹੋ ਕੇ ਰੋਣ ਲੱਗ ਪੈਂਦਾ ਹੈ।

ਅਰਸ਼ਦੀਪ ਪੜ੍ਹਨ 'ਚ ਬਹੁਤ ਹੁਸ਼ਿਆਰ ਹੈ। ਬੱਚੇ ਨੂੰ ਨਕਲੀ ਲੱਤ ਲਵਾਉਣ ਲਈ ਪਰਵਾਸੀ ਭਰਾਵਾਂ ਜਾਂ ਸਮਾਜ ਸੇਵੀ ਸੰਸਥਾਵਾਂ ਵਲੋਂ ਮਦਦ ਦੀ ਲੋੜ ਹੈ। ਇਸ ਮਾਸੂਮ ਬੱਚੇ ਦੀ ਮਦਦ ਲਈ ਪਰਮਜੀਤ ਕੌਰ ਨਾਲ ਫੋਨ 91-98143-37471 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਅਮਰੀਕਾ 'ਚ ਹੋਵੇਗੀ ਪਾਬਲੋ ਨੇਰੂਦਾ ਦੇ ਪਿੰਜਰ ਦੀ ਜਾਂਚ

**ਸਾਂਤਿਆਗੋ:** ਚਿੱਲੀ ਦੇ ਨੋਬੇਲ ਪੁਰਸਕਾਰ ਜੇਤੂ ਪਾਬਲੋ ਨੇਰੂਦਾ ਦੀਆਂ ਅਸਥੀਆਂ ਦੀ ਜਾਂਚ ਅਮਰੀਕਾ ਦੀ ਨਾਰਥ ਕੈਰੋਲਾਈਨਾ ਯੂਨੀਵਰਸਿਟੀ ਦੇ ਚੈਪਲ ਹਿੱਲ ਮੈਡੀਸਨ ਸਕੂਲ ਵਿਚ ਕੀਤੀ ਜਾਵੇਗੀ। ਕਿਹਾ ਜਾ ਰਿਹਾ ਹੈ ਕਿ ਨੇਰੂਦਾ ਦੀ ਮੌਤ ਦਾ ਕਾਰਨ ਜਨਰਲ ਅਗਸਤੋ ਪਿਨੋਚੇ ਦੇ ਏਜੰਟਾਂ ਵੱਲੋਂ ਦਿੱਤੀ ਜ਼ਹਿਰ ਸੀ। ਹੁਣ ਤਕ ਇਹੀ ਕਿਹਾ ਜਾ ਰਿਹਾ ਸੀ ਕਿ ਇਸ ਸੰਸਾਰ ਪ੍ਰਸਿੱਧ ਸ਼ਾਇਰ ਦੀ ਮੌਤ ਕੈਂਸਰ ਕਾਰਨ ਹੋਈ ਸੀ। ਇਸ ਕੇਸ ਦੇ ਜੱਜ ਮਾਰੀਓ ਕੈਰੋਜ਼ਾ ਮੁਤਾਬਕ 22 ਅਪਰੈਲ ਨੂੰ ਟੈਸਟਾਂ ਦੀ ਰਿਪੋਰਟ ਮਿਲ ਜਾਵੇਗੀ

# ਗਾਇਕਾ ਰਣਜੀਤ ਕੌਰ ਦਾ ਸਨਮਾਨ

**ਬਰਨਾਲਾ (ਬਿਊਰੋ):** ਆਪਣੀ ਮਨਮੋਹਕ ਤੇ ਸੁਰੀਲੀ ਆਵਾਜ਼ ਸਦਕਾ ਆਪਣੇ ਵੇਲਿਆਂ ਵਿਚ ਲੱਖਾਂ ਪੰਜਾਬੀ ਸਰੋਤਿਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਪੰਜਾਬ ਦੀ ਪ੍ਰਸਿੱਧ ਗਾਇਕਾ ਬੀਬੀ ਰਣਜੀਤ ਕੌਰ ਦਾ ਬਰਨਾਲਾ ਤੋਂ ਛਪਦੇ ਸਾਹਿਤਕ ਪਰਚੇ 'ਅਦਬੀ ਸਾਂਝ' ਵੱਲੋਂ 'ਪੰਜਾਬੀ ਗਾਇਕੀ ਦੀ ਮਲਿਕਾ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।



ਇਸ ਸਮਾਗਮ 'ਚ ਜਿਥੇ ਰਣਜੀਤ ਕੌਰ ਨਾਲ ਲੰਮਾ ਸਮਾਂ ਗਾਉਂਦੇ ਰਹੇ ਗਾਇਕ ਮੁਹੰਮਦ ਸਦੀਕ ਵੀ ਪਹੁੰਚੇ। ਰਣਜੀਤ ਕੌਰ ਨੇ ਆਪਣੇ ਹਿੱਟ ਗੀਤਾਂ ਗਾਵੋ ਨੀ ਗਾਵੋ ਸਹੀਓ, ਸਰਧਾ ਨਾਲ ਜਾ ਕੇ ਕਹੀਓ, ਅੱਜ ਤੈਂ ਮੈਨੂੰ ਮਾਰ ਪੁਆਈ ਨਣਦੇ, ਖਾਲੀ ਘੋੜੀ ਹਿਣਕਦੀ ਉਤੇ ਨ੍ਹੀਂ ਦੀਂਹਦਾ ਵੀਰ ਅਤੇ ਲੈ ਖਬਰ ਨਿਆਣੀ ਦੀ ਬਾਬਲਾ ਦਰਦ ਵੰਡਾ ਲੈ ਧੀ ਦੇ ਨਾਲ ਆਪਣੀ ਕਲਾ ਦਾ ਲੋਹਾ ਮੰਨਵਾਇਆ। ਇਸ ਸਮੇਂ ਮੁੱਖ ਮਹਿਮਾਨ ਭਗਵੰਤ ਸਿੰਘ ਰਾਜੋਆਣੀ, ਸ੍ਰੀ ਪਿਆਰਾ ਲਾਲ ਰਾਏਸਰ, ਸ੍ਰੀ ਬ੍ਰਿਜ ਲਾਲ ਗੋਇਲ, ਅਦਬੀ ਸਾਂਝ ਦੇ ਸਰਪ੍ਰਸਤ ਵੈਦ ਹਰੀ ਸਿੰਘ ਪੱਖੋ ਕਲਾਂ, ਸਾਹਿਤਕਾਰ ਗੁਲਜਾਰ ਸਿੰਘ ਸੌਂਕੀ ਧੂਰੀ, ਹਾਸਰਸ ਲੇਖਕ ਸੁਖਮੰਦਰ ਬਰਾੜ ਕੈਨੇਡਾ, ਸਹਿ ਸੰਪਾਦਕ ਸੁਖਵਿੰਦਰ ਕੌਰ ਖੋਸਾ ਵੱਲੋਂ ਬੀਬੀ ਰਣਜੀਤ ਕੌਰ ਦਾ ਸਨਮਾਨ ਕੀਤਾ ਗਿਆ।

**SUPER TRAVEL**
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
ਫੋਨ: (559) 317-2149



Paramjit S. Khaira
D.H.M.S (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
e-mail: drpskhaira@gmail.com
Working under state law SB 577



ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਨਵਜੋਤ ਸਿੱਧੂ ਦਾ ਸਿਆਸਤ ਤੋਂ ਵੀ ਮੋਹ ਭੰਗ!

**ਚੰਡੀਗੜ੍ਹ:** ਕ੍ਰਿਕਟ ਛੱਡ ਕੇ ਸਿਆਸਤਦਾਨ ਬਣੇ ਭਾਜਪਾ ਦੇ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦਾ ਭਾਜਪਾ ਤੋਂ ਮੋਹ ਭੰਗ ਹੋ ਗਿਆ ਹੈ। ਸ. ਸਿੱਧੂ ਮੌਜੂਦਾ ਸਿਆਸੀ ਦਾਂਵ ਪੇਚਾਂ ਤੋਂ ਨਿਰਾਸ਼ ਹਨ ਤੇ ਉਹ ਸਿਆਸਤ ਤੋਂ ਲਗਾਤਾਰ ਦੂਰ ਜਾ ਰਹੇ ਹਨ। ਉਹ ਸਿਆਸਤ ਤੋਂ ਕਿਨਾਰਾ ਕਰਨ ਬਾਰੇ ਵੀ ਸੋਚ ਰਹੇ ਹਨ। ਇਹ ਸੰਕੇਤ ਉਨ੍ਹਾਂ ਦੀ ਪਤਨੀ ਤੇ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਨੇ ਦਿੱਤਾ ਹੈ। ਉਨ੍ਹਾਂ ਸਮਾਜਕ ਨੈਟਵਰਕਿੰਗ ਸਾਈਟ ਫੇਸਬੁੱਕ 'ਤੇ ਵੀ ਇਹ ਗੱਲਾਂ ਨਸ਼ਰ ਕੀਤੀਆਂ ਹਨ।

ਇਸ ਤੋਂ ਇਲਾਵਾ ਪੰਜਾਬ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਸਣੇ ਇਲਾਕੇ ਦੇ ਦੋ ਹੋਰ ਅਕਾਲੀ ਆਗੂਆਂ ਨਾਲ ਵਿਵਾਦਾਂ ਕਾਰਨ ਵੀ ਉਹ ਆਪਣਾ ਹਲਕਾ ਬਦਲਣ ਦੇ ਇੱਛੁਕ ਹਨ। ਉਨ੍ਹਾਂ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਤਿੰਨ ਵਾਰ ਚੋਣ ਜਿੱਤੀ। ਉਨ੍ਹਾਂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ 2012 ਵਿਚ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਅੰਮ੍ਰਿਤਸਰ ਤੋਂ ਵਿਧਾਇਕ ਚੁਣੇ ਗਏ। ਇਸ ਮਾਮਲੇ ਬਾਰੇ ਭਾਵੇਂ ਸੰਸਦ ਮੈਂਬਰ ਚੁੱਪ ਹਨ ਪਰ ਉਨ੍ਹਾਂ ਦੀ ਪਤਨੀ ਨੇ ਕਿਹਾ ਹੈ ਕਿ ਪਾਰਟੀ ਵੱਲੋਂ ਨਜ਼ਰਅੰਦਾਜ਼ ਕੀਤੇ ਜਾਣ ਕਾਰਨ ਸ. ਸਿੱਧੂ ਅੰਮ੍ਰਿਤਸਰ ਤੋਂ ਚੋਣ ਨਹੀਂ ਲੜਨਗੇ। ਭਾਜਪਾ ਦੇ ਇਕ ਧੜੇ ਦਾ ਵਿਚਾਰ ਹੈ ਕਿ ਉਹ ਆਪਣੇ ਹਲਕੇ ਤੋਂ ਜ਼ਿਆਦਾਤਰ ਬਾਹਰ ਹੀ ਰਹਿੰਦੇ ਹਨ। ਡਾ. ਸਿੱਧੂ ਅਨੁਸਾਰ ਉਨ੍ਹਾਂ ਦੇ ਪਤੀ ਨਵਜੋਤ ਸਿੰਘ ਸਿੱਧੂ ਨੂੰ ਈਮਾਨਦਾਰੀ ਤੇ ਚੰਗੀ ਦਿੱਖ ਦਾ ਇਹ ਇਨਾਮ ਮਿਲਿਆ ਕਿ ਉਨ੍ਹਾਂ ਨੂੰ ਸਿਆਸਤ ਵਿਚੋਂ ਇਕ ਪਾਸੇ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਤੋਂ ਸ. ਸਿੱਧੂ ਨਾਖੁਸ਼ ਹਨ ਤੇ ਉਹ ਸਿਆਸਤ ਤੋਂ ਦੂਰ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਸਿਆਸੀ ਹਲਕਿਆਂ ਵਿਚ ਹੋ ਰਹੀਆਂ ਗੱਲਾਂ ਕਿ ਸ. ਸਿੱਧੂ ਆਪਣੇ ਹਲਕੇ ਤੋਂ ਗੈਰਹਾਜ਼ਰ ਹਨ, ਨੇ ਉਨ੍ਹਾਂ ਨੂੰ ਸਮਾਜਿਕ ਨੈਟਵਰਕ 'ਤੇ ਆਪਣੇ ਦਿਲ ਦੀ ਗੱਲ ਕਹਿਣ ਲਈ ਮਜਬੂਰ ਕੀਤਾ ਹੈ।

ਉਨ੍ਹਾਂ ਆਖਿਆ ਕਿ ਸ. ਸਿੱਧੂ ਨੇ ਕ੍ਰਿਕਟ ਨੂੰ ਛੱਡ ਕੇ ਸਿਆਸਤ ਵਿਚ ਲੋਕ ਸੇਵਾ ਕਰਨ ਦੇ ਮੰਤਵ ਨਾਲ ਆਉਣ ਦਾ ਫੈਸਲਾ ਕੀਤਾ ਸੀ। ਇਸੇ ਲਈ ਉਹ ਆਪਣੇ ਪਰਿਵਾਰ ਤੋਂ ਦੂਰ ਰਹੇ। ਉਨ੍ਹਾਂ ਅੰਮ੍ਰਿਤਸਰ ਦੇ ਵਿਕਾਸ ਲਈ ਕਈ ਅਹਿਮ ਯੋਜਨਾਵਾਂ ਉਲੀਕੀਆਂ ਪਰ ਇਨ੍ਹਾਂ ਨੂੰ ਸਿਰੇ ਨਹੀਂ ਚੜ੍ਹਨ ਦਿੱਤਾ ਗਿਆ। ਅੰਮ੍ਰਿਤਸਰ ਦੇ ਹਵਾਈ ਅੱਡੇ ਦੇ ਵਿਕਾਸ ਲਈ ਉਨ੍ਹਾਂ ਵੱਡੇ ਯਤਨ ਕੀਤੇ ਪਰ ਇਹ ਵੀ ਸਫਲ ਨਹੀਂ ਹੋਣ ਦਿੱਤੇ ਗਏ। ਅੰਮ੍ਰਿਤਸਰ ਦੇ ਵਿਕਾਸ ਬਾਰੇ ਕਈ ਯੋਜਨਾਵਾਂ ਨੂੰ ਜਾਣਬੁੱਝ ਕੇ



ਲਟਕਾਇਆ ਗਿਆ ਹੈ।ਡਾ. ਸਿੱਧੂ ਨੇ ਇਹ ਵੀ ਸੰਕੇਤ ਦਿੱਤਾ ਕਿ ਉਹ ਖੁਦ ਵੀ ਸਿਆਸਤ ਛੱਡ ਸਕਦੇ ਹਨ। ਇਹ ਉਨ੍ਹਾਂ ਦੀ ਸਿਆਸਤ ਦੀ ਪਹਿਲੀ ਤੇ ਆਖਰੀ ਪਾਰੀ ਹੋ ਸਕਦੀ ਹੈ ਕਿਉਂਕਿ ਉਨ੍ਹਾਂ ਨੇ ਡਾਕਟਰੀ ਦਾ ਕਿੱਤਾ ਸਿਆਸਤ ਵਿਚ ਆਪਣੇ ਪਤੀ ਦਾ ਸਾਥ ਦੇਣ ਲਈ ਛੱਡਿਆ ਸੀ। ਜਦੋਂ ਉਹ ਸਿਆਸਤ ਤੋਂ ਦੂਰ ਹੋ ਰਹੇ ਹਨ ਤਾਂ ਫਿਰ ਉਹ ਵੀ ਸਿਆਸਤ ਤੋਂ ਕਿਨਾਰਾ ਕਰ ਸਕਦੇ ਹਨ। ਉਨ੍ਹਾਂ ਆਖਿਆ ਕਿ ਸ. ਸਿੱਧੂ ਕ੍ਰਿਕਟ ਕੁਮੈਂਟੇਟਰ ਤੇ ਮਾਹਰ ਵਜੋਂ ਕੰਮ ਕਰਕੇ ਖੁਸ਼ ਹਨ ਜਿਥੇ ਉਨ੍ਹਾਂ ਦੇ ਕੰਮ ਨੂੰ ਸਲਾਹਿਆ ਜਾ ਰਿਹਾ ਹੈ ਤੇ ਇਸ ਬਦਲੇ ਉਨ੍ਹਾਂ ਨੂੰ ਚੰਗਾ ਮਿਹਨਤਾਨਾ ਵੀ ਮਿਲ ਰਿਹਾ ਹੈ।

ਉਨ੍ਹਾਂ ਆਖਿਆ ਕਿ ਉਹ ਪਹਿਲਾਂ ਹੀ ਸ਼ਾਹਾਨਾ ਜ਼ਿੰਦਗੀ ਜੀਅ ਰਹੇ ਸਨ ਤੇ ਸਿਆਸਤ ਵਿਚ ਆਉਣ ਮਗਰੋਂ ਸ. ਸਿੱਧੂ ਨੇ ਆਪਣੇ ਪਰਿਵਾਰ ਦੇ ਹਿੱਤਾਂ ਲਈ ਕੋਈ ਅਜਿਹਾ ਕੰਮ ਨਹੀਂ ਕੀਤਾ ਜਿਸ ਲਈ ਉਨ੍ਹਾਂ ਨੂੰ ਨਿਯਮਾਂ ਨੂੰ ਛਿੱਕੇ 'ਤੇ ਟੰਗਣਾ ਪਵੇ ਸਗੋਂ ਲੋਕਾਂ ਦੀ ਭਲਾਈ ਲਈ ਹੀ ਕੰਮ ਕੀਤੇ ਹਨ।

ਭਾਜਪਾ ਦੇ ਨਵੇਂ ਪ੍ਰਧਾਨ ਰਾਜਨਾਥ ਦੇ ਆਉਣ ਮਗਰੋਂ ਸ. ਸਿੱਧੂ ਨੂੰ ਭਾਜਪਾ ਦੀ ਕੌਮੀ ਕਾਰਜਕਾਰਨੀ ਵਿਚ ਸ਼ਾਮਲ ਨਹੀਂ ਕੀਤਾ ਗਿਆ। ਨਿਤਿਨ ਗਡਕਰੀ ਦੇ ਕਾਰਜਕਾਲ ਦੌਰਾਨ ਉਹ ਭਾਜਪਾ ਦੇ ਸਕੱਤਰ ਸਨ। ਇਸ ਤੋਂ ਇਲਾਵਾ ਸੂਬੇ ਦੀ ਸਿਆਸਤ ਵਿਚ ਵੀ ਭਾਜਪਾ ਵੱਲੋਂ ਉਨ੍ਹਾਂ ਨੂੰ ਅਣਦੇਖਿਆਂ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਪਹਿਲਾਂ ਸੂਬੇ ਦੀ ਸਿਆਸਤ ਵਿਚ ਵੀ ਸ. ਸਿੱਧੂ ਦਾ ਸ਼੍ਰੋਮਣੀ ਅਕਾਲੀ ਦਲ ਦੇ ਨੌਜਵਾਨ ਆਗੂ ਬਿਕਰਮ ਸਿੰਘ ਮਜੀਠੀਆ ਤੇ ਭਾਜਪਾ ਆਗੂਆਂ ਵਿਧਾਇਕ ਅਨਿਲ ਜੋਸ਼ੀ ਤੇ ਰਜਿੰਦਰ ਮੋਹਨ ਸਿੰਘ ਛੀਨਾ ਨਾਲ ਤਾਲਮੇਲ ਠੀਕ ਨਹੀਂ ਰਿਹਾ ਜਿਸ ਕਾਰਨ ਸਮੇਂ ਸਮੇਂ ਤਕਰਾਰ ਵਾਲੀ ਹਾਲਤ ਬਣਦੀ ਰਹੀ ਹੈ। ਪਿਛਲੇ ਕੁਝ ਸਮੇਂ ਤੋਂ ਸ. ਸਿੱਧੂ ਅੰਮ੍ਰਿਤਸਰ ਤੇ ਸਿਆਸਤ ਤੋਂ ਦੂਰ ਹਨ। ਸ. ਸਿੱਧੂ 2004 ਵਿਚ ਉਦੋਂ ਸਿਆਸਤ ਵਿਚ ਆਏ ਸਨ ਜਦੋਂ ਭਾਜਪਾ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਲੋਕ ਸਭਾ ਲਈ ਟਿਕਟ ਦਿੱਤੀ ਸੀ। ਉਨ੍ਹਾਂ ਕਾਂਗਰਸ ਦੇ ਆਰਐਲ ਭਾਟੀਆ ਨੂੰ ਹਰਾ ਕੇ ਚੋਣ ਜਿੱਤੀ ਸੀ। ਉਨ੍ਹਾਂ 2007 ਵਿਚ ਆਪਣੇ ਉਪਰ ਲੱਗੇ ਦੋਸ਼ਾਂ ਕਾਰਨ ਅਸਤੀਫਾ ਦੇ ਦਿੱਤਾ ਤੇ ਸੁਪਰੀਮ ਕੋਰਟ ਵੱਲੋਂ ਰਾਹਤ ਮਿਲਣ 'ਤੇ ਉਨ੍ਹਾਂ ਮੁੜ ਚੋਣ ਲੜੀ ਅਤੇ ਉਸ ਵੇਲੇ ਦੇ ਕਾਂਗਰਸ ਦੇ ਵਿੱਤ ਮੰਤਰੀ ਸੁਰਿੰਦਰ ਸਿੰਗਲਾ ਨੂੰ ਹਰਾਇਆ। 2009 ਵਿਚ ਸ. ਸਿੱਧੂ ਨੇ ਕਾਂਗਰਸ ਦੇ ਓਪੀ ਸੋਨੀ ਨੂੰ ਹਰਾਇਆ। ਉਹ ਪਿਛਲੇ ਨੌਂ ਸਾਲਾਂ ਤੋਂ ਭਾਵੇਂ ਸਿਆਸਤਦਾਨ ਹਨ ਪਰ ਉਹ ਆਪਣੇ ਦਿਲ ਤੋਂ ਕਦੇ ਵੀ ਸਿਆਸਤਦਾਨ ਨਹੀਂ ਬਣੇ। ਉਹ ਬੇਬਾਕੀ ਨਾਲ ਗੱਲ ਕਹਿਣ ਵਾਲੇ ਲੋਕ ਆਗੂ ਹਨ।

# ਅਦਾਕਾਰ ਪ੍ਰਾਣ ਨੂੰ ਮਿਲਿਆ ਦਾਦਾ ਸਾਹਿਬ ਫਾਲਕੇ ਪੁਰਸਕਾਰ



**ਨਵੀਂ ਦਿੱਲੀ:** ਹਿੰਦੀ ਫਿਲਮਾਂ ਦੇ ਮਸ਼ਹੂਰ ਖਲਨਾਇਕ ਪ੍ਰਾਣ ਸਿਕੰਦ ਨੂੰ ਦਾਦਾ ਸਾਹਿਬ ਫਾਲਕੇ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। 93 ਸਾਲਾ ਪ੍ਰਾਣ ਦੇ ਪੁੱਤਰ ਸੁਨੀਲ ਸਿਕੰਦ ਨੇ ਇਸ ਐਲਾਨ ਦਾ ਸਵਾਗਤ ਕੀਤਾ ਹੈ। ਇਹ ਪੁਰਸਕਾਰ ਤਿੰਨ ਮਈ ਨੂੰ ਦਿੱਤਾ ਜਾਵੇਗਾ। ਉਸ ਦਿਨ ਭਾਰਤੀ ਸਿਨੇਮਾ ਦੇ 100 ਵਰ੍ਹੇ ਪੂਰੇ ਹੋ ਰਹੇ ਹਨ।

ਗੌਰਤਲਬ ਹੈ ਕਿ ਪ੍ਰਾਣ ਨੇ ਆਪਣੇ ਛੇ ਦਹਾਕਿਆਂ ਦੇ ਕਰੀਅਰ ਦੌਰਾਨ 400 ਤੋਂ ਵੱਧ ਫਿਲਮਾਂ ਵਿਚ ਵੱਖ-ਵੱਖ ਕਿਰਦਾਰ ਨਿਭਾਏ। ਉਨ੍ਹਾਂ ਅਦਾਕਾਰੀ ਨੂੰ ਅਲਵਿਦਾ 1998 ਵਿਚ ਆਖ ਦਿੱਤਾ ਸੀ। 1940 ਵਿਚ ਉਹ 'ਯਮਲਾ ਜੱਟ' ਫਿਲਮ ਵਿਚ ਬਤੌਰ ਹੀਰੋ ਆਏ ਸਨ ਪਰ ਉਨ੍ਹਾਂ ਨੂੰ ਸਫਲਤਾ ਖਲਨਾਇਕ ਵਜੋਂ ਮਿਲੀ। 'ਮਿਲਨ', 'ਮਧੂਮਤੀ' ਤੇ 'ਕਸ਼ਮੀਰ ਕੀ ਕਲੀ' ਵਿਚ ਖਲਨਾਇਕ ਦੇ ਕਿਰਦਾਰਾਂ ਨੇ ਉਸ ਲਈ ਸਫਲਤਾ ਦੇ ਰਾਹ ਖੋਲ੍ਹ ਦਿੱਤੇ। ਪਿਛੋਂ ਉਸ ਨੇ ਚਰਿੱਤਰ ਰੋਲ ਵੀ ਕੀਤਾ। ਇਨ੍ਹਾਂ ਵਿਚ 'ਜ਼ੰਜੀਰ', 'ਉਪਕਾਰ' ਤੇ 'ਪ੍ਰੀਚੈ' ਵਰਗੀਆਂ ਹਿੱਟ ਫਿਲਮਾਂ ਸ਼ਾਮਲ ਹਨ। ਸੁਨੀਲ ਸਿਕੰਦ ਨੇ ਆਪਣੇ ਪਿਤਾ ਨੂੰ ਇਸ ਪੁਰਸਕਾਰ ਦੇ ਐਲਾਨ ਨੂੰ ਵੱਡਾ ਮਾਣ ਆਖਿਆ ਹੈ।

# ਆਨਲਾਈਨ ਹੋਣਗੀਆਂ ਪਰਵਾਸੀ ਭਾਰਤੀਆਂ ਦੀਆਂ ਮੁਸ਼ਕਿਲਾਂ ਹੱਲ

**ਚੰਡੀਗੜ੍ਹ:** ਪੰਜਾਬ ਵਿਚ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਇਕ ਵਿਸਥਾਰਤ ਰੂਪ ਵਿਚ ਵੈੱਬਸਾਈਟ ਸ਼ੁਰੂ ਕੀਤੀ ਜਾਵੇਗੀ ਜਿਸ ਤੋਂ ਬਾਅਦ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਿਲਾਂ ਦਾ ਹੱਲ ਆਨਲਾਈਨ ਕੀਤਾ ਜਾ ਸਕੇਗਾ। ਇਸ ਬਾਰੇ ਪੰਜਾਬ ਦੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਕਹਿਣਾ ਹੈ ਕਿ ਦੇਸ਼ ਵਿਚ ਅਜਿਹੀ ਪਹਿਲ ਕਰਨ ਵਾਲਾ ਪੰਜਾਬ ਪਹਿਲਾ ਸੂਬਾ ਹੈ। ਵਿਭਾਗ ਦੇ ਉੱਚ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਕਿਹਾ ਕਿ ਪਰਵਾਸੀ ਪੰਜਾਬੀਆਂ ਦੀ ਤੇਜ਼ ਜੀਵਨਸ਼ੈਲੀ ਤੇ ਬੇਹੱਦ ਰੁਝੇਵਿਆਂ ਨੂੰ ਦੇਖਦਿਆਂ ਇਹ ਲਾਜ਼ਮੀ ਬਣ ਜਾਂਦਾ ਹੈ ਕਿ ਉਨ੍ਹਾਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਆਨਲਾਈਨ ਹੀ ਨਿਬੇੜਾ ਕੀਤਾ ਜਾਵੇ। ਇਸ ਵੈੱਬਸਾਈਟ ਨੂੰ ਰਾਜ ਸਰਕਾਰ ਦੀਆਂ ਵੱਖ-ਵੱਖ ਵਿਕਾਸ ਪਹਿਲਕਦਮੀਆਂ ਤੇ ਪ੍ਰਾਪਤੀਆਂ ਬਾਰੇ ਪਰਵਾਸੀ ਪੰਜਾਬੀਆਂ ਦੀ ਫੀਡਬੈਕ ਤੇ ਸੁਝਾਵਾਂ ਨੂੰ ਹਾਸਲ ਕਰਨ ਲਈ ਵੀ ਵਰਤਿਆ ਜਾਵੇ।

ਉਨ੍ਹਾਂ ਵੈੱਬਸਾਈਟ 'ਤੇ ਸ਼ਿਕਾਇਤਾਂ ਦਰਜ ਕਰਨ ਬਾਰੇ ਇਕ ਅਸਰਦਾਰ ਵਿਵਸਥਾ ਦੀ ਸਥਾਪਨਾ ਦੇ ਆਦੇਸ਼ ਦਿੰਦਿਆਂ ਇਸ 'ਤੇ ਰਾਜ ਸਰਕਾਰ ਵੱਲੋਂ ਆਮ ਲੋਕਾਂ ਦੀ ਸਹੂਲਤ ਲਈ ਲਾਗੂ ਕੀਤੇ ਗਏ ਨਿਵੇਕਲੇ ਸੇਵਾ ਦੇ ਅਧਿਕਾਰ ਕਾਨੂੰਨ ਤਹਿਤ ਮਿਲਣ ਵਾਲੀਆਂ ਸੇਵਾਵਾਂ ਦਾ ਮੁਕੰਮਲ ਵੇਰਵਾ ਵੀ ਦਿੱਤਾ ਜਾਵੇ। ਉਨ੍ਹਾਂ ਵੈੱਬਸਾਈਟ 'ਤੇ ਲਾਈਵ ਵੈਬੀਨਰ ਦੀ ਸਥਾਪਨਾ ਦਾ ਸੁਝਾਅ ਵੀ ਦਿੱਤਾ।

# 84 ਕਤਲੇਆਮ: ਟਾਈਟਲਰ ਖਿਲਾਫ ਮੁੜ ਖੁੱਲ੍ਹੇਗਾ ਕੇਸ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਕਲੋਜ਼ਰ ਰਿਪੋਰਟ ਰੱਦ ਕਰਦਿਆਂ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖਿਲਾਫ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਕੇਸ ਨੂੰ ਮੁੜ ਖੋਲ੍ਹਣ ਦਾ ਹੁਕਮ ਦਿੱਤਾ ਹੈ। ਐਡੀਸ਼ਨਲ ਸੈਸ਼ਨ ਜੱਜ ਅਨੁਰਾਧਾ ਸ਼ੁਕਲਾ ਬਜਾਜ ਨੇ ਸੀਬੀਆਈ ਵੱਲੋਂ ਪੇਸ਼ ਕੀਤੀ ਕਲੋਜ਼ਰ ਰਿਪੋਰਟ ਰੱਦ ਕਰ ਦਿੱਤੀ ਹੈ ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਟਾਈਟਲਰ ਖ਼ਿਲਾਫ਼ ਕੋਈ ਸਬੂਤ ਨਹੀਂ ਮਿਲਿਆ ਜਿਸ ਕਰਕੇ ਉਸ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਸੀ। ਸੂਤਰਾਂ ਮੁਤਾਬਕ ਗਵਾਹ ਦਾ ਬਿਆਨ ਕਲਮਬੰਦ ਕਰਨ ਲਈ ਟੀਮ ਅਮਰੀਕਾ ਭੇਜੀ ਗਈ ਸੀ ਜਿਥੇ ਉਹ ਰਹਿੰਦਾ ਹੈ ਪਰ ਉਸ ਦੇ ਬਿਆਨ ਵਿਚੋਂ ਸਬੂਤ ਦੇ ਤੌਰ 'ਤੇ ਵਰਤੀ ਜਾ ਸਕਣ ਵਾਲੀ ਕੋਈ ਠੋਸ ਗੱਲ ਨਾ ਲੱਭੀ। ਗਵਾਹ ਨੇ ਉਨ੍ਹਾਂ ਨੂੰ ਤਿੰਨ ਹੋਰ ਨਾਂ ਦੱਸੇ ਜਿਨ੍ਹਾਂ ਕੋਲ ਸਿੱਖ ਕਤਲੇਆਮ ਵਿਚ ਟਾਈਟਲਰ ਦੀ ਕਥਿਤ ਭੂਮਿਕਾ ਬਾਰੇ ਜਾਣਕਾਰੀ ਹੋਣ ਦਾ ਦਾਅਵਾ ਕੀਤਾ ਗਿਆ। ਅਦਾਲਤ ਦਾ ਇਹ ਹੁਕਮ ਇਕ ਪੀੜਤ ਵੱਲੋਂ ਦਾਇਰ ਕੀਤੀ ਅਪੀਲ 'ਤੇ ਆਇਆ ਹੈ।



ਕੇਂਦਰੀ ਦਿੱਲੀ ਦੇ ਗੁਰਦੁਆਰਾ ਪੁਲਬੰਗਸ਼ ਲਾਗੇ ਕਤਲੇਆਮ ਵਿਚ ਹੋਈ ਤਿੰਨ ਜਣਿਆਂ ਦੀ ਹੱਤਿਆ ਦੇ ਮਾਮਲੇ ਦੀ ਹੋਰ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ ਸੀ। ਟਾਈਟਲਰ 'ਤੇ ਦੋਸ਼ ਹੈ ਕਿ ਉਸ ਨੇ ਗੁਰਦੁਆਰੇ ਵਿਚ ਸ਼ਰਨ ਲੈਣ ਵਾਲੇ ਤਿੰਨ ਜਣਿਆਂ ਨੂੰ ਮਾਰਨ ਪੁੱਜੀ ਭੀੜ ਦੀ ਅਗਵਾਈ ਕੀਤੀ ਸੀ। ਇਹ ਹਮਲਾ ਉਸ ਹਿੰਸਾ ਦੀ ਹੀ ਇਕ ਕੜੀ ਸੀ ਜੋ 31 ਅਕਤੂਬਰ, 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਭੜਕੀ ਸੀ। ਸੀਬੀਆਈ ਨੇ ਆਪਣੀ ਕਲੋਜ਼ਰ ਰਿਪੋਰਟ ਵਿਚ ਤਿੰਨ ਵਿਅਕਤੀਆਂ ਬਾਦਲ ਸਿੰਘ, ਠਾਕੁਰ ਸਿੰਘ ਤੇ ਗੁਰਚਰਨ ਸਿੰਘ ਦੀ ਹੱਤਿਆ ਦੇ ਕੇਸ ਵਿਚ ਟਾਈਟਲਰ ਦੀ ਭੂਮਿਕਾ ਸਵੀਕਾਰਨ ਤੋਂ ਇਨਕਾਰ ਕਰਦਿਆਂ ਆਖਿਆ ਸੀ ਕਿ ਕਾਂਗਰਸ ਆਗੂ ਉਸ ਵੇਲੇ ਤੀਨ ਮੂਰਤੀ ਭਵਨ ਵਿਚ ਮੌਜੂਦ ਸੀ ਜੋ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਨਿਵਾਸ ਸਥਾਨ ਸੀ। 27 ਅਪਰੈਲ, 2010 ਨੂੰ ਮੈਜਿਸਟਰੇਟ ਨੇ ਸੀਬੀਆਈ ਦੀ ਰਿਪੋਰਟ ਪ੍ਰਵਾਨ ਕਰ ਲਈ ਸੀ।

ਐਡੀਸ਼ਨਲ ਸੈਸ਼ਨ ਜੱਜ ਦੀ ਅਦਾਲਤ ਵਿਚ ਇਸ ਮਾਮਲੇ 'ਤੇ ਪਿਛਲੇ ਕਾਫੀ ਦਿਨਾਂ ਤੋਂ ਕਾਰਵਾਈ ਚੱਲ ਰਹੀ ਸੀ। ਸੀਨੀਅਰ ਐਡਵੋਕੇਟ ਐਚ.ਐਸ ਫੂਲਕਾ ਪਟੀਸ਼ਨਰ ਲਖਵਿੰਦਰ ਕੌਰ ਦੀ ਤਰਫੋਂ ਪੇਸ਼ ਹੋਏ। ਜੱਜ ਨੇ ਹੁਕਮ ਦਿੱਤਾ ਕਿ ਟਰਾਇਲ ਕੋਰਟ ਵੱਲੋਂ ਕਲੋਜ਼ਰ ਰਿਪੋਰਟ ਨੂੰ ਪ੍ਰਵਾਨ ਕਰਨ ਦਾ ਫੈਸਲਾ ਲਾਂਭੇ ਰੱਖਿਆ ਜਾਂਦਾ ਹੈ। ਸੀਬੀਆਈ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੇਸ ਵਿਚ ਚਸ਼ਮਦੀਦ ਗਵਾਹ ਹੋਣ ਦਾ ਦਾਅਵਾ ਕਰਨ ਵਾਲਿਆਂ ਦੀਆਂ ਗਵਾਹੀਆਂ ਦੀ ਮੁੜ ਛਾਣਬੀਣ ਕੀਤੀ ਜਾਵੇ। ਸ. ਫੂਲਕਾ ਨੇ ਜਿਰ੍ਹਾ ਦੌਰਾਨ ਕਿਹਾ ਸੀ ਕਿ ਇਸ ਕੇਸ ਵਿਚ ਕਾਫੀ ਸਮੱਗਰੀ ਪੇਸ਼ ਕੀਤੀ ਗਈ ਸੀ ਜੋ ਸੀਬੀਆਈ ਨੇ ਅਣਡਿੱਠ ਕਰ ਦਿੱਤੀ ਸੀ।


# ਸਿੱਖ ਭਾਈਚਾਰੇ ਵਲੋਂ ਫੈਸਲੇ ਦਾ ਭਰਵਾਂ ਸਵਾਗਤ

**ਚੰਡੀਗੜ੍ਹ:** ਕਾਂਗਰਸ ਸੇਵਾ ਦਲ ਦੇ ਮੁਖੀ ਜਗਦੀਸ਼ ਟਾਈਟਲਰ ਨੂੰ ਸੀਬੀਆਈ ਵੱਲੋਂ ਕਲੀਨ ਚਿੱਟ ਦਿੰਦਿਆਂ ਪੇਸ਼ ਕੀਤੀ ਕੀਤੀ ਕਲੋਜ਼ਰ ਰਿਪੋਰਟ ਰੱਦ ਕਰਨ ਦੇ ਫੈਸਲੇ ਦਾ ਵੱਖ-ਵੱਖ ਜਥੇਬੰਦੀਆਂ ਨੇ ਸਵਾਗਤ ਕੀਤਾ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਵੱਖ-ਵੱਖ ਜਾਂਚ ਕਮਿਸ਼ਨਾਂ ਵੱਲੋਂ ਦੋਸ਼ੀ ਠਹਿਰਾਏ ਜਾਣ ਦੇ ਬਾਵਜੂਦ ਟਾਈਟਲਰ ਤੇ ਸੱਜਣ ਕੁਮਾਰ ਨੂੰ ਕਾਂਗਰਸ ਆਪਣੇ ਉਮੀਦਵਾਰ ਐਲਾਨਦੀ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਅਦਾਲਤ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਆਖਿਆ ਕਿ ਇਸ ਮਾਮਲੇ ਨੂੰ ਪਹਿਲਾਂ ਹੀ ਅਦਾਲਤ ਵਿਚ ਲਟਕਦੇ 28 ਸਾਲ ਬੀਤ ਚੁੱਕੇ ਹਨ ਤੇ ਨਿਆਂ ਮਿਲਣ ਵਿਚ ਦੇਰ ਹੋਈ ਹੈ। ਹੁਣ ਜੇਕਰ ਇਸ ਮਾਮਲੇ ਦੀ ਮੁੜ ਜਾਂਚ ਕਰਵਾਈ ਜਾ ਰਹੀ ਹੈ ਤਾਂ ਇਸ ਨੂੰ ਫਾਸਟ ਟਰੈਕ ਅਦਾਲਤ ਵਿਚ ਵਿਚਾਰਿਆ ਜਾਵੇ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਤੇ ਕੋਆਡੀਨੇਟਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ 28 ਸਾਲ ਬੀਤ ਜਾਣ ਦੇ ਬਾਅਦ ਵੀ ਸਿੱਖਾਂ ਨੂੰ ਨਿਆਂ ਨਹੀਂ ਮਿਲਿਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੰਗ ਕੀਤੀ ਹੈ ਕਿ ਕੇਸ ਦੀ ਜਾਂਚ ਵਿਸ਼ੇਸ਼ ਜਾਂਚ ਟੀਮ (ਸਿਟ) ਹਵਾਲੇ ਕੀਤੀ ਜਾਵੇ ਕਿਉਂਕਿ ਟਾਈਟਲਰ ਇਸ ਕੇਸ ਦਾ ਮੁੱਖ ਮੁਲਜ਼ਮ ਹੈ। ਕਮੇਟੀ ਦੇ ਮੁਖੀ ਮਨਜੀਤ ਸਿੰਘ ਜੀਕੇ ਨੇ ਕਿਹਾ ਕਿ ਗੁਜਰਾਤ ਦੰਗਿਆਂ ਬਾਰੇ ਵੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਉਤੇ ਸਿਟ ਕਾਇਮ ਕੀਤੀ ਗਈ ਸੀ। ਅਮਰੀਕਾ ਵਿਚ ਸਰਗਰਮ 'ਸਿੱਖਜ਼ ਫਾਰ ਜਸਟਿਸ' ਨੇ ਵੀ ਸੁਪਰੀਮ ਕੋਰਟ ਦੇ ਫੈਸਲੇ ਉਤੇ ਤਸੱਲੀ ਜ਼ਾਹਿਰ ਕੀਤੀ ਹੈ।

# ਭੁੱਲਰ ਤੇ ਅਫਜ਼ਲ ਗੁਰੂ ਦੇ ਕੇਸਾਂ ਵਿਚਾਲੇ ਵੱਡਾ ਫਰਕ: ਫੂਲਕਾ





**ਅੰਮ੍ਰਿਤਸਰ:** ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਐਚਐਸ ਫੂਲਕਾ ਦਾ ਕਹਿਣਾ ਹੈ ਕਿ ਆਜ਼ਾਦ ਭਾਰਤ ਦੇ ਅਦਾਲਤੀ ਇਤਿਹਾਸ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਮਿਲੀ ਫਾਂਸੀ ਦੀ ਸਜ਼ਾ ਦਾ ਕੇਸ ਆਪਣੀ ਕਿਸਮ ਦਾ ਹੈ ਜਿਸ ਵਿਚ ਇਕਬਾਲੀਆ ਬਿਆਨ 'ਤੇ ਹੀ ਫਾਂਸੀ ਦੀ ਸਜ਼ਾ ਦਿੱਤੀ ਗਈ ਹੈ।

ਐਡਵੋਕੇਟ ਫੂਲਕਾ ਨੇ ਕਿਹਾ ਕਿ ਪ੍ਰੋ. ਭੁੱਲਰ ਦਾ ਕੇਸ ਇਸ ਲਈ ਵੱਖਰੀ ਕਿਸਮ ਦਾ ਕੇਸ ਹੈ ਕਿ ਇਸ ਵਿਚ ਕੋਈ ਗਵਾਹੀ ਮੌਜੂਦ ਨਹੀਂ ਸੀ ਪਰ ਇਸ ਦੇ ਬਾਵਜੂਦ ਉਸ ਨੂੰ ਫਾਂਸੀ ਦੀ ਸਜ਼ਾ ਮਿਲ ਗਈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਅਫਜ਼ਲ ਗੁਰੂ ਤੇ ਪ੍ਰੋ. ਭੁੱਲਰ ਦੇ ਕੇਸ ਵਿਚ ਫਰਕ ਹੈ ਕਿਉਂਕਿ ਗੁਰੂ ਦੇ ਕੇਸ ਵਿਚ ਗਵਾਹੀਆਂ ਮੌਜੂਦ ਸਨ। ਉਨ੍ਹਾਂ ਕਿਹਾ ਕਿ ਵਿਸ਼ਵ ਭਰ ਵਿਚ ਮਨੁੱਖਤਾ ਦੇ ਆਧਾਰ 'ਤੇ ਸਰਕਾਰਾਂ ਫਾਂਸੀ ਦੀ ਸਜ਼ਾ ਖ਼ਤਮ ਕਰ ਰਹੀਆਂ ਹਨ ਪਰ ਭਾਰਤ ਅਜੇ ਵੀ ਫਾਂਸੀ ਦੇਣ ਦੇ ਹੱਕ ਵਿਚ ਹੈ।

ਜਗਦੀਸ਼ ਟਾਈਟਲਰ ਦਾ ਕੇਸ ਮੁੜ ਖੋਲ੍ਹੇ ਜਾਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਐਡਵੋਕੇਟ ਫੂਲਕਾ ਨੇ ਦਾਅਵਾ ਕੀਤਾ ਕਿ ਟਾਈਟਲਰ ਨੂੰ ਸਜ਼ਾ ਦਿਵਾਉਣ ਲਈ ਗਵਾਹੀਆਂ ਮੌਜੂਦ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਜਦੋਂ ਟਾਈਟਲਰ ਨੂੰ ਐਨਆਰਆਈ ਮਾਮਲਿਆਂ ਬਾਰੇ ਮੰਤਰੀ ਬਣਾਇਆ ਗਿਆ ਸੀ ਤਾਂ ਵਿਦੇਸ਼ ਵਿਚ ਵਸਦੇ ਸਿੱਖਾਂ ਵਿਚ ਭਾਰਤ ਵਿਰੋਧੀ ਭਾਵਨਾਵਾਂ ਪੈਦਾ ਹੋਈਆਂ ਸਨ। ਉਨ੍ਹਾਂ ਸਰਕਾਰ ਨੂੰ ਜ਼ੋਰ ਦੇ ਕੇ ਆਖਿਆ ਕਿ ਉਹ ਦਿੱਲੀ ਪੁਲਿਸ ਨੂੰ ਆਦੇਸ਼ ਦੇਵੇ ਕਿ ਸਿੱਖ ਵਿਰੋਧੀ ਦੰਗਿਆਂ ਦੇ ਇਕ ਹੋਰ ਦੋਸ਼ੀ ਸੱਜਣ ਕੁਮਾਰ ਵਿਰੁੱਧ ਚਲਾਨ ਪੇਸ਼ ਕਰੇ।

ਉਨ੍ਹਾਂ ਕਿਹਾ ਕਿ ਅੱਠ ਅਪਰੈਲ, 1992 ਤੋਂ ਇਹ ਕੇਸ ਬਕਾਇਆ ਪਿਆ ਹੈ। ਉਨ੍ਹਾਂ ਕਿਹਾ ਕਿ 1984 ਵਿਚ ਚਾਰ ਸਿੱਖਾਂ ਦੇ ਕਤਲ ਕੇਸ ਬਾਰੇ ਇਹ ਚਲਾਨ 21 ਸਾਲਾਂ ਤੋਂ ਪੇਸ਼ ਨਹੀਂ ਕੀਤਾ ਜਾ ਰਿਹਾ। 1984 ਦੇ ਨੀਲਾ ਤਾਰਾ ਸਾਕਾ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਹੋਏ ਨੁਕਸਾਨ ਦੇ ਇਕ ਹਜ਼ਾਰ ਕਰੋੜ ਦੇ ਮੁਆਵਜ਼ੇ ਦੇ ਕੇਸ ਨੂੰ ਮੁੜ ਸ਼ੁਰੂ ਕਰਨ ਬਾਰੇ ਉਨ੍ਹਾਂ ਕਿਹਾ ਕਿ ਇਸ ਕੇਸ ਨੂੰ ਮੁੜ ਚਲਾਉਣ ਦਾ ਫੈਸਲਾ ਅਦਾਲਤ ਦੀ ਪ੍ਰਵਾਨਗੀ 'ਤੇ ਨਿਰਭਰ ਕਰਦਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਹਲਫੀਆ ਬਿਆਨ ਦਾਇਰ ਕਰ ਚੁੱਕੀ ਹੈ।

# FREE BHULLAR

## END DEATH PENALTY



# ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਦਾ ਸਰਕਾਰੀ ਕਤਲ ਰੋਕਣ ਲਈ ਭਾਰਤ ਸਰਕਾਰ ਵਿਰੁਧ ਮੁਜ਼ਾਹਰਾ ਕਰਨ ਵਾਸਤੇ ਹੁਮ-ਹੁਮਾਂ ਕੇ ਪਹੁੰਚੋ

## THURSDAY • APRIL 18, 2013 • 12PM

**Consulate General of India, New York • 64th Street & 5th Avenue (Manhattan)**

### ਸਿੱਖਾਂ ਲਈ ਭਾਰਤ ਵਿੱਚ ਦੂਹਰਾ ਮਾਪਦੰਡ

- ਪ੍ਰੋ ਦਵਿੰਦਰਪਾਲ ਸਿੰਘ ਵਿਰੁਧ ਭੁਗਤਣ ਵਾਲੇ 133 ਗਵਾਹਾਂ ਵਿੱਚੋ ਕਿਸੇ ਨੇ ਵੀ ਉਸਦੀ ਸਨਾਖਤ (ਪਹਿਚਾਨ) ਨਾ ਕੀਤੀ ਪਰ ਫਿਰ ਵੀ ਫਾਂਸੀ
- ਸੀਨੀਅਰ ਜੱਜ ਐਮ ਬੀ ਸ਼ਾਹ ਵਲੋਂ ਪ੍ਰੋ ਭੁੱਲਰ ਨੂੰ ਬਾਇਜ਼ਤ ਬਰੀ ਕਰਨਾ ਅਤੇ ਇਹਨਾਂ ਸੁਪਰੀਮ ਕੋਰਟ ਦੇ ਤਿਨ ਜੱਜਾਂ ਦੀ ਆਪਸੀ ਸਹਿਮਤੀ ਨਾਂ ਹੋਣ ਦੇ ਬਾਵਜੂਦ ਵੀ ਫਾਂਸੀ
- ਇਸੇ ਕੇਸ ਵਿੱਚ ਸ਼ਾਮਿਲ 3 ਹੋਰ ਵਿਅਕਤੀ ਬਰੀ ਪਰ ਭੁੱਲਰ ਨੂੰ ਫਾਂਸੀ
- ਹਿੰਦੂਸਤਾਨ ਵਿੱਚ ਪਹਿਲੀ ਵਾਰ ਸ਼ੱਕ ਦੇ ਆਧਾਰ ਤੇ ਫਾਂਸੀ ਇੱਕ ਸਿੱਖ ਭਾਈ ਕਿਹਰ ਸਿੰਘ ਨੂੰ ਅਤੇ ਹੁਣ ਪੁਲਿਸ ਤਸ਼ਦੱਦ ਦੌਰਾਨ ਧੱਕੇ ਨਾਲ ਲਏ ਗਏ ਇਕਬਾਲੀਆ ਦੇ ਆਧਾਰ ਤੇ ਫਾਂਸੀ ਪ੍ਰੋ ਦਵਿੰਦਰਪਾਲ ਸਿੰਘ ਨੂੰ
- ਪੜੇ-ਲਿਖੇ ਵਿਅਕਤੀ ਤੋਂ ਜਬਰਦਸਤੀ ਖਾਲੀ ਕਾਗਜ਼ਾਂ ਤੇ ਅੰਗੂਠਾ ਲੁਆਕੇ ਲਏ ਗਏ ਇਕਬਾਲੀਆ ਬਿਆਨ ਦੇ ਆਧਾਰ ਤੇ ਫਾਂਸੀ
- 1 ਨੰਵਬਰ 1984 ਨੂੰ ਦਿੱਲੀ ਕਤਲੇਆਮ ਵਿੱਚ ਇੱਕ ਝਟਕਈ ਕਿਸ਼ੋਰੀ ਲਾਲ ਵਲੋਂ 7 ਸਿੱਖ ਪਰਿਵਾਰਾਂ ਦਾ ਕਤਲ ਅਤੇ ਉਸਨੂੰ 3 ਫਾਂਸੀਆਂ ਦੀ ਸਜ਼ਾ। ਫਿਰ ਸੁਪਰੀਮ ਕੋਰਟ ਵਲੋਂ ਹੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਪਰ ਪ੍ਰੋ ਭੁੱਲਰ ਵੇਲੇ ਇਹ ਤਬਦੀਲੀ ਦੀ ਬਜਾਏ ਫਾਂਸੀ
- ਇਸੇ ਹੱਟੇ-ਕੱਟੇ ਕਿਸੋਰੀ ਲਾਲ ਨੂੰ ਪਿਛਲੀ ਫਰਵਰੀ ਵਿੱਚ ਉਮਰ ਕੈਦ ਵੀ ਮੁਆਫ ਪਰ ਪ੍ਰੋ ਭੁੱਲਰ ਨੂੰ ਬਿਮਾਰ ਹੋਣ ਦੀ ਸੂਰਤ ਵਿੱਚ ਵੀ ਫਾਂਸੀ

**SIKH YOUTH OF AMERICA • AKALI DAL AMRITSAR • PANTHIK SIKH SOCIETY • DAL KHALSA
AMERICAN SIKH ORGANIZATION • BABA BANDA SINGH BHADHAR SOCIETY • SIKHS FOR JUSTICE**

AVTAR SINGH 718-207-1394 • SURJEET SINGH 917-434-2483 • HIMAT SINGH 646-358-7745 • BAKHSISH SINGH 215-802-1750
KARNAIL SINGH 646-610-0981 • RAJINDER SINGH 917-892-2401 • JASBIR SINGH 646-775-0062

ਪੰਜਾਬ ਟਾਈਮਜ਼

ਸਨਿਚਰਵਾਰ, 20 ਅਪਰੈਲ 2013

## ਭੁੱਲਰ ਕੇਸ ਬਨਾਮ ਲੜਾਈ ਦੀ ਧਾਰ

ਦਵਿੰਦਰਪਾਲ ਸਿੰਘ ਭੁੱਲਰ ਦਾ ਕੇਸ ਅੱਜ ਜਿਸ ਮੁਕਾਮ 'ਤੇ ਪੁੱਜ ਗਿਆ ਹੈ, ਉਸ ਨੇ ਪੰਜਾਬ ਦੇ ਸੰਕਟ ਵਾਲੇ ਦਿਨਾਂ ਦੇ ਉਹ ਵਰਕੇ ਖੋਲ੍ਹ ਅਤੇ ਫਰੋਲ ਦਿੱਤੇ ਹਨ ਜਿਨ੍ਹਾਂ ਨੇ ਪੰਜਾਬੀ ਬੰਦੇ ਦਾ ਜਿਸਮ ਅਤੇ ਰੂਹ ਪੱਛ ਕੇ ਰੱਖ ਦਿੱਤੀ ਸੀ। ਜਿਨ੍ਹਾਂ ਨੇ ਉਹ ਦੌਰ ਦੇਖਿਆ ਹੈ, ਉਨ੍ਹਾਂ ਨੂੰ ਉਹ ਦੌਰ ਕੱਲ੍ਹ ਦੀ ਕਿਸੇ ਘਟਨਾ ਵਾਂਗ ਯਾਦ ਰਹਿੰਦਾ ਹੈ। ਜਿਨ੍ਹਾਂ ਉਤੇ ਉਸ ਦੌਰ ਦੀ ਮਾਰ ਪਈ ਹੈ, ਉਨ੍ਹਾਂ ਦੇ ਦਰਦ ਦੀਆਂ ਕਹਾਣੀਆਂ ਤਾਂ ਅੱਜ ਤੱਕ ਵੀ ਮੁੱਕਣ ਵਿਚ ਨਹੀਂ ਆ ਰਹੀਆਂ। ਉਦੋਂ ਗੱਲ ਤਾਂ ਨਿਰੀ ਸੂਬੇ ਦੀ ਸਿਆਸਤ ਅਤੇ ਸਿਆਸਤ ਵਿਚ ਆਪੋ-ਆਪਣੀ ਪੈਂਠ ਬਣਾਉਣ ਜਾਂ ਬਰਕਰਾਰ ਰੱਖਣ ਦੀ ਸੀ, ਪਰ ਉਸ ਤੱਤੜੇ ਸਮੇਂ ਦੌਰਾਨ ਲੋਕਾਂ, ਖਾਸ ਕਰ ਕੇ ਨੌਜਵਾਨ ਵਰਗ ਨਾਲ ਜੋ ਹੋਈ-ਬੀਤੀ, ਉਸ ਨੂੰ ਛੇਤੀ ਕੀਤੇ ਭੁਲਾਉਣਾ ਆਪਣੇ-ਆਪ ਨੂੰ ਧੋਖਾ ਦੇਣ ਦੇ ਬਰਾਬਰ ਹੀ ਹੈ। ਉਸ ਅਣਮਨੁੱਖੀ ਵਰਤਾਰੇ ਨੇ ਮਨੁੱਖ ਦੇ ਮਨੁੱਖ ਹੋਣ ਉਤੇ ਹੀ ਸਵਾਲ ਖੜ੍ਹਾ ਕਰ ਦਿੱਤਾ ਸੀ। ਭੁੱਲਰ ਦਾ ਕੇਸ ਅੱਜ ਉਸੇ ਅਣਮਨੁੱਖੀ ਵਰਤਾਰੇ ਦੀ ਹੀ ਇਕ ਨੁਮਾਇੰਦਾ ਮਿਸਾਲ ਬਣ ਕੇ ਸਾਹਮਣੇ ਆਇਆ ਹੈ। ਭੁੱਲਰ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਹੋਈ ਇਕ ਹਿੰਸਕ ਵਾਰਦਾਤ ਦੇ ਸਿਲਸਿਲੇ ਵਿਚ ਪਿਛਲੇ 18 ਸਾਲ ਤੋਂ ਜੇਲ੍ਹ ਅੰਦਰ ਬੰਦ ਹੈ। ਫਾਂਸੀ ਦੀ ਸਜ਼ਾ ਉਸ ਨੂੰ ਦਿੱਤੀ ਹੋਈ ਹੈ। ਉਸ ਦੀ ਜ਼ਿੰਦਗੀ ਬਚਾਉਣ ਦੇ ਰਾਸਤੇ ਇਕ ਇਕ ਕਰ ਕੇ ਬੰਦ ਹੋ ਰਹੇ ਹਨ। ਹਥਿਆਰਾਂ ਅਤੇ ਹਿੰਸਾ ਦੀ ਥਾਂ ਜ਼ਿੰਦਗੀ ਨੂੰ ਸਲਾਮ ਆਖਣ ਵਾਲੇ ਸਿਰੜੀ ਲੋਕ, ਅੱਜ ਵੀ ਭਾਵੇਂ ਇਸ ਜਿੰਦੜੀ ਨੂੰ ਬਚਾਉਣ ਦਾ ਹੀਲਾ-ਵਸੀਲਾ ਕਰ ਰਹੇ ਹਨ, ਪਰ ਅਜੇ ਕਿਸੇ ਦੀ ਕੋਈ ਵਾਹ-ਪੇਸ਼ ਨਹੀਂ ਜਾ ਰਹੀ। ਇਨ੍ਹਾਂ ਦਾ ਸਾਹਮਣਾ ਉਸ ਸਟੇਟ ਨਾਲ ਹੋ ਰਿਹਾ ਹੈ ਜਿਹੜੀ ਕਾਗਜ਼ਾਂ ਵਿਚ ਅਤੇ ਗੱਲੀਂ-ਬਾਤੀਂ ਤਾਂ ਜਮਹੂਰੀਅਤ ਦਾ ਝੰਡਾ-ਬਰਦਾਰ ਹੈ, ਪਰ ਅਸਲ ਵਿਚ ਇਸ ਦਾ ਖਾਸਾ ਆਵਾਮ ਦੇ ਵਿਰੁਧ ਭੁਗਤਦਾ ਹੈ। ਸਟੇਟ ਦਾ ਇਹ ਵਰਤਾਰਾ ਇੰਨਾ ਗੁੰਝਲਦਾਰ ਅਤੇ ਸੂਖਮ ਤੰਦਾਂ ਨਾਲ ਗੁੰਦਿਆ ਹੋਇਆ ਹੈ ਕਿ ਬਹੁਤ ਵਾਰ ਇਸ ਦੀ ਚਾਲ-ਢਾਲ ਦਾ ਪਤਾ ਤੱਕ ਨਹੀਂ ਲਗਦਾ। ਇਸੇ ਚਾਲ-ਢਾਲ ਵਿਚੋਂ ਹੀ ਅਗਾਂਹ ਸਿਆਸਤ ਦੀਆਂ ਲੜੀਆਂ ਤੁਰਦੀਆਂ ਹਨ। ਇਹ ਸਿਆਸਤ ਕਦੀ ਹਥਿਆਰਾਂ ਤੇ ਹਿੰਸਾ ਦੇ ਦਾਅ ਵਰਤਦੀ ਹੈ ਅਤੇ ਕਦੀ ਕੋਈ ਹੋਰ ਹਥਿਆਰ ਚਲਾਉਂਦੀ ਹੈ। ਹੁਣ ਵੀ ਜਿਹੜੀ ਸਿਆਸਤ ਹੋ ਰਹੀ ਹੈ, ਉਹ ਭਾਵੇਂ ਹਥਿਆਰਾਂ ਅਤੇ ਹਿੰਸਾ ਤੋਂ ਬਗੈਰ ਹੋ ਰਹੀ ਹੈ; ਪਰ ਰਤਾ ਕੁ ਕੁਰੇਦ ਕੇ ਦੇਖਣ 'ਤੇ ਹਕੀਕਤ ਦਾ ਪਤਾ ਲੱਗ ਜਾਂਦਾ ਹੈ। ਇਹ ਉਹੀ ਸਿਆਸਤ ਹੈ ਜਿਸ ਨੇ ਹਰ ਦੌਰ 'ਚ ਨੌਜਵਾਨਾਂ ਦੇ ਹੱਥਾਂ ਵਿਚੋਂ ਰਿਜ਼ਕ ਹੀ ਨਹੀਂ, ਸਗੋਂ ਉਨ੍ਹਾਂ ਦੀ ਜ਼ਿੰਦਗੀ ਵੀ ਖੋਹ ਲਈ ਅਤੇ ਫਿਰ ਲਹੂ ਦਾ ਖੱਪਰ ਪੀ ਕੇ ਉਸੇ ਚਾਲੇ ਚੱਲਦੀ ਰਹੀ ਹੈ।

ਜਿਸ ਤਰ੍ਹਾਂ ਉਸ ਦੌਰ ਬਾਰੇ ਸਾਰੀਆਂ ਧਿਰਾਂ ਦੀ ਵੱਖ-ਵੱਖ ਪਹੁੰਚ ਸੀ, ਭੁੱਲਰ ਦੇ ਕੇਸ ਬਾਰੇ ਹੁਣ ਵੀ ਉਸੇ ਤਰ੍ਹਾਂ ਦੀ ਪਹੁੰਚ ਸਾਹਮਣੇ ਆ ਰਹੀ ਹੈ। ਮਨੁੱਖੀ ਹੱਕਾਂ ਲਈ ਜੂਝ ਰਹੇ ਕਾਰਕੁਨ ਸਮੁੱਚੇ ਰੂਪ ਵਿਚ ਫਾਂਸੀ ਨੂੰ ਸਰਕਾਰੀ ਜਾਂ ਅਦਾਲਤੀ ਕਤਲ ਕਰਾਰ ਦੇ ਕੇ ਇਸ ਖਿਲਾਫ ਮੁਹਿੰਮ ਚਲਾ ਰਹੇ ਹਨ। ਸੱਤਾਧਾਰੀ ਅਕਾਲੀ ਦਲ ਦਾ ਤਰਕ ਨਿਰਾ-ਪੁਰਾ ਸੱਤਾ ਨਾਲ ਹੀ ਜੁੜਿਆ ਹੋਇਆ ਹੈ। ਅਖੇ, ਜੇ ਫਾਂਸੀ ਦਿੱਤੀ ਤਾਂ ਪੰਜਾਬ ਦਾ ਮਾਹੌਲ ਫਿਰ ਖਰਾਬ ਹੋ ਸਕਦਾ ਹੈ। ਇਸ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਪਹਿਲਾਂ ਵਾਂਗ ਹੀ ਆਪਣੇ ਪਿਛਾਖੜੀ ਪੈਂਤੜੇ ਉਤੇ ਕਾਇਮ ਹੈ। ਕਮਿਊਨਿਸਟ ਧਿਰਾਂ ਖਾਮੋਸ਼ ਹਨ। ਹਾਂ, ਇਸ ਵਿਚਾਰਧਾਰਾ ਨਾਲ ਜੁੜੇ ਸੰਜੀਦਾ ਲੋਕ ਪੂਰਾ ਪਿੜ ਮੱਲ ਕੇ ਫਾਂਸੀ ਦਾ ਵਿਰੋਧ ਕਰ ਰਹੇ ਹਨ। ਬਚਦੀਆਂ ਖਾੜਕੂ ਸਫਾਂ ਤੇਲ ਦੀ ਧਾਰ ਦੇਖ ਰਹੀਆਂ ਹਨ। ਇਹ ਸਫਾਂ ਢਿੱਡੋਂ ਭੁੱਲਰ ਲਈ ਕੀਤੀਆਂ ਰਹਿਮ ਦੀਆਂ ਅਪੀਲਾਂ ਦੇ ਹੱਕ ਵਿਚ ਨਹੀਂ, ਪਰ ਸਮਝਣ ਵਾਲਾ ਤੱਥ ਇਹ ਹੈ ਕਿ ਭੁੱਲਰ ਦਾ ਕੇਸ ਕਿਸੇ ਡੋਲੇ ਹੋਏ ਬੰਦੇ ਦੀ ਕਹਾਣੀ ਨਹੀਂ, ਸਗੋਂ ਲਗਾਤਾਰ ਤਸ਼ੱਦਦ ਸਹਿ ਰਹੇ ਕਿਸੇ ਜਿਉੜੇ ਦੀ ਦਰਦ ਕਥਾ ਹੈ। ਇਸ ਸਬੰਧ ਵਿਚ ਸਭ ਤੋਂ ਸੁੱਚਾ ਸੱਚ ਭੁੱਲਰ ਦੀ ਪਤਨੀ ਨਵਨੀਤ ਕੌਰ ਭੁੱਲਰ ਦਾ ਹੈ। ਭੁੱਲਰ ਦੀ ਜਾਨ ਬਚਾਉਣ ਲਈ ਹੇਠਲੀ ਉਤੇ ਕਰ ਰਹੀ ਨਵਨੀਤ ਨੇ ਇਹ ਦਰਦ ਸਾਂਝਾ ਕੀਤਾ ਹੈ ਕਿ ਉਹ ਅਤੇ ਉਸ ਦਾ ਪਰਿਵਾਰ ਹੇਠਲੀ ਅਦਾਲਤ ਵਿਚ ਭੁੱਲਰ ਦਾ ਕੇਸ ਸਹੀ ਢੰਗ ਨਾਲ ਲੜ ਨਹੀਂ ਸਕੇ, ਕਿਉਂਕਿ ਉਸ ਵੇਲੇ ਦਹਿਸ਼ਤ ਇੰਨੀ ਜ਼ਿਆਦਾ ਸੀ ਕਿ ਪਰਿਵਾਰ ਦਾ ਕੋਈ ਜੀਅ ਭਾਰਤ ਪੁੱਜ ਕੇ ਕੇਸ ਦੀ ਸਹੀ ਢੰਗ ਨਾਲ ਪੈਰਵੀ ਨਾ ਕਰ ਸਕਿਆ। ਪਰਿਵਾਰ ਦੇ ਦੋ ਜੀਅ ਪੁਲਿਸ ਨੇ ਪਹਿਲਾਂ ਹੀ ਖਪਾ ਦਿੱਤੇ ਸਨ ਜਿਨ੍ਹਾਂ ਬਾਰੇ ਅੱਜ ਤੱਕ ਕੋਈ ਸੂਹ ਨਹੀਂ ਮਿਲੀ ਹੈ। ਉਦੋਂ ਜਿਨ੍ਹਾਂ ਸਫਾਂ ਨੇ ਭੁੱਲਰ ਦੀ ਖਾਤਰ ਪਰਿਵਾਰ ਦੀ ਥਾਂ ਲੈਣੀ ਸੀ, ਉਨ੍ਹਾਂ ਲਈ ਸ਼ਾਇਦ ਹੋਰ ਏਜੰਡੇ ਵੱਧ ਅਹਿਮ ਸਨ। ਨਵਨੀਤ ਦਾ ਇਹੀ ਸੱਚ ਅਸਲ ਵਿਚ ਭੁੱਲਰ ਕੇਸ ਦੀ ਅਗਲੀ ਕੜੀ ਬਣਦਾ ਹੈ ਅਤੇ ਇਹ ਸੱਚ ਭੁੱਲਰ ਕੇਸ ਦੀ ਤਹਿ ਤੇ ਵਰਤਾਰੇ ਦੀਆਂ ਜੜ੍ਹਾਂ ਫਰੋਲਣ ਦਾ ਜ਼ਰੀਆ ਬਣ ਸਕਦਾ ਹੈ। ਅਸਲ ਵਿਚ ਇਹੀ ਇਕ ਸੱਚ ਹੈ ਜਿਹੜਾ ਕਿਸੇ ਵੀ ਲੜਾਈ ਦੀ ਧਾਰ ਬੰਨ੍ਹਣ ਵਿਚ ਸਹਾਈ ਹੁੰਦਾ ਹੈ। ਜੇ ਲੜਾਈ ਚੱਲ ਰਹੀ ਹੈ ਤਾਂ ਇਸ ਦੀ ਧਾਰ ਦਾ ਪਾਸਾਰ ਹਰ ਪਾਸੇ ਫੈਲਣਾ ਚਾਹੀਦਾ ਹੈ। ਜੇ ਅਜਿਹਾ ਨਹੀਂ ਤਾਂ ਲੜਾਈ ਦਾ ਸੱਚ ਫਿੱਕਾ ਪੈਣ ਲੱਗਦਾ ਹੈ। ਨਵਨੀਤ ਤੜਫ ਕੇ ਆਖਦੀ ਹੈ ਕਿ ਹੁਣ ਤਾਂ ਉਸ ਦਾ ਸਰਕਾਰ ਉਤੇ ਕੋਈ ਯਕੀਨ ਨਹੀਂ ਹੈ। ਨਵਨੀਤ ਦੀ ਇਹ ਤੜਫਾਹਟ ਇਸ ਫਿਕਰ ਵਿਚੋਂ ਨਿਕਲਦੀ ਹੈ ਕਿ ਬਿਮਾਰ ਹੋਣ ਦੇ ਬਾਵਜੂਦ ਸਰਕਾਰ ਕਿਸੇ ਦਿਨ ਭੁੱਲਰ ਨੂੰ ਚੁੱਪ-ਚੁਪੀਤੇ ਫਾਂਸੀ ਲਾ ਦੇਵੇਗੀ। ਇਹ ਫਿਕਰ, ਸੱਚ ਦੇ ਬਹੁਤ ਨੇੜੇ ਹੈ ਜਿਸ ਦਾ ਜ਼ਿਕਰ ਉਪਰ ਕੀਤਾ ਜਾ ਚੁੱਕਾ ਹੈ। ਇਸ ਫਿਕਰ ਲਈ ਅੱਜ ਜਿੰਨਾ ਫਿਕਰ ਕੀਤਾ ਜਾ ਸਕੇ, ਉਨਾ ਹੀ ਘੱਟ ਹੈ; ਕਿਉਂਕਿ ਮਸਲਾ ਉਸ ਡਾਢੇ ਦੌਰ ਵਿਚੋਂ ਬਚ ਗਈ ਜ਼ਿੰਦੜੀ ਨੂੰ ਬਚਾਉਣ ਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਮੋਦੀ ਤੇ ਮੀਡੀਆ!


ਯੁੱਧ 'ਪੰਜੇ' ਤੇ 'ਕਮਲ' ਦਾ ਸ਼ੁਰੂ ਹੋਇਆ, ਤਿੱਖੇ ਲੱਗ ਪਏ ਕਰਨ ਹਥਿਆਰ ਬੇਲੀ।
ਜੋੜ ਤੋੜ ਕਰ ਲਾਉਂਦੇ ਨੇ ਤੀਰ-ਤੁੱਕੇ, 'ਆਮ ਖਾਸ' ਵੀ ਹੋਏ ਹੁਸ਼ਿਆਰ ਬੇਲੀ।
ਪੱਲੇ ਕਿਸੇ ਦੇ ਕੋਈ ਅਸੂਲ ਹੈ ਨਹੀਂ, ਕਿਸਮਤ ਦੇਸ਼ ਦੀ ਦਿਸੇ ਬੀਮਾਰ ਬੇਲੀ।
ਲਾਲ ਕਿਲੇ ਤੋਂ ਬੋਲਣ ਲਈ ਪੈਣ ਕਾਹਲੇ, ਰੋਗੀ ਕਈ, ਪਰ ਇੱਕ ਅਨਾਰ ਬੇਲੀ।
ਘੱਟ-ਗਿਣਤੀਆਂ ਗਮਾਂ ਵਿਚ ਡੁੱਬੀਆਂ ਨੇ, ਭਗਵੇਂ ਰੰਗ ਤੋਂ ਹੋਈਆਂ ਲਾਚਾਰ ਬੇਲੀ।
ਕਤਲੇਆਮ ਵਿਸਾਰ ਗੁਜਰਾਤ ਵਾਲਾ, ਬਣਿਆ ਮੀਡੀਆ ਮੋਦੀ ਦਾ ਯਾਰ ਬੇਲੀ!

## ਭੁੱਲਰ ਨੂੰ ਫਾਂਸੀ ਦੀ ਸਜ਼ਾ

# ਘੱਟਗਿਣਤੀਆਂ ਨੂੰ ਬੇਚੈਨ ਕਰਨਾ ਦੇਸ਼ ਹਿੱਤ ਵਿਚ ਕਿਵੇਂ?

***ਸਜ਼ਾ, ਅਪਰਾਧ ਘਟਾਉਣ ਅਤੇ ਲੋਕਾਂ ਨੂੰ ਸੁਰੱਖਿਆ ਦੇਣ ਵਾਲਾ ਵਾਤਾਵਰਨ ਪੈਦਾ ਕਰਨ ਲਈ ਦਿੱਤੀ ਜਾਂਦੀ ਹੈ। ਜੋ ਸਜ਼ਾ ਦੇਸ਼ ਦੇ ਵੱਡੇ ਵਰਗਾਂ ਦਾ ਕਾਨੂੰਨ ਵਿਚੋਂ ਵਿਸ਼ਵਾਸ ਉਠਾਉਣ, ਉਨ੍ਹਾਂ ਦੀ ਬੇਚੈਨੀ ਵਧਾਉਣ ਦਾ ਕਾਰਨ ਬਣਦੀ ਹੋਵੇ ਤਾਂ ਇਹ ਦੇਸ਼ ਹਿੱਤ ਜਾਂ ਅਪਰਾਧ ਖ਼ਤਮ ਕਰਨ ਵਾਲੀ ਕਿਵੇਂ ਹੋ ਸਕਦੀ ਹੈ?...ਮੌਜੂਦਾ ਦੌਰ ਵਿਚ ਕਿਸੇ ਵੀ ਤਰ੍ਹਾਂ ਦੀ ਹਿੰਸਕ ਸਰਗਰਮੀ ਦਾ ਸਮਰਥਨ ਨਹੀਂ ਕੀਤਾ ਜਾ ਸਕਦਾ, ਪਰ ਕਿਸੇ ਰਾਜਨੀਤਿਕ ਅੰਦੋਲਨ ਨਾਲ ਜੁੜੇ ਕਿਸੇ ਵਿਚਾਰ ਦੇ ਪ੍ਰਭਾਵ ਵਿਚ ਜਾਂ ਹਾਲਾਤ ਦੇ ਪ੍ਰਭਾਵ ਹੇਠ ਆ ਕੇ ਹਿੰਸਕ ਗਤੀਵਿਧੀ ਵਿਚ ਪਏ ਬੰਦੇ ਤੋਂ ਸੁਧਰਨ ਦੀ ਉਮੀਦ ਨਿੱਜੀ ਮੁਫਾਦ ਕਾਰਨ ਕਤਲ ਕਰਨ ਵਾਲੇ ਨਾਲੋਂ ਜ਼ਿਆਦਾ ਰੱਖੀ ਜਾ ਸਕਦੀ ਹੈ।***

ਪਿਛਲੇ ਪੰਜ ਮਹੀਨਿਆਂ ਵਿਚ ਕਸਾਬ ਅਤੇ ਅਫ਼ਜ਼ਲ ਗੁਰੂ ਦੀ ਫਾਂਸੀ ਤੋਂ ਬਾਅਦ ਫਾਂਸੀ ਦੇ ਮੁੱਦੇ ਉੱਤੇ ਬਹਿਸ ਜਾਰੀ ਹੈ। ਕਸਾਬ ਨੂੰ 21 ਨਵੰਬਰ 2012 ਅਤੇ ਅਫ਼ਜ਼ਲ ਗੁਰੂ ਨੂੰ 9 ਫਰਵਰੀ 2013 ਨੂੰ ਫਾਂਸੀ ਦਿੱਤੀ ਗਈ। ਇਸ ਤੋਂ ਪਹਿਲਾਂ 2004 ਵਿਚ ਧਨੰਜੈ ਚੈਟਰਜੀ ਨੂੰ ਫਾਂਸੀ ਦਿੱਤੀ ਗਈ ਸੀ। ਕਸਾਬ ਦੇ ਪਾਕਿਸਤਾਨੀ ਨਾਗਰਿਕ ਹੋਣ ਕਰ ਕੇ ਜ਼ਿਆਦਾ ਵਿਵਾਦ ਨਹੀਂ ਹੋਇਆ ਪਰ ਅਫ਼ਜ਼ਲ ਗੁਰੂ ਦੀ ਫਾਂਸੀ ਨੂੰ ਕਸ਼ਮੀਰੀਆਂ ਨੇ ਇੱਕ ਆਵਾਜ਼ ਹੋ ਕੇ ਇਸ ਨੂੰ ਸਰਕਾਰੀ ਕਤਲ ਕਰਾਰ ਦਿੱਤਾ। ਇੱਥੋਂ ਤੱਕ ਕਿ ਸੁਪਰੀਮ ਕੋਰਟ ਦੇ ਮੁੱਖ ਜੱਜ ਨੇ ਵੀ ਅਫਜ਼ਲ ਗੁਰੂ ਦੇ ਘਰ ਵਾਲਿਆਂ ਨੂੰ ਇੱਕ



ਹਮੀਰ ਸਿੰਘ
ਫ਼ੋਨ: 91-96460-12426

ਵਾਰ ਮਿਲਣ ਅਤੇ ਕਾਨੂੰਨੀ ਚਾਰਾਜੋਈ ਕਰਨ ਦਾ ਮੌਕਾ ਨਾ ਦੇਣ ਦੀ ਗਲਤੀ ਮੰਨੀ ਹੈ। ਦੇਸ਼ ਦੇ ਬੁੱਧੀਜੀਵੀਆਂ ਦੇ ਵੱਡੇ ਵਰਗ ਨੇ ਇਸ ਤਰ੍ਹਾਂ ਫਾਂਸੀ ਦੇਣ ਦੇ ਤਰੀਕੇ ਉੱਤੇ ਸੁਆਲ ਉਠਾਉਣ ਦੇ ਨਾਲ ਨਾਲ ਫਾਂਸੀ ਦੀ ਸਜ਼ਾ ਦੇ ਮੂਲ ਮੁੱਦੇ ਉੱਤੇ ਵੀ ਸੰਵਾਦ ਰਚਾਇਆ।

12 ਅਪਰੈਲ ਨੂੰ ਦਵਿੰਦਰ ਪਾਲ ਸਿੰਘ ਭੁੱਲਰ ਦੀ ਫਾਂਸੀ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਇੱਕ ਵਾਰ ਫਿਰ ਨਵੇਂ ਵਿਵਾਦ ਨੇ ਜਨਮ ਲਿਆ ਹੈ। ਅਕਾਲ ਤਖਤ ਦੇ ਜਥੇਦਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਬਹੁਤ ਸਾਰੀਆਂ ਜਥੇਬੰਦੀਆਂ ਨੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਮੰਦਭਾਗਾ ਕਰਾਰ ਦੇ ਕੇ ਫਾਂਸੀ ਨਾ ਦੇਣ ਦੀ ਅਪੀਲ ਕੀਤੀ ਹੈ।

ਇਸ ਤੋਂ ਪਹਿਲਾਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੇਣ ਦੀ ਤਾਰੀਖ ਤੈਅ ਹੋਣ ਤੋਂ ਬਾਅਦ ਪੰਜਾਬ ਅਤੇ ਦੇਸ਼ ਵਿਦੇਸ਼ ਦੇ ਸਿੱਖਾਂ ਵਿਚ ਜਿਸ ਤਰ੍ਹਾਂ ਦਾ ਪ੍ਰਤੀਕਰਮ ਹੋਇਆ, ਇਸ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਸਜ਼ਾ ਉੱਤੇ ਅਮਲ ਰੋਕ ਦਿੱਤਾ ਸੀ।

ਤਾਮਿਲਨਾਡੂ ਦੀ ਵਿਧਾਨ ਸਭਾ ਨੇ ਰਾਜੀਵ ਗਾਂਧੀ ਦੀ ਹੱਤਿਆ 'ਚ ਸ਼ਾਮਲ ਤਿੰਨ ਦੋਸ਼ੀਆਂ ਦੀ ਫਾਂਸੀ ਦੀ ਸਜ਼ਾ ਖ਼ਤਮ ਕਰ ਕੇ ਉਮਰ ਕੈਦ ਵਿਚ ਤਬਦੀਲ ਕਰਨ ਦੀ ਮੰਗ ਵਾਲਾ ਮਤਾ ਪਾਸ ਕੀਤਾ। ਜੰਮੂ ਕਸ਼ਮੀਰ ਵਿਧਾਨ ਸਭਾ ਅਫ਼ਜ਼ਲ ਗੁਰੂ ਦੀ ਫਾਂਸੀ ਦੇ ਮੁੱਦੇ ਦੇ ਅਸਰ ਵਿਚੋਂ ਬਾਹਰ ਨਹੀਂ ਆ ਸਕੀ। ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਟਵਿੱਟਰ ਉੱਤੇ ਲਿਖਿਆ ਸੀ-'ਜੇ ਜੰਮੂ ਕਸ਼ਮੀਰ ਵਿਧਾਨ ਸਭਾ ਵੀ ਤਾਮਿਲਨਾਡੂ ਦੀ ਤਰ੍ਹਾਂ ਮਤਾ ਪਾਸ ਕਰ ਦਿੰਦੀ ਤਾਂ ਪਤਾ ਨਹੀਂ ਸਾਡੇ ਉੱਪਰ ਅਤਿਵਾਦੀ-ਵੱਖਵਾਦੀ ਹੋਣ ਦੇ ਕਿੰਨੇ ਇਲਜ਼ਾਮ ਲੱਗਣੇ ਸਨ'।

ਭੁੱਲਰ ਦੇ ਮਾਮਲੇ ਵਿਚ ਵੀ ਅਫ਼ਜ਼ਲ ਗੁਰੂ ਵਾਂਗ ਕਾਨੂੰਨੀ ਪੱਖ ਤੋਂ ਕਮਜ਼ੋਰੀਆਂ ਦੱਸੀਆਂ ਜਾ ਰਹੀਆਂ ਹਨ। ਪਹਿਲਾ ਨੁਕਤਾ ਇਹ ਹੈ ਕਿ ਭੁੱਲਰ ਦੇ ਇਕਬਾਲੀਆ ਬਿਆਨ ਨੂੰ ਹੀ ਆਧਾਰ ਬਣਾਇਆ ਗਿਆ ਹੈ। ਸ਼ੁਰੂ ਵਿਚ ਉਨ੍ਹਾਂ ਕੋਈ ਕਾਨੂੰਨੀ ਪੱਖ ਸਪੱਸ਼ਟ ਕਰਨ ਵਾਲੇ ਵਕੀਲ ਦੀ ਸਹੂਲਤ ਵੀ ਨਹੀਂ ਸੀ। ਦੂਜਾ, ਇਹ ਤਿੰਨ ਮੈਂਬਰੀ ਬੈਂਚ ਦਾ ਸਰਬਸੰਮਤ ਫੈਸਲਾ ਨਹੀਂ ਹੈ। ਇੱਕ ਜੱਜ ਨੇ ਤਾਂ ਸਜ਼ਾ ਮੁਆਫ ਕਰਨ ਦਾ ਆਪਣਾ ਪੱਖ ਲਿਖਵਾਇਆ। ਤੀਜਾ, ਯੂਰਪੀ ਯੂਨੀਅਨ ਦੇ ਮੈਂਬਰ ਕਿਸੇ ਦੇਸ਼ ਵਿਚ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾਂਦੀ। ਯੂਰਪੀਅਨ ਯੂਨੀਅਨ ਦੇ ਬੁਨਿਆਦੀ ਅਧਿਕਾਰਾਂ ਦੇ ਆਰਟੀਕਲ 2 ਤਹਿਤ ਫਾਂਸੀ ਦੀ ਸਜ਼ਾ ਦੀ ਮਨਾਹੀ ਹੈ। ਯੂਰਪੀ ਯੂਨੀਅਨ ਦੇ ਦੇਸ਼ਾਂ ਵਿਚ ਤਾਂ ਮੌਤ ਦੀ ਸਜ਼ਾ ਦੇਣ ਦੀ ਹਾਲਤ ਵਿਚ ਕਿਸੇ ਹੋਰ ਦੇਸ਼ ਦੇ ਨਾਗਰਿਕ ਨੂੰ ਵੀ ਨਾ ਸੌਂਪਣ ਦੀ ਮਨਾਹੀ ਹੈ। ਦਵਿੰਦਰ ਪਾਲ ਸਿੰਘ ਭੁੱਲਰ ਨੂੰ ਜਰਮਨ ਏਅਰਪੋਰਟ ਤੋਂ ਹੀ ਭਾਰਤ ਸਰਕਾਰ ਨੇ ਡੀਪੋਰਟ ਕਰਵਾ ਲਿਆ ਸੀ, ਜਰਮਨ ਸਰਕਾਰ ਇਸ ਨੂੰ ਆਪਣੀ ਭੁੱਲ ਮੰਨ ਰਹੀ ਹੈ ਅਤੇ ਇਸੇ ਕਰ ਕੇ ਜਰਮਨ ਸਰਕਾਰ ਨੇ ਭੁੱਲਰ ਨੂੰ ਫਾਂਸੀ ਦੇਣ ਦੇ ਮੁੱਦੇ ਉੱਤੇ ਇਤਰਾਜ਼ ਜਤਾਇਆ ਹੈ। ਇਸ ਤੋਂ ਇਲਾਵਾ ਭੁੱਲਰ ਦੀ ਮਾਨਸਿਕ ਅਤੇ ਸਰੀਰਕ ਹਾਲਤ ਠੀਕ ਨਹੀਂ ਹੈ।

ਅਮਨੈਸਟੀ ਇੰਟਰਨੈਸ਼ਨਲ ਨੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਫਾਂਸੀ ਖ਼ਤਮ ਕਰਨ ਦੇ ਨਾਲ ਨਾਲ ਵਿਸ਼ੇਸ਼ ਤੌਰ ਉੱਤੇ ਭੁੱਲਰ ਦੀ ਫਾਂਸੀ ਰੁਕਵਾਉਣ ਲਈ ਵੀ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਗ੍ਰਹਿ ਮੰਤਰੀ ਨੂੰ ਪਟੀਸ਼ਨਾਂ ਭੇਜੀਆਂ ਜਾਣ। ਉਪਰੋਕਤ ਤੱਥ ਵੀ ਅਮਨੈਸਟੀ ਨੇ ਪੇਸ਼ ਕੀਤੇ ਹਨ। ਉਸ ਮੁਤਾਬਕ ਹੁਣ ਸੰਸਾਰ ਦੇ 140 ਦੇਸ਼ਾਂ ਨੇ ਕਾਨੂੰਨੀ ਤੌਰ ਉੱਤੇ ਜਾਂ ਅਮਲ ਰੋਕ ਦੇਣ ਕਰ ਕੇ ਫਾਂਸੀ ਦੀ ਸਜ਼ਾ ਉੱਤੇ ਰੋਕ ਲਾਈ ਹੋਈ ਹੈ। ਸੰਯੁਕਤ ਰਾਸ਼ਟਰ ਫਾਂਸੀ ਦੀ ਸਜ਼ਾ ਖਤਮ ਕਰਨ ਲਈ ਮੈਂਬਰ ਦੇਸ਼ਾਂ ਨੂੰ ਵਾਰ ਵਾਰ ਅਪੀਲ ਕਰ ਰਿਹਾ ਹੈ। ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਕਹਾਉਣ ਵਾਲੇ ਭਾਰਤ ਨੇ ਦਸੰਬਰ 2007, 2008, 2010 ਅਤੇ 2012 ਨੂੰ ਸੰਯੁਕਤ ਰਾਸ਼ਟਰ ਵੱਲੋਂ ਫਾਂਸੀ ਦੀ ਸਜ਼ਾ ਖਤਮ ਕਰਨ ਦੇ ਮਤਿਆਂ ਦੇ ਖਿਲਾਫ ਵੋਟ ਪਾਈ ਹੈ।

ਕਿਉਂ ਖਤਮ ਹੋਵੇ ਫਾਂਸੀ ਦੀ ਸਜ਼ਾ: ਸਮਾਜਕ ਵਿਕਾਸ ਦੇ ਵੱਖ ਵੱਖ ਪੜਾਵਾਂ ਉੱਤੇ ਕਾਨੂੰਨ ਅਤੇ ਇਨਸਾਫ ਦਾ ਤਰਕ ਵੀ ਤਬਦੀਲ ਹੋ ਰਿਹਾ ਹੈ। ਹਜ਼ਾਰਾਂ ਸਾਲਾਂ ਤੱਕ ਸਜ਼ਾ ਦੇਣ ਦਾ ਤਰਕ ਇਹੀ ਦਿੱਤਾ ਜਾਂਦਾ ਰਿਹਾ ਹੈ ਕਿ ਬੰਦੇ ਨੂੰ ਸਜ਼ਾ ਦੇ ਕੇ ਸਮਾਜਕ ਕਾਨੂੰਨ ਬਰਕਰਾਰ ਰੱਖਣ ਵਿਚ ਮੱਦਦ ਮਿਲੇਗੀ ਅਤੇ ਦੂਜਿਆਂ ਲਈ ਇਹ ਸਜ਼ਾ ਮਿਸਾਲ ਦਾ ਕੰਮ ਕਰੇਗੀ ਅਤੇ ਉਨ੍ਹਾਂ ਨੂੰ ਅਪਰਾਧ ਕਰਨ ਤੋਂ ਡਰਾਵੇਗੀ, ਪਰ ਜਮਹੂਰੀਅਤ ਦੇ ਦੌਰ ਵਿਚ ਸਜ਼ਾ ਦਾ ਮਤਲਬ ਅਪਰਾਧੀ ਨੂੰ ਸੁਧਾਰਨਾ ਹੈ। ਸੁਧਾਰਨ ਲਈ ਬੰਦੇ ਦਾ ਜ਼ਿੰਦਾ ਰਹਿਣਾ ਜ਼ਰੂਰੀ ਹੈ। ਇਸ ਲਈ ਫਾਂਸੀ ਦੀ ਸਜ਼ਾ ਮੌਜੂਦਾ ਦੌਰ ਵਿਚ ਅਪਰਾਧੀ ਨੂੰ ਸੁਧਾਰਨ ਦੀ ਮੂਲ ਧਾਰਨਾ ਦੇ ਹੀ ਖ਼ਿਲਾਫ ਹੈ।

ਅਦਾਲਤੀ ਪ੍ਰਕਿਰਿਆ ਉੱਤੇ ਵੀ ਸਵਾਲ: ਸੰਸਾਰ ਭਰ ਵਿਚ, ਖਾਸ ਕਰ ਕੇ ਭਾਰਤ ਵਿਚ ਵੀ ਇਹ ਸਵਾਲ ਧਿਆਨ ਮੰਗਦਾ ਹੈ ਕਿ ਅਦਾਲਤ ਦੀ ਥਕਾ ਦੇਣ ਵਾਲੀ, ਖਰਚੀਲੀ, ਭ੍ਰਿਸ਼ਟ ਅਤੇ ਸਬੂਤ ਜੁਟਾਉਣ ਦੀ ਪ੍ਰਕਿਰਿਆ ਆਮ ਬੰਦੇ ਦੇ ਅਨੁਕੂਲ ਨਹੀਂ ਹੈ। ਇਸ ਲਈ ਇਹ ਧਾਰਨਾ ਆਮ ਹੈ ਕਿ ਫਾਂਸੀ ਦੀ ਸਜ਼ਾ ਵਿਤਕਰੇ ਵਾਲੀ ਦਿਖਾਈ ਦਿੰਦੀ ਹੈ, ਕਿਉਂਕਿ ਇਸ ਦਾ ਸ਼ਿਕਾਰ ਆਮ ਤੌਰ 'ਤੇ ਗਰੀਬ, ਮਾਨਸਿਕ ਰੋਗੀ, ਤਥਾਕਥਿਤ ਨੀਵੀਂ ਜਾਤੀ ਵਾਲੇ, ਧਾਰਮਿਕ, ਨਸਲੀ, ਬੋਲੀ ਆਦਿ ਨਾਲ ਸਬੰਧਿਤ ਘੱਟ-ਗਿਣਤੀਆਂ, ਔਰਤਾਂ ਅਤੇ ਇੱਥੋਂ ਤੱਕ ਕਿ ਬੱਚਿਆਂ ਨੂੰ ਹੋਣਾ ਪੈਂਦਾ ਹੈ। ਭਾਰਤ ਵਿਚ ਘੱਟ-ਗਿਣਤੀਆਂ ਦਾ ਅਜਿਹਾ ਪ੍ਰਭਾਵ ਵਾਰ ਵਾਰ ਸਾਹਮਣੇ ਆ ਰਿਹਾ ਹੈ।

ਜੇ ਪੰਜਾਬ ਨਾਲ ਸਬੰਧਤ ਮਿਸਾਲ ਹੀ ਲੈਣੀ ਹੋਵੇ ਤਾਂ ਦਿੱਲੀ ਵਿਚਲਾ 1984 ਦਾ ਸਿੱਖ ਕਤਲੇਆਮ ਅਤੇ ਬੇਪਛਾਣ ਕਹਿ ਕੇ ਸਾੜੀਆਂ ਗਈਆਂ ਲਾਸ਼ਾਂ ਦਾ ਮੁੱਦਾ ਹੀ ਕਾਫੀ ਹੈ। ਕਿਸੇ ਨੂੰ ਸਜ਼ਾ ਨਹੀਂ ਹੋਈ, ਬਲਕਿ ਬੇਪਛਾਣ ਲਾਸ਼ਾਂ ਵਾਲੇ ਮਾਮਲੇ ਵਿਚ ਬਹੁਤ ਦੇਰੀ ਨਾਲ ਅਤੇ ਬਹੁਤ ਹੀ ਘੱਟ ਮੁਆਵਜ਼ੇ ਦੀ ਗੱਲ ਤਾਂ ਹੋਈ, ਪਰ ਦੇਸ਼ ਦੀ ਜੰਗ ਦੇ ਨਾਂ 'ਤੇ ਇਸ ਵਿਚ ਸ਼ਾਮਲ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਪਛਾਣ ਕਰਨ ਤੱਕ ਦੀ ਕੋਸ਼ਿਸ਼ ਵੀ ਬੰਦ ਕਰ ਦਿੱਤੀ ਗਈ। ਇਸੇ ਤਰ੍ਹਾਂ ਗਰੀਬ ਕਬਾਇਲੀਆਂ ਉੱਤੇ ਆਏ ਦਿਨ ਜਿਸ ਤਰ੍ਹਾਂ ਦੇ ਅੱਤਿਆਚਾਰ ਹੋ ਰਹੇ ਹਨ, ਉਨ੍ਹਾਂ ਦੀ ਸੁਣਵਾਈ ਨਾ ਹੋਣ ਦੇ ਹਜ਼ਾਰਾਂ ਕੇਸ ਵਾਰ ਵਾਰ ਸਾਹਮਣੇ ਆ ਰਹੇ ਹਨ। ਕਿਸੇ ਅਮੀਰ, ਧਨ ਕੁਬੇਰ ਅਤੇ ਸੱਤਾ 'ਤੇ ਬਿਰਾਜਮਾਨ ਵਿਅਕਤੀਆਂ ਵਿਚੋਂ ਇੱਕ ਨੂੰ ਵੀ ਦੋਸ਼ੀ ਸਾਬਤ ਕਰਨਾ ਅਸੰਭਵ ਜਿਹਾ ਕੰਮ ਬਣ ਗਿਆ ਹੈ।

ਇੱਕ ਹੋਰ ਪਹਿਲੂ ਵੀ ਧਿਆਨ ਮੰਗਦਾ ਹੈ ਕਿ ਇਤਿਹਾਸਕ ਤੌਰ ਉੱਤੇ ਹਥਿਆਰਾਂ ਦੇ ਜ਼ੋਰ ਰਾਜ ਪਲਟੇ ਕਰਨ ਦਾ ਵਿਚਾਰਧਾਰਕ ਆਧਾਰ ਵੀ ਮੌਜੂਦ ਰਿਹਾ ਹੈ। ਇਸ ਲਈ ਨਿੱਜੀ ਮੁਫਾਦ ਅਤੇ ਰੰਜਿਸ਼ ਆਦਿ ਲਈ ਕੀਤੇ ਕਤਲਾਂ ਜਾਂ ਹੋਰ ਕਾਰਨਾਮਿਆਂ ਪ੍ਰਤੀ ਪਹੁੰਚ ਅਲੱਗ ਤਰ੍ਹਾਂ ਦੀ ਅਤੇ ਹਥਿਆਰਾਂ ਦੇ ਜ਼ਰੀਏ ਰਾਜਨੀਤਿਕ ਮਕਸਦ ਹਾਸਲ ਕਰਨ ਵਾਲਿਆਂ ਲਈ ਪਹੁੰਚ ਅਲੱਗ ਅਪਣਾਈ ਜਾਂਦੀ ਰਹੀ ਹੈ। ਇਹ ਅਲੱਗ ਸਵਾਲ ਹੈ ਕਿ ਮੌਜੂਦਾ ਦੌਰ ਵਿਚ ਕਿਸੇ ਵੀ ਤਰ੍ਹਾਂ ਦੀ ਹਿੰਸਕ ਸਰਗਰਮੀ ਦਾ ਸਮਰਥਨ ਨਹੀਂ ਕੀਤਾ ਜਾ ਸਕਦਾ, ਪਰ ਕਿਸੇ ਰਾਜਨੀਤਿਕ ਅੰਦੋਲਨ ਨਾਲ ਜੁੜੇ ਕਿਸੇ ਵਿਚਾਰ ਦੇ ਪ੍ਰਭਾਵ ਵਿਚ ਜਾਂ ਹਾਲਾਤ ਦੇ ਪ੍ਰਭਾਵ ਹੇਠ ਆ ਕੇ ਹਿੰਸਕ ਗਤੀਵਿਧੀ ਵਿਚ ਪਏ ਬੰਦੇ ਤੋਂ ਸੁਧਰਨ ਦੀ ਉਮੀਦ ਨਿੱਜੀ ਮੁਫਾਦ ਕਾਰਨ ਕਤਲ ਕਰਨ ਵਾਲੇ ਨਾਲੋਂ ਜ਼ਿਆਦਾ ਰੱਖੀ ਜਾ ਸਕਦੀ ਹੈ।

ਰਾਜ ਤੰਤਰ ਵੱਲੋਂ ਗੋਲੀਆਂ ਨਾਲ ਹਜ਼ਾਰਾਂ ਲੋਕਾਂ ਨੂੰ ਜਾਨੋਂ ਮਾਰ ਦੇਣ ਦੇ ਬਾਵਜੂਦ ਦੇਸ਼ ਭਗਤੀ ਦਾ ਬੁਰਕਾ ਪਹਿਨ ਕੇ ਸਾਫ ਬਚ ਜਾਣ ਅਤੇ ਪ੍ਰਤੀਕਿਰਿਆ ਦੇ ਤੌਰ 'ਤੇ ਹਿੰਸਕ ਰਾਹ ਅਪਣਾਉਣ ਵਾਲੇ ਨੂੰ ਇੱਕੋ ਇੱਕ ਦੋਸ਼ੀ ਬਣਾ ਕੇ ਪੇਸ਼ ਕਰਨ ਦਾ ਤਰੀਕਾ ਵੀ ਨਾਇਨਸਾਫੀ ਵਾਲਾ ਹੈ। ਕਾਨੂੰਨ ਦੇ ਰਾਜ ਦਾ ਮਤਲਬ ਮਨੁੱਖ ਦੇ ਪੱਖ ਦਾ ਕਾਨੂੰਨ ਅਤੇ ਫਿਰ ਉਸ ਦੇ ਸਾਹਮਣੇ ਬਿਨਾਂ ਕਿਸੇ ਭੇਦਭਾਵ ਦੇ ਸਭ ਉੱਤੇ ਇੱਕੋ ਤਰ੍ਹਾਂ ਕਾਰਵਾਈ ਕਰਨ ਦਾ ਅਮਲ ਵੀ ਦਿਖਾਈ ਦੇਣਾ ਜ਼ਰੂਰੀ ਹੈ; ਕਿਉਂਕਿ ਸੁਰੱਖਿਆ ਬਲਾਂ ਨੂੰ ਸ਼ਕਤੀਸ਼ਾਲੀ ਬਣਾਉਣ ਵਾਲੇ ਅਨੇਕਾਂ ਕਾਨੂੰਨ ਵਾਰ ਵਾਰ ਬਣਦੇ ਹਨ ਜੋ ਬਿਨਾਂ ਕਿਸੇ ਜਵਾਬਦੇਹੀ ਦੇ ਕਿਸੇ ਦੀ ਵੀ ਹੱਤਿਆ ਕਰਨ ਦਾ ਲਾਇਸੰਸ ਦੇ ਦਿੰਦੇ ਹਨ। ਇਹ ਭਾਵੇਂ ਜੰਮੂ ਕਸ਼ਮੀਰ ਅਤੇ ਮਨੀਪੁਰ ਵਿਚ ਆਰਮਡ ਫੋਰਸਿਸ ਸਪੈਸ਼ਲ ਪਾਵਰਜ਼ ਐਕਟ ਹੈ ਜਾਂ ਦੇਸ਼ ਵਿਚ ਲਾਗੂ ਗੈਰ-ਕਾਨੂੰਨੀ ਗਤੀਵਿਧੀਆਂ ਰੋਕਣ ਵਾਲਾ ਕਾਨੂੰਨ ਜਿਸ ਦੇ ਤਹਿਤ ਕਿਸੇ ਨੂੰ ਵੀ ਫੜ ਕੇ ਅੰਦਰ ਡੱਕਿਆ ਜਾ ਸਕਦਾ ਹੈ। ਇਉਂ ਅਜਿਹੇ ਕਾਨੂੰਨ ਵੀ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਆਜ਼ਾਦੀ ਦੀ ਕਸਵੱਟੀ 'ਤੇ ਪਰਖੇ ਜਾਣੇ ਚਾਹੀਦੇ ਹਨ। ਇਨਸਾਫ ਆਧਾਰਤ

*(ਬਾਕੀ ਅਗਲੇ ਸਫੇ 'ਤੇ)*

# 'ਸਾਡਾ ਹੱਕ' ਦੇ ਹੱਕਾਂ ਉਪਰ ਛਾਪਾ ਤੇ ਪਾਬੰਦੀ ਦੀ ਸਿਆਸਤ

## ਹਕੂਮਤੀ ਦਹਿਸ਼ਤਗਰਦੀ ਦੀ ਇਕ ਹੋਰ ਮਿਸਾਲ

ਸਭ ਤੋਂ ਵੱਡੀ ਜਮਹੂਰੀਅਤ ਦੇ ਨਾਂ 'ਤੇ ਥੋਪਿਆ ਭਾਰਤ ਦਾ ਤਾਨਾਸ਼ਾਹ ਰਾਜ ਆਪਣੇ ਹੀ ਸੰਵਿਧਾਨ ਵਿਚ ਦਰਜ ਵਿਚਾਰ ਪ੍ਰਗਟਾਵੇ ਦੇ ਬੁਨਿਆਦੀ ਹੱਕ (ਧਾਰਾ 19) ਦਾ ਘਾਣ ਕਰਨ ਲੱਗਿਆਂ ਮਿੰਟ ਲਾਉਂਦਾ ਹੈ। ਇਹ ਹੱਕ ਵਰਤ ਕੇ ਕੀਤੀਆਂ ਜਾਣ ਵਾਲੀਆਂ ਨਾਟਕੀ ਤੇ ਸੰਗੀਤਕ ਪੇਸ਼ਕਾਰੀਆਂ ਜਾਂ ਕਿਸੇ ਸਮਾਜੀ ਸਿਆਸੀ ਵਰਤਾਰੇ ਦੀ ਹਕੀਕਤ ਨੂੰ ਪੇਸ਼ ਕਰਦੀਆਂ ਫਿਲਮਾਂ ਨੂੰ ਇਤਰਾਜ਼ਯੋਗ ਜਾਂ ਅਮਨ-ਕਾਨੂੰਨ ਨੂੰ ਖ਼ਤਰਾ ਕਰਾਰ ਦੇ ਕੇ ਸੈਂਸਰ ਬੋਰਡ (ਸੈਂਟਰਲ ਬੋਰਡ ਆਫ ਫਿਲਮ ਸਰਟੀਫੀਕੇਸ਼ਨ) ਕਦੇ ਵੀ ਇਨ੍ਹਾਂ ਦੀ ਬਲੀ ਲੈ ਸਕਦਾ ਹੈ। ਚਰਚਿਤ ਪੰਜਾਬੀ ਫਿਲਮ 'ਸਾਡਾ ਹੱਕ' ਸੈਂਸਰ ਬੋਰਡ ਦਾ ਸਰਟੀਫੀਕੇਟ


**ਬੂਟਾ ਸਿੰਘ**
ਫ਼ੋਨ: 91-94634-74342

ਹਾਸਲ ਕਰ ਕੇ ਵੀ ਹਕੂਮਤੀ ਪਾਬੰਦੀ ਦਾ ਸ਼ਿਕਾਰ ਹੋ ਗਈ। ਦੂਜੇ ਪਾਸੇ, ਭਾਰਤ ਵਿਚ ਜਾਤਪਾਤੀ ਜ਼ੁਲਮਾਂ ਅਤੇ ਇਨ੍ਹਾਂ ਵਿਰੁੱਧ ਦੱਬੇ-ਕੁਚਲੇ ਲੋਕਾਂ ਦੇ ਸੰਘਰਸ਼ ਦੀ ਦਾਸਤਾਂ ਬਿਆਨ ਕਰਨ ਵਾਲੀ ਦਸਤਾਵੇਜ਼ੀ ਫਿਲਮ 'ਜੈਭੀਮ ਕਾਮਰੇਡ' ਨੂੰ ਮਨਜ਼ੂਰੀ ਤਾਂ ਮਿਲ ਗਈ ਸੀ, ਪਰ ਆਮ ਜਨਤਾ ਦੀ ਜ਼ਿੰਦਗੀ ਨੂੰ ਆਪਣੀਆਂ ਨਾਟਕੀ ਪੇਸ਼ਕਾਰੀਆਂ ਦੇ ਵਿਸ਼ੇ ਬਣਾਉਣ ਵਾਲੇ ਕਬੀਰ ਕਲਾ ਮੰਚ ਦੀਆਂ ਸਰਗਰਮੀਆਂ ਨੂੰ ਦੇਸ਼ਧ੍ਰੋਹੀ ਕਰਾਰ ਦੇ ਕੇ ਇਸ ਦੇ ਕਲਾਕਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਤਹਿਤ ਦੋ ਸਾਲ ਜੇਲ੍ਹ ਵਿਚ ਬੰਦ ਰੱਖਿਆ ਗਿਆ ਜਿਨ੍ਹਾਂ ਦੀਆਂ ਜਾਤਪਾਤ ਵਿਰੁੱਧ ਕਲਾਤਮਕ ਸਰਗਰਮੀਆਂ 'ਜੈਭੀਮ ਕਾਮਰੇਡ' ਫਿਲਮ ਦਾ ਅਹਿਮ ਹਿੱਸਾ ਹਨ। ਹਾਈ ਕੋਰਟ ਨੇ ਭਾਵੇਂ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ, ਪਰ ਜਿਹੜੇ ਦੋ ਕਲਾਕਾਰ ਰੂਪੋਸ਼ ਸਨ, ਉਨ੍ਹਾਂ ਨੂੰ 2 ਅਪ੍ਰੈਲ ਨੂੰ ਮਹਾਰਾਸ਼ਟਰ ਵਿਧਾਨ ਸਭਾ ਅੱਗੇ ਨਾਮਵਰ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ 'ਸਤਿਆਗ੍ਰਹਿ' ਰਾਹੀਂ ਜਨਤਕ ਹੋਣ ਸਮੇਂ ਪੁਲਿਸ ਵਲੋਂ ਗ੍ਰਿਫ਼ਤਾਰ ਕਰ ਕੇ ਐਂਟੀ-ਟੈਰਰਿਸਟ ਸਕਵੈਡ ਦੇ ਹਵਾਲੇ ਕਰ ਦਿੱਤਾ ਗਿਆ ਜੋ ਵਹਿਸ਼ੀ ਤਸੀਹੇ ਦੇਣ, ਝੂਠੇ ਕੇਸ ਦਰਜ ਕਰਨ ਅਤੇ ਫਰਜ਼ੀ ਪੁਲਿਸ ਮੁਕਾਬਲੇ ਬਣਾਉਣ ਲਈ ਬੜੀ ਬਦਨਾਮ ਹੈ।

ਫਿਲਮ 'ਸਾਡਾ ਹੱਕ' ਪੰਜਾਬ ਤ੍ਰਾਸਦੀ ਦੀ ਕਿਥੋਂ ਤੱਕ ਸਹੀ ਤਸਵੀਰ ਪੇਸ਼ ਕਰਦੀ ਹੈ, ਇਸ ਬਾਰੇ ਵੱਖ-ਵੱਖ ਰਾਜਸੀ ਧਿਰਾਂ ਦੇ ਵੱਖਰੇ-ਵੱਖਰੇ ਵਿਚਾਰ ਹੋਣੇ ਸੁਭਾਵਿਕ ਹਨ। ਹਰ ਧਿਰ ਦੀ ਆਪੋ ਆਪਣੀ ਵਿਆਖਿਆ ਹੈ, ਕਿਉਂਕਿ ਪੰਜਾਬ 'ਤ੍ਰਾਸਦੀ' ਵਿਚ ਹਰ ਰਾਜਸੀ ਧਿਰ ਦਾ ਸਿਆਸੀ ਕਿਰਦਾਰ ਵੱਖਰਾ ਰਿਹਾ ਹੈ। ਦਰਅਸਲ ਕਿਸੇ ਵੀ ਕਲਾ ਕ੍ਰਿਤ ਬਾਰੇ ਆਮ ਸਹਿਮਤੀ ਸੰਭਵ ਨਹੀਂ ਹੁੰਦੀ। ਇਸ ਦਾ ਫ਼ੈਸਲਾ ਰਾਜ, ਹੁਕਮਰਾਨ ਜਮਾਤ ਜਾਂ ਇਸ ਦੀ ਨੌਕਰਸ਼ਾਹੀ ਨੇ ਨਹੀਂ, ਸਗੋਂ ਸਮਾਜ ਨੇ ਕਰਨਾ ਹੁੰਦਾ ਹੈ ਕਿ ਕੋਈ ਫਿਲਮ ਜਾਂ ਕੋਈ ਹੋਰ ਕਲਾ ਕ੍ਰਿਤ ਉਨ੍ਹਾਂ ਸਮਿਆਂ ਦੀ ਇਤਿਹਾਸਕ ਹਕੀਕਤ ਨੂੰ ਸਹੀ ਪੇਸ਼ ਕਰਦੀ ਹੈ ਜਾਂ ਨਹੀਂ; ਜਾਂ ਕਿੰਨਾ ਕੁ ਸਹੀ ਪੇਸ਼ ਕਰਦੀ ਹੈ। ਇਹ ਉਸ ਦੀ ਪਸੰਦ ਜਾਂ ਨਾਪਸੰਦ ਰਾਹੀਂ ਸਾਹਮਣੇ ਆ ਜਾਂਦਾ ਹੈ।

ਸੈਂਸਰ ਬੋਰਡ ਨੂੰ ਅਜਿਹੀਆਂ ਫਿਲਮਾਂ, ਟੀ.ਵੀ. ਸੀਰੀਅਲ ਜਾਂ ਗੀਤਾਂ ਦੀਆਂ ਵੀਡੀਓਗ੍ਰਾਫ਼ੀਆਂ ਬਾਰੇ ਕਦੇ ਕੋਈ ਇਤਰਾਜ਼ਯੋਗ ਨਹੀਂ, ਜਿਨ੍ਹਾਂ ਵਿਚ ਔਰਤ ਵਿਰੋਧੀ ਨਜ਼ਰੀਆ, ਲੱਚਰਤਾ, ਨੰਗੇਜ਼, ਹਿੰਸਾ, ਅਤੇ ਸਥਾਪਤੀ ਨੂੰ ਰਾਸ ਆਉਣ ਵਾਲੇ ਹਰ ਤਰ੍ਹਾਂ ਦੇ ਪਿਛਾਖੜੀ ਵਿਚਾਰਾਂ ਦੀ ਭਰਮਾਰ ਹੁੰਦੀ ਹੈ। ਅਜਿਹੀਆਂ ਫਿਲਮਾਂ ਨੂੰ ਮਨਜ਼ੂਰੀ ਦੇਣ ਲੱਗਿਆਂ ਇਹ ਕੋਈ ਹੀਲ-ਹੁੱਜਤ ਨਹੀਂ ਕਰਦਾ, ਪਰ ਸਮਾਜ ਦੀ ਕਰੂਰ ਹਕੀਕਤ ਦੀ ਯਥਾਰਥਵਾਦੀ ਪੇਸ਼ਕਾਰੀ ਕਰਨ ਵਾਲੀਆਂ ਫਿਲਮਾਂ ਨੂੰ ਹਮੇਸ਼ਾ ਲੰਮੀ ਜੱਦੋਜਹਿਦ ਅਤੇ ਸੈਂਸਰ ਬੋਰਡ ਦੀ ਕੱਟਵੱਢ ਵਿਚੋਂ ਗੁਜ਼ਰ ਕੇ ਹੀ ਜਾਰੀ ਹੋਣ ਦੀ ਇਜਾਜ਼ਤ ਮਿਲਦੀ ਹੈ। 1993 ਵਿਚ ਪੰਜਾਬ ਦੇ ਦੁਖਾਂਤ ਬਾਰੇ ਇਕਬਾਲ ਢਿੱਲੋਂ ਵੱਲੋਂ ਬਣਾਈ ਫਿਲਮ 'ਤਬਾਹੀ' ਉੱਪਰ ਵੀ ਪਾਬੰਦੀ ਲਾਈ ਗਈ ਅਤੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਤੋਂ ਬਾਅਦ ਹੀ ਪਾਬੰਦੀ ਹਟਾਈ ਗਈ ਸੀ। 'ਸਾਡਾ ਹੱਕ' ਨਾਲ ਵੀ ਹੁਕਮਰਾਨਾਂ ਦਾ ਸਲੂਕ ਵੱਖਰਾ ਨਹੀਂ ਹੈ। ਸਿਰਫ਼ ਹੁਕਮਰਾਨਾਂ ਦੀ ਪਾਰਟੀ ਵੱਖਰੀ ਹੈ। ਉਦੋਂ ਕਾਂਗਰਸ ਹਕੂਮਤ ਸੀ ਤੇ ਹੁਣ 'ਪੰਥਕ'। ਹੁਣ ਪੰਜਾਬ ਸਰਕਾਰ ਵੱਲੋਂ ਪਾਬੰਦੀ ਦੀ ਵਜ੍ਹਾ ਇਹ ਦੱਸੀ ਗਈ ਹੈ ਕਿ 'ਫਿਰਕੂ ਸਦਭਾਵਨਾ ਬਣਾਈ ਰੱਖਣ ਲਈ' ਅਜਿਹਾ ਕਰਨਾ ਜ਼ਰੂਰੀ ਹੈ। ਇਸ ਫਿਲਮ ਦਾ ਅੰਨ੍ਹਾ ਵਿਰੋਧ ਕਰਨ ਵਾਲੀਆਂ ਤਾਕਤਾਂ ਭਲਾ ਕੌਣ ਹਨ? ਇਹ ਹਨ ਪੰਜਾਬ ਦੀ ਕਤਲੋਗ਼ਾਰਤ ਦੀ ਮੁੱਖ ਸੂਤਰਧਾਰ ਕਾਂਗਰਸ, ਪੰਜਾਬ ਪੁਲਿਸ ਦੀ ਨੌਕਰਸ਼ਾਹੀ ਜਿਸ ਨੇ ਅਤਿਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਪੰਜਾਬ ਵਿਚ ਫਰਜ਼ੀ ਪੁਲਿਸ ਮੁਕਾਬਲਿਆਂ ਤੇ ਵਹਿਸ਼ੀ ਤਸ਼ੱਦਦ ਰਾਹੀਂ ਨੌਜਵਾਨਾਂ ਦਾ ਵਿਆਪਕ ਪੱਧਰ 'ਤੇ ਘਾਣ ਕਰ ਕੇ ਤਰੱਕੀਆਂ ਤੇ ਇਨਾਮ ਹਾਸਲ ਕੀਤੇ; ਤੇ ਹਿੰਦੂ ਫਿਰਕਾਪ੍ਰਸਤ ਤਾਕਤਾਂ ਜੋ ਧਾਰਮਿਕ ਘੱਟ-ਗਿਣਤੀਆਂ ਗਿਣਤੀਆਂ ਖ਼ਿਲਾਫ਼ ਹਮੇਸ਼ਾ ਜ਼ਹਿਰ ਉਗਲਦੀਆਂ ਹਨ। ਹਕੂਮਤੀ ਦਹਿਸ਼ਤਗਰਦੀ ਦਾ ਸਭ ਤੋਂ ਘਿਣਾਉਣਾ ਕਿਰਦਾਰ ਕੇ.ਪੀ.ਐਸ. ਗਿੱਲ ਪਾਬੰਦੀ ਲਾਏ ਜਾਣ ਨਾਲ ਸੰਤੁਸ਼ਟ ਨਹੀਂ ਹੈ। ਉਹ ਫਿਲਮ ਦੀ ਪੂਰੀ ਟੀਮ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕਰ ਰਿਹਾ ਹੈ। ਜੇ ਗਿੱਲ ਤੇ ਇਸ ਦੀ ਜੋਟੀਦਾਰ ਪੁਲਿਸ ਨੌਕਰਸ਼ਾਹੀ ਅਤੇ ਇਨ੍ਹਾਂ ਦੇ ਰਾਜਸੀ ਆਕਾਵਾਂ ਦੀ ਲੜਾਈ ਸਹੀ ਸੀ, ਫਿਰ ਇਹ ਇਕ ਫਿਲਮ ਦਰਸ਼ਕਾਂ ਨੂੰ ਦਿਖਾਏ ਜਾਣ ਤੋਂ ਐਨੇ ਭੈਅ-ਭੀਤ ਕਿਉਂ ਹਨ? ਹਕੂਮਤੀ ਦਹਿਸ਼ਤਗਰਦੀ ਦੇ ਸੂਤਰਧਾਰਾਂ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਫਿਲਮ ਵਿਚ ਹਕੀਕਤ ਕਿੰਨੀ ਵੀ ਘੱਟ ਕਿਉਂ ਨਾ ਦਿਖਾਈ ਗਈ ਹੋਵੇ, ਇਹ ਇਨ੍ਹਾਂ ਦੇ ਖ਼ੂਨੀ ਚਿਹਰਿਆਂ ਤੋਂ ਨਕਾਬ ਜ਼ਰੂਰ ਲਾਹੇਗੀ। ਕੁਝ ਸੀਨੀਅਰ ਪੁਲਿਸ ਅਫ਼ਸਰਾਂ ਤੇ ਚੋਣਵੇਂ ਪੱਤਰਕਾਰਾਂ ਨੂੰ ਫਿਲਮ ਦਿਖਾ ਕੇ ਪੁਲਿਸ ਅਫ਼ਸਰਾਂ ਦੀ ਰਾਇ ਅਨੁਸਾਰ ਫ਼ੈਸਲਾ ਲਏ ਜਾਣ ਤੋਂ ਇਹ ਸਪਸ਼ਟ ਹੈ ਕਿ ਹੁਕਮਰਾਨ ਪੁਲਿਸ ਨੌਕਰਸ਼ਾਹੀ ਦੇ ਕਿਸ ਹੱਦ ਤਕ ਗ਼ੁਲਾਮ ਹਨ। ਜੇ ਫਿਲਮਾਂ ਨੂੰ ਪਾਸ ਕਰਨ ਦੇ ਸਰਟੀਫੀਕੇਟ ਪੁਲਿਸ ਅਫ਼ਸਰਾਂ ਨੇ ਹੀ ਦੇਣੇ ਹਨ, ਫਿਰ ਸੈਂਸਰ ਬੋਰਡ ਦੀ ਕੀ ਲੋੜ ਹੈ?

ਪੰਜਾਬ ਤ੍ਰਾਸਦੀ ਸਾਡੇ ਸਮਿਆਂ ਦਾ ਸਭ ਤੋਂ ਹੌਲਨਾਕ ਕਾਂਡ ਹੈ। ਇਸ ਨਾਲ ਜੁੜੇ ਬਹੁਤ ਸਾਰੇ ਸਵਾਲ ਅਜੇ ਤੱਕ ਅਣਸੁਲਝੇ ਪਏ ਹਨ। ਐਨੀ ਵੱਡੀ ਤ੍ਰਾਸਦੀ ਦੀ ਸਹੀ ਤਸਵੀਰ ਸਾਹਮਣੇ ਲਿਆਉਣ ਲਈ ਇਕ ਨਹੀਂ, ਦਰਜਨਾਂ ਫਿਲਮਾਂ ਦਰਕਾਰ ਹਨ। ਹਕੂਮਤੀ ਦਹਿਸ਼ਤਗਰਦੀ ਦੇ ਸੋਹਲੇ



ਗਾਉਂਦੀਆਂ ਫਿਲਮਾਂ ਬਣਾਏ ਤੇ ਦਿਖਾਏ ਜਾਣ 'ਤੇ ਉਨ੍ਹਾਂ ਤਾਕਤਾਂ ਨੂੰ ਕੋਈ ਇਤਰਾਜ਼ ਨਹੀਂ ਹੈ ਜੋ ਅੱਜ ਤਰ੍ਹਾਂ ਤਰ੍ਹਾਂ ਦੀਆਂ ਦਲੀਲਾਂ ਦੇ ਕੇ 'ਸਾਡਾ ਹੱਕ' ਨੂੰ ਦਿਖਾਉਣ ਦਾ ਵਿਰੋਧ ਹੀ ਨਹੀਂ ਕਰ ਰਹੀਆਂ, ਸਗੋਂ ਸੜਕਾਂ 'ਤੇ ਆਉਣ ਦੀਆਂ ਧਮਕੀਆਂ ਦੇ ਰਹੀਆਂ ਹਨ। ਸਾਨੂੰ ਇਹ ਸੱਚ ਵੀ ਪ੍ਰਵਾਨ ਕਰਨਾ ਹੋਵੇਗਾ ਕਿ ਪਾਬੰਦੀ ਜਾਂ ਕਿਸੇ ਹੋਰ ਰੂਪ 'ਚ ਹਕੂਮਤੀ ਹਮਲੇ ਕਿਸੇ ਕਲਾ ਕ੍ਰਿਤ ਵਿਚ ਪ੍ਰਚਾਰੀ ਨੁਕਸਾਨਦੇਹ ਵਿਚਾਰਧਾਰਾ ਨੂੰ ਬੇਅਸਰ ਨਹੀਂ ਕਰ ਸਕਦੇ। ਇਸ ਨੂੰ ਸਿਰਫ਼ ਵੱਖੋ-ਵੱਖਰੇ ਵਿਚਾਰਾਂ ਦੇ ਖੁੱਲ੍ਹੇ ਅਦਾਨ-ਪ੍ਰਦਾਨ ਜ਼ਰੀਏ ਸੰਜੀਦਾ ਸੰਵਾਦ ਰਚਾ ਕੇ ਹੀ ਹੱਲ ਕੀਤਾ ਜਾ ਸਕਦਾ ਹੈ। ਭਾਰਤੀ ਰਾਜ ਦੇ ਦਹਿਸ਼ਤਗਰਦ ਸੁਭਾਅ ਨੂੰ ਸਾਹਮਣੇ ਲਿਆਉਣ ਦੇ ਨਾਲ ਨਾਲ ਇਹ ਵੀ ਜ਼ਰੂਰੀ ਹੈ ਕਿ ਉਦੋਂ ਕੁਝ ਲੀਡਰਾਂ ਵੱਲੋਂ ਪੰਜਾਬੀ ਸਮਾਜ ਦੇ ਚੋਣਵੇਂ ਹਿੱਸਿਆਂ ਨੂੰ ਕਤਲ ਕਰਨ ਦੀ ਜੋ ਰਾਜਸੀ ਨੀਤੀ ਅਪਣਾਈ ਤੇ ਲਾਗੂ ਕੀਤੀ ਗਈ, ਉਸ ਦੀ ਭੂਮਿਕਾ ਦਾ ਬੇਬਾਕ ਲੇਖਾਜੋਖਾ ਵੀ ਕੀਤਾ ਜਾਵੇ ਅਤੇ ਉਸ ਦੌਰ ਦੀ ਪੂਰੀ ਤਸਵੀਰ ਨੂੰ ਸਹੀ ਪ੍ਰਸੰਗ ਵਿਚ ਪੇਸ਼ ਕੀਤਾ ਜਾਵੇ। ਕੀ ਇਸ ਫਿਲਮ ਵਿਚ ਖ਼ਾਲਸਤਾਨੀ ਧੜਿਆਂ ਵਲੋਂ ਨਿਰਦੋਸ਼ ਲੋਕਾਂ ਦੀ ਕਤਲੋਗ਼ਾਰਤ ਅਤੇ ਆਪਣੇ ਤੋਂ ਵੱਖਰੇ ਸਿਆਸੀ ਵਿਚਾਰ ਜਾਂ ਵਿਚਾਰਧਾਰਕ ਨਜ਼ਰੀਆ ਰੱਖਣ ਵਾਲੇ ਸਿਆਸੀ ਕਾਰਕੁਨਾਂ, ਬੁੱਧੀਜੀਵੀਆਂ, ਚਿੰਤਕਾਂ ਤੇ ਕਵੀਆਂ ਦੇ ਕਤਲਾਂ ਦਾ ਸੱਚ ਬੇਬਾਕੀ ਨਾਲ ਬਿਆਨ ਕੀਤਾ ਗਿਆ ਹੈ? ਜਾਂ ਇਨ੍ਹਾਂ ਕਤਲਾਂ ਨੂੰ ਮਹਿਜ਼ ਸਰਕਾਰੀ ਏਜੰਸੀਆਂ ਦੇ ਖਾਤੇ ਪਾ ਦਿੱਤਾ ਗਿਆ ਹੈ ਅਤੇ ਸਿਰਫ਼ ਹਕੂਮਤੀ ਦਹਿਸ਼ਤਗਰਦੀ ਦੀ ਗੱਲ ਕੀਤੀ ਗਈ? ਇਹ ਵੱਡੇ ਸਵਾਲ ਹਨ। ਜੇ ਮਾਮਲਾ ਇੰਜ ਵੀ ਹੈ, ਫਿਰ ਵੀ ਇਸ ਦਾ ਸਹੀ ਜਵਾਬ ਪਾਬੰਦੀ ਲਗਾਉਣਾ ਨਹੀਂ ਹੈ। ਅਜਿਹੀ ਅਧੂਰੀ ਹਕੀਕਤ ਦੇ ਮੱਦੇਨਜ਼ਰ ਰਾਜ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਹਕੀਕਤ ਦੀ ਪੂਰੀ ਤਸਵੀਰ ਖ਼ੁਦ ਸਾਹਮਣੇ ਲਿਆਉਣ ਦੀ ਹਿੰਮਤ ਕਰੇ ਅਤੇ ਅਧੂਰੀ ਪੇਸ਼ਕਾਰੀ ਦੀ ਕਮਜ਼ੋਰੀ ਨੂੰ ਨੰਗਾ ਕਰੇ, ਪਰ ਹੁਕਮਰਾਨ ਜਵਾਬਦੇਹੀ ਤੋਂ ਕੰਨੀ ਕਤਰਾ ਕੇ ਪਾਬੰਦੀ ਦੇ ਡੰਡੇ ਰਾਹੀਂ ਸਗੋਂ ਹਕੀਕਤ ਨੂੰ ਦਬਾ ਰਹੇ ਹਨ। ਇਹ ਇਕੱਲਾ ਇਕਹਿਰਾ ਜਾਬਰ ਕਦਮ ਨਹੀਂ ਹੈ, ਇਸ ਪਿੱਛੇ ਸੋਚੀ ਸਮਝੀ ਸਿਆਸਤ ਕੰਮ ਕਰਦੀ ਹੈ। ਇਸ ਲਈ 'ਸਾਡਾ ਹੱਕ' ਉੱਪਰ ਪਾਬੰਦੀ ਨੂੰ ਪਾਬੰਦੀ ਦੀ ਸਾਲਮ ਸਿਆਸਤ ਦੇ ਪ੍ਰਸੰਗ 'ਚ ਰੱਖ ਕੇ ਦੇਖਣਾ ਹੋਵੇਗਾ।

ਹੁਕਮਰਾਨ ਜਮਾਤਾਂ ਦਾ ਆਪਣਾ ਰਾਜ ਬਰਕਰਾਰ ਰੱਖਣ ਦਾ ਅਹਿਮ ਤਰੀਕਾ ਹੈ ਮਿੱਥਾਂ ਘੜਨਾ, ਇਨ੍ਹਾਂ ਨੂੰ ਸਥਾਪਤ ਕਰਨਾ ਅਤੇ ਇਨ੍ਹਾਂ ਜ਼ਰੀਏ ਅਵਾਮ ਨੂੰ ਗੁੰਮਰਾਹ ਕਰ ਕੇ ਇਸ ਨੂੰ ਸਮਾਜ ਦੀ ਆਮ ਸਹਿਮਤੀ, ਭਾਵ ਆਪਣੇ ਰਾਜ ਦੀ ਵਾਜਬੀਅਤ ਬਣਾ ਕੇ ਪੇਸ਼ ਕਰਨਾ ਜਿਸ ਨੂੰ ਸਾਡੇ ਸਮਿਆਂ ਦਾ ਸਭ ਤੋਂ ਚਰਚਿਤ ਅਮਰੀਕੀ ਚਿੰਤਕ ਨੋਮ ਚੌਮਸਕੀ 'ਘੜੀ ਹੋਈ ਆਮ ਸਹਿਮਤੀ' ਕਹਿੰਦਾ ਹੈ। ਅਜਿਹੀਆਂ ਮਿੱਥਾਂ ਘੜ ਕੇ ਹੀ ਦੁਨੀਆਂ ਦਾ ਸਭ ਤੋਂ ਵੱਡਾ ਦਹਿਸ਼ਤਗਰਦ ਰਾਜ-ਅਮਰੀਕਾ-ਬਹੁਤ ਸਾਰੇ ਮੁਲਕਾਂ ਉੱਪਰ ਪੂਰੀ ਤਰ੍ਹਾਂ ਨਹੱਕ ਹਮਲੇ ਕਰਦਾ ਆ ਰਿਹਾ ਹੈ। ਮਿੱਥਾਂ ਘੜਨ ਤੇ ਇਨ੍ਹਾਂ ਨੂੰ ਆਪਣੇ ਮੁਫ਼ਾਦਾਂ ਲਈ ਵਰਤਣ ਪੱਖੋਂ ਭਾਰਤੀ ਹੁਕਮਰਾਨਾਂ ਦਾ ਵੀ ਕੋਈ ਸਾਨੀ ਨਹੀਂ ਹੈ। ਇਨ੍ਹਾਂ ਨੇ 1947 ਤੋਂ ਹੀ ਅਜਿਹੀਆਂ ਮਿੱਥਾਂ ਦੇ ਪ੍ਰਚਾਰ ਰਾਹੀਂ ਮੁਲਕ ਦੇ ਅਵਾਮ ਨੂੰ ਬੇਇੰਤਹਾ ਦਾਬੇ ਹੇਠ ਰੱਖਿਆ ਹੋਇਆ ਹੈ। 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ', 'ਭਾਰਤ ਦੀ ਏਕਤਾ ਤੇ ਅਖੰਡਤਾ', 'ਕਾਨੂੰਨ ਦਾ ਰਾਜ' ਅਤੇ 'ਅਮਨ ਕਾਨੂੰਨ ਤੇ ਫਿਰਕੂ ਸਦਭਾਵਨਾ ਨੂੰ ਖ਼ਤਰਾ' ਅਜਿਹੀਆਂ ਮਿੱਥਾਂ ਹਨ ਜਿਨ੍ਹਾਂ ਦਾ ਮਖੌਟਾ ਪਾ ਕੇ ਇਕ ਖ਼ਾਸ ਜਮਾਤ ਦੀ ਤਾਨਾਸ਼ਾਹੀ ਅਤੇ ਲਾਕਾਨੂੰਨੀ ਵਿਸ਼ਾਲ ਅਵਾਮ ਉੱਪਰ ਥੋਪੀ ਹੋਈ ਹੈ। ਇਨ੍ਹਾਂ ਮਿੱਥਾਂ ਦੇ ਆਧਾਰ 'ਤੇ ਹੀ ਤੈਅ ਕੀਤਾ ਜਾਂਦਾ ਹੈ ਕਿ ਕਿਹੜੀਆਂ ਕਾਰਵਾਈਆਂ ਕਾਨੂੰਨੀ ਹਨ ਅਤੇ ਕਿਹੜੀਆਂ ਗ਼ੈਰਕਾਨੂੰਨੀ। ਕੌਣ ਦੇਸ਼ਧ੍ਰੋਹੀ ਹੈ ਅਤੇ ਕੌਣ ਦੇਸ਼ਭਗਤ। ਹੁਕਮਰਾਨਾਂ ਦਾ ਤਰਕ ਬਿਲਕੁਲ ਸਿੱਧਾ ਹੈ ਜਿਹੜੀ ਜਥੇਬੰਦੀ, ਵਿਚਾਰਧਾਰਾ, ਕਲਾ ਕ੍ਰਿਤ ਜਾਂ ਪੇਸ਼ਕਾਰੀ ਰਾਜ ਤੇ ਸਰਕਾਰ ਦੀ ਜਵਾਬਦੇਹੀ ਦਾ ਸਵਾਲ ਖੜ੍ਹਾ ਕਰਦੀ ਹੈ, ਉਸ ਨੂੰ ਦੇਸ਼ਧ੍ਰੋਹੀ ਕਰਾਰ ਦੇ ਦਿਉ ਅਤੇ ਪਾਬੰਦੀ ਲਾ ਕੇ ਉਸ ਦੀ ਆਵਾਜ਼ ਕੁਚਲ ਦਿਉ। ਇਸ ਦੇ ਲਈ ਬਹਾਨਾ ਕੋਈ ਵੀ ਘੜਿਆ ਜਾ ਸਕਦਾ ਹੈ; ਮਸਲਨ: ਅਮਨ-ਕਾਨੂੰਨ ਦਾ ਮਸਲਾ, ਭਾਈਚਾਰਿਆਂ 'ਚ ਨਫ਼ਰਤ ਫੈਲਣ ਦਾ ਡਰ ਜਾਂ

### ਪਰਿਕਰਮਾ

ਰਾਜ ਖ਼ਿਲਾਫ਼ ਬਗ਼ਾਵਤ ਭੜਕਾਉਣ ਦੀ ਸਾਜ਼ਿਸ਼, ਕਿਸੇ ਪਾਬੰਦੀਸ਼ੁਦਾ ਜਥੇਬੰਦੀ ਨਾਲ ਸਬੰਧਤ ਹੋਣਾ ਵਗੈਰਾ ਵਗੈਰਾ। ਪਾਬੰਦੀ ਦੀ ਸਿਆਸਤ ਜਮਹੂਰੀ ਵਿਰੋਧ ਨੂੰ ਕੁਚਲਣ ਦਾ ਸੋਚਿਆ ਸਮਝਿਆ ਹਥਿਆਰ ਹੈ। ਹੁਣ ਰਾਜ ਕਰਦੀ ਜਮਾਤ ਦੇ ਸੌੜੇ ਖ਼ੁਦਗਰਜ਼ ਹਿੱਤਾਂ ਅਤੇ ਪਾਬੰਦੀ ਦੀ ਸਿਆਸਤ ਦੇ ਨਾੜੂਏ ਦੇ ਰਿਸ਼ਤੇ ਨੂੰ ਸਮਝਣ ਦੀ ਲੋੜ ਹੈ। ਇਸ ਦਾ ਘੇਰਾ ਬਹੁਤ ਵਸੀਹ ਵੀ ਹੈ ਅਤੇ ਬਹੁ-ਪਰਤੀ ਵੀ। ਇਹ ਸਮਾਜੀ-ਆਰਥਿਕ ਜੜ੍ਹਾਂ ਵਾਲੇ ਰਾਜਸੀ ਮਸਲਿਆਂ ਨੂੰ ਅਮਨ-ਕਾਨੂੰਨ ਦੇ ਮਸਲੇ ਬਣਾ ਕੇ ਜਬਰ ਰਾਹੀਂ ਮਸਲ ਦੇਣ 'ਤੇ ਜ਼ੋਰ ਦਿੰਦੀ ਹੈ। ਇਹ ਪੁਲਿਸ-ਫ਼ੌਜ ਅਤੇ ਟਾਡਾ, ਪੋਟਾ, ਯੂ.ਏ.ਪੀ.ਏ ਵਰਗੇ ਬੇਇੰਤਹਾ ਜ਼ਾਲਮ ਕਾਨੂੰਨਾਂ ਤੋਂ ਲੈ ਕੇ ਵਿਚਾਰ ਪ੍ਰਗਟਾਵੇ ਦੇ ਹੱਕ ਨੂੰ ਸੂਖਮ ਰੂਪਾਂ ਰਾਹੀਂ ਸਥਾਪਤੀ ਦੇ ਵਿਰੋਧ ਨੂੰ ਕੁਚਲਦੀ ਹੈ। ਇਸ ਦਾ ਬਹਾਨਾ, ਰੂਪ, ਸਮਾਂ ਤੇ ਸਥਾਨ ਕੋਈ ਵੀ ਹੋਵੇ, ਇਸ ਦਾ ਤੱਤ ਨਿਰੋਲ ਤਾਨਾਸ਼ਾਹੀ ਹੈ। ਬਸਤੀਵਾਦੀ ਗੋਰੇ ਧਾੜਵੀ ਵੀ ਦੋ ਸੌ ਸਾਲ ਅਮਨ-ਕਾਨੂੰਨ ਨੂੰ ਖ਼ਤਰਾ, ਅਤਿਵਾਦ, ਹਿੰਸਕ ਕਾਰਵਾਈਆਂ ਆਦਿ ਦਾ ਹਊਆ ਖੜ੍ਹਾ ਕਰ ਕੇ ਦੇਸ਼ਭਗਤ ਅਖ਼ਬਾਰਾਂ, ਕਿਤਾਬਾਂ, ਲੇਖਾਂ ਅਤੇ ਕਵਿਤਾਵਾਂ ਉੱਪਰ ਪਾਬੰਦੀਆਂ ਲਾਉਂਦੇ ਰਹੇ ਅਤੇ ਸੰਪਾਦਕਾਂ, ਲੇਖਕਾਂ, ਪੱਤਰਕਾਰਾਂ ਆਦਿ ਨੂੰ ਜੇਲ੍ਹਾਂ 'ਚ ਡੱਕ ਕੇ ਭਾਰਤੀ ਲੋਕਾਂ ਦੀ ਪੂਰੀ ਤਰ੍ਹਾਂ ਹੱਕ ਬਜਾਨਬ ਲਹਿਰ ਨੂੰ ਕੁਚਲਦੇ ਰਹੇ। ਭਾਰਤੀ ਹੁਕਮਰਾਨ ਉਨ੍ਹਾਂ ਹੀ ਨਕਸ਼ੇ-ਕਦਮਾਂ 'ਤੇ ਚੱਲ ਰਹੇ ਹਨ। 1947 ਤੋਂ ਪਹਿਲੇ ਅਤੇ 1947 ਤੋਂ ਬਾਅਦ ਦੇ ਦੌਰ ਦੀ ਪਾਬੰਦੀ ਦੀ ਸਿਆਸਤ ਦਾ ਤੱਤ ਵੀ ਇਕ ਹੈ ਅਤੇ ਮਕਸਦ ਵੀ। ਗੋਰੇ ਹਾਕਮਾਂ ਵਲੋਂ ਘੜੀਆਂ ਤੇ ਸਥਾਪਤ ਕੀਤੀਆਂ ਇਨ੍ਹਾਂ ਮਿੱਥਾਂ ਨੂੰ ਮੰਨਣ ਤੋਂ ਨਾਬਰ ਹੋਣਾ ਜਮਹੂਰੀ ਕਦਰਾਂ-ਕੀਮਤਾਂ ਦੀ ਰਾਖੀ ਲਈ ਮੁੱਢਲਾ ਕਦਮ ਹੈ। ਇਸ ਲਈ ਜਿਥੇ 'ਸਾਡਾ ਹੱਕ' ਤੋਂ ਪਾਬੰਦੀ ਹਟਾਏ ਜਾਣ ਲਈ ਆਵਾਜ਼ ਉਠਾਉਣਾ ਹਰ ਜਮਹੂਰੀ ਸੋਚ ਵਾਲੇ ਇਨਸਾਨ ਦਾ ਫ਼ਰਜ਼ ਹੈ, ਉਥੇ ਨਾਲ ਦੀ ਨਾਲ ਪਾਬੰਦੀ ਦੀ ਸਾਲਮ ਤਾਨਾਸ਼ਾਹ ਸਿਆਸਤ ਨੂੰ ਖ਼ਤਮ ਕੀਤੇ ਜਾਣ ਦੀ ਮੰਗ ਕਰਨਾ ਵੀ ਸਮੇਂ ਦਾ ਤਕਾਜ਼ਾ ਹੈ।

---

# ਘੱਟਗਿਣਤੀਆਂ ਨੂੰ ਬੇਚੈਨ ਕਰਨਾ ਦੇਸ਼ ਹਿੱਤ ਵਿਚ ਕਿਵੇਂ?

(ਪਿਛਲੇ ਸਫੇ ਦੀ ਬਾਕੀ)

ਪ੍ਰਬੰਧ ਹੀ ਅਪਰਾਧ ਘਟਾਉਣ ਦਾ ਆਧਾਰ: ਸਜ਼ਾ ਅਪਰਾਧ ਘਟਾਉਣ ਅਤੇ ਲੋਕਾਂ ਨੂੰ ਸੁਰੱਖਿਆ ਦੇਣ ਵਾਲਾ ਵਾਤਾਵਰਨ ਪੈਦਾ ਕਰਨ ਲਈ ਦਿੱਤੀ ਜਾਂਦੀ ਹੈ। ਜੋ ਸਜ਼ਾ ਦੇਸ਼ ਦੇ ਵੱਡੇ ਵਰਗਾਂ ਦਾ ਕਾਨੂੰਨ ਵਿਚੋਂ ਵਿਸ਼ਵਾਸ ਉਠਾਉਣ, ਉਨ੍ਹਾਂ ਦੀ ਬੇਚੈਨੀ ਵਧਾਉਣ ਦਾ ਕਾਰਨ ਬਣਦੀ ਹੋਵੇ ਤਾਂ ਇਹ ਦੇਸ਼ ਹਿੱਤ ਜਾਂ ਅਪਰਾਧ ਖ਼ਤਮ ਕਰਨ ਵਾਲੀ ਕਿਵੇਂ ਹੋ ਸਕਦੀ ਹੈ? ਅਫ਼ਜ਼ਲ ਗੁਰੂ, ਦਵਿੰਦਰਪਾਲ ਸਿੰਘ ਭੁੱਲਰ ਜਾਂ ਰਾਜੀਵ ਗਾਂਧੀ ਦੇ ਕਾਤਲਾਂ ਦੀ ਮੌਤ ਦੀ ਸਜ਼ਾ ਨਾਲ ਘੱਟ-ਗਿਣਤੀ ਵਰਗ ਵਿਚ ਮਾਯੂਸੀ ਪੈਦਾ ਹੋਈ ਅਤੇ ਹੋ ਰਹੀ ਹੈ। ਇਸ ਲਈ ਜਮਹੂਰੀਅਤ ਦਾ ਅਲੰਬਰਦਾਰ ਕਹਾਉਣ ਵਾਲੇ ਭਾਰਤ ਨੂੰ ਭੁੱਲਰ ਅਤੇ ਹੋਰਨਾਂ ਦੀ ਫਾਂਸੀ ਦੇ ਬਾਰੇ ਪੁਨਰ-ਵਿਚਾਰ ਕਰਨਾ ਚਾਹੀਦਾ ਹੈ ਅਤੇ ਫਾਂਸੀ ਦੀ ਸਜ਼ਾ ਖ਼ਤਮ ਕਰਨ ਦਾ ਐਲਾਨ ਕਰਨਾ ਚਾਹੀਦਾ ਹੈ। ਅਪਰਾਧ ਘਟਾਉਣ ਲਈ ਫਾਂਸੀ ਦੀ ਸਜ਼ਾ ਨਹੀਂ, ਬਲਕਿ ਅਪਰਾਧ ਪੈਦਾ ਕਰਨ ਵਾਲੇ ਬੇਇਨਸਾਫ਼ੀ ਆਧਾਰਤ ਪ੍ਰਬੰਧ ਨੂੰ ਤਬਦੀਲ ਕਰਨ ਦੀ ਜ਼ਰੂਰਤ ਹੈ। ਮੌਜੂਦਾ ਪ੍ਰਬੰਧ ਨੇ ਕੁਦਰਤੀ ਵਸੀਲਿਆਂ ਦਾ ਸ਼ੋਸ਼ਣ ਇਸ ਪੜਾਅ ਉੱਤੇ ਪਹੁੰਚਾ ਦਿੱਤਾ ਹੈ ਕਿ ਪੂਰਾ ਜੈਵਿਕ ਜੀਵਨ ਖ਼ਤਰੇ ਵਿਚ ਪੈ ਗਿਆ ਹੈ। ਅਮੀਰ ਅਤੇ ਗਰੀਬ ਦਾ ਪਾੜਾ ਵੀ ਖ਼ਤਰਨਾਕ ਹੱਦ ਤੱਕ ਵਧ ਗਿਆ ਹੈ। ਸੁਪਰ ਪਾਵਰ, ਚੌਧਰ ਅਤੇ ਲਾਲਸਾ ਦੀ ਰਾਜਨੀਤੀ ਸੰਸਾਰ ਭਰ ਅਤੇ ਦੇਸ਼ਾਂ ਦੇ ਅੰਦਰ ਟਕਰਾਵਾਂ ਅਤੇ ਅਪਰਾਧਾਂ ਨੂੰ ਜਨਮ ਦਿੰਦੀ ਹੈ।

ਇਸ ਮਾਨਸਿਕਤਾ ਦੇ ਮੁਕਾਬਲੇ ਕੁਦਰਤ ਅਤੇ ਮਨੁੱਖ ਨੂੰ ਧਿਆਨ ਵਿਚ ਰੱਖ ਕੇ ਸਰਬੱਤ ਦਾ ਭਲਾ, ਸਹਿ-ਹੋਂਦ, ਬਰਾਬਰੀ, ਸਭ ਨੂੰ ਨਾਲ ਲੈ ਕੇ ਚੱਲਣ ਅਤੇ ਅਮਨ ਦੀ ਰਾਜਨੀਤੀ ਅਤੇ ਆਰਥਿਕ ਪ੍ਰਬੰਧ ਵੱਲ ਅੱਗੇ ਵਧਣ ਨਾਲ ਅਪਰਾਧੀ ਦੇ ਬਜਾਇ ਅਪਰਾਧ ਖ਼ਤਮ ਕਰਨ ਵੱਲ ਵਧਿਆ ਜਾ ਸਕਦਾ ਹੈ। ਇਹ ਪ੍ਰਬੰਧ ਅਸਲ ਜਮਹੂਰੀਅਤ ਵਾਲਾ ਹੀ ਹੋ ਸਕਦਾ ਹੈ ਜਿੱਥੇ ਆਰਥਿਕ, ਰਾਜਨੀਤਿਕ ਅਤੇ ਸਮਾਜਕ ਮਾਮਲਿਆਂ ਵਿਚ ਲੋਕਾਂ ਨੂੰ ਵੱਧ ਤੋਂ ਵੱਧ ਸੰਭਵ ਹੱਦ ਤੱਕ ਫ਼ੈਸਲਾ ਲੈਣ ਦਾ ਅਧਿਕਾਰ ਹੋਵੇ।

---

# ਮੋਦੀ ਦੀ ਚੜ੍ਹਤ ਪਿੱਛੇ ਕਾਰਪੋਰੇਟ ਵਰਗ !

'ਮੋਦੀ ਕੇਂਦਰੀ-ਭੂਮਿਕਾ ਹਾਸਲ ਕਰ ਚੁੱਕੇ ਹਨ'। 'ਮੋਦੀ ਤੂਫ਼ਾਨ ਵਾਂਗ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਵਜੋਂ ਉੱਭਰੇ'। ਇਹ ਕੁਝ ਸੁਰਖੀਆਂ ਹਨ ਜੋ ਉੱਘੀਆਂ ਭਾਰਤੀ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਵਿਚ ਵੇਖਣ ਨੂੰ ਮਿਲ ਰਹੀਆਂ ਹਨ। ਇਹ ਸਾਰਾ ਕੁਝ ਅਸਲ ਵਿਚ ਕਾਰਪੋਰੇਟ ਜਗਤ ਵੱਲੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਵਿਕਾਸ ਦਾ ਮਸੀਹਾ ਬਣਾਉਣ ਦੀ ਯੋਜਨਾਬੱਧ ਕੋਸ਼ਿਸ਼ ਦਾ ਹਿੱਸਾ ਹੈ।

ਭਾਰਤ ਦੇ ਇਤਿਹਾਸ ਵਿਚ ਪਹਿਲਾਂ ਕਦੇ ਨਾ ਵੇਖਣ ਨੂੰ ਮਿਲੇ ਅਜਿਹੇ ਪ੍ਰਚਾਰ ਦੇ ਐਨ ਉਲਟ ਨਰਿੰਦਰ ਮੋਦੀ ਕੌਮਾਂਤਰੀ ਅਤੇ ਕੌਮੀ ਤੌਰ 'ਤੇ ਅਜੇ ਵੀ ਇਕਪਾਸੜ ਸੋਚ ਵਾਲੀ ਸ਼ਖ਼ਸੀਅਤ ਹੀ ਹਨ। ਇਥੋਂ ਤੱਕ ਕਿ ਸੰਘ ਪਰਿਵਾਰ ਵਿਚ ਵੀ ਉਨ੍ਹਾਂ ਨੂੰ ਇਸੇ ਤਰ੍ਹਾਂ ਦੀ ਸ਼ਖ਼ਸੀਅਤ ਮੰਨਿਆ ਜਾਂਦਾ ਹੈ। ਇਸੇ ਕਰ ਕੇ ਸੰਘ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਨ੍ਹਾਂ ਦਾ ਨਾਂ ਲੈਣ ਤੋਂ ਝਿਜਕ ਵਰਤੀ ਜਾ ਰਹੀ ਹੈ। 2002 ਦੇ ਮੁਸਲਮਾਨਾਂ ਦੇ ਕਤਲੇਆਮ ਸਬੰਧੀ ਉਨ੍ਹਾਂ 'ਤੇ ਜੋ ਦਾਗ਼ ਲੱਗਾ ਹੈ, ਉਸ ਨੂੰ ਕਦੇ ਵੀ ਧੋਤਾ ਨਹੀਂ ਜਾ ਸਕਦਾ। ਸਿਆਸੀ ਦਾਨਿਸ਼ਮੰਦੀ, ਧਰਮ-ਨਿਰਪੱਖਤਾ, ਸਹਿਣਸ਼ੀਲਤਾ ਅਤੇ ਸਮਾਜਕ ਸ਼ਮੂਲੀਅਤ ਦੀਆਂ ਕਦਰਾਂ-ਕੀਮਤਾਂ ਰੱਖਣ ਵਾਲੇ ਲੱਖਾਂ ਹਿੰਦੂ ਅਤੇ ਗ਼ੈਰ-ਹਿੰਦੂ ਭਾਰਤੀਆਂ ਲਈ ਮੋਦੀ ਘ੍ਰਿਣਾ ਦੇ ਪਾਤਰ ਹਨ। ਵਿਸ਼ਵ ਪੱਧਰ 'ਤੇ ਵੀ ਕੁਝ ਇਸੇ ਤਰ੍ਹਾਂ ਦੀ ਸਥਿਤੀ ਹੈ। ਇਸ ਸਭ ਕੁਝ ਦੇ ਉਲਟ ਭਾਰਤੀ ਕਾਰੋਬਾਰੀ ਅਤੇ ਕਾਰਪੋਰੇਟ ਮੀਡੀਆ ਉਸ ਨੂੰ ਅਜਿਹੇ 'ਲੜਾਕੂ ਯੋਧੇ' ਵਜੋਂ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ ਜੋ ਭਾਰਤ ਨੂੰ ਆਰਥਿਕ ਖੜੋਤ, ਗਰੀਬੀ ਅਤੇ ਖੁੰਝੇ ਮੌਕਿਆਂ ਵਾਲੀ ਸਥਿਤੀ ਵਿਚੋਂ ਕੱਢ ਕੇ ਤਰੱਕੀ ਵੱਲ ਲਿਜਾਏਗਾ ਤੇ ਵਿਕਾਸ ਦੇ 'ਗੁਜਰਾਤ ਮਾਡਲ' ਨੂੰ ਅੱਗੇ ਵਧਾਏਗਾ। ਜੇ ਗੁਜਰਾਤ ਮਾਡਲ ਨੂੰ ਅਪਣਾਉਣਯੋਗ ਮੰਨ ਵੀ ਲਿਆ ਜਾਵੇ ਤਾਂ ਮੋਦੀ ਵਰਗੇ ਨਿਰੰਕੁਸ਼ ਅਤੇ ਸਿਰੇ ਦੇ ਫ਼ਿਰਕੂ ਸਿਆਸਤਦਾਨ ਨੂੰ ਆਗੂ ਮੰਨ ਲੈਣਾ ਸਿਆਸੀ ਤੌਰ 'ਤੇ ਵੀ ਗ਼ਲਤ ਹੈ ਅਤੇ ਨੈਤਿਕ ਤੌਰ 'ਤੇ ਵੀ ਨਾ-ਕਬੂਲਣਯੋਗ ਹੈ। ਉਂਜ 'ਗੁਜਰਾਤ ਮਾਡਲ' ਬਾਰੇ ਵੀ ਪੂਰਾ ਸੱਚ ਨਹੀਂ ਦੱਸਿਆ ਜਾ ਰਿਹਾ। ਹਰਿਆਣਾ, ਪੰਜਾਬ, ਮਹਾਰਾਸ਼ਟਰ, ਕੇਰਲ ਅਤੇ ਹਿਮਾਚਲ ਪ੍ਰਦੇਸ਼ ਵਰਗੇ ਸੂਬੇ ਇਸ ਤੋਂ ਅੱਗੇ ਹਨ। ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਵੀ ਇਸ ਤੋਂ ਭੋਰਾ ਭਰ ਹੀ ਪਿੱਛੇ ਹਨ। ਗੁਜਰਾਤ ਦਾ ਸਨਅਤੀ ਵਿਕਾਸ ਵੀ ਅਸੰਤੁਲਿਤ ਹੈ। ਇਸ ਦੇ ਬਾਵਜੂਦ ਕਾਰਪੋਰੇਟ ਖੇਤਰ ਨੂੰ 'ਗੁਜਰਾਤ ਮਾਡਲ' ਇਸ ਕਰ ਕੇ ਪਸੰਦ ਹੈ ਕਿਉਂਕਿ ਇਹ ਇਸ ਤਰ੍ਹਾਂ ਦਾ ਗ਼ੈਰ-ਬਰਾਬਰੀਆਂ ਵਾਲਾ ਪ੍ਰਬੰਧ ਹੀ ਚਾਹੁੰਦਾ ਹੈ ਜੋ ਪ੍ਰਾਈਵੇਟ ਸਨਅਤ ਵੱਲ ਝੁਕਾਅ ਰੱਖਦਾ ਹੋਵੇ। ਇਸ ਤੋਂ ਇਲਾਵਾ ਮੋਦੀ ਨੇ ਟੈਕਸ ਛੋਟਾਂ ਆਦਿ ਦੇ ਰੂਪ ਵਿਚ ਵੱਡੇ ਵਪਾਰਕ ਖੇਤਰਾਂ ਨੂੰ ਵੱਡੇ ਲਾਭ ਵੀ ਦਿੱਤੇ ਹਨ।

ਨਰਿੰਦਰ ਮੋਦੀ ਅਸਲ ਵਿਚ ਤੁਰੰਤ ਕਾਰਵਾਈ ਕਰਦੇ ਹਨ। ਵੱਡੇ ਵਪਾਰਕ ਘਰਾਣੇ ਅਜਿਹੀ ਸ਼ੈਲੀ ਬੜੀ ਪਸੰਦ ਕਰਦੇ ਹਨ। ਇਸੇ ਕਰ ਕੇ ਆਪਣੇ ਪ੍ਰਚਾਰ ਰਾਹੀਂ ਇਹ ਲੋਕ ਮੋਦੀ ਨੂੰ ਅੱਗੇ ਵਧਾ ਰਹੇ ਹਨ ਪਰ ਇਹ ਲੋਕ ਉਹੀ ਗ਼ਲਤੀ ਕਰ ਰਹੇ ਹਨ ਜੋ 1920ਵਿਆਂ ਅਤੇ 30ਵਿਆਂ ਵਿਚ ਹਿਟਲਰ ਅਤੇ ਮੁਸੋਲਿਨੀ ਦੇ ਕਾਰੋਬਾਰੀ ਹਮਾਇਤੀਆਂ ਨੇ ਕੀਤੀ ਸੀ।

**-ਪ੍ਰਫੁੱਲ ਬਿਦਵਈ**

# ਗੱਲਾਂ 'ਚੋਂ ਗੱਲ, ਕੀ ਹੋਵੇ ਹੱਲ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਪਰਦੇਸਾਂ 'ਚ ਵਸਦੇ ਕਈ ਪਾਠਕ ਮੇਰੀਆਂ ਲਿਖਤਾਂ ਵਿਚ ਆਪਣੇ ਇਲਾਕੇ ਦੇ ਕਿਸੇ ਪਿੰਡ ਜਾਂ ਕਿਸੇ ਖਾਸ ਵਿਅਕਤੀ ਦਾ ਜ਼ਿਕਰ ਪੜ੍ਹ ਕੇ ਫੋਨ ਮਿਲਾ ਲੈਂਦੇ ਹਨ। ਉਦੋਂ ਮੈਨੂੰ ਬੜੀ ਹੈਰਾਨੀ ਹੁੰਦੀ ਹੈ ਕਿ ਅਜਿਹੇ ਪਾਠਕ ਅਕਸਰ ਆਪਣੀ ਗੱਲਬਾਤ ਵਿਚ ਸਬੰਧਤ ਲਿਖਤ ਦੇ ਵਿਸ਼ੇ ਬਾਰੇ ਕੋਈ ਚਰਚਾ ਨਹੀਂ ਕਰਦੇ। ਨਾ ਹੀ ਉਹ ਮੇਰੇ ਵਿਚਾਰਾਂ ਨਾਲ ਸਹਿਮਤੀ ਜਾਂ ਅਸਹਿਮਤੀ ਹੀ ਪ੍ਰਗਟਾਉਂਦੇ ਹਨ। ਬੱਸ, ਉਹ ਹੁੱਬ-ਹੁੱਬ ਕੇ ਬੜੇ ਉਲਾਸ ਵਿਚ ਮੇਰਾ ਸ਼ੁਕਰੀਆ ਅਦਾ ਕਰਨ ਲੱਗ ਜਾਂਦੇ ਹਨ ਕਿ ਮੈਂ ਉਨ੍ਹਾਂ ਨੂੰ, ਪਰਦੇਸੀ ਬੈਠਿਆਂ ਨੂੰ ਆਪਣਾ ਪਿੰਡ ਯਾਦ ਕਰਵਾ ਦਿੱਤਾ ਹੈ, ਜਾਂ ਕਹਿਣਗੇ ਕਿ ਤੁਸੀਂ ਜਿਹੜਾ ਫਲਾਣੇ ਸਿੰਹੁ ਬਾਰੇ ਲਿਖਿਆ ਐ, ਬਿਲਕੁਲ ਸਹੀ ਲਿਖਿਆ ਹੈ। ਮੇਰਾ ਵੀ 'ਉਸ ਨਾਲ' ਇਕ-ਦੋ ਵਾਰ ਵਾਹ ਪਿਆ ਸੀ!

ਨੀਝ ਨਾਲ ਪੜ੍ਹਨ ਮਗਰੋਂ ਮੇਰੇ ਨਾਲ ਨਿੱਠ ਕੇ ਵਿਚਾਰ-ਵਟਾਂਦਰਾ ਕਰਨ ਵਾਲੇ ਵਿਰਲਿਆਂ ਪਾਠਕਾਂ ਦੀ ਗੱਲ ਹੋਰ ਹੈ, ਪਰ ਜ਼ਿਆਦਾਤਰ ਪਾਠਕ ਆਪਣੇ ਪਿਛੋਕੜ ਦਾ ਜ਼ਿਕਰ ਪੜ੍ਹ ਕੇ ਹੀ ਮਖ਼ਮੂਰ ਹੋ ਜਾਂਦੇ ਨੇ। ਉਨ੍ਹਾਂ ਦੀ ਬੋਲਬਾਣੀ ਵਿਚੋਂ ਡੁੱਲ੍ਹ-ਡੁੱਲ੍ਹ ਪੈਂਦੀ ਹੁੱਬਲੇ-ਵਤਨੀ ਦੇਖਿਆਂ ਜਾਂ ਸੁਣਿਆਂ ਹੀ ਮਹਿਸੂਸ ਕੀਤੀ ਜਾ ਸਕਦੀ ਹੈ।

ਇਥੇ ਮੈਂ ਅਪਣੱਤ ਭਰੀ ਇਸ ਭਾਵਨਾ ਨੂੰ ਮਾੜੀ ਜਾਂ ਚੰਗੀ ਨਹੀਂ ਕਹਿ ਰਿਹਾ, ਸਗੋਂ ਇਹ ਹਕੀਕਤ ਬਿਆਨ ਕਰਨ ਜਾ ਰਿਹਾਂ ਕਿ ਐਤਕੀਂ ਮੈਂ ਖੁਦ ਇਸ 'ਮਰਜ਼' ਦਾ ਸ਼ਿਕਾਰ ਬਣ ਗਿਆ। ਇਕ ਲਿਖਤ ਵਿਚ ਆਪਣੇ ਇਲਾਕੇ ਦੇ ਕਈ ਪਿੰਡਾਂ ਦੇ ਨਾਂ ਪੜ੍ਹ ਕੇ ਮੇਰੀ ਰੂਹ ਨਸ਼ਿਆਈ ਗਈ; ਜਿਵੇਂ ਸੁਹਾਗਾ ਫੇਰੇ ਖੇਤ ਵਿਚ ਸੱਪ ਮੇਲ੍ਹਦਾ ਜਾਂਦਾ ਹੈ, ਐਨ ਇਸੇ ਤਰ੍ਹਾਂ ਅਨੰਦਪੁਰ ਸਾਹਿਬ ਦਾ ਪਾਵਨ ਨਾਮ ਪੜ੍ਹਦਿਆਂ ਸਾਰ ਲਿਖਤ ਨੂੰ ਭੁੱਖਿਆਂ ਵਾਂਗ ਟੁੱਟ ਕੇ ਪੈ ਗਿਆ ਕਿਉਂਕਿ ਮੈਂ ਹਾਲੇ ਤੱਕ 'ਵਿਰਾਸਤ-ਏ-ਖਾਲਸਾ' ਕੰਪਲੈਕਸ ਦੇਖਿਆ ਨਹੀਂ। ਇਸ ਲਿਖਤ ਵਿਚ ਕੰਪਲੈਕਸ ਦੀ ਛਪੀ ਹੋਈ ਫੋਟੋ ਦੇਖ ਕੇ ਮਨ ਵਿਚ ਰੀਝ ਉਠੀ ਕਿ ਇਸ ਬਾਰੇ ਲੇਖਕ ਦੇ ਵਿਚਾਰ ਛੇਤੀ-ਛੇਤੀ ਪੜ੍ਹਾਂ!

ਭਰਾਵਾਂ ਵਰਗਾ ਦੋਸਤ ਇਕਬਾਲ ਸਿੰਘ ਜੱਬੋਵਾਲੀਆ ਮੇਰੇ ਆਪਣੇ ਜ਼ਿਲ੍ਹੇ ਨਵਾਂ ਸ਼ਹਿਰ ਨਾਲ ਸਬੰਧਤ ਹੈ। ਉਹ ਬਹੁਤਾ ਕਰ ਕੇ ਖੇਡ-ਖਿਡਾਰੀਆਂ ਬਾਰੇ ਬੜੀਆਂ ਰੌਚਕ ਲਿਖਤਾਂ ਲਿਖਦਾ ਹੈ। ਮੇਰੀ ਖੇਡਾਂ-ਖੁਡਾਂ 'ਚ ਭਾਵੇਂ ਕੋਈ ਦਿਲਚਸਪੀ ਨਹੀਂ, ਪਰ ਮੈਂ ਸਰਵਣ ਸਿੰਘ ਤੇ ਵੀਰ ਜੱਬੋਵਾਲੀਆ ਨੂੰ ਜ਼ਰੂਰ ਪੜ੍ਹਦਾ ਹਾਂ। 'ਪੰਜਾਬ ਟਾਈਮਜ਼' ਦੇ ਬੀਤੇ ਹਫ਼ਤੇ ਵਾਲੇ ਅੰਕ ਵਿਚ ਇਕਬਾਲ ਸਿੰਘ ਦਾ ਲੇਖ 'ਗੜ੍ਹਸ਼ੰਕਰ ਤੋਂ ਅਨੰਦਪੁਰ ਸਾਹਿਬ ਤੱਕ ਦਾ ਮਿੱਟੀ ਘੱਟਾ' ਪੜ੍ਹ ਕੇ ਮੇਰੇ ਜਜ਼ਬਾਤ ਵੀ ਅੰਗੜਾਈਆਂ ਭਰਨ ਲੱਗ ਪਏ। ਜੱਬੋਵਾਲ, ਭੀਣ, ਚੌਹੜਾ, ਬਲਾਚੌਰ, ਪੋਲੀ ਭਿੱਕੀ ਆਦਿਕ ਪਿੰਡਾਂ ਦੇ ਨਾਂ ਪੜ੍ਹ ਕੇ ਇਲਾਕੇ ਦੀ ਸੈਰ ਕਰਦਿਆਂ ਮੈਂ ਵੀ ਗੜ੍ਹਸ਼ੰਕਰ ਤੋਂ ਅੱਗੇ ਜਾਂਦੀ ਸੜਕ 'ਤੇ ਪਏ ਹੋਏ ਟੋਇਆਂ 'ਚ ਜਾ ਖੁੱਭਿਆ। ਮਲਾਈ ਵਰਗੀਆਂ ਅਮਰੀਕਨ ਸੜਕਾਂ 'ਤੇ ਗੱਡੀ ਚਲਾਉਂਦਾ ਪੰਜਾਬ ਗਿਆ। ਇਕਬਾਲ ਅਨੰਦਪੁਰ ਸਾਹਿਬ ਦੀ ਯਾਤਰਾ ਵਾਲੇ ਲੇਖ 'ਚ ਲਿਖਦਾ ਹੈ, 'ਥੋੜ੍ਹਾ ਅੱਗੇ ਗਏ ਤਾਂ ਸੜਕ ਦਾ ਮਾੜਾ ਹਾਲ ਦੇਖ ਕੇ ਸਾਹ ਉਤਾਂਹ ਚੜ੍ਹ ਗਿਆ। ਰੱਬ-ਰੱਬ ਕਰਦੇ ਜਾਈਏ, ਰੱਬਾ! ਠੀਕ-ਠਾਕ ਮੱਥਾ ਟੇਕ ਆਈਏ!'

ਥਾਂ-ਥਾਂ ਤੋਂ ਟੁੱਟੀ ਹੋਈ ਸੜਕ, ਪਏ ਹੋਏ ਖੱਡੇ, ਟੋਇਆਂ ਅਤੇ ਮਿੱਟੀ-ਘੱਟੇ ਦੇ ਉਡਦੇ ਵਾ-ਵਰੋਲਿਆਂ ਤੋਂ ਡਾਢਾ ਪ੍ਰੇਸ਼ਾਨ ਹੋਇਆ ਜੱਬੋਵਾਲੀਆ ਵੀਰ, ਪੰਜਾਬ ਸਰਕਾਰ 'ਤੇ ਹਿਰਖ ਝਾੜਦਾ ਹੈ, 'ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਣ ਦਾ ਰਾਗ ਅਲਾਪਣ ਵਾਲੇ, ਇਸ ਪਾਸੇ ਅਵੇਸਲੇ ਕਿਉਂ ਹਨ? ਕੀ ਪੰਜਾਬ ਦੇ ਮੰਤਰੀ ਕਦੇ ਇਸ ਰਾਹ ਨਹੀਂ ਲੰਘੇ ਹੋਣਗੇ? ਉਨ੍ਹਾਂ ਦੇ ਕਾਫ਼ਲੇ ਦਾ ਕਦੇ ਇਸ ਮਿੱਟੀ ਨਾਲ ਵਾਹ ਨਹੀਂ ਪਿਆ ਹੋਵੇਗਾ?'

ਜਿਸ ਸੜਕ ਦਾ ਰੋਣਾ ਇਹ ਲੇਖਕ ਰੋ ਰਿਹਾ ਹੈ, ਹੋਲੇ-ਮਹੱਲੇ ਤੋਂ ਤਕਰੀਬਨ ਮਹੀਨਾ ਕੁ ਪਹਿਲਾਂ ਵੀ ਅਖ਼ਬਾਰਾਂ ਵਿਚ ਇਸ ਖਸਤਾ ਹਾਲ ਸੜਕ ਦਾ ਰੌਲਾ ਪਿਆ ਸੀ। ਹੋਰ ਐਰੇ-ਗੈਰੇ ਨੱਥੂ-ਖੈਰੇ ਦੀ ਤਾਂ ਗੱਲ ਛੱਡੋ, ਪੰਥ ਦੀ ਸਿਰਮੌਰ ਪਦਵੀ 'ਤੇ ਬੈਠੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਅਨੰਦਪੁਰ ਸਾਹਿਬ ਪਹੁੰਚ ਕੇ ਪੱਤਰਕਾਰਾਂ ਨਾਲ ਗੱਲਾਂ ਕਰਦਿਆਂ ਹੈਰਾਨੀ ਜਤਾਈ ਕਿ ਹੋਰ ਮਹੀਨੇ ਕੁ ਤਾਈਂ ਮਾਝੇ, ਮਾਲਵੇ, ਦੁਆਬੇ ਦੀਆਂ ਸੰਗਤਾਂ ਨੇ ਹੋਲਾ-ਮਹੱਲਾ ਮਨਾਉਣ ਵਹੀਰਾਂ ਘੱਤ ਕੇ ਇਥੇ ਪਹੁੰਚਣਾ ਹੈ, ਪਰ ਸੜਕ ਦਾ ਇੰਨਾ ਬੁਰਾ ਹਾਲ ਹੈ ਕਿ ਪੁੱਛੋ ਕੁਝ ਨਾ! ਮੈਂ ਉਹ ਖ਼ਬਰ ਪੂਰੇ ਗਹੁ ਨਾਲ ਪੜ੍ਹੀ ਸੀ। ਉਸ ਵਿਚ ਜਥੇਦਾਰ ਸਾਹਿਬ ਨੇ ਦੱਸਿਆ ਸੀ ਕਿ ਟੋਏ ਤੇ ਮਿੱਟੀ-ਘੱਟਾ ਹੀ ਦਿਖਾਈ ਦੇ ਰਿਹਾ ਐ, ਸੜਕ ਦਾ ਤਾਂ ਕਿਤੇ ਨਾਮ ਨਿਸ਼ਾਨ ਈ ਹੈ ਨੀ! ਉਨ੍ਹਾਂ ਸੜਕਾਂ ਬਣਾਉਣ ਵਾਲੇ ਮਹਿਕਮੇ ਦੇ ਮੰਤਰੀ ਦਾ ਨਾਂ ਲੈ ਕੇ ਆਖਿਆ ਸੀ ਕਿ ਸ. ਸ਼ਰਨਜੀਤ ਸਿੰਘ ਢਿੱਲੋਂ ਨੌਜਵਾਨ ਵਜ਼ੀਰ ਹੈ, ਉਹ ਜ਼ਰੂਰ ਹੋਲੇ-ਮਹੱਲੇ ਤੋਂ ਪਹਿਲਾਂ-ਪਹਿਲਾਂ ਸੜਕ ਨਵੀਂ ਬਣਵਾ ਦਏਗਾ। ਖ਼ਬਰ ਅਨੁਸਾਰ ਉਨ੍ਹਾਂ ਉਸੇ ਵੇਲੇ ਆਪਣੇ ਪੀ.ਏ. ਨੂੰ ਨੋਟ ਕਰਾਇਆ ਕਿ ਇਸ ਸੜਕ ਦਾ ਕੰਮ ਪਹਿਲ ਦੇ ਆਧਾਰ 'ਤੇ ਕਰਵਾਉਣਾ ਹੈ।

ਲਉ ਜੀ, ਨਵੀਂ ਸੜਕ ਤਾਂ ਕੀ ਬਣਨੀ ਸੀ, ਕਿਸੇ ਨੇ ਪੁਰਾਣੀ ਦੀ ਮੁਰੰਮਤ ਵੀ ਨਾ ਕਰਵਾਈ। ਹੋਲੇ-ਮੁਹੱਲੇ 'ਤੇ ਲੱਖਾਂ ਦੀ ਗਿਣਤੀ ਵਿਚ ਪਹੁੰਚੇ ਸ਼ਰਧਾਲੂ ਜੱਬੋਵਾਲੀਏ ਵਾਂਗੂੰ ਉਸ ਸੜਕ ਤੋਂ ਰੱਬ-ਰੱਬ ਕਰਦੇ ਲੰਘੇ ਹੋਣਗੇ, ਜਾਂ ਫਿਰ ਸਰਕਾਰ ਨੂੰ ਮੰਦਾ-ਚੰਗਾ ਬੋਲਦੇ।

ਇਥੇ ਇਹ ਗੱਲ ਧਿਆਨ ਗੋਚਰੇ ਰਹੇ ਕਿ ਜਦੋਂ ਤੋਂ ਸ਼੍ਰੋਮਣੀ ਕਮੇਟੀ ਉਤੇ ਬਾਦਲਸ਼ਾਹੀ ਦਾ ਮੁਕੰਮਲ ਕਬਜ਼ਾ ਹੋਇਆ ਹੈ, ਉਦੋਂ ਤੋਂ ਲੈ ਕੇ ਅੱਜ ਦੀ ਤਰੀਕ ਤੱਕ, ਛੋਟਾ ਜਾਂ ਵੱਡਾ ਹਰ ਬਾਦਲ ਦਲੀਆ ਆਗੂ ਇਹ ਨਸੀਹਤ ਦੇਣੀ ਨਹੀਂ ਭੁੱਲਦਾ ਕਿ ਅਕਾਲ ਤਖ਼ਤ ਸਾਹਿਬ ਸਰਬ-ਉਚ ਹੈ ਅਤੇ ਉਥੋਂ ਦੇ ਜਥੇਦਾਰ ਦਾ ਹਰ ਹੁਕਮ 'ਇਲਾਹੀ ਹੁਕਮ' ਵਾਂਗ ਮੰਨੋ। ਬਾਦਲ ਦਲੀਆਂ ਵੱਲੋਂ ਦੂਜਿਆਂ ਨੂੰ ਦਿੱਤੀ ਜਾਂਦੀ ਇਸ ਨਸੀਹਤ ਦੀ ਰੋਸ਼ਨੀ ਵਿਚ ਇਹ ਗੱਲ ਵਿਚਾਰੀਏ ਕਿ ਅਨੰਦਪੁਰ ਸਾਹਿਬ ਵਿਖੇ ਜਥੇਦਾਰ ਸਾਹਿਬ ਵੱਲੋਂ ਗੜ੍ਹਸ਼ੰਕਰ ਵਾਲੀ ਸੜਕ ਬਣਾਉਣ ਦਾ ਦਿੱਤਾ ਗਿਆ ਆਦੇਸ਼, ਕੀ ਇਲਾਹੀ ਹੁਕਮਾਂ ਦੇ ਦਾਇਰੇ 'ਚ ਨਹੀਂ ਆਉਂਦਾ? ਜਦੋਂ ਸਿੰਘ ਸਾਹਿਬ ਕਿਸੇ ਬਾਦਲ ਦਲੀਏ ਦੀ ਕੋਈ ਜ਼ਿੰਮੇਵਾਰੀ ਲਾਉਂਦੇ ਹਨ, ਤਾਂ ਕੀ ਉਦੋਂ ਉਨ੍ਹਾਂ (ਜਥੇਦਾਰ ਸਾਹਿਬ) ਦੀ ਪਦਵੀ ਸਰਬ-ਉਚ ਨਹੀਂ ਹੁੰਦੀ? ਅਜਿਹੇ ਮੌਕਿਆਂ 'ਤੇ ਜਥੇਦਾਰ ਸਾਹਿਬ ਵੱਲੋਂ ਵੀ ਜਦੋਂ ਬਾਦਲ ਦਲੀਆਂ ਪ੍ਰਤੀ 'ਨਰਮ ਗੋਸ਼ਾ' ਅਪਨਾ ਲਿਆ ਜਾਂਦਾ ਹੈ, ਤਦ ਦੇਸ਼-ਵਿਦੇਸ਼ ਦੀ ਸੰਗਤ ਦਾ ਸ਼ੰਕਾ ਵਿਚ ਘਿਰ ਜਾਣਾ ਸੁਭਾਵਿਕ ਹੀ ਹੈ।

ਚਲੋ ਖ਼ੈਰ, ਹੋਲਾ-ਮਹੱਲਾ ਲੰਘਣ ਮਗਰੋਂ ਦੋ ਕੁ ਹਫ਼ਤੇ ਬਾਅਦ ਪੰਜਾਬ ਦੇ ਪੀ.ਡਬਲਯੂ.ਡੀ. ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਅਮਰੀਕਾ ਦੇ ਦੌਰੇ 'ਤੇ ਆ ਪਹੁੰਚੇ। ਆਏ ਮਹਿਮਾਨ ਦੀ ਰੱਜ ਕੇ ਆਉ-ਭਗਤ ਕਰਨ ਵਾਲੇ ਪੰਜਾਬੀਆਂ ਦੇ ਸਭਿਆਚਾਰ ਮੁਤਾਬਕ ਸ. ਢਿੱਲੋਂ ਨੂੰ ਕਈ ਥਾਂਈਂ ਮਾਣ-ਸਨਮਾਨ ਤਾਂ ਦਿੱਤੇ ਗਏ ਅਤੇ ਉਨ੍ਹਾਂ ਨੇ ਵੀ ਉਹੀ ਮੁਹਾਰਨੀ ਅਲਾਪੀ ਕਿ ਪਰਵਾਸੀਆਂ ਦੇ ਮਸਲੇ ਅਸੀਂ ਪਹਿਲ ਦੇ ਆਧਾਰ 'ਤੇ ਹੱਲ ਕਰਾਂਗੇ, ਪਰ ਮੇਰੇ ਵਰਗੇ ਉਹ ਪਰਵਾਸੀ ਜਿਨ੍ਹਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਵਾਲੀ ਉਕਤ ਸੜਕ ਵਾਲੀ ਖ਼ਬਰ ਪੜ੍ਹੀ ਹੋਈ ਸੀ, ਸੋਚਦੇ ਰਹੇ ਕਿ ਕੋਈ ਤਾਂ ਮਾਈ ਭਾਈ ਅਕਾਲੀ ਮੰਤਰੀ ਪਾਸੋਂ ਇਹ ਸਵਾਲ ਪੁੱਛੇਗਾ ਹੀ ਕਿ ਭਾਈ ਸਿੱਖਾ, ਹੋਲੇ-ਮਹੱਲੇ ਦਾ ਮੋਹਰਾ ਹੋਵੇ, ਸ੍ਰੀ ਅਨੰਦਪੁਰ ਸਾਹਿਬ ਨੂੰ ਜਾਂਦੀ ਸਾਰੀ ਸੜਕ ਟੁੱਟੀ ਪਈ ਹੋਵੇ ਤੇ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਕਹੇ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਸੜਕ ਜਲਦੀ ਤੋਂ ਜਲਦੀ ਬਣਾਈ ਜਾਵੇ, ਪਰ ਕਿਸੇ ਮੰਤਰੀ-ਸੰਤਰੀ ਦੇ ਕੰਨਾਂ 'ਤੇ ਜੂੰ ਵੀ ਨਾ ਸਰਕੇ?


ਫਿਰ ਆਹ ਜਿਹੜੇ ਦਿਨ-ਰਾਤ 'ਵਿਕਾਸ ਕਰਨ' ਦੇ ਦਮਗਜੇ ਮਾਰੇ ਜਾ ਰਹੇ ਨੇ, ਕੀ ਇਹ ਸਾਰਾ ਕੁਝ ਕਾਗਜ਼ੀ-ਪੱਤਰੀਂ ਹੀ ਹੋ ਰਿਹਾ ਹੈ? ਹੂੰਝਾ ਫੇਰੂ ਜਿੱਤ 'ਤੇ ਵਧਾਈਆਂ ਦੇਣ ਵਾਲਿਆਂ ਵਿਚੋਂ ਕੋਈ ਇਕ ਵੀ ਮਾਈ ਦਾ ਲਾਲ ਨਾ ਨਿੱਤਰਿਆ ਜੋ ਮਾਣਯੋਗ ਮੰਤਰੀ ਨੂੰ ਇਹ ਸਵਾਲ ਪੁੱਛ ਸਕਦਾ।...ਤੇ ਸ. ਸ਼ਰਨਜੀਤ ਸਿੰਘ ਢਿੱਲੋਂ ਦੀ ਕਾਰਗੁਜ਼ਾਰੀ ਬਾਰੇ ਜਾਂਦੇ-ਜਾਂਦੇ ਇਕ ਹੋਰ ਜਾਣਕਾਰੀ ਵੀ ਸੁਣ ਲਉ ਜੋ ਕਾਫ਼ੀ ਦਿਲਚਸਪ ਹੈ। ਅੰਗਰੇਜ਼ੀ ਅਖ਼ਬਾਰ 'ਹਿੰਦੁਸਤਾਨ ਟਾਈਮਜ਼' ਨੇ ਅੰਕੜੇ ਛਾਪੇ ਸਨ ਕਿ ਜਦੋਂ ਸ. ਢਿੱਲੋਂ ਲੋਕ ਸਭਾ ਦੇ ਮੈਂਬਰ ਹੁੰਦੇ ਸਨ ਤਾਂ ਪੂਰੇ ਪੰਜ ਸਾਲ ਉਨ੍ਹਾਂ ਲੋਕ ਸਭਾ ਵਿਚ ਕੋਈ ਇਕ ਸਵਾਲ ਵੀ ਨਹੀਂ ਸੀ ਪੁੱਛਿਆ। ਉਹ ਪੰਜੀਂ ਸਾਲੀਂ 'ਸੁੱਚੇ ਮੂੰਹ' ਹੀ ਦਿੱਲੀਉਂ ਵਾਪਸ ਆ ਗਏ ਸਨ।

ਪੱਤਰਕਾਰੀ ਦੀ ਜੁਗਤ ਅਨੁਸਾਰ ਗੱਲ 'ਚੋਂ ਗੱਲ ਤਾਂ ਕੋਈ ਹੋਰ ਵੀ ਕੱਢੀ ਜਾ ਸਕਦੀ ਹੈ, ਪਰ ਇਨ੍ਹਾਂ ਗੱਲਾਂ ਦਾ ਹੱਲ ਕੌਣ ਕਰੇ?

#

# ਮਨੁੱਖ ਅਤੇ ਜਾਨਵਰਾਂ ਦੇ ਵਿਗੜੇ ਸਬੰਧ

ਅਜੋਕਾ ਪ੍ਰਸੰਗ



ਰਾਜਿੰਦਰ ਸਿੰਘ ਖਹਿਰਾ
ਫੋਨ: 559-267-3634

ਮਨੁੱਖ ਸਾਰੇ ਜੀਵ-ਜੰਤੂਆਂ, ਪਸ਼ੂ-ਪਰਿੰਦਿਆਂ ਵਿਚੋਂ ਸੂਝਵਾਨ ਹੈ ਕਿਉਂਕਿ ਇਸ ਕੋਲ ਆਪਸੀ ਸੰਵਾਦ ਰਚਾਉਣ ਲਈ ਭਾਸ਼ਾ ਹੈ। ਸ੍ਰਿਸ਼ਟੀ ਦੇ ਦੂਜੇ ਪ੍ਰਾਣੀਆਂ 'ਚ ਵੀ ਆਪਣੇ ਮਨ ਦੇ ਭਾਵ ਪ੍ਰਗਟਾਉਣ ਲਈ ਭਾਸ਼ਾ ਹੁੰਦੀ ਹੈ। ਜਾਨਵਰਾਂ ਦੀ ਵੀ ਭਾਸ਼ਾ ਹੈ ਪਰ ਸੀਮਤ। ਭਾਸ਼ਾ ਰਾਹੀਂ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਜਿਸ ਕੌਮ ਕੋਲ ਮਜ਼ਬੂਤ ਭਾਸ਼ਾ ਹੈ, ਉਹ ਬਲਵਾਨ ਹੈ। ਦੂਸਰੇ ਸ਼ਬਦਾਂ ਵਿਚ ਜਿਸ ਕੌਮ ਨੇ ਆਪਣੀ ਭਾਸ਼ਾ ਨੂੰ ਪ੍ਰਫੁਲਤ ਕਰਕੇ ਗਿਆਨ ਦੇ ਸਾਧਨ ਵੰਡਣਯੋਗ ਬਣਾ ਲਿਆ, ਉਸ ਨੇ ਸੰਸਾਰ 'ਤੇ ਰਾਜ ਕੀਤਾ। ਅੱਜ ਗੋਰਿਆਂ ਦੀ ਅੰਗਰੇਜ਼ੀ ਸਾਰੇ ਸੰਸਾਰ 'ਤੇ ਰਾਜ ਕਰਦੀ ਹੈ। ਦੁਨਿਆਵੀ ਗਿਆਨ ਦੇ ਬਹੁਤੇ ਸਾਧਨ ਅੰਗਰੇਜ਼ੀ ਵਿਚ ਹਨ। ਦੁਨੀਆਂ ਦੇ ਮਹਾਨ ਵਿਦਵਾਨਾਂ ਨੇ ਵੱਖ ਵੱਖ ਭਾਸ਼ਾਵਾਂ ਨੂੰ ਪ੍ਰਫੁਲਤ ਕਰਕੇ ਮਨੁੱਖੀ ਸਮਾਜਿਕ ਵਰਤਾਰੇ ਨੂੰ ਸੌਖਾ ਕੀਤਾ। ਸ਼ਾਇਦ ਇਸੇ ਕਰਕੇ ਗੁਰੂ ਨਾਨਕ ਨੇ ਭਾਸ਼ਾ ਰੂਪੀ 'ਸ਼ਬਦ' ਨੂੰ ਗੁਰੂ ਕਿਹਾ ਹੈ। ਅੱਜ ਸ੍ਰਿਸ਼ਟੀ ਦੇ ਸਿਰਮੌਰ ਪ੍ਰਾਣੀ ਅਤੇ ਦੂਸਰੇ ਪ੍ਰਾਣੀਆਂ ਦੇ ਵਿਗੜੇ ਸਬੰਧਾਂ ਬਾਰੇ ਕੁਝ ਚਰਚਾ ਕਰਾਂਗੇ।

ਕਹਿੰਦੇ ਹਨ ਜਦੋਂ ਮਨੁੱਖ ਜੰਗਲਾਂ ਵਿਚ ਰਹਿੰਦਾ ਸੀ ਤਾਂ ਜੰਗਲ ਦੇ ਜਾਨਵਰਾਂ ਅਤੇ ਮਨੁੱਖਾਂ ਵਿਚ ਆਪਸੀ ਸਾਂਝ ਸੀ ਪਰ ਜਿਉਂ ਜਿਉਂ ਮਨੁੱਖ ਨੇ ਤਰੱਕੀ ਕੀਤੀ, ਇਸ ਨੇ ਆਪਣੀ ਖੁਦਗਰਜ਼ੀ ਅਧੀਨ ਜਾਨਵਰਾਂ ਨੂੰ ਗੁਲਾਮ ਬਣਾ ਆਪਣੇ ਹਿੱਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ। ਹਾਥੀ, ਘੋੜੇ, ਬਲਦ, ਊਠ, ਮੱਝਾਂ-ਗਾਵਾਂ ਅਤੇ ਹੋਰ ਜਾਨਵਰਾਂ ਦੇ ਨੱਕਾਂ, ਕੰਨਾਂ, ਮੂੰਹਾਂ ਵਿਚ ਨਕੇਲਾਂ ਪਾ ਮਨੁੱਖ ਨੇ ਜਾਨਵਰਾਂ ਦਾ ਸ਼ੋਸ਼ਣ ਕੀਤਾ। ਅੱਜ ਵੀ ਹਿੰਦੋਸਤਾਨ ਵਿਚ ਜਿਹੜੇ ਬਲਦ ਖੇਤਾਂ ਵਿਚ ਕੰਮ ਕਰਨ ਜੋਗੇ ਨਹੀਂ ਰਹਿੰਦੇ, ਜਿਹੜੀਆਂ ਮੱਝਾਂ ਗਾਵਾਂ ਦੁੱਧ ਦੇਣ ਜੋਗੀਆਂ ਨਹੀਂ ਰਹਿੰਦੀਆਂ ਜਾਂ ਤਾਂ ਉਨ੍ਹਾਂ ਨੂੰ ਭੁੱਖਿਆਂ ਮਰਨ ਲਈ ਸੜਕਾਂ 'ਤੇ ਛੱਡ ਦਿੱਤਾ ਜਾਂਦਾ ਹੈ ਜਾਂ ਫਿਰ ਬੁੱਚੜਖਾਨੇ ਮਰਨ ਲਈ ਭੇਜ ਦਿੱਤਾ ਜਾਂਦਾ ਹੈ। ਮਨੁੱਖ ਦੀ ਇਸ ਖੁਦਗਰਜ਼ੀ ਕਰਕੇ ਜਾਨਵਰਾਂ ਵਿਚ ਮਨੁੱਖਾਂ ਪ੍ਰਤੀ ਘਿਰਣਾ ਵਧਦੀ ਗਈ। ਪੁਰਾਣੇ ਜ਼ਮਾਨੇ ਵਿਚ ਜੱਟ ਅਤੇ ਬਲਦ ਦਾ ਖਾਸ ਰਿਸ਼ਤਾ ਹੁੰਦਾ ਸੀ। ਘੋੜੇ ਦੇ ਮਾਲਕ ਅਤੇ ਘੋੜੇ ਵਿਚ ਵਿਸ਼ੇਸ਼ ਸਬੰਧ ਹੁੰਦੇ ਸਨ। ਇਸੇ ਕਰਕੇ ਬੁੱਢੇ ਹੋਏ ਜਾਨਵਰਾਂ ਦੀ ਮਨੁੱਖ ਇਨਸਾਨੀ ਬਜ਼ੁਰਗਾਂ ਦੀ ਤਰ੍ਹਾਂ ਸੇਵਾ ਕਰਦਾ ਸੀ ਪਰ ਸਮੇਂ ਨਾਲ ਪਦਾਰਥਵਾਦ ਦੀ ਦੌੜ ਜਾਂ ਫਿਰ ਖੁਦਗਰਜ਼ੀ ਦੀ ਹਨੇਰੀ ਵਿਚ ਜਾਨਵਰਾਂ ਅਤੇ ਮਨੁੱਖਾਂ ਦੇ ਆਪਸੀ ਸਬੰਧਾਂ ਦੀ ਦੀਵਾਰ ਡਿੱਗ ਗਈ। ਮਨੁੱਖ ਦੇ ਸਤਾਏ, ਤਿਆਗੇ ਜਾਨਵਰ ਕਈ ਵਾਰੀ ਇੰਨੇ ਬਾਗੀ ਅਤੇ ਬਦਲਾਖੋਰ ਬਣ ਜਾਂਦੇ ਹਨ ਕਿ ਮਨੁੱਖ ਦੀ ਜਾਨ ਲੈਣ 'ਤੇ ਉਤਾਰੂ ਹੋ ਜਾਂਦੇ ਹਨ। ਝੋਟਿਆਂ, ਊਠਾਂ, ਹਾਥੀਆਂ, ਸਰਕਸ ਦੇ ਸ਼ੇਰਾਂ, ਬਘਿਆੜਾਂ ਆਦਿ ਨੇ ਮਨੁੱਖਾਂ 'ਤੇ ਹਮਲੇ ਕਰਕੇ ਕਈ ਜਾਨਾਂ ਲਈਆਂ ਹਨ। ਭਾਰਤ ਦੀਆਂ ਸੜਕਾਂ 'ਤੇ ਬੇਫਿਕਰੀ ਨਾਲ ਬੈਠੀਆਂ ਅਵਾਰਾ ਗਊਆਂ ਕਰਕੇ ਹਜ਼ਾਰਾਂ ਕੀਮਤੀ ਮਨੁੱਖੀ ਜਾਨਾਂ ਹਰ ਸਾਲ ਜਾਂਦੀਆਂ ਹਨ।

ਪੁਰਾਤਨ ਕਥਾ ਹੈ ਕਿ ਕੁੱਤੇ ਨੇ ਆਪਣਾ ਦੋਸਤ ਬਣਾਉਣ ਲਈ ਮਨ ਬਣਾਇਆ। ਉਸ ਨੇ ਸੋਚਿਆ ਜੋ ਸਾਰੇ ਜਾਨਵਰਾਂ ਤੋਂ ਤਕੜਾ ਹੋਵੇਗਾ, ਮੈਂ ਉਸ ਨੂੰ ਦੋਸਤ ਬਣਾਵਾਂਗਾ। ਰਸਤੇ ਵਿਚ ਉਸ ਨੂੰ ਛੋਟੇ ਜਾਨਵਰਾਂ ਦਾ ਸ਼ਿਕਾਰ ਕਰਦਿਆਂ ਬਘਿਆੜ ਮਿਲਿਆ। ਛੋਟੇ ਜਾਨਵਰ ਬਘਿਆੜ ਤੋਂ ਡਰਦੇ ਇਧਰ ਉਧਰ ਛੁਪਦੇ। ਕੁੱਤੇ ਨੇ ਸੋਚਿਆ ਬਸ ਇਹੀ ਮੇਰਾ ਮਿੱਤਰ ਬਣਨ ਦੇ ਲਾਇਕ ਹੈ ਜਿਸ ਤੋਂ ਐਨੇ ਜਾਨਵਰ ਡਰਦੇ ਹਨ। ਉਸ ਨੇ ਬਘਿਆੜ ਨੂੰ ਆਪਣਾ ਦੋਸਤ ਬਣਾ ਲਿਆ। ਕੁਝ ਦਿਨਾਂ ਬਾਅਦ ਜੰਗਲ ਵਿਚ ਬਘਿਆੜ ਨਾਲ ਘੁੰਮਦਿਆਂ ਦੋਨਾਂ ਦਾ ਸਾਹਮਣਾ ਭਾਲੂ ਨਾਲ ਹੋ ਗਿਆ। ਭਾਲੂ ਤੋਂ ਡਰਦਾ ਬਘਿਆੜ ਭੱਜ ਨਿਕਲਿਆ। ਹੁਣ ਕੁੱਤੇ ਨੂੰ ਬਘਿਆੜ ਕਮਜ਼ੋਰ ਨਜ਼ਰ ਆਇਆ। ਬਘਿਆੜ ਛੱਡ ਉਸ ਨੇ ਝੱਟ ਭਾਲੂ ਨਾਲ ਦੋਸਤੀ ਕਰ ਲਈ। ਭਾਲੂ ਦੀ ਦੋਸਤੀ ਦਾ ਆਨੰਦ ਮਾਣਦਿਆਂ। ਕਈ ਸਾਲਾਂ ਬਾਅਦ ਇਨ੍ਹਾਂ ਦਾ ਟਾਕਰਾ ਸ਼ੇਰ ਨਾਲ ਹੋ ਗਿਆ। ਸ਼ੇਰ ਤੋਂ ਡਰਦਾ ਭਾਲੂ ਗੁਫ਼ਾ ਵਿਚ ਲੁਕ ਗਿਆ। ਕੁੱਤੇ ਦਾ ਵਿਸ਼ਵਾਸ ਭਾਲੂ ਤੋਂ ਵੀ ਉਠ ਗਿਆ। ਉਸ ਨੇ ਸ਼ੇਰ ਨਾਲ ਦੋਸਤੀ ਕਰ ਲਈ। ਸ਼ੇਰ ਵਲੋਂ ਕੀਤੇ ਸ਼ਿਕਾਰ ਵਿਚੋਂ ਬਚੇ ਮਾਸ ਨਾਲ ਆਪਣਾ ਢਿੱਡ ਭਰਦਾ। ਇਕ ਦਿਨ ਜੰਗਲ ਵਿਚ ਸ਼ਿਕਾਰੀ ਮਨੁੱਖਾਂ ਦੀ ਟੋਲੀ ਵੇਖ ਸ਼ੇਰ ਭੱਜ ਨਿਕਲਿਆ। ਕੁੱਤਾ ਕਹਿੰਦਾ, ਜਾਹ ਉਏ ਸ਼ੇਰਾ, ਮੈਂ ਤਾਂ ਤੈਨੂੰ ਵੱਡਾ ਤਾਕਤਵਰ ਸਮਝਦਾ ਸੀ, ਤੂੰ ਤਾਂ ਡਰਪੋਕ ਨਿਕਲਿਆ, ਐਨੇ ਸਾਲ ਭੁਲੇਖੇ ਨਾਲ ਹੀ ਤੈਨੂੰ ਸ਼ਕਤੀਸ਼ਾਲੀ ਸਮਝ ਖਰਾਬ ਕਰ ਦਿੱਤੇ, ਤੇਰੀ ਦੋਸਤੀ ਛੱਡੀ! ਅੱਜ ਤੋਂ ਮੇਰਾ ਅਸਲੀ ਦੋਸਤ ਜੋ ਸਾਰੇ ਪ੍ਰਾਣੀਆਂ ਤੋਂ ਤਾਕਤਵਰ ਹੈ, ਮੈਨੂੰ ਮਿਲ ਗਿਆ। ਉਸ ਦਿਨ ਤੋਂ ਕੁੱਤੇ ਨੇ ਮਨੁੱਖ ਨੂੰ ਆਪਣਾ ਮਿੱਤਰ ਬਣਾ ਲਿਆ। ਮਨੁੱਖ ਅਤੇ ਕੁੱਤੇ ਦੀ ਸਾਂਝ ਪੈ ਗਈ। ਸ਼ਿਕਾਰੀ ਮਨੁੱਖ ਨੇ ਕੁੱਤੇ ਨੂੰ ਸ਼ਿਕਾਰ ਕਰਨ ਲਈ, ਘਰ ਦੀ ਰਾਖੀ, ਮੱਝਾਂ ਗਾਵਾਂ ਭੇਡਾਂ ਚਾਰਨ ਲਈ, ਇਥੋਂ ਤੱਕ ਕਿ ਕੁੱਤੇ ਦੀ ਸੁੰਘਣ ਸ਼ਕਤੀ ਸਦਕਾ ਦੁਸ਼ਮਣ ਦੇ ਰੱਖੇ ਬੰਬਾਂ, ਬਾਰੂਦੀ ਸੁਰੰਗਾਂ ਨੂੰ ਪਛਾਨਣ ਲਈ ਕੁਤਿਆਂ ਦੀ ਵਰਤੋਂ ਸ਼ੁਰੂ ਕਰ ਦਿੱਤੀ ਜਿਸ ਨਾਲ ਬਹੁਤ ਕੁੱਤੇ ਇਨ੍ਹਾਂ ਬੰਬਾਂ ਬਾਰੂਦੀ ਸੁਰੰਗਾਂ ਦੀ ਭੇਟ ਚੜਦੇ ਗਏ।

ਹਿੰਦੋਸਤਾਨ ਵਿਚ ਕੁੱਤੇ ਅਤੇ ਮਨੁੱਖ ਦੀ ਦੋਸਤੀ ਦੇ ਅੰਤ ਦੇ ਕਾਰਨ ਵਿਚਾਰਨ ਤੋਂ ਪਹਿਲਾਂ ਉਪਰ ਲਿਖੀ ਮਨੌਕਥਾ ਨੂੰ ਅੱਗੇ ਵਧਾਈਏ। ਜਿਸ ਸ਼ਕਤੀਸ਼ਾਲੀ ਮਨੁੱਖ ਨੂੰ ਵੇਖ ਕੇ ਕੁੱਤੇ ਨੇ ਮਨੁੱਖ ਨਾਲ ਦੋਸਤੀ ਕੀਤੀ ਸੀ, ਅੱਜ ਦੇ ਸਮੇਂ ਵਿਚ ਜਦੋਂ ਕੁੱਤਾ ਮਨੁੱਖ ਦਾ ਕਿਰਦਾਰ ਵੇਖਦਾ ਹੈ ਕਿ ਕਿਵੇਂ ਇਕ ਮਨੁੱਖ ਆਪਣੀ ਖੁਦਗਰਜ਼ੀ ਲਈ ਆਪਣੇ ਤੋਂ ਸ਼ਕਤੀਸ਼ਾਲੀ ਮਨੁੱਖ ਦੇ ਤਲੂਏ ਚੱਟਦਾ ਹੈ, ਕੁੱਤਾ ਹੈਰਾਨ ਹੈ। ਰਾਜਨੀਤੀ, ਧਾਰਮਿਕ, ਆਰਥਿਕ, ਸਭਿਆਚਾਰਕ ਗੱਲ ਕੀ ਹਰ ਖੇਤਰ ਵਿਚ ਸ਼ਕਤੀਸ਼ਾਲੀ ਮਨੁੱਖ ਅੱਗੇ ਦੂਸਰਾ ਮਨੁੱਖ ਹੀ ਪੂਛ ਘੁੰਮਾਉਂਦਾ ਫਿਰਦਾ ਹੈ। ਕੁੱਤਾ ਪਰੇਸ਼ਾਨ ਹੈ ਕਿ ਮਨੁੱਖ ਤਾਂ ਮੇਰੇ ਤੋਂ ਵੀ ਗਿਆ ਗੁਜਰਿਆ ਹੈ। ਰਾਜਨੀਤਿਕ ਪਾਰਟੀ ਦੇ ਪ੍ਰਧਾਨ ਅੱਗੇ ਪਾਰਟੀ ਦੇ ਹਰ ਛੋਟੇ ਵੱਡੇ ਲੀਡਰ ਦੁਮ ਹਿਲਾਉਂਦੇ ਹਨ, ਉਸ ਦਾ ਹਰ ਹੁਕਮ ਮੰਨਦੇ ਹਨ। ਧਾਰਮਿਕ ਖੇਤਰ ਵਿਚ ਧਾਰਮਿਕ ਸੰਸਥਾ ਦੇ ਮੁਖੀ ਦੇ ਪੈਰਾਂ ਵਿਚ ਜੁੱਤੀਆਂ ਤੱਕ ਉਸ ਦੇ ਅਧੀਨ ਸੇਵਾਦਾਰ ਪਾਉਂਦੇ ਵੇਖੇ ਗਏ ਹਨ। ਵੱਡੇ ਵਪਾਰੀ ਅੱਗੇ ਸਿਆਸੀ ਅਤੇ ਧਾਰਮਿਕ ਲੋਕ ਚੰਦੇ ਲੈਣ ਲਈ ਗਿੜਗਿੜਾਉਂਦੇ ਹਨ, ਸਭਿਆਚਾਰਕ ਦੇ ਨਾਂ 'ਤੇ ਇਕ ਦੂਜੇ ਨੂੰ ਗਾਲ੍ਹਾਂ ਕੱਢਦੇ, ਨੀਵਾਂ ਵਿਖਾਉਂਦੇ, ਕੁੱਤਿਆਂ ਦੀ ਤਰ੍ਹਾਂ ਸਭਿਆਚਾਰ ਦੀ ਚਾਦਰ ਲੀਰੋ-ਲੀਰ ਕਰਦੇ ਅਖੌਤੀ ਕਲਾਕਾਰਾਂ ਨੂੰ ਵੇਖ ਕੇ ਕੁੱਤਾ ਹੈਰਾਨ ਹੈ। ਕਈ ਲੋਕ ਕਹਿਣਗੇ ਕਿ ਇਹ ਸਭ ਜਾਨਵਰਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੀਆਂ ਸੰਸਥਾਵਾਂ ਅਤੇ ਘਟੀਆ ਕਾਨੂੰਨ ਕਰ ਕੇ ਹੋ ਰਿਹਾ ਹੈ। ਅਸੀਂ ਵੀ ਕਹਾਂਗੇ, 'ਕੁੱਤਿਓ ਜੇਕਰ ਗਲਤੀ ਨਾਲ ਜਾਨਵਰਾਂ ਦੇ ਹੱਕਾਂ ਲਈ ਕਾਨੂੰਨ ਬਣ ਵੀ ਗਿਆ ਤਾਂ ਤੁਸੀਂ ਤਾਂ ਸ਼ਰਮ ਕਰੋ?' ਸੁਣੋ ਕੁੱਤੇ ਦਾ ਜਵਾਬ, ਐ ਮਨੁੱਖ ਤੂੰ ਦਾਜ ਵਿਰੋਧੀ ਕਾਨੂੰਨ ਬਣਾ ਲਿਆ, ਤੂੰ ਰਿਸ਼ਵਤਖੋਰੀ, ਤੂੰ ਬਲਾਤਕਾਰਾਂ, ਤੂੰ ਜਾਤੀ ਵਿਤਕਰੇ, ਫਿਰਕੂ ਦੰਗਿਆਂ ਵਿਰੁਧ ਕਾਨੂੰਨ ਬਣਾ ਲਿਆ। ਕਦੇ ਕਾਨੂੰਨ ਦੀ ਕਦਰ ਕੀਤੀ ਹੈ? ਬੰਦੇ ਤੂੰ ਕਾਨੂੰਨ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਕੀ ਨਹੀਂ ਕੀਤਾ? ਮੈਨੂੰ ਵੀ ਕਾਨੂੰਨ ਦੀ ਬਾਹਲੀ ਕਦਰ ਨਹੀਂ, ਨਾ ਬਨਾਉਂਦਾ ਕਾਨੂੰਨ? ਮਨੁੱਖ ਦਾ ਇਹ ਰੂਪ ਵੇਖ ਕੇ ਕੁੱਤੇ ਨੇ ਇਸ ਨੂੰ ਸ਼ਕਤੀਸ਼ਾਲੀ ਮੰਨਣ ਤੋਂ ਇਨਕਾਰ ਹੀ ਨਹੀਂ ਕੀਤਾ ਸਗੋਂ ਹੁਣ ਤੱਕ ਦੀ ਨਿਭਾਈ ਵਫਾਦਾਰੀ ਦਾ ਬਦਲਾ ਵੀ ਲੈਣ ਦੀ ਸੋਚੀ। ਸ਼ਾਇਦ ਇਸੇ ਕਰਕੇ ਇਹ ਹਿੰਦੋਸਤਾਨ ਵਿਚ ਪੰਜਾਬ ਦੀ ਧਰਤੀ 'ਤੇ ਇਕੱਲੇ ਦੁੱਕਲੇ ਮਨੁੱਖ ਨੂੰ ਕੱਚਿਆਂ ਹੀ ਖਾਣ ਨੂੰ ਪੈਂਦਾ ਹੈ। ਇਹ ਸੀ ਮਨੌਕਥਾ ਦਾ ਅੰਤ।

ਹੁਣ ਕੁਝ ਹੋਰ ਪਹਿਲੂਆਂ 'ਤੇ ਵਿਚਾਰ ਕਰੀਏ। ਅਮਰੀਕਾ, ਕੈਨੇਡਾ, ਇੰਗਲੈਂਡ ਵਰਗੇ ਦੇਸ਼ਾਂ ਵਿਚ ਕਈ ਲੋਕ ਕੁੱਤਿਆਂ ਨੂੰ ਬਹੁਤ ਪਿਆਰ ਨਾਲ ਰੱਖਦੇ ਹਨ। ਹਰ ਤਰ੍ਹਾਂ ਦੀ ਸਹੂਲਤ ਜੋ ਗਰੀਬ ਮੁਲਕਾਂ ਦੇ ਮਨੁੱਖਾਂ ਨੂੰ ਨਹੀਂ ਮਿਲਦੀ, ਕੁੱਤਿਆਂ ਨੂੰ ਮਿਲਦੀ ਹੈ, ਮੈਡੀਕਲ ਸਹੂਲਤ, ਖਾਣ-ਪੀਣ ਦੀ ਬਹੁਤਾਤ, ਵਧੀਆ ਨਰਮ ਗੱਦੇ, ਗੱਲ ਕੀ ਜੋ ਸਹੂਲਤਾਂ ਗਰੀਬ ਦੇਸ਼ਾਂ ਵਿਚ ਅਮੀਰਾਂ ਨੂੰ ਮਿਲਦੀਆਂ ਹਨ, ਇਧਰ ਕੁੱਤਿਆਂ ਨੂੰ ਮਿਲਦੀਆਂ ਹਨ। ਕੁੱਤਿਆਂ ਦੇ ਆਪਣੇ ਅਧਿਕਾਰ ਹਨ। ਦੂਜੇ ਪਾਸੇ ਪੰਜਾਬ 'ਚ ਇਕ ਐਨ ਆਰ ਆਈ ਪਰਿਵਾਰ ਦੇ ਬੱਚੇ ਨੂੰ ਅਵਾਰਾ ਕੁੱਤੇ ਨੋਚ ਨੋਚ ਖਾ ਗਏ।

ਕਿਸੇ ਜ਼ਮਾਨੇ ਵਿਚ ਕੁੱਤੇ ਵੱਖ ਵੱਖ ਘਰਾਂ ਵਿਚ ਘੁੰਮ ਕੇ ਟੁੱਕ ਟੁੱਕ ਰੋਟੀ ਖਾ ਸਾਰੀ ਰਾਤ ਪਿੰਡ ਦੀ ਰਾਖੀ ਕਰਦੇ ਸਨ। ਜਦੋਂ ਵੀ ਆਥਣ ਵੇਲਾ ਹੋਣਾ ਚੁੱਲੇ ਚੌਕਿਆਂ ਕੋਲ ਕੁੱਤਿਆਂ ਨੇ ਆ ਬੈਠਣਾ। ਸਿਆਣੇ ਕੁੱਤਿਆਂ ਨੇ ਕਿਸੇ ਵੀ ਜੂਠੇ ਭਾਂਡੇ ਵਿਚ ਮੂੰਹ ਨਹੀਂ ਪਾਉਣਾ। ਘਰ ਦੇ ਹਰ ਜੀਅ ਨੇ ਜਦੋਂ ਰੋਟੀ ਖਾਣੀ, ਪਿਆਰ ਨਾਲ ਕੁਝ ਬੁਰਕੀਆਂ ਪਹਿਲਾਂ ਕੁੱਤੇ ਨੂੰ ਜ਼ਰੂਰ ਪਾਉਣੀਆਂ। ਉਸ ਬੁਰਕੀ ਸਹਾਰੇ ਇਕ ਪਿਆਰ ਬਣਿਆ ਹੋਇਆ ਸੀ ਜੋ ਸਾਡੀ ਦਿਖਾਵੇ ਦੀ ਜਿੰਦਗੀ ਨਾਲ ਖਤਮ ਹੋ ਗਿਆ। ਕਿਸੇ ਸਮੇਂ ਜਦੋਂ ਪਿੰਡਾਂ ਵਿਚ ਕੋਈ ਪਸ਼ੂ ਮਰਨਾ ਤਾਂ ਹੱਡਾ ਰੋੜੀ ਵਿਚ ਚਮੜੇ ਦੇ ਵਪਾਰੀਆਂ ਨੇ ਮਰੇ ਪਸ਼ੂ ਦੀ ਖੱਲ ਲਾਹ ਕੇ ਲੈ ਜਾਣੀ। ਅਸਮਾਨ ਵਿਚ ਉਡਦੀਆਂ ਇੱਲਾਂ ਨੇ ਉਤਰਨਾ। ਅਸੀਂ ਸਕੂਲ ਪੜ੍ਹਦਿਆਂ ਸਮਝ ਜਾਣਾ ਕਿ ਕਿਸੇ ਦੀ ਮੱਝ ਗਾਂ ਮਰੀ ਹੈ। ਤਾਜ਼ਾ ਮਾਸ ਕੁਝ ਕੁੱਤਿਆਂ ਨੇ, ਕੁਝ ਇੱਲਾਂ ਨੇ ਖਾ ਕੇ ਆਨੰਦ ਲੈਣਾ ਪਰ ਮਨੁੱਖ ਦੀ ਖੁਦਗਰਜ਼ੀ ਸਦਕਾ ਇੱਲਾਂ ਅਸਮਾਨੋਂ ਖਤਮ ਹੋ ਗਈਆਂ। ਤਾਜ਼ੇ ਮਾਸ ਦੀ ਲਾਲਸਾ, ਭੁੱਖ ਦੇ ਸਤਾਏ ਕੁੱਤਿਆਂ ਵਲੋਂ ਮਨੁੱਖਾਂ 'ਤੇ ਹਮਲੇ ਕੀਤੇ ਜਾ ਰਹੇ ਹਨ।

ਇਕ ਗੱਲ ਪ੍ਰਤੱਖ ਹੈ ਕਿ ਅਮਰੀਕਾ-ਕੈਨੇਡਾ ਰਹਿਣ ਵਾਲਿਓ ਆਪ ਅਤੇ ਆਪਣੇ ਬੱਚਿਆਂ ਨੂੰ ਸਮਝਾ ਦਿਓ ਕਿ ਪੰਜਾਬ ਦੀਆਂ ਗਲੀਆਂ ਵਿਚ ਫਿਰ ਰਹੇ ਕੁੱਤੇ ਹੁਣ ਸ਼ਰੀਫ਼ ਨਹੀਂ ਰਹੇ। ਕਦੇ ਵੀ ਕਿਸੇ ਦੀ ਤਾਜ਼ਾ ਮਾਸ ਖਾਣ ਦੀ ਲਾਲਸਾ, ਰਿਸ਼ਵਤਖੋਰ, ਬਲਾਤਕਾਰੀ ਲੋਕਾਂ, ਕੁਕਰਮੀ ਪਖੰਡੀ ਬਾਬਿਆਂ, ਤਾਂਤਰਿਕਾਂ, ਹੈਂਕੜਬਾਜ਼ ਸਿਆਸੀ ਲੀਡਰਾਂ ਵਾਂਗ ਬੁਰੀ ਲਾਲਸਾ ਕੁੱਤਿਆਂ ਵਿਚ ਵੀ ਉਠ ਸਕਦੀ ਹੈ। ਬਚੋ! ਜੇ ਬਚ ਹੁੰਦਾ, ਇਨ੍ਹਾਂ ਅਵਾਰਾ ਕੁੱਤਿਆਂ ਤੋਂ!

# ਵਿਗੜੀ ਤਾਣੀ ਸੁਧਾਰਨ ਲਈ ਗੋਆ ਦੇ ਗੇੜਿਆਂ ਦੀ ਲੋੜ ਨਹੀਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

*ਜਿਹੜੀ ਗੱਲ ਸਾਰਿਆਂ ਤੋਂ ਵੱਧ ਚਰਚਾ ਦਾ ਵਿਸ਼ਾ ਬਣਨੀ ਚਾਹੀਦੀ ਸੀ ਤੇ ਸਾਰਿਆਂ ਤੋਂ ਘੱਟ ਕੀਤੀ ਗਈ ਸੀ, ਉਹ ਪੰਜਾਬ ਦੇ ਅਮਨ-ਕਾਨੂੰਨ ਦੀ ਹਾਲਤ ਹੈ। ਇਹ ਹਾਲਤ ਇਸ ਗੱਲ ਤੋਂ ਪਤਾ ਲੱਗਦੀ ਹੈ ਕਿ ਦੋਆਬੇ ਦੇ ਪ੍ਰਸਿੱਧ ਕਸਬੇ ਗੋਰਾਇਆ ਤੋਂ ਪੰਜ ਕਿਲੋਮੀਟਰ ਦੂਰ ਇੱਕ ਹੋਰ ਪ੍ਰਸਿੱਧ ਕਸਬੇ ਰੁੜਕਾ ਦੇ ਕੋਲ ਜਾਂਦਾ ਇੱਕ ਫੇਰੀ ਵਾਲਾ ਘੇਰ ਕੇ ਲੁਟੇਰਿਆਂ ਨੇ ਉਸ ਤੋਂ ਸਿਰਫ ਦੋ ਸੌ ਰੁਪਏ ਦੀ ਰਕਮ ਲੁੱਟੀ। ਜਦੋਂ ਉਸ ਨੇ ਤਰਲਾ ਮਾਰਿਆ ਕਿ ਗਰੀਬ-ਮਾਰ ਨਾ ਕਰਨ ਤਾਂ ਉਹ ਗੁੱਸੇ ਵਿਚ ਆ ਕੇ ਉਸ ਦੇ ਇੱਕ ਹੱਥ ਦਾ ਗੁੱਟ ਵੱਢਣ ਪਿੱਛੋਂ ਇੱਕ ਪੋਲੀਥਿਨ ਦੇ ਲਿਫਾਫੇ ਵਿਚ ਪਾ ਕੇ ਉਸ ਦੇ ਸਾਈਕਲ ਦੇ ਹੈਂਡਲ ਨਾਲ ਟੰਗ ਗਏ। ਸ਼ਾਹਕੋਟ ਦੇ ਕੋਲ ਇੱਕ ਮਾਈ ਨੂੰ ਘੇਰ ਕੇ ਉਸ ਦੀਆਂ ਵਾਲੀਆਂ ਜਦੋਂ ਲਾਹੁਣ ਲੱਗੇ ਤਾਂ ਵਿਚਾਰੀ ਦੀਆਂ ਬਹੁੜੀਆਂ ਪਾਈਆਂ ਕਿਸੇ ਕੰਮ ਨਾ ਆਈਆਂ ਤੇ ਉਸ ਦਾ ਸਿਰ ਲੁਟੇਰੇ ਦਾਤਰ ਮਾਰ ਕੇ ਪਾੜ ਗਏ। ਇਹ ਹੁਣ ਪੰਜਾਬ ਦੀ ਰੋਜ਼ ਦੀ ਗਾਥਾ ਹੈ, ਜਿਸ ਨੂੰ ਜਾਣਨ ਲਈ ਗੋਆ ਜਾਣ ਦੀ ਲੋੜ ਨਹੀਂ ਸੀ।*

ਮੁੱਦਿਆਂ ਦੀ ਭਰਮਾਰ ਦੇ ਹੁੰਦਿਆਂ ਵੀ ਅਸੀਂ ਬਾਕੀ ਸਾਰੇ ਮੁੱਦੇ ਛੱਡ ਕੇ ਇਸ ਵਕਤ ਗੋਆ ਦੇ ਸੈਲਾਨੀ ਸਥਾਨ ਉਤੇ ਅਕਾਲੀ-ਭਾਜਪਾ ਦੇ ਵਿਚਾਰ ਮੰਥਨ ਨੂੰ ਵਿਚਾਰ ਲਈ ਚੁਣਿਆ ਹੈ। ਅਕਾਲੀ-ਭਾਜਪਾ ਆਗੂਆਂ ਨੇ ਦੋ ਦਿਨਾਂ ਦੀ ਸੈਰ ਕਰ ਲਈ, ਇਸ ਕੰਮ ਲਈ ਉਨ੍ਹਾਂ ਨੇ ਪੱਲਿਓਂ ਕਿੰਨਾ ਖਰਚਾ ਕੀਤਾ ਤੇ ਸਰਕਾਰੀ ਕਿੰਨਾ ਹੋਇਆ, ਇਸ ਬਹਿਸ ਦਾ ਬਹੁਤਾ ਅਰਥ ਕੱਢਣ ਵਾਸਤੇ ਕਦੇ ਵੱਖਰੀ ਮਗਜ਼-ਪੱਚੀ ਹੋ ਜਾਵੇਗੀ। ਸੱਦੇ ਹੋਏ ਵਿਧਾਇਕਾਂ ਤੇ ਆਗੂਆਂ ਤੋਂ ਬਿਨਾਂ ਕਿੰਨੇ ਹੋਰ ਪਰਨਾ-ਚੁੱਕ ਬਿਨਾਂ ਸੱਦੇ ਤੋਂ ਗੋਆ ਜਾ ਕੇ ਅਫਸਰਾਂ ਨੂੰ ਬਾਦਲ ਸਾਹਿਬ ਦੇ ਨਾਲ ਹੋਣ ਦਾ ਦਾਅਵਾ ਕਰ ਕੇ ਫੋਕਾ ਟੌਹਰ ਬਣਾਉਂਦੇ ਰਹੇ, ਇਹ ਵੀ ਗੱਲ ਜਿਵੇਂ ਸ਼ਿਮਲੇ ਦੇ ਚਿੰਤਨ ਕੈਂਪ ਵਿਚ ਹੋਈ ਸੀ, ਉਸ ਤੋਂ ਵੱਖਰੀ ਨਹੀਂ ਤੇ ਇਸੇ ਲਈ ਬਹੁਤਾ ਵਿਚਾਰਨ ਵਾਲੀ ਨਹੀਂ। ਇਸ ਦੀ ਥਾਂ ਅਸੀਂ ਇਸ ਕੈਂਪ ਦੇ ਦੂਸਰੇ ਦਿਨ ਦੀ ਉਸ ਵਿਚਾਰ ਦੀ ਗੱਲ ਕਰਨੀ ਚਾਹਾਂਗੇ, ਜਿਹੜੀ ਬਹੁਤੇ ਅਖਬਾਰਾਂ ਵਿਚ ਨਹੀਂ ਆਈ ਤੇ ਅਣਗੌਲੀ ਜਿਹੀ ਹੋ ਕੇ ਰਹਿ ਗਈ ਹੈ।

ਗੋਆ ਦੀ ਗੱਲ ਅਤੇ ਇਸ ਵਿਚ ਅਣਗੌਲੀ ਰਹਿ ਗਈ ਖਬਰ ਦੀ ਚਰਚਾ ਕਰਨ ਤੋਂ ਪਹਿਲਾਂ ਅਸੀਂ ਬਾਰਾਂ ਕੁ ਸਾਲ ਪਹਿਲਾਂ ਦੀ ਇੱਕ ਹੋਰ ਕਹਾਣੀ ਦੱਸਣੀ ਚਾਹੁੰਦੇ ਹਾਂ। ਉਦੋਂ ਸ. ਪ੍ਰਕਾਸ਼ ਸਿੰਘ ਬਾਦਲ ਤੀਸਰੀ ਵਾਰ ਪੰਜਾਬ ਦੇ ਮੁੱਖ ਮੰਤਰੀ ਹੁੰਦੇ ਸਨ ਤੇ ਕੈਪਟਨ ਅਮਰਿੰਦਰ ਸਿੰਘ ਦਾ ਮੁੱਖ ਮੰਤਰੀ ਬਣਨ ਦਾ ਮਹੂਰਤ ਅਜੇ ਨਹੀਂ ਸੀ ਨਿਕਲ ਸਕਿਆ। ਉਨ੍ਹੀਂ ਦਿਨੀਂ ਮੁੱਖ ਮੰਤਰੀ ਸ. ਬਾਦਲ ਨੇ ਅਕਾਲੀ-ਭਾਜਪਾ ਗੱਠਜੋੜ ਦੇ ਦੋਆਬੇ ਦੇ ਸਾਰੇ ਵਿਧਾਇਕਾਂ ਦੀ ਇੱਕ ਮੀਟਿੰਗ ਜਲੰਧਰ ਵਿਚ ਰੱਖੀ ਤੇ ਉਨ੍ਹਾਂ ਦੇ ਨਾਲ ਕਈ ਸੀਨੀਅਰ ਸਿਵਲ ਅਤੇ ਪੁਲਿਸ ਅਧਿਕਾਰੀ ਵੀ ਉਚੇਚ ਨਾਲ ਬੁਲਾਏ ਗਏ ਤਾਂ ਕਿ ਵਿਧਾਇਕਾਂ ਦੇ ਗਿਲੇ-ਸ਼ਿਕਵੇ ਦੂਰ ਕੀਤੇ ਜਾ ਸਕਣ। ਮੀਟਿੰਗ ਤੋਂ ਵਿਹਲੇ ਹੋ ਕੇ ਬਾਕੀ ਤਾਂ ਚਲੇ ਗਏ ਤੇ ਦੋ-ਤਿੰਨ ਸੀਨੀਅਰ ਅਫਸਰਾਂ ਨੇ ਰਾਤ ਨੂੰ ਕਿਸੇ ਮਿੱਤਰ ਦੇ ਘਰ ਖਾਣ ਅਤੇ ਨਾਲ ਦੀ ਨਾਲ ਕੁਝ ਪੀਣ ਦਾ ਪ੍ਰੋਗਰਾਮ ਵੀ ਰੱਖ ਲਿਆ। ਉਸ ਮਿੱਤਰ ਨੇ ਸਾਨੂੰ ਦੋ ਪੱਤਰਕਾਰਾਂ ਨੂੰ ਵੀ ਨਿੱਜੀ ਸਾਂਝ ਕਾਰਨ ਬੁਲਾ ਲਿਆ।

ਗੱਲਾਂ ਚੱਲ ਪਈਆਂ ਤਾਂ ਉਨ੍ਹਾਂ ਅਫਸਰਾਂ ਨੇ ਮੀਟਿੰਗ ਦੀ ਕਹਾਣੀ ਸੁਣਾ ਦਿੱਤੀ ਕਿ ਵਿਧਾਇਕਾਂ ਨੇ ਭ੍ਰਿਸ਼ਟਾਚਾਰ ਦਾ ਰੋਣਾ ਵੀ ਬਹੁਤ ਰੋਇਆ ਤੇ ਹੋਇਆ ਵੀ ਕੁਝ ਨਹੀਂ, ਕਿਉਂਕਿ ਉਹ ਆਪ ਹੀ ਕੁਝ ਹੋਣ ਨਹੀਂ ਦਿੰਦੇ। ਦੱਸਿਆ ਉਨ੍ਹਾਂ ਅਫਸਰਾਂ ਨੇ ਇਹ ਵੀ ਕਿ ਜਦੋਂ ਭ੍ਰਿਸ਼ਟਾਚਾਰ ਦਾ ਚੀਕ-ਚਿਹਾੜਾ ਪਾਇਆ ਤਾਂ ਬਾਦਲ ਸਾਹਿਬ ਨੇ ਕਹਿ ਦਿੱਤਾ ਕਿ 'ਮੈਂ ਅੱਜ ਹੀ ਤੀਰ ਵਾਂਗ ਸਭ ਨੂੰ ਸਿੱਧੇ ਕਰ ਦਿਆਂਗਾ, ਪਰ ਪਹਿਲਾਂ ਇਹ ਗੱਲ ਮੰਨੋ ਕਿ ਤੁਹਾਡੇ ਵਿਚੋਂ ਕੋਈ ਕਿਸੇ ਭ੍ਰਿਸ਼ਟ ਅਫਸਰ ਦਾ ਸਿਫਾਰਸ਼ੀ ਬਣ ਕੇ ਮੇਰੇ ਕੋਲ ਨਹੀਂ ਆਵੇਗਾ।' ਸਾਰੇ ਇਹ ਗੱਲ ਮੰਨ ਗਏ। ਫਿਰ ਸ਼ਿਕਾਇਤਾਂ ਦੀ ਗੱਲ ਤੁਰੀ ਤਾਂ ਪਹਿਲਾਂ ਸੜਕਾਂ ਦੇ ਇੱਕ ਬਹੁਤ ਬਦਨਾਮ ਐਕਸੀਐਨ ਦਾ ਨਾਂ ਸਾਹਮਣੇ ਆ ਗਿਆ। ਬਾਦਲ ਸਾਹਿਬ ਨੇ ਐਕਸ਼ਨ ਦਾ ਹੁਕਮ ਕੀਤਾ ਤਾਂ ਇੱਕ ਅਕਾਲੀ ਵਿਧਾਇਕ ਨੇ ਉਠ ਕੇ ਤਰਲਾ ਮਾਰਿਆ, 'ਬਾਦਲ ਸਾਹਿਬ, ਕਿਸੇ ਹੋਰ ਤੋਂ ਸ਼ੁਰੂ ਕਰ ਲਓ, ਪਹਿਲਾ ਕੁਹਾੜਾ ਮੇਰੇ ਬੰਦੇ ਦੇ ਸਿਰ ਕਿਉਂ ਮਾਰਦੇ ਹੋ?' ਦੂਸਰੇ ਦਾ ਨਾਂ ਆਇਆ ਤਾਂ ਫਿਰ ਇਹੋ ਹੋਇਆ। ਆਖਰ ਬਾਦਲ ਸਾਹਿਬ ਇਹ ਆਖ ਕੇ ਤੁਰਦੇ ਬਣੇ ਕਿ 'ਸਾਰੇ ਦੇ ਸਾਰੇ ਬੇਈਮਾਨ ਤੁਸੀਂ ਆਪ ਲੱਗਵਾ ਰੱਖੇ ਹਨ, ਨਾਲੇ ਰੌਲਾ ਪਾਈ ਜਾਂਦੇ ਹੋ, ਇਹ ਦੋਵੇਂ ਗੱਲਾਂ ਨਹੀਂ ਚੱਲ ਸਕਦੀਆਂ।' ਕਿਸੇ ਵੀ ਵਿਧਾਇਕ ਨੇ ਆਪਣੀ ਗਲਤੀ ਨਹੀਂ ਸੀ ਮੰਨੀ।

ਰਾਤ ਮੁੱਕ ਗਈ ਤੇ ਅਗਲੇ ਦਿਨ ਇਹ ਸਵਾਲ ਖੜਾ ਹੋ ਗਿਆ ਕਿ ਖਾਣ-ਪੀਣ ਦੌਰਾਨ ਬਾਹਰ ਆਈ ਇਸ ਸੂਚਨਾ ਦਾ ਕੀ ਕੀਤਾ ਜਾਵੇ? ਅਸੀਂ ਖਬਰਾਂ ਲਿਖਣ ਵਾਲੇ ਨਹੀਂ, ਖਬਰਾਂ ਦੀ ਚੀਰ-ਪਾੜ ਕਰਨ ਵਾਲੇ ਹਾਂ। ਦੂਸਰਾ ਪੱਤਰਕਾਰ ਖਬਰਾਂ ਦੀ ਸੂਹ ਕੱਢਣ ਵਾਲਾ ਸੀ। ਉਸ ਨੇ ਇਹ ਖਬਰ ਅਗਲੇ ਦਿਨ ਦੇ ਅਖਬਾਰ ਵਿਚ ਛਾਪ ਦਿੱਤੀ। ਅਸੀਂ ਦੋ ਦਿਨ ਇਸ ਦੀ ਉਡੀਕ ਕੀਤੀ ਕਿ ਵਿਧਾਇਕ, ਵਜ਼ੀਰ, ਅਫਸਰ ਜਾਂ ਫਿਰ ਮੁੱਖ ਮੰਤਰੀ ਬਾਦਲ ਸਾਹਿਬ ਦਾ ਦਫਤਰ ਇਸ ਖਬਰ ਦਾ ਖੰਡਨ ਕਰੇਗਾ। ਕਿਸੇ ਨੇ ਵੀ ਇਸ ਦਾ ਖੰਡਨ ਨਹੀਂ ਸੀ ਕੀਤਾ। ਸਾਫ ਹੈ ਕਿ ਸਾਰੀਆਂ ਧਿਰਾਂ ਨੂੰ ਪਤਾ ਸੀ ਕਿ ਹੋਇਆ ਵੀ ਇਸ ਤਰ੍ਹਾਂ ਹੀ ਹੈ ਤੇ ਖੰਡਨ ਕਰਨ ਦਾ ਕੋਈ ਫਾਇਦਾ ਨਹੀਂ ਰਹਿ ਗਿਆ।

ਐਨ ਉਹੋ ਕਹਾਣੀ ਇਸ ਵਾਰੀ ਗੋਆ ਵਾਲੇ ਵਿਚਾਰ ਮੰਥਨ ਦੌਰਾਨ ਵਾਪਰੀ ਹੈ। ਉਥੇ ਨੌਂ ਅਪਰੈਲ ਨੂੰ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਵਿਚਾਰ ਕਰਨ ਬੈਠੇ ਸਨ। ਜਿਹੜੇ ਮੁੱਦੇ ਇਸ ਮੀਟਿੰਗ ਵਿਚ ਉਭਰੇ ਸਨ, ਉਨ੍ਹਾਂ ਵਿਚ ਇੱਕ ਇਹ ਸੀ ਕਿ ਜ਼ਿਲ੍ਹਾ ਪੱਧਰ ਉਤੇ ਬਹੁਤ ਜ਼ਿਆਦਾ ਭ੍ਰਿਸ਼ਟਾਚਾਰ ਹੈ ਤੇ ਇਸ ਨੂੰ ਠੱਲ੍ਹ ਪਾਏ ਜਾਣ ਦੀ ਲੋੜ ਹੈ। ਜ਼ਿਲ੍ਹਿਆਂ ਵਿਚ ਭ੍ਰਿਸ਼ਟਾਚਾਰ ਕਰਦਾ ਕੌਣ ਹੈ? ਇਸ ਦਾ ਵੀ ਸਾਰਿਆਂ ਨੂੰ ਪਤਾ ਹੈ। ਕੋਈ ਵੀ ਅਫਸਰ ਕਿਸੇ ਵੀ ਜ਼ਿਲ੍ਹੇ ਵਿਚ ਇਹੋ ਜਿਹਾ ਨਹੀਂ, ਜਿਸ ਦੀ ਉਪਰ ਤੱਕ ਪਹੁੰਚ ਨਾ ਹੋਵੇ। ਪੁਲਿਸ ਦੇ ਥਾਣਾ ਮੁਖੀ ਵੀ ਕਈ ਜ਼ਿਲ੍ਹਿਆਂ



*ਪ੍ਰਕਾਸ਼ ਸਿੰਘ ਬਾਦਲ*

ਦੇ ਪੁਲਿਸ ਮੁਖੀਆਂ ਦੀ ਪ੍ਰਵਾਹ ਇਸ ਲਈ ਨਹੀਂ ਕਰਦੇ ਕਿ ਉਨ੍ਹਾਂ ਦੀ ਸਿੱਧੀ ਪਹੁੰਚ ਦੇ ਕਾਰਨ ਥਾਣਾ ਮਿਲਿਆ ਹੈ ਤੇ ਜ਼ਿਲ੍ਹਾ ਮੁਖੀ ਉਨ੍ਹਾਂ ਦਾ ਕੁਝ ਵਿਗਾੜ ਹੀ ਨਹੀਂ ਸਕਦਾ।

ਸਾਨੂੰ ਇੱਕ ਸੈਮੀਨਾਰ ਵਿਚ ਐਸ ਪੀ ਰੈਂਕ ਦੇ ਇੱਕ ਅਫਸਰ ਨੇ ਇਹ ਆਖ ਕੇ ਹੈਰਾਨ ਕਰ ਦਿੱਤਾ ਸੀ ਕਿ ਉਸ ਨੂੰ ਇੱਕ ਦੋਸ਼ੀ ਦੇ ਸਬੰਧ ਵਿਚ ਇੱਕ ਆਗੂ ਦਾ ਫੋਨ ਆਇਆ ਤਾਂ ਉਸ ਨੂੰ ਦੱਸਿਆ ਗਿਆ ਕਿ ਜਿਸ ਦੀ ਤੁਸੀਂ ਮਦਦ ਕਰਦੇ ਹੋ, ਉਸ ਨੇ ਇੱਕ ਕਤਲ ਕੀਤਾ ਹੋਇਆ ਹੈ। ਰਾਜਸੀ ਆਗੂ ਨੇ ਅੱਗੋਂ ਇਹ ਕਿਹਾ ਸੀ ਕਿ 'ਬੰਦਾ ਹੀ ਮਾਰਿਆ ਹੈ, ਹੋਰ ਤਾਂ ਕੁਝ ਨਹੀਂ ਕੀਤਾ।' ਜਿਸ ਰਾਜ ਵਿਚ ਆਗੂਆਂ ਦੇ ਮੂੰਹੋਂ ਪੁਲਿਸ ਅਫਸਰਾਂ ਨੂੰ ਇਹ ਸੁਣਨ ਨੂੰ ਮਿਲੇ ਕਿ 'ਬੰਦਾ ਹੀ ਮਾਰਿਆ ਹੈ, ਹੋਰ ਤਾਂ ਕੁਝ ਨਹੀਂ ਕੀਤਾ', ਉਸ ਰਾਜ ਦੇ ਕਿਸੇ ਜ਼ਿਲ੍ਹੇ ਵਿਚ ਪੰਜੀ-ਦੁੱਕੀ ਦਾ ਭ੍ਰਿਸ਼ਟਾਚਾਰ ਹੋਵੇ ਜਾਂ ਪੰਜ-ਸੱਤ ਲੱਖ ਰੁਪਏ ਰੋਜ਼ ਵਾਲਾ, ਇਹ ਕਿਸੇ ਵੱਡੇ ਆਗੂ ਦਾ 'ਮਿਹਰ ਭਰਿਆ ਹੱਥ' ਹੋਣ ਤੋਂ ਬਿਨਾਂ ਨਹੀਂ ਚੱਲਦਾ ਹੁੰਦਾ। ਗੋਆ ਦੀ ਮੀਟਿੰਗ ਦੇ ਫੈਸਲੇ ਨੇ ਇਹ ਭ੍ਰਿਸ਼ਟਾਚਾਰ ਨਹੀਂ ਰੋਕ ਦੇਣਾ, ਇਸ ਦੇ ਲਈ ਵਿਧਾਇਕਾਂ ਤੇ ਵਜ਼ੀਰਾਂ ਦੀ ਵਾਗ ਖਿੱਚਣੀ ਪਵੇਗੀ। ਜਿਹੜਾ ਹੱਲ ਅਖਬਾਰਾਂ ਵਿਚ ਛਪਿਆ ਤੇ ਉਹ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੇਸ਼ ਕੀਤਾ ਸੀ, ਉਹ ਏਨਾ ਸੀ ਕਿ 'ਲੋਕਾਂ ਨੂੰ ਜ਼ਿਆਦਾ ਚੁਭਦੇ ਭ੍ਰਿਸ਼ਟਾਚਾਰ ਨੂੰ ਰੋਕ ਲਾਈ ਜਾਵੇ।' ਕਹਿਣ ਤੋਂ ਭਾਵ ਇਹ ਕਿ ਜਿਹੜਾ ਜ਼ਿਆਦਾ ਚੁਭਦਾ ਹੈ, ਉਸ ਨੂੰ ਰੋਕ ਲਾ ਕੇ ਬਾਕੀ ਵੱਲ ਧਿਆਨ ਨਾ ਦਿੱਤਾ ਜਾਵੇ। ਸ਼ਾਇਦ ਇਹੋ ਕਾਰਨ ਹੈ ਕਿ ਚੰਡੀਗੜ੍ਹ ਰਾਜਧਾਨੀ ਵਾਲੇ ਸਕੱਤਰੇਤ ਵਿਚ ਜੋ ਕੁਝ ਹੁੰਦਾ ਹੈ, ਉਹ ਹੇਠਾਂ ਆਮ ਲੋਕਾਂ ਨੂੰ ਚੁਭਦਾ ਨਾ ਹੋਣ ਕਰ ਕੇ ਕਿਸੇ ਨੇ ਉਸ ਦੀ ਗੋਆ ਵਿਚ ਗੱਲ ਹੀ ਨਹੀਂ ਛੇੜੀ।

ਦੂਸਰਾ ਮੁੱਦਾ ਉਸ ਮੀਟਿੰਗ ਵਿਚ ਇਹ ਉਭਰਿਆ ਕਿ ਸ਼ਗਨ ਸਕੀਮ ਦੀ ਰਕਮ ਅਸਲ ਲੋੜਵੰਦਾਂ ਤੱਕ ਨਹੀਂ ਪਹੁੰਚ ਰਹੀ ਤੇ ਨਾਲ ਇਹ ਵੀ ਕਿ ਕਈ ਥਾਂ ਪੈਨਸ਼ਨ ਸਕੀਮ ਵਿਚ ਘੁਟਾਲੇ ਹੋ ਰਹੇ ਹਨ ਤੇ ਮਰ ਚੁੱਕੇ ਲੋਕਾਂ ਦੇ ਨਾਂ ਵੀ ਪੈਨਸ਼ਨ ਤੁਰੀ ਜਾਂਦੀ ਹੈ। ਇਹ ਗੱਲ ਕੋਈ ਇਹੋ ਜਿਹੀ ਨਹੀਂ, ਜਿਸ ਦੀ ਜਾਣਕਾਰੀ ਹਾਸਲ ਕਰਨ ਲਈ ਗੋਆ ਦਾ ਗੇੜਾ ਕੱਢਣ ਦੀ ਲੋੜ ਮਹਿਸੂਸ ਕੀਤੀ ਜਾਂਦੀ। ਪੰਜਾਬ ਦੀਆਂ ਅਖਬਾਰਾਂ ਰੋਜ਼ ਇਹ ਛਾਪ ਰਹੀਆਂ ਹਨ। ਮੋਗਾ ਜ਼ਿਲ੍ਹੇ ਦੇ ਇਹੋ ਜਿਹੇ ਬਹੁਤ ਸਾਰੇ ਕੇਸ ਸਾਹਮਣੇ ਆ ਚੁੱਕੇ ਹਨ, ਜਿੱਥੇ ਦੋ-ਤਿੰਨ ਸਾਲ ਪਹਿਲਾਂ ਸੰਸਾਰ ਤਿਆਗ ਚੁੱਕੇ ਬਜ਼ੁਰਗਾਂ ਦੇ ਖਾਤੇ ਦੀ ਪੈਨਸ਼ਨ ਵੀ ਕੋਈ ਨਾ ਕੋਈ ਵਸੂਲ ਕਰੀ ਜਾਂਦਾ ਹੈ। ਇਹ ਧਾਂਦਲੀ ਬੰਦ ਹੋਣੀ ਚਾਹੀਦੀ ਹੈ, ਪਰ ਹੋਣ ਦੀ ਨੌਬਤ ਇਸ ਕਰ ਕੇ ਨਹੀਂ ਆਉਂਦੀ ਕਿ ਕਰਨ ਵਾਲੇ ਸੱਜਣ ਇੱਕ ਜਾਂ ਦੂਸਰੇ ਅਕਾਲੀ ਲੀਡਰ ਦੇ ਨਾਲ ਬਸਤੇ ਚੁੱਕ ਕੇ ਮੋਗੇ ਤੋਂ ਚੰਡੀਗੜ੍ਹ ਤੱਕ ਤੁਰੇ ਫਿਰਦੇ ਵਿਖਾਈ ਦਿੰਦੇ ਹਨ। ਅੰਮ੍ਰਿਤਸਰ ਦੀ ਭਿੱਖੀਵਿੰਡ ਰੋਡ ਉਤੇ ਪੈਂਦੇ ਪਹਿਲੇ ਪਿੰਡ ਤੋਂ ਇਹ ਖਬਰ ਆਈ ਨੂੰ ਕਈ ਹਫਤੇ ਬੀਤ ਚੁੱਕੇ ਹਨ ਕਿ ਉਥੇ ਅਸਲੀ ਲੋੜਵੰਦ ਪਰਿਵਾਰਾਂ ਨੂੰ ਧੀ ਦੇ ਵਿਆਹ ਦਾ ਸਰਕਾਰੀ ਸ਼ਗਨ ਮਿਲਿਆ ਨਹੀਂ ਤੇ ਜਾਅਲੀ ਵਿਆਹ ਉਸ ਪਿੰਡ ਵਿਚ ਇੱਕੋ ਮਹੀਨੇ ਵਿਚ ਸੌ ਤੋਂ ਵੱਧ ਕਰ ਕੇ ਉਨ੍ਹਾਂ ਲਈ ਸ਼ਗਨ ਦੇ ਚੈਕ ਜਾਰੀ ਕਰ ਦਿੱਤੇ ਗਏ ਸਨ। ਇੱਕ ਕੁੜੀ ਵਿਚਾਰੀ ਦਾ ਤਾਂ ਸਿਰਫ ਸ਼ਗਨ ਦਾ ਚੈੱਕ ਲੈਣ ਲਈ ਕਾਗਜ਼ਾਂ ਵਿਚ ਇੱਕੋ ਮਹੀਨੇ ਵਿਚ ਤਿੰਨ ਵਾਰੀ ਵਿਆਹ ਕਰ ਦਿੱਤਾ ਗਿਆ ਸੀ। ਇਹ ਖਬਰ ਅਖਬਾਰਾਂ ਵਿਚ ਆਉਣ ਪਿੱਛੋਂ ਜੋ ਹਲਚਲ ਮੱਚਣੀ ਚਾਹੀਦੀ ਸੀ, ਉਹ ਸਿਰਫ ਤਿੰਨ-ਚਾਰ ਦਿਨ ਰਹੀ ਤੇ ਫਿਰ ਉਹ ਇੰਜ ਲੋਕਾਂ ਦੇ ਚੇਤੇ ਵਿਚੋਂ ਨਿਕਲ ਜਾਣ ਦਿੱਤੀ ਗਈ, ਜਿਵੇਂ ਕਿਤੇ ਕੁਝ ਹੋਇਆ ਹੀ ਨਹੀਂ ਸੀ। ਗੋਆ ਵਿਚ ਇਸ ਖਬਰ ਦੀ ਚਰਚਾ ਨਹੀਂ ਹੋਈ।

ਗੋਆ ਵਿਚ ਜਿਹੜਾ ਤੀਸਰਾ ਮੁੱਦਾ ਚਰਚਾ ਦਾ ਵਿਸ਼ਾ ਬਣਿਆ, ਉਹ ਨਸ਼ਿਆਂ ਦੀ ਤਸਕਰੀ ਦਾ ਸੀ। ਇਸ ਸਬੰਧ ਵਿਚ ਅਖਬਾਰਾਂ ਮੁਤਾਬਕ ਰਾਜ ਦੀ ਕਮਾਨ ਕਰਨ ਵਾਲਿਆਂ ਨੇ ਕਿਹਾ ਕਿ 'ਨਸ਼ੇ ਦੀ ਤਸਕਰੀ ਦੇ ਵਿਰੁਧ ਮੁਹਿੰਮ ਵਿਚ ਸਰਹੱਦੀ ਵਿਧਾਇਕਾਂ ਵੱਲੋਂ ਦਖ਼ਲਅੰਦਾਜ਼ੀ ਨਾ ਕੀਤੀ ਜਾਵੇ।' ਇਸ ਦਾ ਅਰਥ ਕੀ ਨਿਕਲਦਾ ਹੈ? ਜਿਸ ਇਲਾਕੇ ਵਿਚ ਵੀ ਨਸ਼ੇ ਦਾ ਕਾਰੋਬਾਰ ਚੱਲ ਰਿਹਾ ਹੋਵੇ, ਉਥੇ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਤਸਕਰਾਂ ਦਾ ਰਾਜ ਦੀ ਸਰਕਾਰ ਵਿਚਲੇ ਇੱਕ ਜਾਂ ਦੂਸਰੇ ਆਗੂ ਨਾਲ ਤਾਲਮੇਲ ਹੁੰਦਾ ਹੈ ਤੇ ਕਾਂਗਰਸੀ ਰਾਜ ਵਿਚ ਇਹ ਤਾਲਮੇਲ ਕਿਸੇ ਕਾਂਗਰਸੀ ਆਗੂ ਨਾਲ ਤੇ ਅਕਾਲੀ ਰਾਜ ਵਿਚ ਕਿਸੇ ਅਕਾਲੀ ਆਗੂ ਨਾਲ ਹੁੰਦਾ ਹੈ। ਜਿਹੜੀ ਗੱਲ ਆਮ ਲੋਕ ਕਹਿੰਦੇ ਸਨ ਤੇ ਅਣਗੌਲੀ ਕੀਤੀ ਜਾਂਦੀ ਸੀ, ਉਹ ਇੱਕ ਪ੍ਰਮੁੱਖ ਅਖਬਾਰ ਦੀ ਇਸ ਖਬਰ ਦੇ ਮੁਤਾਬਕ ਰਾਜ ਦੇ ਡਿਪਟੀ ਮੁੱਖ ਮੰਤਰੀ ਨੇ ਇਸ ਤਰ੍ਹਾਂ ਕਹਿ ਦਿੱਤੀ ਹੈ ਕਿ 'ਨਸ਼ੇ ਦੀ ਤਸਕਰੀ ਦੇ ਵਿਰੁਧ ਮੁਹਿੰਮ ਵਿਚ ਸਰਹੱਦੀ ਵਿਧਾਇਕਾਂ ਵੱਲੋਂ ਦਖ਼ਲਅੰਦਾਜ਼ੀ ਨਾ ਕੀਤੀ ਜਾਵੇ।' ਇਸ ਤੋਂ ਸਾਫ ਹੈ ਕਿ ਹੁਣ ਤੱਕ ਵਿਧਾਇਕ ਦਖਲਅੰਦਾਜ਼ੀ ਕਰਦੇ ਸਨ। ਗੋਆ ਦਾ ਗੇੜਾ ਲਾਉਣ ਤੋਂ ਬਾਅਦ ਵੀ ਜੇ ਇਹ ਗੱਲ ਮੰਨਣ ਦੀ ਨੌਬਤ ਆ ਗਈ ਹੈ ਤਾਂ ਚੰਗਾ ਹੀ ਹੋਇਆ ਹੈ।

ਜਿਹੜੀ ਗੱਲ ਸਾਰਿਆਂ ਤੋਂ ਵੱਧ ਚਰਚਾ ਦਾ ਵਿਸ਼ਾ ਬਣਨੀ ਚਾਹੀਦੀ ਸੀ ਤੇ ਸਾਰਿਆਂ ਤੋਂ ਘੱਟ ਕੀਤੀ ਗਈ ਸੀ, ਉਹ ਪੰਜਾਬ ਦੇ ਅਮਨ-ਕਾਨੂੰਨ ਦੀ ਹਾਲਤ ਹੈ। ਇਹ ਹਾਲਤ ਇਸ ਗੱਲ ਤੋਂ ਪਤਾ ਲੱਗਦੀ ਹੈ ਕਿ ਦੋਆਬੇ ਦੇ ਪ੍ਰਸਿੱਧ ਕਸਬੇ ਗੋਰਾਇਆ ਤੋਂ ਪੰਜ ਕਿਲੋਮੀਟਰ ਦੂਰ ਇੱਕ ਹੋਰ ਪ੍ਰਸਿੱਧ ਕਸਬੇ ਰੁੜਕਾ ਦੇ ਕੋਲ ਜਾਂਦਾ ਇੱਕ ਫੇਰੀ ਵਾਲਾ ਘੇਰ ਕੇ ਲੁਟੇਰਿਆਂ ਨੇ ਉਸ ਤੋਂ ਸਿਰਫ ਦੋ ਸੌ ਰੁਪਏ ਦੀ ਰਕਮ ਲੁੱਟੀ। ਜਦੋਂ ਉਸ ਨੇ ਤਰਲਾ ਮਾਰਿਆ ਕਿ ਗਰੀਬ-ਮਾਰ ਨਾ ਕਰਨ ਤਾਂ ਉਹ ਗੁੱਸੇ ਵਿਚ ਆ ਕੇ ਉਸ ਦੇ ਇੱਕ ਹੱਥ ਦਾ ਗੁੱਟ ਵੱਢਣ ਪਿੱਛੋਂ ਇੱਕ ਪੋਲੀਥਿਨ ਦੇ ਲਿਫਾਫੇ ਵਿਚ ਪਾ ਕੇ ਉਸ ਦੇ ਸਾਈਕਲ ਦੇ ਹੈਂਡਲ ਨਾਲ ਟੰਗ ਗਏ। ਸ਼ਾਹਕੋਟ ਦੇ ਕੋਲ ਇੱਕ ਮਾਈ ਨੂੰ ਘੇਰ ਕੇ ਉਸ ਦੀਆਂ ਵਾਲੀਆਂ ਜਦੋਂ ਲਾਹੁਣ ਲੱਗੇ ਤਾਂ ਵਿਚਾਰੀ ਦੀਆਂ ਬਹੁੜੀਆਂ ਪਾਈਆਂ ਕਿਸੇ ਕੰਮ ਨਾ ਆਈਆਂ ਤੇ ਉਸ ਦਾ ਸਿਰ ਲੁਟੇਰੇ ਦਾਤਰ ਮਾਰ ਕੇ ਪਾੜ ਗਏ। ਇਹ ਹੁਣ ਪੰਜਾਬ ਦੀ ਰੋਜ਼ ਦੀ ਗਾਥਾ ਹੈ, ਜਿਸ ਨੂੰ ਜਾਣਨ ਲਈ ਗੋਆ ਜਾਣ ਦੀ ਲੋੜ ਨਹੀਂ ਸੀ।

ਜਦੋਂ ਉਹ ਗੋਆ ਗਏ ਹੋਏ ਸਨ, ਉਦੋਂ ਫਰੀਦਕੋਟ ਦੇ ਮੈਡੀਕਲ ਕਾਲਜ ਹਸਪਤਾਲ ਦੀ ਐਮਰਜੈਂਸੀ ਵਿਚ ਆ ਕੇ ਕੁਝ ਲੋਕਾਂ ਨੇ ਇੱਕ ਬੰਦਾ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਝਗੜਾ ਪਹਿਲਾਂ ਬਾਹਰ ਹੋਇਆ ਤੇ ਦੋਵਾਂ ਧਿਰਾਂ ਦੀ ਧਾੜ ਦੇ ਕੁਝ ਬੰਦੇ ਜ਼ਖਮੀ ਹੋ ਕੇ ਹਸਪਤਾਲ ਆਏ ਸਨ, ਜਿੱਥੇ ਇੱਕ ਧਿਰ ਵਾਲਿਆਂ ਨੇ ਆਣ ਕੇ ਪੁਲਿਸ ਦੀ ਹਾਜ਼ਰੀ ਵਿਚ ਦੂਸਰੀ ਧਿਰ ਦੇ ਬੰਦੇ ਨੂੰ ਗੋਲੀਆਂ ਮਾਰ ਕੇ ਮਾਰ ਮੁਕਾਇਆ। ਇਹ ਕਿਸੇ ਪਿੰਡ ਵਿਚੋਂ ਸ਼ਰੀਕਾਂ ਦੇ ਦੋ ਧੜੇ ਨਹੀਂ ਸਨ, ਸਗੋਂ ਦੋ ਰਾਜਸੀ ਸ਼ਰੀਕਾਂ ਅਤੇ ਦੋਵੇਂ ਅਕਾਲੀ ਆਗੂਆਂ ਦੇ ਪਿਛਲੱਗਾਂ ਦੇ ਸਨ, ਜਿਨ੍ਹਾਂ ਵਿਚੋਂ ਇੱਕ ਧੜੇ ਦਾ ਆਗੂ ਸਾਬਕਾ ਅਕਾਲੀ ਮੰਤਰੀ ਗੁਰਦੇਵ ਸਿੰਘ ਬਾਦਲ ਨੂੰ ਦੱਸਿਆ ਗਿਆ ਤੇ ਦੂਸਰੇ ਧੜੇ ਦਾ ਚੀਫ ਪਾਰਲੀਮੈਂਟਰੀ ਸੈਕਟਰੀ ਮਨਤਾਰ ਸਿੰਘ ਬਰਾੜ ਨੂੰ ਲਿਖਿਆ ਗਿਆ ਹੈ। ਹਾਲੇ ਕੁਝ ਮਹੀਨੇ ਪਹਿਲਾਂ ਵੀ ਉਥੇ ਗੋਲੀ ਚੱਲ ਗਈ ਸੀ ਤੇ ਇੱਕ ਬੰਦਾ ਮਾਰਿਆ ਗਿਆ ਸੀ। ਫਰਕ ਸਿਰਫ ਇਹ ਕਿ ਉਦੋਂ ਮਰਨ ਵਾਲਾ ਗੁਰਦੇਵ ਸਿੰਘ ਬਾਦਲ ਦੇ ਧੜੇ ਦਾ ਲਿਖ ਕੇ ਮਾਰਨ ਵਾਲਿਆਂ ਨੂੰ ਮਨਤਾਰ ਸਿੰਘ ਬਰਾੜ ਦੇ ਧੜੇ ਦੇ ਦੱਸਿਆ ਗਿਆ ਤੇ ਜਿਸ ਬੰਦੇ ਦੇ ਖਿਲਾਫ ਕੇਸ ਦਰਜ ਹੋਇਆ ਸੀ, ਉਹ ਬਰਾੜ ਦਾ ਰਿਸ਼ਤੇਦਾਰ ਲਿਖਿਆ ਗਿਆ ਸੀ।

ਕੁਝ ਸਾਲ ਪਹਿਲਾਂ ਇੱਕ ਵਾਰੀ ਖਰੜ ਦੇ ਦੋ ਅਕਾਲੀ ਧੜੇ ਇੱਕ ਜਲਸੇ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੇ ਆਉਣ ਤੋਂ ਅੱਧਾ ਘੰਟਾ ਪਹਿਲਾਂ ਝਗੜ ਪਏ ਤੇ ਗੋਲੀ ਚੱਲ ਕੇ ਚਾਰ ਕੁ ਬੰਦੇ ਮਾਰੇ ਗਏ ਸਨ। ਹੁਣ ਫਿਰ ਦੋਵੇਂ ਧੜੇ ਖਰੜ ਵਾਂਗ ਬਾਦਲ ਅਕਾਲੀ ਦਲ ਦੇ ਹਨ। ਪੰਜਾਬ ਦੇ ਹਾਲਾਤ ਵਿਗਾੜਨ ਵਾਲੇ ਮਾਰ-ਖੋਰੇ ਸ਼ਰੀਕੇਬਾਜ਼ ਅਕਾਲੀ ਆਗੂ ਵੀ ਜਦੋਂ ਗੋਆ ਵਾਲੇ ਵਿਚਾਰ-ਮੰਥਨ ਵਿਚ ਬੈਠੇ ਹੋਏ ਸਨ ਤਾਂ ਪੰਜਾਬ ਦੇ ਲੋਕਾਂ ਨੂੰ ਹਾਲਾਤ ਸੁਧਰਨ ਦਾ ਯਕੀਨ ਕਿੱਦਾਂ ਆਵੇਗਾ? ਜਿਨ੍ਹਾਂ ਮਸਲਿਆਂ ਤੇ ਜਾਨ-ਮਾਲ ਦੀ ਜਿਸ ਗਾਰੰਟੀ ਦੀ ਆਸ ਲੋਕ ਇਸ ਸਰਕਾਰ ਤੋਂ ਰੱਖਦੇ ਹਨ, ਉਸ ਆਸ ਨੂੰ ਪੂਰਾ ਕਰਨ ਲਈ ਗੋਆ ਦੇ ਗੇੜੇ ਲਾਉਣ ਦੀ ਲੋੜ ਨਹੀਂ, ਜੋ ਕਰਨ ਦੀ ਲੋੜ ਹੈ, ਉਹ ਏਥੇ ਕਰ ਕੇ ਵਿਖਾਉਣਾ ਪਵੇਗਾ।

RADIO CHARDI KALA
ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ
ਰੇਡੀਓ ਚੜ੍ਹਦੀ ਕਲਾ
ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600
Radio CK, PO Box 296, Fremont, CA 94537

# ਪੰਜਾਬ ਟਾਈਮਜ਼ ਨੇ ਮਨਾਈ ਪ੍ਰਕਾਸ਼ਨ ਦੀ 13ਵੀਂ ਵਰ੍ਹੇਗੰਢ

**ਸ਼ਿਕਾਗੋ (ਬਿਊਰੋ):** ਸੰਨ 2000 ਵਿਚ ਸ਼ਿਕਾਗੋ ਤੋਂ ਪ੍ਰਕਾਸ਼ਤ ਹੋਣ ਵਾਲੇ ਪਹਿਲੇ ਅਤੇ ਹੁਣ ਸੈਨ ਫਰਾਂਸਿਸਕੋ ਤੇ ਨਿਊ ਯਾਰਕ-ਤਿੰਨ ਐਡੀਸ਼ਨਾਂ ਵਿਚ ਛਪਦੇ 'ਪੰਜਾਬ ਟਾਈਮਜ਼' ਦੀ 13ਵੀਂ ਵਰ੍ਹੇਗੰਢ ਇਥੇ ਲੰਘੀ 6 ਅਪਰੈਲ ਨੂੰ ਮਨਾਈ ਗਈ। ਇਸ ਮੌਕੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਪੱਤਰਕਾਰ, ਕਾਲਮਨਵੀਸ ਅਤੇ ਭਾਈਚਾਰਕ ਆਗੂ ਹਾਜ਼ਰ ਸਨ।

ਪ੍ਰੋਗਰਾਮ ਦੇ ਸ਼ੁਰੂ ਵਿਚ ਜਗਮੀਤ ਸਿੰਘ ਨੇ ਗੀਤ 'ਨੱਚ ਲੈ ਗਾ ਲੈ, ਮੌਜ ਮਨਾ ਲੈ, ਭੰਗੜਾ ਪਾ ਲੈ' ਪੇਸ਼ ਕਰ ਕੇ ਗੀਤ-ਸੰਗੀਤ ਦੇ ਪ੍ਰੋਗਰਾਮ ਦਾ



ਹਰਜਿੰਦਰ ਦੁਸਾਂਝ

ਆਗਾਜ਼ ਕੀਤਾ। ਉਪਰੰਤ ਅਲਗੋਜ਼ਾ ਮਾਸਟਰ ਬਲਬੀਰ ਸਿੰਘ ਨੇ ਅਲਗੋਜ਼ਿਆਂ ਨਾਲ ਗੀਤ ਪੇਸ਼ ਕਰ ਕੇ ਸਰੋਤਿਆਂ ਨੂੰ ਅਲਗੋਜ਼ਿਆਂ ਦੇ ਵੇਲੇ ਚੇਤੇ ਕਰਵਾਏ। ਬੌਬ ਖਹਿਰਾ ਨੇ ਮੋਨੋ ਐਕਟਿੰਗ ਪੇਸ਼ ਕਰ ਕੇ ਆਪਣੀ ਹਾਜ਼ਰੀ ਲਵਾਈ। ਗੁਰਬਖਸ਼ ਰਾਹੀ ਨੇ ਪੰਜਾਬ ਟਾਈਮਜ਼ ਨੂੰ 13ਵੀਂ ਵਰ੍ਹੇਗੰਢ 'ਤੇ ਵਧਾਈ ਦਿੱਤੀ ਅਤੇ ਆਪਣੀ ਨਜ਼ਮ 'ਨੀਵੀਂ ਕਰ ਆਪਣੀ ਨਜ਼ਰ' ਸੁਣਾਈ।

ਯੂਬਾ ਸਿਟੀ ਤੋਂ ਆਏ ਲੇਖਕ ਤੇ ਪੱਤਰਕਾਰ ਹਰਜਿੰਦਰ ਦੁਸਾਂਝ ਨੇ ਪ੍ਰੋਗਰਾਮ ਨੂੰ ਜ਼ਰਾ ਗੰਭੀਰ ਰੁਖ ਦਿੰਦਿਆਂ ਕਿਹਾ ਕਿ 'ਪੰਜਾਬ ਟਾਈਮਜ਼' ਛੋਟੇ ਜਿਹੇ ਪੌਦੇ ਤੋਂ ਅੱਜ ਵੱਡੇ ਦਰੱਖਤ ਦਾ ਰੂਪ ਧਾਰ ਚੁੱਕਾ ਹੈ ਜਿਸ ਦੇ ਪਾਠਕਾਂ ਦਾ ਘੇਰਾ ਅਮਰੀਕਾ ਹੀ ਨਹੀਂ, ਵੈੱਬਸਾਈਟ ਰਾਹੀਂ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚ ਰਹਿੰਦੇ ਪੰਜਾਬੀਆਂ ਤਕ



ਪੰਜਾਬ ਟਾਈਮਜ਼ ਦੀ ਐਡਵਾਈਜ਼ਰੀ ਕਮੇਟੀ ਸੰਪਾਦਕ ਅਮੋਲਕ ਸਿੰਘ ਜੰਮੂ ਨਾਲ

ਫੈਲਿਆ ਹੋਇਆ ਹੈ। ਪੰਜਾਬ ਟਾਈਮਜ਼ ਨੇ ਸੁਲਝੇ ਹੋਏ ਕਾਲਮਨਵੀਸਾਂ ਤੇ ਲੇਖਕਾਂ ਨੂੰ ਇਕ ਪਲੇਟਫਾਰਮ 'ਤੇ ਇੱਕਠਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿਚ ਪ੍ਰਿੰਟ ਮੀਡੀਆ ਔਖੇ ਦੌਰ ਵਿਚੋਂ ਲੰਘ ਰਿਹਾ ਹੈ। ਨਿਊ ਯਾਰਕ ਤੋਂ ਛਪਦੀਆਂ ਕਈ ਅੰਗਰੇਜ਼ੀ ਅਖਬਾਰਾਂ ਨੇ ਆਪਣਾ ਪ੍ਰਿੰਟ ਐਡੀਸ਼ਨ ਕੱਢਣਾ ਬੰਦ ਕਰ ਦਿੱਤਾ ਹੈ। ਪੰਜਾਬ ਟਾਈਮਜ਼ ਵਧਾਈ ਦਾ ਪਾਤਰ ਹੈ ਕਿ ਇਹ ਤਿੰਨ ਥਾਂਵਾਂ ਤੋਂ ਛਪ ਰਿਹਾ ਹੈ ਤੇ ਇਸ ਦੀ ਛਪਣ ਗਿਣਤੀ ਵੀ ਅਮਰੀਕਾ ਵਿਚ ਬਾਕੀ ਸਾਰੀਆਂ ਪੰਜਾਬੀ ਅਖਬਾਰਾਂ ਨਾਲੋਂ ਕਿਤੇ ਜ਼ਿਆਦਾ ਹੈ। ਪੰਜਾਬੀ ਵਿਚ ਪਰਚਾ ਕੱਢਣਾ ਪੰਜਾਬੀ ਭਾਈਚਾਰੇ ਦੇ ਸਮਰਥਨ ਬਿਨਾਂ ਸੰਭਵ ਨਹੀਂ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਟਾਈਮਜ਼ ਨੂੰ ਇਹ ਸਮਰਥਨ ਲਗਾਤਾਰ ਮਿਲ ਰਿਹਾ ਹੈ।

ਕਾਲਮਨਵੀਸ ਐਸ. ਅਸ਼ੋਕ ਭੌਰਾ ਨੇ ਕਿਹਾ ਕਿ ਉਨ੍ਹਾਂ ਨੇ ਅਜੀਤ, ਜੱਗਬਾਣੀ ਅਤੇ ਪੰਜਾਬੀ ਟ੍ਰਿਬਿਊਨ ਲਈ ਕੋਈ ਤੀਹ ਸਾਲ ਲਿਖਿਆ ਪਰ ਸਹੀ ਪਲੇਟਫਾਰਮ ਉਸ ਨੂੰ ਪੰਜਾਬ ਟਾਈਮਜ਼ ਰਾਹੀਂ ਹੀ ਮਿਲਿਆ। ਉਨ੍ਹਾਂ ਤਸੱਲੀ ਪ੍ਰਗਟਾਈ ਕਿ ਪੰਜਾਬ ਟਾਈਮਜ਼ ਦੇ ਪਾਠਕਾਂ ਦਾ ਬਹੁਤ ਵੱਡਾ ਵਰਗ ਉਨ੍ਹਾਂ ਦੀਆਂ ਲਿਖਤਾਂ ਨੂੰ ਪਸੰਦ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਕੈਲੀਫੋਰਨੀਆ ਵਿਚ 16 ਅਖਬਾਰਾਂ ਛਪਦੀਆਂ ਹਨ ਪਰ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਟਾਈਮਜ਼ ਦਾ ਮਿਆਰ ਸਾਰਿਆਂ ਨਾਲੋਂ ਕਿਤੇ ਉਚਾ ਹੈ ਅਤੇ ਇਹ ਪਾਠਕਾਂ ਦੀ ਪਹਿਲੀ ਪਸੰਦ ਹੈ। ਇਸ ਦਾ ਸਿਹਰਾ ਸੰਪਾਦਕ ਅਤੇ ਸਟਾਫ ਨੂੰ ਤਾਂ ਜਾਂਦਾ ਹੀ ਹੈ, ਨਾਲ ਹੀ ਸ਼ਿਕਾਗੋ ਦੇ ਭਾਈਚਾਰੇ ਨੂੰ ਵੀ ਜਾਂਦਾ ਹੈ ਜਿਨ੍ਹਾਂ ਦੀ ਸਪੋਰਟ ਨਾਲ ਇਹ ਪਰਚਾ ਸ਼ੁਰੂ ਹੋਇਆ ਅਤੇ ਅੱਗੇ ਵਧਿਆ।

ਓਹਾਇਓ ਤੋਂ ਆਏ ਅਵਤਾਰ ਸਿੰਘ ਸਪਰਿੰਗਫੀਲਡ ਨੇ ਪੰਜਾਬ ਟਾਈਮਜ਼ ਦੇ ਪਾਠਕਾਂ ਤੇ ਸਹਿਯੋਗੀ ਸੱਜਣਾਂ ਨੂੰ 13ਵੀਂ ਵਰ੍ਹੇਗੰਢ ਦੀ ਵਧਾਈ ਦਿੰਦਿਆਂ ਆਪਣੇ ਵਲੋਂ ਪੰਜਾਬ ਟਾਈਮਜ਼ ਨੂੰ ਭਰਵੇਂ ਸਮਰਥਨ ਦਾ ਵਾਅਦਾ ਕੀਤਾ।

ਗੀਤ-ਸੰਗੀਤ ਦੇ ਦੌਰ ਵਿਚ ਨਿੰਮਾ ਡਲੇਵਾਲ ਨੇ ਗੀਤ 'ਅਸੀਂ ਭੁੱਲਦੇ ਜਾਂਦੇ ਹਾਂ ਆਪਣਾ ਪਿਛੋਕੜ', 'ਆ ਜਾ ਮੇਰੇ ਪਿੰਡ ਦੀ ਨੁਹਾਰ ਵੇਖ ਲੈ', ਕੈਨੇਡਾ ਤੋਂ ਆਏ ਟੋਨੀ ਧਨੋਆ ਨੇ ਗੀਤ 'ਭਾਈ ਬਾਝੋਂ ਲੱਕ ਟੁੱਟ ਜਾਂਦੇ, ਪੁੱਛ ਨਾ ਹਾਲ ਕੀ ਹੁੰਦੇ ਮਾਂਵਾਂ ਦੇ' ਅਤੇ 'ਇਕ ਕੁੜੀ ਬੋਹੜ ਦੇ ਥੱਲੇ ਚਰਖਾ ਕੱਤਦੀ ਹੈ' ਸਮੇਤ ਕਈ ਗੀਤ ਪੇਸ਼ ਕਰ ਕੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ।

ਕੈਲੀਫੋਰਨੀਆ ਤੋਂ ਪਹੁੰਚੇ ਗਾਇਕ ਜਤਿੰਦਰ ਜਰਗੀਆ ਨੇ 'ਤੂੰ ਜਾਣੇ ਕਰਤਾਰ, ਤੇਰੀਆਂ ਤੂੰ ਜਾਣੇ', 'ਸੱਜਣਾਂ ਵਿਚ ਤੇਰੀ ਮਹਿਫਲ ਦੇ, ਮਹਿਮਾਨ ਬਦਲਦੇ ਦੇਖੇ ਨੇ' ਅਤੇ ਹੋਰ ਕਈ ਗੀਤ ਪੇਸ਼ ਕਰ ਕੇ ਆਪਣੀ ਪੁਖਤਾ ਗਾਇਕੀ ਦਾ ਸਬੂਤ ਦਿਤਾ। ਲਖਵਿੰਦਰ ਮਾਵੀ ਨੇ ਵੀ ਇਕ ਗੀਤ 'ਅੱਗ ਪੈਸੇ ਨੇ ਇਹ ਲਾਈ' ਗਾ ਕੇ ਆਪਣੀ ਹਾਜ਼ਰੀ



ਡਾ. ਹਰਜਿੰਦਰ ਸਿੰਘ ਖਹਿਰਾ

ਲਵਾਈ। ਰੇਡੀਓ ਦੇਸੀ ਜੰਕਸ਼ਨ ਦੇ ਹੋਸਟ ਜੱਸੀ ਪਰਮਾਰ ਨੇ 'ਭਾਈਆ ਜੀ' ਸਕਿਟ ਗੁਰਮੁਖ ਸਿੰਘ ਭੁੱਲਰ ਦੇ ਸਹਿਯੋਗ ਨਾਲ ਪੇਸ਼ ਕੀਤੀ।

ਡਾ. ਹਰਜਿੰਦਰ ਸਿੰਘ ਖਹਿਰਾ ਨੇ ਗਾਇਕ ਤੇ ਗੀਤਕਾਰ ਸੁਖ ਦਾ ਗੀਤ 'ਦਿਲ ਦਾ ਹੋਵੇ ਚੰਗਾ ਬੰਦਾ ਯਾਰ ਬਣਾ ਲਈਏ' ਗਾ ਕੇ ਆਪਣੀ ਹਾਜ਼ਰੀ ਲਵਾਈ। ਸਟੇਜ ਸਕੱਤਰ ਗੁਰਮੁਖ ਸਿੰਘ ਭੁੱਲਰ ਨੇ ਪੰਜਾਬ ਟਾਈਮਜ਼ ਦੀ ਕਾਲਮਨਵੀਸ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੀ ਕਵਿਤਾ ਪੜ੍ਹ ਕੇ ਸੁਣਾਈ ਜੋ ਉਚੇਚੇ ਤੌਰ 'ਤੇ ਪੰਜਾਬ ਟਾਈਮਜ਼ ਦੀ ਇਸ ਸ਼ਾਮ ਲਈ ਲਿਖੀ ਗਈ ਸੀ।

ਆਏ ਕਲਾਕਾਰਾਂ-ਬਲਬੀਰ ਸਿੰਘ, ਜਤਿੰਦਰ ਜਰਗੀਆ, ਨਿੰਮਾ ਡਲੇਵਾਲ, ਟੋਨੀ ਧਨੋਆ ਅਤੇ ਸੰਗੀਤਕਾਰ ਨਰਿੰਦਰ ਬੱਗਾ, ਨਰਿੰਦਰ ਦੇਵਗਣ ਤੇ ਜਵਾਲਾ ਸਿੰਘ ਦਾ ਸਨਮਾਨ



ਨਿੰਮਾ ਡੱਲੇਵਾਲ



ਟੋਨੀ ਧਨੋਆ



ਲਖਵਿੰਦਰ ਮਾਵੀ

# ਨ੍ਹੇਰੀ ਰਾਤ ਦੇ ਰੰਗੀਨ ਨਜ਼ਾਰੇ...

**ਐਸ. ਅਸ਼ੋਕ ਭੌਰਾ**

ਇੱਕੀ ਸਾਲ ਮੈਂ ਪ੍ਰੋ. ਮੋਹਨ ਸਿੰਘ ਮੇਲਾ ਵੇਖਿਆ ਹੈ, ਤੇਰਾਂ ਸਾਲ ਕਿਲਾ ਰਾਏਪੁਰ ਦੀਆਂ ਖੇਡਾਂ, ਪੁਰੇਵਾਲ ਭਰਾਵਾਂ ਦਾ ਹਕੀਮਪੁਰ ਵਾਲਾ ਰੰਗ ਵੀ, ਨੌਂ ਸਾਲ ਜਰਗ ਦਾ ਮੇਲਾ ਵੀ, ਸੱਤ ਸਾਲ ਜਗਰਾਵਾਂ ਦੀ ਰੌਸ਼ਨੀ ਵੀ ਤੇ ਪਿਛਲੇ ਪੰਜ ਸਾਲਾਂ ਤੋਂ ਸ਼ਿਕਾਗੋ ਵਿਚ 'ਪੰਜਾਬ ਟਾਈਮਜ਼ ਨਾਈਟ' ਵੀ ਵੇਖ ਰਿਹਾ ਹਾਂ। ਤੇ ਐਤਕੀਂ ਰਾਣੀਹਾਰ ਇਸ ਰਾਤ ਦੇ ਪਾਉਨੇ ਆਂ, ਜਿਥੇ ਵੱਡੇ-ਵੱਡੇ ਲੋਕ ਨਕਟਾਈਆਂ ਲਾ ਕੇ ਆਉਂਦੇ ਨੇ ਤੇ ਜਾਣ ਲੱਗਿਆਂ ਇਸ ਰੰਗੀਨ ਰਾਤ ਦੇ ਨਜ਼ਾਰਿਆਂ ਵਿਚ ਗਹਿ-ਗੱਚ ਹੁੰਦੇ ਨੇ। ਕਈ ਕਹਿਣਗੇ, ਇਹ ਅਖ਼ਬਾਰ ਦਾ ਸਮਾਗਮ ਹੀ ਹੈ। ਕਈਆਂ ਦਾ ਖਿਆਲ ਹੋਵੇਗਾ, ਚਲੋ ਇਸ ਬਹਾਨੇ ਕੁਝ ਮੱਦਦ ਹੋ ਜਾਂਦੀ ਹੋਵੇਗੀ। ਪਰ ਊਂ ਸੁਆਦ ਲੈਣ ਵਾਲੇ ਤਾਂ ਖਾਜ ਕਰ ਕੇ ਵੀ ਸੁਆਦ ਲੈ ਲੈਂਦੇ ਹਨ। ਇਸ ਲਈ ਕਈ ਇਹ ਦਿਨ ਉਵੇਂ ਉਡੀਕਦੇ ਨੇ ਜਿਵੇਂ ਫੌਜੀ ਨੇ ਵਰ੍ਹੇ ਪਿੱਛੋਂ ਛੁੱਟੀ ਕੱਟਣ ਜਾਣਾ ਹੋਵੇ। ਇਸ ਲਈ 'ਪੰਜਾਬ ਟਾਈਮਜ਼ ਨਾਈਟ' ਦੀ ਇਸ ਵਾਰ ਆਤਿਸ਼ਬਾਜ਼ੀ ਨਵੇਂ ਪਟਾਕਿਆਂ ਨਾਲ ਕਰ ਕੇ ਵੇਖਦੇ ਆਂ।

ਐਤਕੀਂ ਗਾਉਣ ਵਾਲਾ ਕੌਣ ਆ ਰਿਹੈ? ਇਹ ਪਟਵਾਰੀਆਂ ਵਾਲੀ ਜਰੀਬ ਗੁਰਮੁੱਖ ਭੁੱਲਰ ਕੋਲ ਐ। ਤਸੀਲਦਾਰ ਨੂੰ ਬਿਨਾਂ ਪੁੱਛੇ ਕਈ ਵਾਰ ਨਿਆਈਂ 'ਚ ਖਿੱਚੀ ਫਿਰਦੈ ਤੇ ਕਈ ਵਾਰ ਟਿੱਬਿਆਂ 'ਚ। ਪਿਛਲੀ ਵਾਰ ਅਕਾਸ਼ਦੀਪ ਤੇ ਰਣਜੀਤ ਤੇਜੀ ਆਇਆ ਸੀ। ਐਤਕੀਂ ਜਤਿੰਦਰ ਜਰਗੀਆ। ਊਂ ਭੋਲੇ ਮਰਾਸੀ ਦੀ ਜੰਨ ਵਾਂਗ ਬਰਾਤੀ ਉਹੀ ਆ, ਯਾਨਿ ਸਾਜ਼ੀ ਬੱਗਾ, ਜਵਾਲਾ ਤੇ ਬਿੱਟੂ ਹੋਰੀਂ।

ਸ਼ਾਮਬਰਗ ਦਾ ਉਹੀ ਜਗਮਾਉਂਦਾ ਹਾਲ...ਅੰਦਰ ਸਟੇਜ 'ਤੇ ਸਾਜ਼ ਸੁਰ ਹੋ ਰਹੇ ਨੇ ਤੇ ਬਾਹਰ ਆ ਜੋ ਬਈ ਖਿਚਾ ਲਓ ਜੰਮੂ ਸਾਹਿਬ ਨਾਲ ਫੋਟੋ। ਊਂ ਨਾਲ ਦਾ ਕਹੀ ਜਾਵੇਗਾ, ਉਨ੍ਹਾਂ ਨਾਲ ਖਿਚਾਈ ਫੋਟੋ ਦੇ ਛਪਣ ਦੀ ਕੋਈ ਗਰੰਟੀ ਨਹੀਂ। ਤੀਜਾ ਬੇ ਏਰੀਆ ਤੋਂ ਆਇਆ ਨਵਾਂ ਬੰਦਾ ਹੈਰਾਨ ਜਿਹਾ ਹੋ ਕੇ ਪੁੱਛੇਗਾ, ਅੱਛਾ ਇਹ ਆ ਅਮੋਲਕ ਸਿੰਘ ਜੰਮੂ...ਕੀ ਗੱਲ ਹੋ'ਗੀ। ਕੈਲੀਫੋਰਨੀਆ 'ਚ ਕਈ ਇਹ ਨਾਂ ਸੁਣ ਕੇ ਖਰਬੂਜੇ ਤੋਂ ਕਰੇਲਾ ਬਣ ਜਾਂਦੇ ਨੇ।

ਸਟੇਜ ਤੋਂ ਜਾਣ-ਪਛਾਣ ਵੀ ਨਾਲੋ-ਨਾਲ ਹੋਈ ਜਾਂਦੀ ਐ...ਲਓ ਜੀ ਹਰਦਿਆਲ ਸਿੰਘ ਦਿਓਲ ਹੋਰੀਂ ਆ ਗਏ...ਜੀ ਅਇਆਂ ਨੂੰ। ਬਈ ਆਹ ਅਲਗੋਜਿਆਂ ਵਾਲੇ ਬਜ਼ੁਰਗ ਦਾ ਰੰਗ ਵੇਖਿਓ, ਚੇਲਾ ਵੀ ਜੱਸੋਵਾਲ ਦਾ, ਤੇ ਗਲ 'ਚ ਮੈਡਲ ਵੀ ਮੋਹਨ ਸਿੰਘ ਮੇਲੇ ਦਾ ਪਾਇਆ ਹੋਇਐ। ਅਹੁ ਬੰਦਾ ਜਿਹੜਾ ਸਟੇਜ ਵੱਲ ਤੁਰਿਆ ਆਉਂਦੈ, ਹੈਗਾ ਨਪੋਲੀਅਨ ਆਗੂੰ ਗੁਣੀ ਬੰਦਾ, ਊਂ ਕੱਦ ਉਦੋਂ ਵੀ ਚਾਰ ਇੰਚ ਘੱਟ ਹੀ ਹੋਣੈ...ਨਾ ਲਾ ਨਾ ਲਾ ਜੱਸੀ ਪ੍ਰੋ. ਜੋਗਿੰਦਰ ਸਿੰਘ ਰਮਦੇਵ 'ਤੇ ਤਵਾ...ਜੀ ਆਇਆਂ ਨੂੰ ਟਿਵਾਣਾ ਸਾਹਿਬ...ਬਸਰਾਓ ਸਾਹਿਬ ਵਿਆਹ ਦੀ ਪਹਿਲੀ ਸਾਲਗਿਰਾ ਨਾਲੋਂ ਵੀ ਗੱਜ-ਵੱਜ ਕੇ ਮਨਾਈ ਐ ਰੇਡੀਓ ਚੰਨ ਪਰਦੇਸੀ ਦੀ ਵਰ੍ਹੇਗੰਢ।

ਵਿਚੇ ਹਰਜਿੰਦਰ ਦੁਸਾਂਝ ਭਾਸ਼ਣ ਕਰੀ ਜਾਂਦੈ...ਦਾਜ ਭਾਵੇਂ ਕੋਈ ਟਰੱਕ ਭਰ ਕੇ ਦੇਵੇ ਪਰ ਸਿਆਣੇ ਬੰਦੇ ਵੇਖਦੇ ਨੇ ਵਰੀ ਕਿਹਦੀ ਵਧੀਆ ਆ...ਅਖ਼ਬਾਰਾਂ ਚਾਹੇ ਕੈਲੀਫੋਰਨੀਆ ਤੇ ਚਾਹੇ ਨਿਊ ਯਾਰਕ ਨਿੱਤ ਨਵੀਂਆਂ ਨਿਕਲਣ, ਪਰ ਨਹੀਂ ਮੁਕਾਬਲਾ ਹੋਣਾ 'ਪੰਜਾਬ ਟਾਈਮਜ਼' ਦਾ। ਸਪਰਿੰਗਫੀਲਡ ਵਾਲਾ ਅਵਤਾਰ ਸਿੰਹੁ ਕਹਿ ਰਿਹਾ ਸੀ...ਭਾਜੀ ਅਮੋਲਕ ਸਿੰਘ ਨੂੰ ਵਾਹਿਗੁਰੂ ਲੰਬੀ ਉਮਰ ਬਖ਼ਸ਼ੇ...ਤੰਦਰੁਸਤ ਰਹਿਣ...ਪਰ ਮੰਚ ਅੱਗਿਓਂ ਜੰਮੂ ਸਾਹਿਬ ਦਾ ਵੀ ਬਾਦਲ ਵਾਂਗੂੰ ਠੰਢਾ ਬਿਆਨ ਨਾਲ ਈ ਆ ਜੂ...ਮੈਨੂੰ ਕੀ ਹੋਇਐ...ਮੈਂ ਘੋੜੇ ਵਰਗੈਂ।

ਇਸ ਵਾਰ ਦਾ ਸਮੁੱਚਾ ਮੰਚ ਸੰਚਾਲਨ ਗੁਰਮੁੱਖ ਭੁੱਲਰ ਦੇ ਹੱਥ ਹੀ ਰਿਹਾ। ਡਾਕਟਰ ਖਹਿਰਾ ਨੇ ਇਸ ਵਾਰ ਨੱਚ ਕੇ ਵੀ, ਤੇ ਗਾ ਕੇ ਵੀ ਹਾਜ਼ਰੀ ਲੁਆਈ...ਠੇਕੇ ਦੁਆਲੇ ਹੋਏ ਹੈਪੀ ਹੀਰ



ਗਾਇਕ ਜਤਿੰਦਰ ਜਰਗੀਆ

ਤੋਂ ਬਿਨਾਂ ਹੀ ਜੱਸੀ ਪਰਮਾਰ ਨੇ ਇਸ ਵਾਰ ਕਾਮੇਡੀ ਦੀ ਪੇਸ਼ਕਾਰੀ ਕੀਤੀ।

ਜਾਣ-ਪਛਾਣ ਦਾ ਅਗਲਾ ਦੌਰ ਵਿਚ-ਵਿਚਾਲੇ ਫੇਰ ਚਲਦਾ ਹੈ...ਤਰਲੋਚਨ ਸਿੰਘ ਦੁਪਾਲਪੁਰ ਐਤਕਾਂ ਨਹੀਂ ਆਏ...ਆਪਣੇ ਡਾ. ਨਵਦੀਪ ਕੌਰ ਸੰਧੂ ਵੀ ਆ ਗਏ...ਵੈਲਕਮ। ਨਾਂ ਤੇ ਬਲਵਿੰਦਰ ਕੌਰ ਐ, ਆਂਹਦੇ ਨਿੱਕੀ ਸੇਖੋਂ ਆਂ...ਊਂ ਕੁੜੀ ਚੰਗੀ ਵੀ ਆ ਤੇ ਲੰਮੀ ਵੀ ਆ। ਇੰਡੀਅਨਐਪਲਸ ਤੋਂ ਦਰਸ਼ਨ ਦਰੜ ਵੀ ਆ ਗਏ ਤੇ ਗੁਰਬਖ਼ਸ਼ ਰਾਹੀ ਹੋਰੀਂ ਵੀ। ਮਿਸ਼ੀਗਨ ਤੋਂ ਭਗਵਾਨ ਸਿੰਘ ਤੋਂ ਬੌਬ ਖਹਿਰਾ ਬਣਿਆ ਅਦਾਕਾਰ ਵੀ। ਇੰਡੀਆ ਹਾਊਸ ਦੇ ਵਿਹੜੇ ਵਿਚ ਜਿਹੜੀਆਂ ਵਿਆਹ ਵਰਗੀਆਂ ਰੌਣਕਾਂ ਨੇ, ਇਹ ਅਮੋਲਕ ਸਿੰਘ ਜੰਮੂ ਦਾ ਪਿਆਰ ਐ ਤੇ 'ਪੰਜਾਬ ਟਾਈਮਜ਼' ਦੀ ਖਿੱਚ ਐ...ਕੋਈ ਕਿਤਿਓਂ ਪਹੁੰਚਿਆ ਤੇ ਕੋਈ ਕਿਤਿਓਂ, ਊਂ ਹੈ ਸਾਰੇ ਅਖ਼ਬਾਰ ਤੋਂ ਜੀ ਸਦਕੇ ਜਾਣ ਵਾਲੇ।

ਜਤਿੰਦਰ ਜਰਗੀਏ ਨੇ ਸੋਹਣਾ ਰੰਗ ਬੰਨ੍ਹਿਆ। ਫੀਚਰ ਲਿਖਣ ਵਾਲੇ ਨਿਰਮਲ ਨਿੰਮੇ ਨੇ ਗਾਇਆ ਵੀ ਵਧੀਆ, ਪਰ ਆਪੇ ਲਿਖੇ ਸਭਿਆਚਾਰਕ ਗੀਤਾਂ ਕਰ ਕੇ ਹੋਰ ਵੀ ਸਲਾਹਿਆ ਗਿਆ। ਜਰਗੀਏ ਦੇ ਗੀਤ 'ਤੇਰੇ ਨਾਂ ਤੇ...ਮਹਿਫ਼ਲ' ਤੇ 'ਚੰਦ' ਖ਼ੂਬ ਰਹੇ, ਪਰ ਥੋੜ੍ਹਾ ਸਾਊਂਡ ਸਿਸਟਮ ਕੰਨਾਂ ਨੂੰ ਪੈਂਦਾ ਰਿਹਾ।

ਜਿਨ੍ਹਾਂ ਨੇ ਪੰਜਾਬੀ ਭਵਨ ਵਿਚਲਾ ਪ੍ਰੋ. ਮੋਹਨ ਸਿੰਘ ਮੇਲਾ ਵੇਖਿਐ, ਉਹ ਜਾਣਦੇ ਨੇ ਕਿ ਸਕੂਟਰ ਕਾਰ ਭਾਵੇਂ ਬੱਸ ਅੱਡੇ ਵੱਲੋਂ ਆਵੇ, ਚਾਹੇ ਘੰਟਾ ਘਰ ਵੱਲੋਂ; ਮੁਲਾਂਪੁਰ ਵੱਲੋਂ ਆਵੇ ਜਾਂ ਸਮਰਾਲੇ ਵੱਲੋਂ; ਜਾਣਾ ਸਾਰਿਆਂ ਨੇ ਇਕ ਥਾਂ ਹੀ ਹੁੰਦਾ ਹੈ...ਇਵੇਂ ਸ਼ਿਕਾਗੋ 'ਚ ਇਕ ਰਾਤ ਪੈਣ ਤੋਂ ਪਹਿਲਾਂ ਇਉਂ ਲੱਗ ਰਿਹਾ ਹੁੰਦਾ ਹੈ ਕਿ ਚੰਗੇ ਲੋਕਾਂ ਦੇ ਸਾਰੇ ਕਾਫ਼ਲੇ 'ਪੰਜਾਬ ਟਾਈਮਜ਼ ਨਾਈਟ' ਦੇ ਜਸ਼ਨਾਂ ਵੱਲ ਹੀ ਭੱਜੇ ਜਾ ਰਹੇ ਹਨ।

'ਪੰਜਾਬ ਟਾਈਮਜ਼' ਦੇ ਸਲਾਹਕਾਰੀ ਬੋਰਡ ਵਿਚ ਹੀ ਨਾਮੀ ਔਰਤਾਂ ਨਹੀਂ ਹਨ, ਸਗੋਂ ਨਾਈਟ ਦੀ ਪੇਸ਼ਕਾਰੀ ਵੇਲੇ ਵੀ ਵੱਡੀ ਗਿਣਤੀ ਵਿਚ ਬੀਬੀਆਂ ਦੀ ਹਾਜ਼ਰੀ ਹੁੰਦੀ ਹੈ। ਹੋਰਨਾਂ 'ਚ ਇਥੇ ਖੇਡ ਕਲੱਬਾਂ ਵਾਲੇ ਵੀ ਪਹੁੰਚਦੇ ਨੇ...ਮੇਲੇ ਲਾਉਣ ਵਾਲੇ ਵੀ...ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਵੀ...ਕਾਂਗਰਸੀ ਵੀ, ਕਾਮਰੇਡ ਵੀ; ਅਕਾਲੀ ਵੀ, ਮਨਪ੍ਰੀਤੀਏ ਵੀ ਤੇ ਕਮਲ ਦੇ ਫੁੱਲ ਵਾਲੇ ਵੀ...ਤੇ ਜਾਣ ਵੇਲੇ ਇਹ ਸਾਰੇ ਬਾਗੋ-ਬਾਗ ਹੁੰਦੇ ਨੇ...ਅਸਲ ਵਿਚ ਇਹ ਇਕ ਦਿਨ ਸਾਰੇ ਸ਼ਿਕਵੇ-ਗਿਲੇ ਘਰੇ ਰੱਖ ਕੇ 'ਪੰਜਾਬ ਟਾਈਮਜ਼' ਦੇ ਹੱਕ ਵਿਚ ਦੋਵੇਂ ਬਾਹਾਂ ਖੜ੍ਹੀਆਂ ਕਰਨ ਆਏ ਹੁੰਦੇ ਨੇ।

ਅਸਲ ਵਿਚ ਰਾਤ ਦੇ ਜਸ਼ਨਾਂ ਦੀਆਂ ਇਹ ਮੋਮਬੱਤੀਆਂ ਜੇ ਲਗਾਤਾਰ ਜਗ ਰਹੀਆਂ ਹਨ, ਇਨ੍ਹਾਂ ਦੀ ਗਿਣਤੀ ਵਧ ਰਹੀ ਹੈ, ਤਾਂ ਇਹ ਅਖ਼ਬਾਰ ਜਾਂ ਜੰਮੂ ਕਰ ਕੇ ਨਹੀਂ, ਸਗੋਂ ਅਦਾਰੇ ਦੀ ਨਿਰਪੱਖ ਨੀਤੀ ਅਤੇ ਪਾਠਕਾਂ ਵੱਲ ਸੁੱਟਿਆ ਗਿਆ ਮੁਹੱਬਤ ਦਾ ਗਾਨਾ ਹੈ। ਜਿਨ੍ਹਾਂ ਨੂੰ ਇਹ ਪਤੈ ਕਿ ਅਖ਼ਬਾਰਾਂ ਸਿਰਫ ਖ਼ਬਰਾਂ ਕਰ ਕੇ ਨਹੀਂ ਹੁੰਦੀਆਂ, ਸਗੋਂ ਜੀਵਨ-ਜਾਚ ਦਾ ਮਾਡਰਨ ਗ੍ਰੰਥ ਵੀ ਹੁੰਦੀਆਂ ਨੇ, ਉਹ ਜਾਣਦੇ ਨੇ ਫਿਰ ਮੂੰਹ 'ਪੰਜਾਬ ਟਾਈਮਜ਼' ਵੱਲ ਹੀ ਕਰਨਾ ਪਵੇਗਾ।

ਕਈ ਜਸਪ੍ਰੀਤ ਦੇ ਸਿਦਕ ਨੂੰ ਵੀ ਦਾਦ ਦੇ ਕੇ ਜਾਂਦੇ ਨੇ...ਕਈ ਮਨਦੀਪ ਤੇ ਕੁਲਜੀਤ ਦੀ ਪਿੱਠ 'ਤੇ ਵੀ ਹੱਥ ਰੱਖਦੇ ਨੇ, ਪਰ ਅਸਲ ਵਿਚ ਇਕ ਰਾਤ ਅਖ਼ਬਾਰ ਦੇ ਨਾਂ ਨਹੀਂ ਹੁੰਦੀ, ਸਗੋਂ ਅਗਲੀ ਸਵੇਰ ਨੂੰ ਪਰਦੇਸਾਂ ਵਿਚ ਬੋਲੀ, ਸਾਹਿਤ ਤੇ ਪੰਜਾਬੀਅਤ ਦਾ ਜਾਗਣ ਵਾਲੇ ਲੋਕਾਂ ਨੇ ਜੈਕਾਰਾ ਵੀ ਛੱਡਣਾ ਹੁੰਦਾ ਹੈ।

ਸਿਆਣੇ ਪੁੱਤ ਦੀ ਪ੍ਰਾਪਤੀ 'ਤੇ ਮਾਂ ਉਹਦੇ ਸਿਰ 'ਤੇ ਹੱਥ ਨਹੀਂ ਫੇਰਦੀ, ਸਗੋਂ ਕੁੱਖ 'ਤੇ ਹੱਥ ਫੇਰਦੀ ਹੈ ਕਿ ਇਹਨੂੰ ਭਾਗ ਲੱਗੇ ਹਨ, ਪਰ ਸਮਾਜ ਦੋਹਾਂ ਨੂੰ ਸਿਜਦਾ ਕਰਦਾ ਹੈ, ਇਸ ਲਈ ਅਮੋਲਕ ਸਿੰਘ ਜੰਮੂ ਤੇ 'ਪੰਜਾਬ ਟਾਈਮਜ਼' ਨੂੰ ਪਰਦੇਸੀ ਪੰਜਾਬੀਆਂ ਦਾ ਸਲਾਮ ਹੈ।

ਪ੍ਰੋ. ਜੋਗਿੰਦਰ ਸਿੰਘ ਰਮਦੇਵ ਅਤੇ ਬਲਵਿੰਦਰ ਸਿੰਘ ਸੰਧੂ ਨੇ ਸਨਮਾਨ ਚਿੰਨ ਦੇ ਕੇ ਕੀਤਾ।

ਸਮਾਗਮ ਦਾ ਪ੍ਰਬੰਧ ਕਰਨ ਵਿਚ ਜੈ ਰਾਮ ਸਿੰਘ ਕਾਹਲੋਂ, ਗੁਰਮੁਖ ਸਿੰਘ ਭੁਲਰ, ਡਾ. ਹਰਜਿੰਦਰ ਸਿੰਘ ਖਹਿਰਾ, ਸੁਰਿੰਦਰ ਸਿੰਘ ਭਾਟੀਆ ਨੇ ਵਿਸ਼ੇਸ਼ ਰੋਲ ਨਿਭਾਇਆ।

ਇਸ ਪ੍ਰੋਗਰਾਮ ਵਿਚ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ-ਸਵਰਨਜੀਤ ਸਿੰਘ ਢਿੱਲੋਂ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਡਾ. ਨਵਦੀਪ ਕੌਰ ਸੰਧੂ, ਬਲਵਿੰਦਰ ਕੌਰ ਸੇਖੋਂ, ਡਾ. ਗੁਰਦਿਆਲ ਸਿੰਘ ਬਸਰਾਨ, ਡਾ. ਹਰਗੁਰਮੁਖਪਾਲ ਸਿੰਘ, ਹਰਦਿਆਲ ਸਿੰਘ ਦਿਉਲ, ਜੈਦੇਵ ਸਿੰਘ ਭੱਠਲ, ਹਰਜੀਤ ਸਿੰਘ ਸ਼ਾਹੀ, ਅਯੁਧਿਆ ਸਲਵਾਨ, ਦਰਸ਼ਨ ਦਰੜ, ਬਲਵਿੰਦਰ ਸਿੰਘ ਸੰਧੂ, ਜਗਦੀਸ਼ ਸਿੰਘ ਕਲੇਰ, ਹੈਪੀ ਹੀਰ ਅਤੇ ਡਾ. ਤੇਜਿੰਦਰ ਸਿੰਘ ਮੰਡੇਰ ਪਰਿਵਾਰਾਂ ਸਮੇਤ ਪਹੁੰਚੇ ਹੋਏ ਸਨ। ਅਮੋਲਕ ਸਿੰਘ ਗਾਖਲ, ਦਰਸ਼ਨ ਸਿੰਘ ਗਰੇਵਾਲ, ਜਸਵਿੰਦਰ ਸਿੰਘ (ਜੱਸੀ) ਗਿੱਲ, ਸਰਬਜੀਤ ਸਿੰਘ ਥਿਆੜਾ, ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ ਭੂਰਾ, ਗੁਰਿੰਦਰ ਸਿੰਘ ਗਿੱਲ ਅਤੇ ਯਾਦਵਿੰਦਰ ਸਿੰਘ ਰਿੰਪੀ ਜ਼ਰੂਰੀ ਰੁਝੇਵਿਆਂ ਕਾਰਨ ਨਹੀਂ ਪਹੁੰਚ ਸਕੇ।

ਮਿਡਵੈਸਟ ਤੋਂ ਇਲਾਵਾ ਅਮਰੀਕਾ ਦੀਆਂ ਹੋਰ ਸਟੇਟਾਂ ਤੋਂ ਵੱਖ ਵੱਖ ਸਮਾਜਕ ਤੇ ਸਭਿਆਚਾਰਕ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਇਨ੍ਹਾਂ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਨਸਿਨੈਟੀ ਤੋਂ ਸੁਰਜੀਤ ਸਿੰਘ ਮਾਵੀ, ਹਰਵਿੰਦਰ ਸਿੰਘ ਵਾਲੀਆ ਅਤੇ ਸਾਥੀ, ਮੀਰੀ ਪੀਰੀ ਸਪੋਰਟਸ ਕਲੱਬ ਇੰਡੀਅਨਐਪਲਸ ਤੋਂ ਸਤਵੰਤ ਸਿੰਘ ਨਿੱਜਰ ਤੇ ਸਾਥੀ, ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ-ਸਾਊਥਬੈਂਡ ਦੇ ਪ੍ਰਧਾਨ ਪਾਲ ਸਿੰਘ ਖਲੀਲ, ਬਾਬੀ ਸਲੇਮਪੁਰ ਤੇ ਸਾਥੀ, ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ ਤੋਂ...ਪੰਜਾਬੀ ਸਭਿਆਚਾਰਕ ਸੰਸਥਾ-ਬੈਟਲਕਰੀਕ, ਮਿਸ਼ੀਗਨ ਤੋਂ ਦਲਬਾਰਾ ਸਿੰਘ ਮਾਂਗਟ ਤੇ ਸਾਥੀ, ਗਰੈਂਡ ਰੈਪਿਡਜ਼, ਮਿਸ਼ੀਗਨ ਤੋਂ ਅਕਾਲੀ ਆਗੂ ਇੰਦਰਜੀਤ ਸਿੰਘ, ਸੁਰਿੰਦਰ ਸਿੰਘ ਕੰਗ, ਮੁਖਤਿਆਰ ਸਿੰਘ ਖਹਿਰਾ ਅਤੇ ਡਿਟਰਾਇਟ ਤੋਂ ਬਲਬੀਰ ਸਿੰਘ ਗਰੇਵਾਲ ਪਹੁੰਚੇ।



*ਜੱਸੀ ਪਰਮਾਰ ਅਤੇ ਗੁਰਮੁਖ ਸਿੰਘ ਭੁੱਲਰ*

ਸ਼ਿਕਾਗੋ ਦੀਆਂ ਸੰਸਥਾਵਾਂ ਵਿਚੋਂ ਸਿੱਖ ਰਿਲੀਜੀਅਸ ਸੁਸਾਇਟੀ-ਸ਼ਿਕਾਗੋ ਦੇ ਪ੍ਰਧਾਨ ਸੋਖੀ ਸਿੰਘ, ਬੋਰਡ ਮੈਂਬਰ ਹਰਵਿੰਦਰ ਸਿੰਘ ਬਿੱਲਾ, ਹੈੱਡ ਗ੍ਰੰਥੀ ਭਾਈ ਗੁਰਜੰਟ ਸਿੰਘ, ਸਾਬਕਾ ਪ੍ਰਧਾਨ ਇਕਬਾਲ ਸਿੰਘ ਚੋਪੜਾ ਅਤੇ ਸਤਵੰਤ ਸਿੰਘ ਅਟੱਲ, ਸਾਬਕਾ ਬੋਰਡ ਮੈਂਬਰ ਜਸਵੀਰ ਕੌਰ ਮਾਨ, ਅੰਮ੍ਰਿਤਪਾਲ ਸਿੰਘ ਸੰਘਾ ਤੇ ਜਸਦੇਵ ਸਿੰਘ, ਸਾਬਕਾ ਸੀ.ਆਈ.ਸੀ. ਮੈਂਬਰ ਹਰਜਿੰਦਰ ਸਿੰਘ ਸੰਧੂ ਤੇ ਮੱਤ ਸਿੰਘ ਢਿੱਲੋਂ, ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਦੇ ਨਵੇਂ ਪ੍ਰਧਾਨ ਸਵਿੰਦਰ ਸਿੰਘ ਸਵੀ, ਡਾਇਰੈਕਟਰ ਗੁਲਜ਼ਾਰ ਸਿੰਘ ਮੁਲਤਾਨੀ; ਜਗਮੀਤ ਸਿੰਘ, ਜਸਵੀਰ ਸਿੰਘ ਸੂਗਾ ਅਤੇ ਸਾਥੀ, ਪੰਜਾਬੀ ਹੈਰੀਟੇਜ਼ ਆਰਗੇਨਾਈਜੇਸ਼ਨ-ਸ਼ਿਕਾਗੋ ਦੇ ਬੋਰਡ ਮੈਂਬਰ ਮਹਿੰਦਰ ਸਿੰਘ ਰਕਾਲਾ, ਸਾਬਕਾ ਪ੍ਰਧਾਨ ਪਰਸ਼ਨ ਸਿੰਘ ਮਾਨ ਤੇ ਕਿਰਪਾਲ ਸਿੰਘ ਰੰਧਾਵਾ, ਪਰਮਿੰਦਰ ਵਾਲੀਆ ਅਤੇ ਜਸਵਿੰਦਰ ਸਿੰਘ ਸੰਧੂ; ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਤੋਂ ਬਲਜੀਤ ਸਿੰਘ ਸਿੱਧੂ, ਬਲਵਿੰਦਰ ਸਿੰਘ ਗਿਰਨ; ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਪ੍ਰਧਾਨ ਅਜਮੇਰ ਪੰਨੂ ਆਪਣੇ ਸਾਥੀਆਂ ਅਜੈਬ ਸਿੰਘ ਲੱਖਣ, ਜਸਕਰਨ ਸਿੰਘ ਧਾਲੀਵਾਲ, ਸੰਤੋਖ ਸਿੰਘ ਡੀ ਸੀ, ਲੱਕੀ ਸਹੋਤਾ, ਗਿਆਨ ਸਿੰਘ ਸੀਹਰਾ, ਗੁਰਪ੍ਰੀਤ ਸਿੰਘ ਗਿੱਲ, ਨਰਿੰਦਰ ਸਰਾਂ ਸਮੇਤ ਹਾਜ਼ਰ ਸਨ।

ਹੋਰ ਮੁਅਜ਼ਿਜ ਮਹਿਮਾਨਾਂ ਵਿਚ ਹਿਊਸਟਨ ਤੋਂ ਬਿਜਨਸਮੈਨ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਆਗੂ ਰਹੇ ਰਘਬੀਰ ਸਿੰਘ ਘੁੰਨ; ਸ਼ਿਕਾਗੋ ਤੋਂ ਮੇਜਰ ਗੁਰਚਰਨ ਸਿੰਘ ਝੱਜ, ਬਾਬ ਹੁੰਦਲ, ਨਿੱਕ ਗਾਖਲ, ਸਤਨਾਮ ਸਿੰਘ ਔਲਖ, ਮਿੱਕੀ ਕਾਹਲੋਂ, ਡਾ. ਜਸਵਿੰਦਰ ਸਿੰਘ ਚਾਵਲਾ, ਮਨਜਿੰਦਰ ਸਿੰਘ ਭੰਮਰਾ, ਰਵਿੰਦਰ ਰਵੀ, ਗੁਰਦੇਵ ਸਿੰਘ, ਹਰਪਾਲ ਹੰਝਰਾ, ਨਾਜਰ ਸਿੰਘ ਗਿੱਲ, ਜਸਵਿੰਦਰ ਸਿੰਘ ਗਿੱਲ, ਕਮਲਜੀਤ ਸਿੰਘ ਮਾਹਲ, ਡਾ. ਸਰਬਜੀਤ ਸਿੰਘ ਭੰਡਾਲ, ਭੁਪਿੰਦਰ ਢਿੱਲੋਂ, ਇੰਦਰਜੀਤ ਸਿੰਘ, ਇਕਬਾਲ ਸਿੰਘ ਰੰਧਾਵਾ, ਰੇਡੀਓ ਹੋਸਟ ਜਨਮਪ੍ਰੀਤ ਕੌਰ, ਗੁਰਮੀਤ ਸਿੰਘ, ਕਮਲਜੀਤ ਸਿੰਘ ਵਿਰਦੀ, ਅਮਰਦੀਪ ਸਿੰਘ ਸੰਘਾ, ਕਮਲਦੀਪ ਸਿੰਘ ਸੰਘਾ, ਮਿਡਵੈਸਟ ਅਕਾਲੀ ਦਲ ਦੇ ਆਗੂ ਅਮਰੀਕ ਸਿੰਘ (ਅਮਰ ਕਾਰਪੈਟ), ਅਮਲੋਕ ਸਿੰਘ ਗਿੱਧਾ, ਠਾਕੁਰ ਸਿੰਘ ਬਸਾਤੀ, ਬਾਬ ਵੂਲਫ, ਕ੍ਰਿਸ, ਡਾ. ਰਿੱਕ ਰਮਦੇਵ, ਸੀਮਾ ਤੇ ਰਾਜੂ ਰਮਦੇਵ, ਕੁਲਵਿੰਦਰ ਕੌਰ, ਰਾਜਪ੍ਰੀਤ ਕੌਰ, ਗੁਰਬਚਨ ਸਿੰਘ ਪੈਲਾਟਾਈਨ, ਦਰਸ਼ਨ ਬਸਰਾਓਂ (ਰੇਡੀਓ ਚੰਨ ਪਰਦੇਸੀ), ਤੇਜਿੰਦਰ ਸਿੰਘ, ਗੁਰਨਾਮ ਸਿੰਘ, ਦਰਸ਼ਨ ਸਿੰਘ ਪੰਮਾ, ਮਿਲਵਾਕੀ ਤੋਂ ਬੇਅੰਤ ਸਿੰਘ ਬੋਪਾਰਾਏ, ਲਾਲੀ ਸਿੱਧੂ, ਗੁਰਦੇਵ ਸਿੰਘ, ਕੁਲਵਿੰਦਰ ਸਿੰਘ ਧਾਲੀਵਾਲ ਅਤੇ ਪੂਜਾ ਧਾਲੀਵਾਲ ਪਹੁੰਚੇ ਹੋਏ ਸਨ। ਰਿਚਮੰਡ ਵਰਜੀਨੀਆ ਤੋਂ ਗੁਰਮੇਲ ਸਿੰਘ ਕੰਗ ਤੇ ਬਲਵਿੰਦਰ ਕੰਗ ਉਚੇਚੇ ਤੌਰ 'ਤੇ ਤਸ਼ਰੀਫ ਫਰਮਾ ਸਨ।

ਯੂਬਾ ਸਿਟੀ ਕੈਲੀਫੋਰਨੀਆ ਤੋਂ ਦਲਬੀਰ ਗਿੱਲ, ਪਰਮਿੰਦਰ ਗਰੇਵਾਲ, ਹਰਵਿੰਦਰ ਸਿੰਘ ਬਿੱਲਾ, ਨਾਹਰ ਸਿੰਘ ਹੀਰ, ਪਿਆਰਾ ਸਿੰਘ ਗੋਸਲ, ਸੈਕਰਾਮੈਂਟੋ ਤੋਂ ਚਰਨ ਸਿੰਘ ਜੱਜ, ਰਛਪਾਲ ਸਿੰਘ ਫਰਵਾਲਾ, ਬੇਕਰਜ਼ਫੀਲਡ ਤੋਂ ਕਸ਼ਮੀਰ ਸਿੰਘ ਕਾਂਗਣਾ ਤੇ ਗਿਆਨ ਸਿੰਘ ਬਿਲਗਾ; ਹਿਊਸਟਨ ਟੈਕਸਸ ਤੋਂ ਹੀਰਾ ਸਿੰਘ ਚਮਦਲ, ਨਿਊ ਯਾਰਕ ਤੋਂ ਸੁਰਿੰਦਰ ਸਿੰਘ ਸੋਹਲ, ਇਕਬਾਲ ਸਿੰਘ ਜੱਬੋਵਾਲ, ਰਿਚਮੰਡ ਵਰਜੀਨੀਆ ਤੋਂ ਡਾ. ਬਲਜੀਤ ਸਿੰਘ ਸਿੱਧੂ, ਡਾ. ਰਵਿੰਦਰ ਸਿੰਘ ਕੋਹਲੀ, ਡਾ. ਮਨਮੋਹਨ ਸਿੰਘ ਖੋਖਰ, ਡਾ. ਕੰਵਲਚਰਨ ਸਿੰਘ ਸਾਹਨੀ, ਡਾ. ਗੁਰਪ੍ਰੀਤ ਸਿੰਘ ਢਿੱਲੋਂ, ਡਾ. ਜਸਵਿੰਦਰ ਸਿੰਘ ਢਿੱਲੋਂ, ਡਾ. ਮਨਜੀਤ ਸਿੰਘ ਢਿੱਲੋਂ, ਡਾ. ਬਿਮਲਜੀਤ ਸਿੰਘ ਸੰਧੂ, ਮਨਮੋਹਨ ਸਿੰਘ ਗਰੇਵਾਲ, ਮਨਭੁਪਿੰਦਰ ਸਿੰਘ ਖਾਰਾ, ਭੁਪਿੰਦਰ ਸਿੰਘ ਸੋਢੀ, ਰਾਜਵਿੰਦਰ ਸਿੰਘ ਗਿੱਲ, ਪ੍ਰੀਤਪਾਲ ਸਿੰਘ ਝੱਜ ਨੇ ਪੰਜਾਬ ਟਾਈਮਜ਼ ਦੀ 13ਵੀਂ ਵਰ੍ਹੇਗੰਢ 'ਤੇ ਸ਼ੁਭ ਕਾਮਨਾਵਾਂ ਭੇਜੀਆਂ।



*ਐਸ ਅਸ਼ੋਕ ਭੌਰਾ*

**ਤਸਵੀਰਾਂ: ਸਿਆਨ ਵੀਡੀਓ ਕਮਲਜੀਤ ਸਿੰਘ ਵਿਰਦੀ**



























# ਸੈਲਮਾ ਨਗਰ ਕੀਰਤਨ ਵਿਚ ਆਇਆ ਸੰਗਤਾਂ ਦਾ ਹੜ੍ਹ

**ਸੈਲਮਾ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਸੈਂਟਰ ਆਫ ਪੈਸੇਫਿਕ ਕੋਸਟ ਦੀਆਂ ਸੰਗਤਾਂ ਵਲੋਂ ਇਥੇ ਖਾਲਸਾ ਸਿਰਜਣਾ



ਦਿਵਸ ਵਿਸਾਖੀ ਮੌਕੇ ਐਤਵਾਰ ਨੂੰ ਸਜਾਏ ਗਏ ਨਗਰ ਕੀਰਤਨ ਵਿਚ ਦੂਰ ਦੂਰ ਤੱਕ ਸੰਗਤਾਂ ਦਾ ਹੜ੍ਹ ਆਇਆ ਹੋਇਆ ਸੀ। ਜਿੱਥੋਂ ਤੱਕ ਨਿਗ੍ਹਾ ਜਾਂਦੀ ਸੀ, ਰੰਗ ਬਰੰਗੀਆਂ ਦਸਤਾਰਾਂ ਅਤੇ ਦੁਪੱਟੇ ਹੀ ਨਜ਼ਰ ਆਉਂਦੇ ਸਨ।

ਨਗਰ ਕੀਰਤਨ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਦੀਵਾਨ ਸਜਿਆ ਜਿਸ ਵਿਚ ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ ਦੇ ਜਥੇ ਤੋਂ ਇਲਾਵਾ ਭਾਈ ਚੰਦਨ ਸਿੰਘ ਦੇ ਜਥੇ ਨੇ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ। ਇਸ ਸਾਲ ਹੋਏ ਅੰਮ੍ਰਿਤ ਸੰਚਾਰ ਦੌਰਾਨ 28 ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲੱਗੇ। ਪ੍ਰਬੰਧਕ ਕਮੇਟੀ ਵਲੋਂ ਇਸ ਮੌਕੇ ਉਘੀਆਂ ਸ਼ਖਸੀਅਤਾਂ ਦਾ ਮਾਣ-ਸਨਮਾਨ ਕੀਤਾ ਗਿਆ। ਇਨ੍ਹਾਂ ਸ਼ਖਸੀਅਤਾਂ ਵਿਚ ਸੈਲਮਾ ਸਿਟੀ ਦੇ ਮੇਅਰ ਕਿਨ ਗਰੇਅ, ਸਿਟੀ ਕੌਂਸਲ ਮੈਂਬਰ ਸਕਾਟ ਰੋਬਰਸਨ, ਜਿਮ ਐਬਲਾਸ ਆਦਿ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਵਿਸਾਖੀ ਦੀ ਵਧਾਈ ਦਿੱਤੀ। ਮੰਚ ਸੰਚਾਲਨ ਦੀ ਸੇਵਾ ਸ. ਮਹਿੰਦਰ ਸਿੰਘ ਸੰਧਾਵਾਲੀਆ ਅਤੇ ਸ. ਹਰਨਿੰਦਰ ਸਿੰਘ ਗਿੱਲ ਨੇ ਨਿਭਾਈ।

ਦੀਵਾਨ ਦੀ ਸਮਾਪਤੀ ਉਪਰੰਤ ਅਰਦਾਸ ਪਿਛੋਂ ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਇਆ। ਝਾੜੂਬਰਦਾਰ ਸੰਗਤਾਂ ਅੱਗੇ ਅੱਗੇ ਸੜਕ ਸਾਫ ਕਰ ਰਹੀਆਂ ਸਨ। ਗੁਰੂ ਗ੍ਰੰਥ ਸਾਹਿਬ ਦੇ ਫਲੋਟ ਤੋਂ ਇਲਾਹੀ ਬਾਣੀ ਦਾ ਕੀਰਤਨ ਫਿਜ਼ਾ ਵਿਚ ਇਲਾਹੀ ਰੰਗ ਘੋਲ ਰਿਹਾ ਸੀ। ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਨਗਰ ਕੀਰਤਨ ਵਿਚ ਚੱਲ ਰਹੀਆਂ ਸਨ। ਅਸਮਾਨ ਤੋਂ ਇਕ ਹੈਲੀਕਾਪਟਰ ਫੁੱਲਾਂ ਦੀ ਵਰਖਾ ਕਰ ਰਿਹਾ ਸੀ। ਫਰਿਜ਼ਨੋ ਅਤੇ ਆਸ ਪਾਸ ਦੇ ਗੁਰੂ ਘਰਾਂ ਦੇ ਸਜਾਏ ਹੋਏ ਫਲੋਟ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੇ ਪਿਛੇ ਪਿਛੇ ਚੱਲ ਰਹੇ ਸਨ। ਨਗਰ ਕੀਰਤਨ ਤਕਰੀਬਨ ਇਕ ਮੀਲ ਲੰਬਾ ਸੀ।


ਨਗਰ ਕੀਰਤਨ ਦੇ ਲਗਭਗ ਚਾਰ ਮੀਲ ਦੇ ਰਸਤੇ ਵਿਚ ਥਾਂ ਥਾਂ 'ਤੇ ਸੰਗਤਾਂ ਵਲੋਂ ਚਾਹ, ਪਕੌੜਿਆਂ, ਪੀਜੇ, ਗਰਮਾ ਗਰਮ ਜਲੇਬੀਆਂ, ਜੂਸ, ਸੋਢੇ, ਠੰਡੀ ਲੱਸੀ ਅਤੇ ਭਾਂਤ ਸੁਭਾਂਤੇ ਭੋਜਨ ਪਦਾਰਥਾਂ ਦੇ ਸਟਾਲ ਲਾਏ ਗਏ ਸਨ ਜਿਨ੍ਹਾਂ ਦਾ ਸਿੱਖਾਂ ਤੋਂ ਇਲਾਵਾ ਦੂਸਰੇ ਭਾਈਚਾਰਿਆਂ ਦੇ ਲੋਕਾਂ

**ਤਸਵੀਰਾਂ: ਕੁਲਵੀਰ ਹੇਅਰ ਮੋਗਾ ਵੀਡੀਓ**









ਨੇ ਵੀ ਅਨੰਦ ਮਾਣਿਆ। ਅਸ਼ੋਕਾ ਰੈਸਟੋਰੈਂਟ ਸੈਲਮਾ, ਯੂਥ ਅਕਾਲੀ ਦਲ ਅਮੈਰਿਕਾ ਅਤੇ ਹੋਰਨਾਂ ਸ਼ਰਧਾਲੂਆਂ ਵਲੋਂ ਲੰਗਰਾਂ ਦੀ ਸੇਵਾ ਕੀਤੀ ਗਈ। ਇਸ ਮੌਕੇ ਸਿੰਘ ਸਭਾ ਕੈਲੀਫੋਰਨੀਆ ਵਲੋਂ ਗੁਰਬਾਣੀ ਦੀਆਂ ਮੁਫਤ ਸੀਡੀਆਂ ਅਤੇ ਡੀ ਵੀ ਡੀ ਕੈਸਿਟਾਂ ਵੰਡੀਆਂ ਗਈਆਂ।

ਨਗਰ ਕੀਰਤਨ ਦੀ ਵਾਪਸੀ ਉਪਰੰਤ ਦੀਵਾਨ ਸਜਿਆ ਜਿਸ ਵਿਚ ਪੰਥ ਪ੍ਰਸਿਧ ਰਾਗੀ ਤੇ ਢਾਡੀ ਜਥਿਆਂ ਨੇ ਸ਼ਬਦ ਕੀਰਤਨ ਅਤੇ ਬੀਰ ਰਸੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।




# ਗੁਰਦੁਆਰਾ ਸੈਨ ਹੋਜ਼ੇ ਵਿਚ ਸ੍ਰੀ ਗੁਰੂ ਹਰਕ੍ਰਿਸ਼ਨ ਮੈਡੀਕਲ ਕਲੀਨਿਕ ਸ਼ੁਰੂ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਵਿਚ ਖਾਲਸਾ ਸਾਜਨਾ ਦਿਵਸ ਖਾਲਸਾਈ ਰਵਾਇਤਾਂ ਅਨੁਸਾਰ ਮਨਾਇਆ ਗਿਆ। ਅੰਮ੍ਰਿਤ ਵੇਲੇ ਤੋਂ ਕੀਰਤਨੀ ਜਥਿਆਂ, ਕਥਾਵਾਚਕਾਂ ਅਤੇ ਢਾਡੀ ਜਥੇ ਨੇ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਬੀਰ ਰਸੀ ਵਾਰਾਂ ਗਾ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਗੁਰੂ ਘਰ ਦੀ ਪਰਿਕਰਮਾ ਵਿਚ ਨਗਰ ਕੀਰਤਨ ਸਜਾਇਆ ਗਿਆ।

ਗੁਰਦੁਆਰਾ ਸੈਨ ਹੋਜ਼ੇ ਦੇ ਗੁਰੂ ਨਾਨਕ ਖਾਲਸਾ ਸਕੂਲ ਦੇ ਸੇਵਾਦਾਰਾ ਵਲੋਂ ਦਸਤਾਰਾਂ ਸਜਾਉਣ ਦਾ ਕੈਂਪ ਲਾਇਆ ਗਿਆ। ਗੁਰਦੁਆਰਾ ਸੈਨ ਹੋਜ਼ੇ ਉਤਰੀ-ਅਮਰੀਕਾ ਵਿਚ ਸੱਭ ਤੋਂ ਵੱਡਾ ਅਤੇ ਪਹਾੜੀਆਂ ਉਪਰ ਖੂਬਸੂਰਤ ਬਿਲਡਿੰਗ ਵਿਚ ਸੁਸ਼ੋਭਿਤ ਹੋਣ ਕਰਕੇ ਸਿੱਖੀ ਪ੍ਰਚਾਰ ਦਾ ਵੱਡਾ ਕੇਂਦਰ ਅਤੇ ਦੂਰ-ਨੇੜੇ ਦੀਆਂ ਸੰਗਤਾਂ ਲਈ ਖਿੱਚ ਦਾ ਕੇਂਦਰ ਬਣਦਾ ਜਾ ਰਿਹਾ ਹੈ।

ਖਾਲਸਾ ਸਾਜਨਾ ਦਿਹਾੜੇ ਦੇ ਸਮਾਗਮਾਂ ਦੌਰਾਨ ਪ੍ਰਬੰਧਕ ਕਮੇਟੀ ਵਲੋਂ ਸਿੱਖ ਸੰਗਤ ਦੀ ਸਹੂਲਤ ਲਈ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਮੁਫਤ ਮੈਡੀਕਲ ਕਲੀਨਿਕ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਸਮੇਂ ਸੰਗਤ ਨੂੰ ਸੰਬੋਧਨ ਕਰਦਿਆਂ ਜਨਰਲ ਸਕੱਤਰ ਭੁਪਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਇਸ ਕਲੀਨਿਕ ਦਾ ਲਾਭ ਉਹ ਸੰਗਤਾਂ ਉਠਾ ਸਕਣਗੀਆਂ ਜਿਨ੍ਹਾਂ ਕੋਲ ਇੰਸ਼ੋਰੈਂਸ ਨਹੀਂ ਹੈ। ਕਲੀਨਿਕ ਵਿਚ ਹਰ ਬੀਮਾਰੀ ਦੇ ਮਾਹਰ ਡਾਕਟਰ ਸੇਵਾ ਨਿਭਾਉਣਗੇ। ਭਾਈ ਢਿੱਲੋਂ ਨੇ ਗੁਰੂ ਘਰ ਦੇ ਨਵੇਂ ਪ੍ਰਾਜੈਕਟਾਂ ਅਤੇ ਹਿਸਾਬ-ਕਿਤਾਬ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸਹਿਯੋਗ ਲਈ ਸੰਗਤਾਂ ਦਾ ਧੰਨਵਾਦ ਕੀਤਾ।

ਇਸ ਸਮੇਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਜਥੇਬੰਦੀ ਜੈਨਕੋ ਦੇ ਸੀਨੀਅਰ ਆਗੂ ਗਰਜੰਟ ਸਿੰਘ ਸੰਘਾ ਨੇ ਬੋਲਦਿਆਂ ਕਿਹਾ ਕਿ ਜੈਨਕੋ ਨੇ ਗੁਰਦੁਆਰਾ ਸਾਹਿਬ ਦੀ ਖੂਬਸੂਰਤ ਇਮਾਰਤ ਬਣਾਉਣ ਵਿਚ ਪੂਰਾ ਯੋਗਦਾਨ ਪਾਇਆ ਹੈ ਅਤੇ ਅੱਗੇ ਤੋਂ ਉਹ ਇਸੇ ਤਰ੍ਹਾਂ ਕਮੇਟੀ ਨੂੰ ਸਹਿਯੋਗ ਦਿੰਦੀ ਰਹੇਗੀ। ਉਨ੍ਹਾਂ ਜੈਨਕੋ ਦੇ ਸੀਨੀਅਰ ਆਗੂ ਮਨਰਾਜ ਸਿੰਘ ਨੱਤ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਵਿਚ ਲਾਏ ਗਏ ਆਲੀਸ਼ਾਨ ਗੁਰਬਾਣੀ ਪੈਨਲ ਲਾਉਣ ਬਾਰੇ ਨਿਭਾਈ ਸੇਵਾ ਬਾਰੇ ਜਾਣਕਾਰੀ ਦਿੱਤੀ। ਮਨਰਾਜ ਸਿੰਘ ਨੱਤ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ। ਬੇ-ਏਰੀਆ ਦੇ ਦੰਦਾਂ ਦੇ ਉਘੇ ਡਾਕਟਰ ਹਰਦੇਵ ਸਿੰਘ ਮਾਂਗਟ ਨੇ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਮੁਫਤ ਮੈਡੀਕਲ ਕਲੀਨਿਕ ਵਿਚ ਜਿਨ੍ਹਾਂ ਬੀਮਾਰੀਆਂ ਲਈ ਚੈਕਅੱਪ ਕੀਤਾ ਜਾਵੇਗੀ, ਉਸ ਬਾਰੇ ਜਾਣਕਰੀ ਦਿੱਤੀ।




ਇਸ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੈਨਕੋ ਦੇ ਸੀਨੀਅਰ ਆਗੂਆਂ-ਮਨਰਾਜ ਸਿੰਘ ਨੱਤ, ਗੁਰਜੰਟ ਸਿੰਘ ਸੰਘਾ, ਕ੍ਰਿਪਾਲ ਸਿੰਘ ਅਟਵਾਲ, ਹਰਪ੍ਰਕਾਸ਼ ਸਿੰਘ ਢਿੱਲੋਂ, ਸਵਿੰਦਰ ਸਿੰਘ ਛੀਨਾ, ਅਰਵਿੰਦਰ ਸਿੰਘ ਝੱਜ ਅਤੇ ਇਕਬਾਲ ਸਿੰਘ ਮੰਝਪੁਰ ਦਾ ਸਨਮਾਨ ਕੀਤਾ। ਇਸ ਤੋਂ ਇਲਾਵਾ ਡਾ. ਹਰਦੇਵ ਸਿੰਘ ਮਾਂਗਟ, ਡਾ. ਗੁਰਪ੍ਰੀਤ ਕੌਰ, ਡਾ. ਸੀਮਾ ਕੌਰ ਸਿੱਧੂ, ਡਾ. ਹਰਪ੍ਰੀਤ ਸਿੰਘ ਪੰਨੂ ਅਤੇ ਡਾ. ਅਨਮੋਲ ਸਿੰਘ ਮਾਹਲ, ਗੁਰਦੁਆਰਾ ਐਲ ਸਬਰਾਂਟੇ ਦੇ ਕਮੇਟੀ ਮੈਂਬਰ ਹਰਜਾਪ ਸਿੰਘ, ਕੁਲਵਿੰਦਰ ਸਿੰਘ ਪੰਨੂ, ਰਵਿੰਦਰ ਸਿੰਘ ਰੰਧਾਵਾ ਅਤੇ ਸੁਰਿੰਦਰਜੀਤ ਸਿੰਘ ਬਾਜਵਾ ਦਾ ਵੀ ਸਨਮਾਨ ਕੀਤਾ ਗਿਆ। ਗੁਰੂ ਕੇ ਲੰਗਰ ਦੀ ਸੇਵਾ ਕਰ ਰਹੇ ਸੀਨੀਅਰ ਮੀਤ ਪ੍ਰਧਾਨ ਮਹਿੰਦਰ ਸਿੰਘ ਤੱਖਰ, ਗਿਆਨੀ ਮੋਹਨ ਸਿੰਘ ਮੰਘਰ, ਅਰੁਣ ਸਿੰਘ, ਬਹਾਦਰ ਸਿੰਘ ਅਤੇ ਬਟਾਲਾ ਤੇ ਸਿਲੀਨਸ ਦੀ ਸੰਗਤ ਦਾ ਵੀ ਸਨਮਾਨ ਕੀਤਾ ਗਿਆ।



# ਗੁਰਦੁਆਰਾ ਸਿਲੀਕਾਨ ਵੈਲੀ ਦੀ ਨਵੀਂ ਇਮਾਰਤ ਦਾ ਉਦਘਾਟਨ




**ਸੈਂਟਾ ਕਲਾਰਾ (ਬਿਊਰੋ):** ਇਥੇ ਵਾਲਸ਼ ਐਵੀਨਿਊ ਵਿਖੇ ਐਤਵਾਰ ਨੂੰ ਗੁਰਦੁਆਰਾ ਸਿਲੀਕਾਨ ਵੈਲੀ ਦੀ ਨਵੀਂ ਬਿਲਡਿੰਗ ਦਾ ਉਦਘਾਟਨ ਹੋਇਆ ਜਿੱਥੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਪਹੁੰਚ ਕੇ ਨਵਾਂ ਗੁਰੂ ਘਰ ਖੁੱਲ੍ਹਣ ਲਈ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।

ਗੁਰੂ ਘਰ ਦੀ ਨਵੀਂ ਇਮਾਰਤ ਦੇ ਉਦਘਾਟਨ ਮੌਕੇ ਮੁੱਖ ਬੁਲਾਰੇ ਡਾ. ਤਰਲੋਚਨ ਸਿੰਘ ਨਾਹਲ, ਡਾ. ਹਰਬੰਸ ਸਿੰਘ ਸਰਾਂ, ਸੁਰਜੀਤ ਸਿੰਘ ਕਾਲਾ ਅਫਗਾਨਾ, ਜਸਪਾਲ ਸਿੰਘ, ਚਰਨਜੀਤ ਸਿੰਘ ਪੰਨੂ ਅਤੇ ਹੋਰ ਪਤਵੰਤੇ ਸੱਜਣਾਂ ਨੇ ਸੰਗਤਾਂ ਨੂੰ ਖਾਲਸੇ ਦੇ ਸਿਰਜਣਾ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਹੁਣ ਸੰਗਤਾਂ ਆਪਣੇ ਬਹੁਤ ਨੇੜੇ ਗੁਰੂ ਘਰ ਗੁਰੂ ਪ੍ਰਤੀ ਆਪਣੀ ਸ਼ਰਧਾ ਪ੍ਰਗਟਾ ਸਕਣਗੇ। ਉਨ੍ਹਾਂ ਇਸ ਗੁਰੂ ਘਰ ਦੀ ਸਥਾਪਨਾ ਲਈ ਭਰਪੂਰ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਸ਼ਬਦ ਕੀਰਤਨ ਦਾ ਪ੍ਰਵਾਹ ਚੱਲਿਆ। ਪੰਥ ਪ੍ਰਸਿਧ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ।



# ਕਵਿੱਤਰੀ ਅਰਤਿੰਦਰ ਸੰਧੂ ਨਾਲ ਸਾਹਿਤਕ ਮਿਲਣੀ

**ਕਲੋਵਿਸ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਦੇ ਉਦਮ ਨਾਲ ਪੰਜਾਬੀ ਤ੍ਰੈਮਾਸਿਕ ਪਰਚੇ 'ਏਕਮ' ਦੀ ਸੰਪਾਦਕਾ ਅਤੇ ਉਘੀ ਕਵਿੱਤਰੀ ਅਰਤਿੰਦਰ ਸੰਧੂ ਨਾਲ ਇਥੇ ਡਾ. ਗੁਰੂਮੇਲ ਸਿੱਧੂ ਦੇ ਘਰ ਵਿਸ਼ੇਸ਼ ਸਹਿਤਕ ਬੈਠਕ ਕੀਤੀ ਗਈ। ਇਸ ਮੌਕੇ ਅਰਤਿੰਦਰ ਸੰਧੂ ਦੀ ਪੁਸਤਕ 'ਕਦੇ ਕਦਾਈਂ' ਰਿਲੀਜ਼ ਵੀ ਕੀਤੀ ਗਈ।

ਕਵੀ ਹਰਜਿੰਦਰ ਕੰਗ ਨੇ ਆਏ ਮਹਿਮਾਨਾਂ ਨੂੰ 'ਜੀ ਆਇਆਂ' ਆਖਿਆ। ਸੰਤੋਖ ਸਿੰਘ ਮਿਨਹਾਸ, ਅਵਤਾਰ ਗੋਂਦਾਰਾ ਤੇ ਅਰਤਿੰਦਰ ਸੰਧੂ ਨੇ ਆਪਣੇ ਸਾਹਿਤਕ ਸਫ਼ਰ ਦੇ ਨਾਲ-ਨਾਲ ਸਾਹਿਤਕਾਰਾਂ ਨਾਲ ਬਿਤਾਏ ਪਲਾਂ ਦਾ ਜ਼ਿਕਰ ਕੀਤਾ। ਅਰਤਿੰਦਰ ਸੰਧੂ ਨੇ ਪੰਜਾਬ ਵਿਚ ਬੱਚਿਆਂ ਦੇ ਪੰਜਾਬੀ ਵੱਲ ਘਟਦੇ ਰੁਝਾਨ ਦੀਆਂ ਕਈ ਉਦਾਹਰਨਾਂ ਦਿੱਤੀਆਂ ਅਤੇ ਚਿੰਤਾ ਪ੍ਰਗਟਾਈ। ਰਾਜਖੁਸ਼ਵੰਤ ਸਿੰਘ ਸੰਧੂ ਨੇ ਪੰਜਾਬੀ ਭਾਸ਼ਾ ਬਾਰੇ ਸਰਕਾਰ ਦੇ ਅਵੇਸਲੇਪਨ ਦਾ ਜ਼ਿਕਰ ਕੀਤਾ। ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਸਭਿਆਚਾਰ ਦਾ ਧਰਮ ਨਾਲ ਕੋਈ ਨਾਤਾ ਹੋਵੇ ਜਾਂ ਨਾ, ਪਰ ਸਭਿਆਚਾਰਕ ਸਾਂਝ ਦੇ ਤਾਲਮੇਲ ਲਈ ਭਾਸ਼ਾ ਅਹਿਮ ਅਤੇ ਉਸਾਰੂ ਰੋਲ ਨਿਭਾਉਂਦੀ ਹੈ।

ਇਸੇ ਦੌਰਾਨ ਅਰਤਿੰਦਰ ਸੰਧੂ ਨੇ ਆਪਣੀ ਨਵੀਂ ਕਾਵਿ ਪੁਸਤਕ 'ਕਦੇ ਕਦਾਈਂ' ਵਿਚੋਂ ਇਕ ਨਜ਼ਮ ਸਮੇਤ ਕਈ ਨਜ਼ਮਾਂ ਸਾਂਝੀਆਂ ਕੀਤੀਆਂ। ਉਨ੍ਹਾਂ 'ਏਕਮ' ਮੈਗਜ਼ੀਨ ਦੇ ਅੰਕ, ਵਿਸ਼ਾਲ ਤੇ ਪ੍ਰਮਿੰਦਰ ਸੋਢੀ ਦੀਆਂ ਕਾਵਿ ਪੁਸਤਕਾਂ ਵੀ ਤਕਸੀਮ ਕੀਤੀਆਂ। ਸੁੱਖੀ ਧਾਲੀਵਾਲ ਨੇ ਆਪਣੇ ਪਿੱਤਰੀ ਘਰ ਦੀ ਕਾਵਿਕ ਯਾਦ ਅਤੇ 'ਧੀਆਂ' ਨਜ਼ਮ ਰਾਹੀਂ ਗੱਲ ਅਗਾਂਹ ਤੋਰੀ। ਦਲਜੀਤ ਰਿਆੜ ਨੇ ਆਪਣੀ ਕਵਿਤਾ ਰਾਹੀਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਕੁਝ ਸ਼ਿਅਰਾਂ ਰਾਹੀਂ ਸਿਮਰਤੀ 'ਚ ਬੈਠੇ ਘਰ ਨੂੰ ਯਾਦ ਕੀਤਾ। ਸੰਤੋਖ ਮਿਨਹਾਸ ਨੇ ਵਿਦੇਸ਼ਾਂ ਵਿਚਲੇ ਘਰਾਂ ਵਿਚ ਫੈਲੀ ਇਕੱਲ ਤੇ ਬਣਾਉਟੀ ਵਾਤਾਵਰਨ ਨੂੰ ਬੜੇ ਭਾਵਪੂਰਤ ਢੰਗ ਨਾਲ ਪੇਸ਼ ਕੀਤਾ। ਅਵਤਾਰ ਗੋਂਦਾਰਾ ਦੀ ਕਵਿਤਾ ਵਿਚ ਸੂਖ਼ਮ ਅਹਿਸਾਸ ਦਾ ਪ੍ਰਭਾਵ ਮਿਲਿਆ। ਡਾ. ਗੁਰੂਮੇਲ ਨੇ ਵਿਰਸੇ ਦਾ ਫਿਕਰ ਆਪਣੀ ਕਵਿਤਾ ਰਾਹੀਂ ਜ਼ਾਹਿਰ ਕੀਤਾ ਤੇ ਅਮਰੀਕਾ ਦੇ ਜੰਮਪਲ ਬੱਚਿਆਂ ਨਾਲ ਸਭਿਆਚਾਰਕ/ਵਿਰਾਸਤੀ ਤਣਾਓ ਦੀ ਤਸਵੀਰ ਦੇ ਨੈਣ-ਨਕਸ਼ ਉਘਾੜੇ। ਪਿੰਡ ਨਾਲ ਬਹੁ-ਪਰਤੀ ਰਿਸ਼ਤਿਆਂ ਦੀ ਪੇਸ਼ਕਾਰੀ ਹਰਜਿੰਦਰ ਕੰਗ ਨੇ 'ਪਿੰਡ ਰੋਂਦਾ ਹੈ ਪਿੰਡ ਹੱਸਦਾ ਹੈ' ਅਤੇ ਕਈ ਹੋਰ ਸ਼ਿਅਰਾਂ ਰਾਹੀਂ ਕੀਤੀ। ਰਾਜਖੁਸ਼ਵੰਤ ਸਿੰਘ ਸੰਧੂ ਨੇ ਆਪਣੇ ਤਜਰਬੇ ਵਿਅੰਗਮਈ ਸ਼ੈਲੀ ਵਿਚ ਪੇਸ਼ ਕਰ ਕੇ ਸਰੋਤਿਆਂ ਨੂੰ ਪ੍ਰਭਾਵਤ ਕੀਤਾ।







Visit us on the web:**wwwpunjabtimesusa.com**

## ਸਹਿਜਪ੍ਰੀਤ ਦੀ ਪੁਸਤਕ 'ਤਾਰਿਆਂ ਜੜਿਆ ਅੰਬਰ' ਰਿਲੀਜ਼

**ਫਰਿਜ਼ਨੋ (ਬਿਊਰੋ):** ਸਹਿਜਪ੍ਰੀਤ ਸਿੰਘ ਮਾਂਗਟ ਦੀ ਪਹਿਲੀ ਕਾਵਿ-ਪੁਸਤਕ 'ਤਾਰਿਆਂ ਜੜਿਆ ਅੰਬਰ' ਸੌਂਗੀ ਦੇ ਬਾਦਸ਼ਾਹ ਸ. ਚਰਨਜੀਤ ਸਿੰਘ ਬਾਠ ਦੇ ਨਿਵਾਸ ਸਥਾਨ 'ਤੇ ਸਮਾਜਕ ਅਤੇ ਸਾਹਿਤਕ ਇਕੱਠ ਵਿਚ ਰਿਲੀਜ਼ ਕੀਤੀ ਗਈ। ਇਸ ਇਕੱਠ ਵਿਚ ਅਕਾਲੀ ਸਰਕਾਰ ਦੇ ਪੀ.ਡਬਲਿਊ.ਡੀ. ਮਹਿਕਮੇ ਦੇ ਮੰਤਰੀ ਸ. ਸ਼ਰਨਜੀਤ ਸਿੰਘ ਢਿੱਲੋਂ, ਚਰਨਜੀਤ ਸਿੰਘ ਬਾਠ, ਡਾ. ਵਾਹਿਗੁਰੂਪਾਲ ਸਿੰਘ ਸਿੱਧੂ ਤੋਂ ਇਲਾਵਾ ਸਾਹਿਤਕਾਰ ਤੇ ਵਿਗਿਆਨੀ ਡਾ. ਗੁਰੂਮੇਲ ਸਿੱਧੂ ਅਤੇ ਪਿਸ਼ੌਰਾ ਸਿੰਘ ਢਿੱਲੋਂ ਨੇ ਸ਼ਿਰਕਤ ਕੀਤੀ।

ਪੁਸਤਕ ਵਿਚਲੀਆਂ ਬਹੁਤੀਆਂ ਕਵਿਤਾਵਾਂ ਦੇ ਵਿਸ਼ੇ ਆਧੁਨਿਕ ਜੀਵਨ ਦੀਆਂ ਸਮੱਸਿਆਵਾਂ ਅਤੇ ਸਮਕਾਲੀ ਬੰਦੇ ਦੇ ਮਾਨਸਿਕ ਤਣਾਉ ਨਾਲ ਵਾਬਸਤਾ ਹਨ ਅਤੇ ਮਨੁੱਖੀ ਰਿਸ਼ਤਿਆਂ ਦੀ ਤਾਸੀਰ ਅਤੇ ਤਮੀਜ਼ ਦੀਆਂ ਗੁੰਝਲਾਂ ਨੂੰ ਬਾਖੂਬੀ ਦਰਸਾਇਆ ਗਿਆ ਹੈ। ਕੁਝ ਕਵਿਤਾਵਾਂ ਵਿਚ ਪਿਆਰ ਦੇ ਰੁਦਨ ਅਤੇ ਰੁਮਾਂਸਿਕ ਪਲਾਂ ਦਾ ਜ਼ਿਕਰ ਹੈ। ਸਮੁੱਚੇ ਤੌਰ 'ਤੇ ਇਨ੍ਹਾਂ ਕਵਿਤਾਵਾਂ ਵਿਚੋਂ ਕਵੀ ਦੀ ਸੰਵੇਦਨਾ, ਸਹਿਜ ਇਕਾਗਰਤਾ ਅਤੇ ਬੱਚੇ ਵਰਗੀ ਮਾਸੂਮੀਅਤ ਦਾ ਝਲਕਾਰਾ ਪੈਂਦਾ ਹੈ। ਇਸ ਪਲੇਠੀ ਪੁਸਤਕ ਦੇ ਗਹਿਰ-ਗੰਭੀਰ ਅਧਿਐਨ ਤੋਂ ਭਾਸਦਾ ਹੈ ਕਿ ਸਹਿਜਪ੍ਰੀਤ ਕੋਈ ਪੁੰਗਰਦਾ ਕਵੀ ਨਹੀਂ, ਸਗੋਂ ਹੰਢਿਆ ਹੋਇਆ ਕਲਮਕਾਰ ਹੈ।

ਸਰੋਤਿਆਂ ਵਿਚ ਨਿਰਮਲ ਗਿੱਲ, ਜੁਗਿੰਦਰ ਸਿੰਘ ਧਾਲੀਵਾਲ, ਤੇਜੀ ਮਾਹਲ, ਰਾਜੂ ਸੰਧੂ, ਹਰਨੇਕ ਸਿੰਘ ਖੰਘੂੜਾ, ਗੁਰਦੇਵ ਸਿੰਘ ਵਸਰਾਉਂ ਅਦਿ ਸ਼ਾਮਿਲ ਸਨ।






# ਸੁਰ ਕਦ ਦੇਖੇ ਹੱਦਾਂ-ਸਰਹੱਦਾਂ !

## ਇਰਾਨੀ ਗਾਇਕਾ ਮਾਰਜ਼ੀਏ ਦੀਆਂ ਤਾਲ-ਤੰਦੜੀਆਂ

ਕਲਾ ਪਰਿਕਰਮਾ

*ਇਰਾਨ ਦੀ ਨਾਮੀ ਲੋਕ ਗਾਇਕਾ ਮਾਰਜ਼ੀਏ ਦਾ ਅਸਲ ਨਾਂ ਅਸ਼ਰਫ ਓ-ਸਆਦਤ ਮੁਰਤਜ਼ਈ ਹੈ। ਤਹਿਰਾਨ ਵਿਚ ਜੰਮੀ ਮੁਰਤਜ਼ਈ ਇਰਾਨ ਦੇ ਲੋਕ ਗਾਇਨ ਦਾ ਥੰਮ੍ਹ ਸੀ ਪਰ 1979 ਵਿਚ ਇਸਲਾਮੀ ਇਨਕਲਾਬ ਤੋਂ ਬਾਅਦ ਸਾਰਾ ਕੁਝ ਰਾਤੋ-ਰਾਤ ਬਦਲ ਗਿਆ। ਆਇਤੁੱਲਾ ਖੁਮੈਨੀ ਨੇ ਸੱਤਾ ਸੰਭਾਲਦਿਆਂ ਹੀ ਮਜ਼ਹਬ ਦੇ ਬਹਾਨੇ ਕਲਾ ਅਤੇ ਕਲਾਕਾਰਾਂ ਨੂੰ ਸੰਘੀ ਤੋਂ ਨੱਪ ਲਿਆ। ਮੁਰਤਜ਼ਈ ਵੀ ਇਨ੍ਹਾਂ ਕਲਾਕਾਰਾਂ ਵਿਚ ਸ਼ਮਾਲ ਸੀ। ਜਿਸ ਮੁਰਤਜ਼ਈ ਦੇ ਸੁਰ ਰੇਡੀਓ ਤਹਿਰਾਨ ਤੋਂ ਰੋਜ਼ ਲਹਿਰਦੇ ਸਨ ਅਤੇ ਜਿਨ੍ਹਾਂ ਨੂੰ ਸੁਣ-ਸੁਣ ਕੇ ਲੋਕ ਵਜਦ ਵਿਚ ਆਉਂਦੇ ਸਨ, ਮੁਲਾਣਿਆਂ ਨੇ ਬੰਦ ਕਰਵਾ ਦਿੱਤੇ। ਉਸ ਨੂੰ ਗਾਉਣ ਤੋਂ ਵਰਜ ਦਿੱਤਾ ਗਿਆ। ਆਇਤੁੱਲਾ ਖੁਮੈਨੀ ਨੇ ਐਲਾਨ ਕੀਤਾ ਸੀ: ਔਰਤਾਂ ਦੀ ਆਵਾਜ਼ ਮਰਦਾਂ ਨੂੰ ਸੁਣਨੀ ਨਹੀਂ ਚਾਹੀਦੀ। ਸਿਰਫ ਪਰਿਵਾਰਕ ਜੀਅ ਹੀ ਔਰਤ ਦੀ ਆਵਾਜ਼ ਸੁਣ ਸਕਦੇ ਹਨ।*





ਇਰਾਨ ਵਿਚ ਇਸਲਾਮੀ ਇਨਕਲਾਬ ਵਿਚ ਕਲਾਕਾਰਾਂ ਉਤੇ ਪਾਬੰਦੀ ਦੇ ਬਾਵਜੂਦ ਮੁਰਤਜ਼ਈ ਨੇ ਆਪਣਾ ਹਠ ਕਾਇਮ ਰੱਖਿਆ। ਉਸ ਨੇ ਮੁਲਾਣਿਆਂ ਦੀਆਂ ਹਦਾਇਤਾਂ ਜੋ ਕਲਾ-ਵਿਰੋਧੀ ਸਨ, ਅੱਗੇ ਝੁਕਣ ਤੋਂ ਨਾਂਹ ਕਰ ਦਿੱਤੀ। 13 ਅਕਤੂਬਰ 2010 ਨੂੰ ਪੈਰਿਸ ਵਿਚ 86 ਸਾਲ ਦੀ ਉਮਰ ਵਿਚ ਉਸ ਦੀ ਮੌਤ ਹੋ ਗਈ। ਉਸ ਨੂੰ ਕੈਂਸਰ ਨੇ ਆਣ ਘੇਰਾ ਘੱਤ ਲਿਆ ਸੀ। ਆਪਣੀ ਇਕ ਇੰਟਰਵਿਊ ਦੌਰਾਨ ਉਸ ਨੇ ਪਾਬੰਦੀਆਂ ਬਾਰੇ ਕਿਹਾ ਸੀ: "ਠੀਕ ਹੈ, ਅਗਲਿਆਂ ਨੇ ਜ਼ਬਰਦਸਤੀ ਕਰਦਿਆਂ ਗਾਉਣ ਤੋਂ ਰੋਕ ਦਿੱਤਾ ਸੀ, ਪਰ ਮੈਂ ਰਿਆਜ਼ ਤਾਂ ਕਰਨੀ ਹੀ ਸੀ। ਸੋ, ਮੈਂ ਰੋਜ਼ ਰਾਤ ਨੂੰ ਤਹਿਰਾਨ ਵਿਚਲੇ ਆਪਣੇ ਘਰ ਤੋਂ ਨਿਕਲਦੀ ਅਤੇ ਪਹਾੜੀ ਦੇ ਪੈਰਾਂ ਵਿਚ ਛੱਤੀ ਆਪਣੀ ਝੌਂਪੜੀ ਵਿਚ ਜਾ ਵੜਦੀ। ਸਾਹਮਣੇ ਚਸ਼ਮਾ ਵਹਿੰਦਾ ਸੀ ਅਤੇ ਇਸ ਦੀ ਵਾਹਵਾ ਸ਼ੂਕਰ ਪੈਂਦੀ ਸੀ। ਮੈਂ ਜਦੋਂ ਰਿਆਜ਼ ਕਰਦੀ ਤਾਂ ਇਹ ਚਸ਼ਮਾ ਜਿਵੇਂ ਮੇਰੇ ਆਲੇ-ਦੁਆਲੇ ਸੁਰੱਖਿਆ ਦੀ ਵਾੜ ਕਰ ਲੈਂਦਾ। ਪਹਾੜੀ ਦੇ ਐਨ ਉਪਰ ਤੋਂ ਡਿਗਦੇ ਪਾਣੀ ਤੋਂ ਹੋ ਰਹੇ ਸ਼ੋਰ ਵਿਚ ਹੀ ਮੇਰੀ ਆਵਾਜ਼ ਰਲ ਜਾਂਦੀ। ਜਦ ਮੈਂ ਆਲਾਪ ਲੈਂਦੀ ਤਾਂ ਜਾਪਦਾ, ਆਸਮਾਨ ਦੇ ਤਾਰੇ ਅਤੇ ਕੋਲ ਖਾਮੋਸ਼ ਖੜ੍ਹੀਆਂ ਪਹਾੜੀਆਂ ਮੇਰੇ ਵੱਲ ਝਾਕ ਰਹੀਆਂ ਹਨ ਅਤੇ ਨਾਲ ਹੀ ਸਾਬਾਸ਼ ਵੀ ਦੇ ਰਹੀਆਂ ਹਨ।" ਮੁਰਤਜ਼ਈ ਮੁਤਾਬਕ ਕਈ ਵਾਰੀ ਕਈ ਲੋਕਾਂ ਨੇ ਉਸ ਨੂੰ ਮਹਿਫ਼ਿਲਾਂ ਵਿਚ ਜਾਣ ਲਈ ਕਾਫੀ ਵੱਡੀ ਰਕਮ ਵੀ ਤਜਵੀਜ਼ ਕੀਤੀ, ਪਰ ਉਸ ਨੇ ਅਜਿਹੀਆਂ ਮਹਿਫ਼ਿਲਾਂ ਵਿਚ ਕਦੇ ਨਹੀਂ ਗਾਇਆ। ਅਜਿਹੀਆਂ ਮਹਿਫਿਲਾਂ ਵਿਚ ਛਾਪਿਆਂ ਦਾ ਖ਼ਤਰਾ ਸੀ ਅਤੇ ਉਹ ਆਪਣੇ ਪ੍ਰਸੰਸਕਾਂ ਨੂੰ ਇਮਤਿਹਾਨ ਵਿਚ ਨਹੀਂ ਸੀ ਪਾਉਣਾ ਚਾਹੁੰਦੀ। ਜਦੋਂ ਆਇਤੁੱਲਾ ਖੁਮੈਨੀ ਦੀ ਮੌਤ ਹੋਈ ਤਾਂ ਕੁਝ ਮੁਲਾਣੇ ਉਸ ਨੂੰ ਇਸ ਸ਼ਰਤ ਉਤੇ ਗਾਉਣ ਦੀ ਆਗਿਆ ਦੇਣ ਲਈ ਮੰਨ ਗਏ ਕਿ ਉਹ ਮਰਦਾਂ ਲਈ ਜਾਂ ਵਿਚਕਾਰ ਨਹੀਂ ਗਾਵੇਗੀ। ਮੁਰਤਜ਼ਈ ਨੇ ਸਾਫ ਨਾਂਹ ਕਰ ਦਿੱਤੀ। ਉਸ ਨੇ ਮੁਲਾਣਿਆਂ ਨੂੰ ਜਵਾਬ ਦਿੱਤਾ: "ਮੈਂ ਕਿਸੇ ਮਰਦ ਜਾਂ ਕਿਸੇ ਔਰਤ ਲਈ ਨਹੀਂ ਗਾਉਂਦੀ। ਮੈਂ ਤਾਂ ਆਪਣੇ ਇਰਾਨੀ ਲੋਕਾਂ ਲਈ ਗਾਉਂਦੀ ਹਾਂ।"...ਤੇ ਮਜ਼ਹਬ ਨਾਲ ਅੰਨ੍ਹੇ ਹੋਏ ਮੁਲਾਣੇ ਚੁੱਪ ਹੋ ਗਏ। ਪਿੱਛੋਂ ਮੁਲਾਣਿਆਂ ਵੱਲੋਂ ਕੁਝ ਵਧੇਰੇ ਹੀ ਤੰਗ-ਪ੍ਰੇਸ਼ਾਨ ਕਰਨ 'ਤੇ ਉਸ ਨੇ ਇਰਾਨ ਛੱਡ ਦਿੱਤਾ ਅਤੇ ਪੈਰਿਸ ਜਾ ਵੱਸੀ। ਕਲਾਕਾਰਾਂ ਅਤੇ ਬੁੱਧੀਜੀਵੀਆਂ ਦੇ ਉਤੇ ਪਾਬੰਦੀਆਂ ਤੋਂ ਉਹ ਬਹੁਤ ਔਖੀ ਸੀ। ਇਕ ਮੁਲਾਕਾਤ ਦੌਰਾਨ ਉਸ ਨੇ ਆਖਿਆ ਸੀ: "ਕਲਾਕਾਰਾਂ ਅਤੇ ਬੁੱਧੀਜੀਵੀਆਂ ਨੇ ਇਰਾਨ ਵਿਚ ਬਹੁਤ ਕੁਝ ਝੱਲਿਆ ਹੈ। ਬਿਹਤਰੀਨ ਸੰਗੀਤਕਾਰ ਮੌਤ ਦੇ ਮੂੰਹ ਵਿਚ ਜਾ ਪਏ। ਮੁਲਾਣੇ ਹਰ ਚੀਜ਼ ਦੇ ਖਿਲਾਫ ਹਨ। ਖ਼ੁਦ ਆਇਤੁੱਲਾ ਖੁਮੈਨੀ ਕਲਾਵਾਂ ਪ੍ਰਤੀ ਬਹੁਤ ਸੰਕੀਰਨ ਸੀ। ਚੰਗੀ ਗੱਲ ਹੈ ਕਿ ਇਰਾਨੀ ਸੁਭਾਅ ਤੋਂ ਵਿਦਰੋਹੀ ਹਨ। ਮੈਨੂੰ ਨਹੀਂ ਲੱਗਦਾ ਕਿ ਮੁਲਾਣੇ ਉਨ੍ਹਾਂ ਦੀ ਆਤਮਾ ਨੂੰ ਨਸ਼ਟ ਕਰ ਸਕਦੇ ਹਨ।" ਇਰਾਨ ਵਿਚ ਔਰਤਾਂ ਦੀ ਮਾੜੀ ਦਸ਼ਾ ਬਾਰੇ ਉਹ ਸਦਾ ਹੀ ਫਿਕਰਮੰਦ ਰਹੀ। ਮੁਲਾਣਿਆਂ ਦੀ ਸੋਚ ਦਾ ਜ਼ਿਕਰ ਕਰਦਿਆਂ ਉਹ ਦੱਸਦੀ ਹੈ: "ਸਿਰਫ਼ ਇੱਕ ਮਿਸਾਲ ਹੀ ਕਾਫ਼ੀ ਹੈ। ਇਕ ਵਾਰ ਇਹ ਫੈਸਲਾ ਕੀਤਾ ਗਿਆ ਹੈ ਕਿ ਜੇ ਕਿਸੇ ਔਰਤ ਨੂੰ ਫਾਂਸੀ ਦੇਣੀ ਹੈ ਤਾਂ ਫਾਂਸੀ ਤੋਂ ਪਹਿਲਾਂ ਉਸ ਨਾਲ ਜਬਰ-ਜਨਾਹ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਜੇ ਉਹ ਕੰਵਾਰੀ ਹੈ ਤਾਂ ਉਹ ਜੰਨਤ (ਸਵਰਗ) ਵਿਚ ਜਾਵੇਗੀ।" ਇਹ ਕਹਿੰਦਿਆਂ ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ। ਫਿਰ ਬੋਲੀ: "ਮੁਲਾਣਿਆਂ ਦਾ ਔਰਤਾਂ ਪ੍ਰਤੀ ਅਜਿਹਾ ਸਲੂਕ ਸੀ। ਉਹ ਵੀ ਮਜ਼ਹਬ ਦੇ ਨਾਂ ਉਤੇ! ਖ਼ੁਦਾਇਆ ਇਨ੍ਹਾਂ ਲੋਕਾਂ ਨੂੰ ਨੂੰ ਬਖਸ਼ ਦੇਈਂ!!"

*ਆਪਣੀ ਪੁਖਤਾ ਆਵਾਜ਼ ਬਾਰੇ ਮਾਰਜ਼ੀਏ ਆਖਦੀ ਹੈ: "ਗਾਇਕ/ ਸੰਗੀਤਕਾਰ ਨੂੰ ਆਪਣੀ ਆਵਾਜ਼ ਦਾ ਜਾਦੂ ਬਰਕਰਾਰ ਰੱਖਣ ਲਈ ਤਮਾਕੂ ਜਾਂ ਸ਼ਰਾਬ ਤੋਂ ਬਚਣਾ ਚਾਹੀਦਾ ਹੈ ਤੇ ਖੂਬ ਕਸਰਤ ਕਰਨੀ ਚਾਹੀਦੀ ਹੈ। ਮੈਂ ਆਪ ਘੋੜਸਵਾਰੀ ਤੇ ਟੈਨਿਸ ਖੇਡਣਾ ਪਸੰਦ ਕਰਦੀ ਹਾਂ। ਇਸੇ ਕਾਰਨ ਮੇਰੀ ਆਵਾਜ਼ ਰੱਤੀ ਭਰ ਵੀ ਨਹੀਂ ਬਦਲੀ।"*



# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 27 ਅਪਰੈਲ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-61



*ਤਸਵੀਰ: ਜਗਰਾਜ ਗਿੱਲ, ਸ਼ਾਰਲਟ*

*ਕੱਟ ਦੇ ਬਾਬਾ ਤਾਸ਼, ਮੈਂ ਦਿੱਤੀ ਬੜੀ ਰੀਝ ਨਾ ਪੀਹ।*
*ਦੋ ਘੜੀਆਂ ਇਹ ਜ਼ਿੰਦਗੀ, ਆਪਾਂ ਲਈਏ ਚੱਜ ਨਾਲ ਜੀਅ।*
*ਨੀਲੀਆਂ ਚਿੱਟੀਆਂ ਵਾਲੇ ਕਰਦੇ, ਰੋਜ ਸਾਡੇ ਨਾਲ ਧੱਕਾ।*
*ਪਰ ਬੇਗੀ ਨੂੰ ਚੌਸਰ ਦੇ ਵਿਚ, ਮੂਹਰੇ ਲਾ ਲਊ ਯੱਕਾ।*
*ਸੱਥ ਬਾਬਿਆਂ ਦੀ ਹੁੰਦੀ ਜਾਂਦੀ, ਜਿਵੇਂ ਕੋਈ ਬਾਤ ਪੁਰਾਣੀ।*
*ਮੋੜਾਂ ਉਤੇ ਲੱਗਣ ਲੱਗ ਪਈ, ਹੁਣ ਵੈਲੀਆਂ ਦੀ ਢਾਣੀ।*

## ਕੈਪਸ਼ਨ ਮੁਕਾਬਲਾ-59



ਗੋਹੇ ਮਿੱਟੀ ਦਾ ਲਾ ਕੇ ਪੋਚਾ,
ਪਾਂਡੂ ਨਾਲ ਚਮਕਾਇਆ।
ਘੋਲ ਕੇ ਕੱਚੇ ਰੰਗਾਂ ਤਾਈਂ,
ਲੀਰ ਦਾ ਬੁਰਸ਼ ਬਣਾਇਆ।
ਮੋਰ, ਘੁੱਗੀਆਂ ਪਾ ਓਟੇ 'ਤੇ,
ਰੀਝਾਂ ਨਾਲ ਸਜਾਇਆ
ਨਾਰ ਕਿਸੇ ਦੇ ਪੋਟਿਆਂ ਵਿਚੋਂ,
ਗਜ਼ਬ ਦਾ ਹੁਨਰ ਨਿੱਕਲ ਆਇਆ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਅੱਜ ਕੱਲ੍ਹ ਉਚਿਆਂ ਮਹਿਲਾਂ ਵਿਚ
ਨਾ ਮੋਹ ਮੁਹੱਬਤ ਰਹਿੰਦੇ।
ਨਾ ਹੀ ਪਿੱਪਲਾਂ, ਬੋਹੜਾਂ ਹੇਠਾਂ
ਮੰਜੇ ਵਾਣ ਦੇ ਡਹਿੰਦੇ।
ਆ ਨਣਾਨੇ ਲਈਏ ਆਪਾਂ
ਚੁੱਲ੍ਹਾ-ਚੌਂਕਾ ਕਰ ਨੀ।

ਸੁਰਗਾਂ ਤੋਂ ਸੋਹਣਾ ਸਾਡਾ
ਕੱਚੀਆਂ ਇੱਟਾਂ ਦਾ ਘਰ ਨੀ।

*-ਹਰਜੰਟ ਸਿੰਘ ਸ਼ਿਕਾਗੋ*

---

ਕੱਚੀਆਂ ਨੇ ਕੰਧਾਂ ਮਾਏ,
ਤੇ ਕੱਚਾ ਜਿਹਾ ਦਰ ਏ।
ਪਰਦੇਸੀਂ ਵੱਸਦੀ ਨੂੰ ਮੈਨੂੰ,
ਚੇਤੇ ਆਉਂਦਾ ਬੜਾ ਘਰ ਏ।
ਲਿੱਪਿਆ ਏ ਵਿਹੜਾ ਕੱਚਾ,
ਚੁੱਲ੍ਹਾ-ਚੌਂਕਾ ਵੀ ਸੰਵਾਰਿਆ।
ਘਰ ਆਪਣੇ ਖਾਬਾਂ ਦਾ ਮਾਏ,
ਤੂੰ ਰੀਝਾਂ ਨਾਲ ਸ਼ਿੰਗਾਰਿਆ।

*ਪਰਸ਼ੋਤਮ ਸਿੰਘ, ਯੂਬਾ ਸਿਟੀ।*

---

ਇਹ ਸਭਿਆਚਾਰ ਅਦੀਬਾਂ ਲਈ।
ਛੱਜੂ ਦਾ ਚੁਬਾਰਾ ਗਰੀਬਾਂ ਲਈ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਕੜੇ ਕੂਲਰਾਂ ਤੋਂ ਕੀ ਲੈਣਾ
ਬੂਹੇ ਰੱਖੀਏ ਖੁੱਲ੍ਹੇ।
ਚਾਰੇ ਪਾਸਿਓਂ ਆਉਂਦੇ ਰਹਿੰਦੇ
ਠੰਡੀ ਹਵਾ ਦੇ ਬੁੱਲੇ।
ਮੰਜੇ ਉਤੇ ਬਹਿ ਕੇ ਫੁਲਕਾ
ਜਦ ਬਾਪੂ ਨੇ ਖਾਣਾ।
ਕੋਇਲ ਬੈਠ ਕੇ ਪਿੱਪਲ ਉਤੇ
ਗਾਉਂਦੀ ਵੇਖਿਓ ਗਾਣਾ।

*-ਮਨਵੀਰ ਫਰੀਮਾਂਟ।*

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:wwwpunjabtimesusa.com*

# ਗੁਰਦੁਆਰਾ ਬੋਗ ਰੋਡ ਵਿਖੇ ਵਿਸਾਖੀ ਦੀਆਂ ਰੌਣਕਾਂ

**ਯੂਬਾ ਸਿਟੀ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਬੋਗ ਰੋਡ ਵਿਖੇ ਖਾਲਸਾ ਸਿਰਜਣਾ ਦਿਵਸ 12 ਤੋਂ 14 ਅਪਰੈਲ ਤੱਕ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸ਼ੁੱਕਰਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਰੱਖਿਆ ਗਿਆ ਅਤੇ ਐਤਵਾਰ ਨੂੰ ਭੋਗ ਉਪਰੰਤ ਕੀਰਤਨ ਦੀਵਾਨ ਸਜਾਏ ਗਏ।

ਕੀਰਤਨ ਦੀਵਾਨ ਦੌਰਾਨ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਆਤਮਜੋਤ ਸਿੰਘ ਯੂਬਾ ਸਿਟੀ ਵਾਲਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕਰਕੇ ਗੁਰੂ ਕੀਆਂ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ। ਭਾਈ ਸਤਪਾਲ ਸਿੰਘ ਨੇ ਕਥਾ ਵਿਆਖਿਆ ਰਾਹੀਂ ਖਾਲਸਾ ਸਿਰਜਣਾ ਦਿਵਸ ਦੀ ਸਿੱਖ ਪੰਥ ਵਿਚ ਮਹਾਨਤਾ ਬਾਰੇ ਚਾਨਣਾ ਪਾਇਆ ਅਤੇ ਸੰਗਤਾਂ ਨੂੰ ਦੱਸਿਆ ਕਿ ਦਸ਼ਮੇਸ਼ ਪਿਤਾ ਨੇ ਖਾਲਸੇ ਦੀ ਸਿਰਜਣਾ ਕਰਕੇ ਇਕੱਲੇ ਇਕੱਲੇ ਸਿੱਖ ਨੂੰ ਲੱਖਾਂ ਨਾਲ ਲੜਨ ਦੇ ਕਾਬਲ ਬਣਾਇਆ। ਅੱਜ ਸਾਨੂੰ ਗੁਰੂ ਸਾਹਿਬ ਦੇ ਦੱਸੇ ਮਾਰਗ ਉਤੇ ਚੱਲਣ ਦੀ ਲੋੜ ਹੈ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਿਆ।











# ਪੰਜਾਬੀ ਸਾਹਿਤ ਸਭਾ ਵਲੋਂ ਕਵੀ ਦਰਬਾਰ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ ਦੇ ਸੱਦੇ 'ਤੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਬੇਏਰੀਆ ਇਕਾਈ ਵਲੋਂ ਵਿਸਾਖੀ ਮੌਕੇ ਇੱਕ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਡਾ. ਗੁਰਮੀਤ ਸਿੰਘ ਬਰਸਾਲ, ਜਸਦੀਪ ਸਿੰਘ, ਤਰਸੇਮ ਸਿੰਘ ਸੁਮਨ, ਚਰਨਜੀਤ ਸਿੰਘ ਪੰਨੂੰ, ਪਰਮਜੀਤ ਸਿੰਘ ਸੇਖੋਂ (ਦਾਖਾ), ਈਸ਼ਰ ਸਿੰਘ ਮੋਮਨ, ਗੁਰਦਿਆਲ ਸਿੰਘ ਨੂਰਪੁਰੀ, ਡਾ. ਆਲਾ ਸਿੰਘ, ਬੀਬੀ ਇੰਦਰਜੀਤ ਕੌਰ, ਦਵਿੰਦਰ ਸਿੰਘ ਅਤੇ ਪ੍ਰੋ. ਸੁਰਜੀਤ ਸਿੰਘ ਨਨੂੰਆ ਨੇ ਆਪੋ-ਆਪਣੀਆਂ ਕਾਵਿ ਰਚਨਾਵਾਂ ਪੜ੍ਹੀਆਂ।

ਡੇਢ ਘੰਟਾ ਚੱਲੇ ਇਸ ਕਵੀ-ਦਰਬਾਰ ਵਿਚ ਸਟੇਜ ਸੰਚਾਲਨ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਕੀਤਾ। ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਅਮਰਜੀਤ ਸਿੰਘ ਗਰੇਵਾਲ (ਸੈਕਰਾਮੈਂਟੋ), ਭਾਈ ਰਜਿੰਦਰ ਸਿੰਘ ਅਤੇ ਸੁਦੇਸ਼ ਸਿੰਘ ਅਟਵਾਲ ਨੇ ਅਹਿਮ ਭੂਮਿਕਾ ਨਿਭਾਈ। ਸਭਾ ਦੇ ਸਰਗਰਮ ਮੈਂਬਰਾਂ ਵਿਚੋਂ ਤਰਲੋਚਨ ਸਿੰਘ ਦੁਪਾਲਪਰ, ਪ੍ਰਮਿੰਦਰ ਸਿੰਘ ਪ੍ਰਵਾਨਾ ਅਤੇ ਅਜ਼ਾਦ ਜਲੰਧਰੀ ਨੇ ਸੁਨੇਹੇ ਭੇਜ ਕੇ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਡਾ. ਪਰਮਜੀਤ ਸਿੰਘ ਅਜ਼ਰਾਵਤ (ਐਮ. ਡੀ.) ਵਲੋਂ ਸਿਹਤ ਸਬੰਧੀ ਲਿੱਖੀ ਪੁਸਤਕ ਦੀਆਂ 5 ਕਾਪੀਆਂ ਵੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਾਇਬਰੇਰੀ ਲਈ ਭੇਟ ਕੀਤੀਆਂ ਗਈਆਂ।

# ਗਾਇਕ ਮੰਨਾ ਢਿੱਲੋਂ ਸੈਕਰਾਮੈਂਟੋ ਵਿਚ

**ਸੈਕਰਾਮੈਂਟੋ (ਬਿਊਰੋ):** ਉਘਾ ਪੰਜਾਬੀ ਗਾਇਕ ਮੰਨਾ ਢਿੱਲੋਂ ਸੈਕਰਾਮੈਂਟੋ ਪਹੁੰਚ ਗਿਆ ਹੈ। ਇਥੇ ਪਹੁੰਚਣ 'ਤੇ ਉਸ ਦਾ ਸਵਾਗਤ ਜੀਵੇ ਪੰਜਾਬ ਐਂਟਰਟੇਨਮੈਂਟ ਦੇ ਮਾਲਕ ਜੱਸੀ ਬੰਗਾ ਵਲੋਂ ਕੀਤਾ ਗਿਆ।



ਇਥੇ ਜ਼ਿਕਰਯੋਗ ਹੈ ਕਿ ਗਾਇਕ ਮੰਨਾ ਢਿੱਲੋਂ ਸੁਰਾਂ ਦਾ ਮਾਲਕ ਹੈ ਅਤੇ ਆਪਣੀ ਮਿੱਠੀ ਆਵਾਜ਼ ਕਰਕੇ ਆਪਣੀ ਵੱਖਰੀ ਪਛਾਣ ਬਣਾ ਚੁਕਾ ਹੈ। ਜਲੰਧਰ ਤੋਂ ਮਿਊਜ਼ਿਕ ਦੀ ਐਮ ਏ ਕਰਨ ਉਪਰੰਤ ਉਹ ਗਾਇਕੀ ਦੇ ਖੇਤਰ ਵਿਚ ਨਿਤਰਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਯੂਥ ਫੈਸਟੀਵਲ ਵਿਚ ਉਸ ਨੇ ਲਗਾਤਾਰ ਚਾਰ ਸਾਲ ਗੋਲਡ ਮੈਡਲ ਜਿੱਤਿਆ। ਉਸ ਨੇ ਗਾਇਕੀ ਦੀਆਂ ਬਾਰੀਕੀਆਂ ਉਸਤਾਦ ਭੰਵਰਾ ਅਤੇ ਐਮ ਆਰ ਨਾਰੰਗ ਤੋਂ ਛੋਟੀ ਉਮਰੇ ਹੀ ਸਿੱਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਹੁਣ ਤੱਕ ਉਸ ਦੀਆਂ ਪੰਜ ਮਿਊਜ਼ਿਕ ਐਲਬਮਾਂ ਮਾਰਕਿਟ ਵਿਚ ਆ ਚੁਕੀਆਂ ਹਨ। ਉਸ ਦੀ ਕੈਸਿਟ 'ਪਿਆਰ' ਦੇ ਗੀਤ 'ਹੁਣ ਭਾਵੇਂ ਬਣ ਸੋਨੇ ਦੀ' ਅਤੇ 'ਯਾਰੀ ਜੱਟਾਂ ਦੀ ਸੋਨੇ ਦੀ ਇੱਟ ਵਰਗੀ' ਬਹੁਤ ਹਿੱਟ ਰਹੇ। ਉਸ ਦਾ ਰੋਮਾਂਟਿਕ ਗੀਤ 'ਮੈਨੂੰ ਅੱਧੀ ਰਾਤੀਂ ਆਇਆ ਸੁਪਨਾ' ਵੀ ਬਹੁਤ ਹਿੱਟ ਰਿਹਾ। ਮੰਨਾ ਢਿੱਲੋਂ ਨੇ ਮਿਊਜ਼ਿਕ ਦੀ ਐਮ ਏ ਵੋਕਲ ਪੰਜਾਬੀ ਵਿਚ ਕੀਤੀ ਹੈ ਅਤੇ ਫੋਕ ਗੀਤਾਂ, ਗਜ਼ਲ, ਕਲਾਸੀਕਲ ਸੰਗੀਤ ਅਤੇ ਜਗਰਾਤੇ ਦੇ ਗੀਤ-ਸੰਗੀਤ ਉਤੇ ਉਸ ਦੀ ਪੀਡੀ ਪਕੜ ਹੈ।


ਦੇਸੀ ਵਰਲਡ ਰੇਡੀਓ ਵਲੋਂ ਪੇਸ਼ ਹੈ

ਦੁਨੀਆਂ ਦਾ ਪਹਿਲਾ ਖਾਲਸ



ਦੇਸੀ ਰੇਡੀਓ

ਜਿਸ ਰਾਹੀਂ ਤੁਸੀਂ ਆਪਣੀ ਮਨ ਪਸੰਦ ਦਾ ਰੇਡੀਓ ਸੁਣ ਸਕਦੇ ਹੋ।
35000 ਤੋਂ ਵੱਧ ਰੇਡੀਓ ਸਟੇਸ਼ਨਾਂ ਨਾਲ ਲੈਸ,
WIFI ਇੰਟਰਨੈਟ ਰੇਡੀਓ 24 ਘੰਟੇ

*ਹਰਿਮੰਦਰ ਸਾਹਿਬ ਤੋਂ ਸ਼ਬਦ ਕੀਰਤਨ ਸੁਣੋ। ਇਸ ਤੋਂ ਇਲਾਵਾ 27 ਹੋਰ ਧਾਰਮਿਕ ਸਟੇਸ਼ਨ ਜਿਥੋਂ ਲਗਾਤਾਰ ਕਥਾ ਕੀਰਤਨ ਸੁਣੇ ਜਾ ਸਕਦੇ ਹਨ। ਪੰਜਾਬੀ ਗੀਤ-ਸੰਗੀਤ, ਖਬਰਾਂ ਤੇ ਚਲੰਤ ਮਾਮਲਿਆਂ ਉਤੇ ਪ੍ਰੋਗਰਾਮ 125 ਤੋਂ ਵੱਧ ਰੇਡੀਓ ਸਟੇਸ਼ਨਾਂ 'ਤੇ ਸੁਣੋ
*ਭਾਰਤ, ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਰੇਡੀਓ ਸਟੇਸ਼ਨ ਸੁਣੋ। ਰੇਡੀਓ ਹਮਸਫਰ, ਸ਼ੇਰੇ ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪਰਦੇਸ, ਸਾਡੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਦੇਸੀ ਰੇਡੀਓ, ਅੰਮ੍ਰਿਤ ਬਾਣੀ, ਬੀ ਬੀ ਸੀ ਹਿੰਦੀ, ਆਕਾਸ਼ਵਾਣੀ, ਪੰਜਾਬੀ ਰੇਡੀਓ, ਸ਼ਬਨਮ ਰੇਡੀਓ, ਢੋਲ ਰੇਡੀਓ ਅਤੇ ਹੋਰ ਹਿੰਦੀ, ਉਰਦੂ ਅਤੇ ਮਨਪਸੰਦ ਜ਼ੁਬਾਨਾਂ ਦੇ ਸੈਂਕੜੇ ਹੀ ਰੇਡੀਓ ਸੁਣੋ।

*ਰੇਡੀਓ ਰਿਮੋਰਟ ਕੰਟਰੋਲ ਨਾਲ ਉਪਲਬਧ *ਰੇਡੀਓ ਵਰਤਣਾ ਬਹੁਤ ਹੀ ਆਸਾਨ *ਰੇਡੀਓ ਵਿਚ ਦੋ ਅਲਾਰਮ ਹਨ-ਹਰਿਮੰਦਰ ਸਾਹਿਬ ਜਾਂ ਕੋਈ ਵੀ ਹੋਰ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਸੁਣ ਸਕਦੇ ਹੋ।

Punjabi, Hindi, Urdu, Fijian, South Indian Radio Stations.

ਡੀਲਰਸ਼ਿਪ ਲੈ ਕੇ ਚੰਗੇ ਪੈਸੇ ਕਮਾਓ

www.desiworldradio.com 'ਤੇ Login ਕਰਕੇ ਸਾਡਾ ਰੇਡੀਓ ਵੀ ਸੁਣ ਸਕਦੇ ਹੋ, ਇਸ ਵਿਚ ਸਾਰਾ ਦਿਨ ਟਾਕ ਸ਼ੋਅ, ਨਵੇਂ ਗੀਤ ਅਤੇ ਖਬਰਾਂ ਆਉਂਦੀਆਂ ਰਹਿੰਦੀਆਂ ਹਨ।

Listen our Radio on any phone, just dial 832-551-5031
Our skype id: desiworldradio

ਹੋਰ ਜਾਣਕਾਰੀ ਲਈ
www.desiworldradio.com, info@desiworldradio.com
Toll Free Number: 1-800-604-6024





# ਸ਼੍ਰੋਮਣੀ ਅਕਾਲੀ ਦਲ ਤੇ ਸਹਿਜਧਾਰੀਆਂ ਵਿਚਾਲੇ ਸਮਝੌਤਾ

## ਸੁਖਬੀਰ ਨੇ ਪਟੀਸ਼ਨ ਵਾਪਸ ਲੈਣ ਲਈ ਮਨਾਇਆ

**ਚੰਡੀਗੜ੍ਹ:** ਸਹਿਜਧਾਰੀ ਸਿੱਖ ਪਾਰਟੀ ਦੇ ਪ੍ਰਧਾਨ ਪੀਐਸ ਰਾਣੂੰ ਨੇ ਆਖਿਆ ਹੈ ਕਿ ਜੇਕਰ ਸਹਿਜਧਾਰੀਆਂ ਨੂੰ ਅਗਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੋਟਾਂ ਪਾਉਣ ਦਾ ਹੱਕ ਮਿਲ ਜਾਵੇ ਤਾਂ ਜਥੇਬੰਦੀ ਇਸ ਬਾਰੇ ਸੁਪਰੀਮ ਕੋਰਟ ਵਿਚ ਦਾਇਰ ਕੀਤਾ ਕੇਸ ਵਾਪਸ ਲੈ ਲਵੇਗੀ ਜਿਸ ਨਾਲ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦੇ ਗਠਨ ਲਈ ਰਾਹ ਪੱਧਰਾ ਹੋ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਦੋ ਵਾਰ ਮੀਟਿੰਗ ਹੋ ਚੁੱਕੀ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਬਾਰੇ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ।




ਸਹਿਜਧਾਰੀ ਸਿੱਖ ਫੈਡਰੇਸ਼ਨ ਤੋਂ ਸਹਿਜਧਾਰੀ ਸਿੱਖ ਪਾਰਟੀ ਬਣੀ ਜਥੇਬੰਦੀ ਦੇ ਪ੍ਰਧਾਨ ਪੀਐਸ ਰਾਣੂੰ ਨੇ ਦਾਅਵਾ ਕੀਤਾ ਕਿ ਇਸ ਮਸਲੇ ਬਾਰੇ ਸ. ਸੁਖਬੀਰ ਸਿੰਘ ਬਾਦਲ ਨਾਲ ਪੰਜ ਮਾਰਚ ਨੂੰ ਚੰਡੀਗੜ੍ਹ ਵਿਚ ਮੀਟਿੰਗ ਹੋਈ ਸੀ ਤੇ ਇਕ ਮੀਟਿੰਗ ਇਸ ਤੋਂ ਪਹਿਲਾਂ ਵੀ ਹੋ ਚੁੱਕੀ ਹੈ। ਇਨ੍ਹਾਂ ਦੋ ਮੀਟਿੰਗਾਂ ਵਿਚ ਤੈਅ ਹੋਇਆ ਹੈ ਕਿ ਜੇਕਰ ਸਹਿਜਧਾਰੀਆਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਅਗਲੀਆਂ ਚੋਣਾਂ ਵਿਚ ਵੋਟਾਂ ਪਾਉਣ ਦਾ ਹੱਕ ਮਿਲ ਜਾਂਦਾ ਹੈ ਤਾਂ ਸਹਿਜਧਾਰੀ ਸਿੱਖ ਪਾਰਟੀ ਸੁਪਰੀਮ ਕੋਰਟ ਵਿਚੋਂ ਆਪਣਾ ਕੇਸ ਵਾਪਸ ਲੈ ਲਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਸ. ਬਾਦਲ ਨੇ ਇਸ ਸੁਝਾਅ ਦਾ ਸਵਾਗਤ ਕੀਤਾ ਤੇ ਹਾਂਪੱਖੀ ਹੁੰਗਾਰਾ ਦਿੱਤਾ ਹੈ। ਹੁਣ ਇਸ ਮਾਮਲੇ ਵਿਚ ਪਹਿਲੀ ਜੁਲਾਈ ਨੂੰ ਸੁਪਰੀਮ ਕੋਰਟ ਵਿਚ ਇਕ ਨਵੀਂ ਅਰਜ਼ੀ ਦਾਇਰ ਕੀਤੀ ਜਾਵੇਗੀ ਜਿਸ ਰਾਹੀਂ ਸਹਿਜਧਾਰੀ ਸਿੱਖ ਪਾਰਟੀ ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਨੂੰ ਦਿੱਤੀ ਚੁਣੌਤੀ ਸਬੰਧੀ ਪਟੀਸ਼ਨ ਵਾਪਸ ਲਵੇਗੀ ਤੇ ਅਦਾਲਤ ਵਿਚ ਹੀ ਦੋਵੇਂ ਧਿਰਾਂ ਵੱਲੋਂ ਸਾਂਝੇ ਤੌਰ 'ਤੇ ਹਲਫੀਆ ਬਿਆਨ ਦਾਇਰ ਕੀਤੇ ਜਾਣਗੇ ਜਿਸ ਦੇ ਆਧਾਰ 'ਤੇ ਅਗਲੀ ਕਾਰਵਾਈ ਹੋਵੇਗੀ। ਉਨ੍ਹਾਂ ਆਖਿਆ ਕਿ ਇਸ ਮਾਮਲੇ ਨੂੰ ਪਾਰਟੀ ਦੀ ਕਾਰਜਕਾਰਨੀ ਕੌਂਸਲ ਵਿਚ ਰੱਖਿਆ ਗਿਆ ਹੈ ਤੇ ਇਸ ਫੈਸਲੇ ਸਬੰਧੀ ਮਤਾ ਪਾਸ ਕਰਕੇ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਉਹ ਅਦਾਲਤ ਵਿਚ ਇਹ ਦਾਅਵਾ ਦਾਇਰ ਕਰਨਗੇ ਕਿ ਉਨ੍ਹਾਂ ਦੀ ਜਥੇਬੰਦੀ ਨੂੰ ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਦੇ ਗਠਨ ਵਿਚ ਕੋਈ ਇਤਰਾਜ਼ ਨਹੀਂ ਹੈ ਜਦੋਂਕਿ ਦੂਜੀ ਧਿਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਇਹ ਆਖੇਗਾ ਕਿ ਉਸ ਨੂੰ ਅਗਲੀਆਂ ਚੋਣਾਂ ਵਿਚ ਸਹਿਜਧਾਰੀਆਂ ਨੂੰ ਵੋਟ ਪਾਉਣ ਦਾ ਹੱਕ ਦੇਣ 'ਤੇ ਕੋਈ ਇਤਰਾਜ਼ ਨਹੀਂ। ਉਨ੍ਹਾਂ ਆਖਿਆ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਪਹਿਲਾਂ ਹੀ ਸਹਿਜਧਾਰੀਆਂ ਨੂੰ ਵੋਟ ਪਾਉਣ ਦਾ ਹੱਕ ਦੇਣ 'ਤੇ ਮੋਹਰ ਲਾਈ ਜਾ ਚੁੱਕੀ ਹੈ।

ਉਨ੍ਹਾਂ ਆਖਿਆ ਕਿ ਸਹਿਜਧਾਰੀ ਸਿੱਖ ਪਾਰਟੀ ਕੋਈ ਪੰਥ ਵਿਰੋਧੀ ਸ਼ਕਤੀ ਨਹੀਂ ਸਗੋਂ ਸ਼੍ਰੋਮਣੀ ਕਮੇਟੀ ਦੇ ਹੱਕ ਵਿਚ ਹੈ। ਉਨ੍ਹਾਂ ਆਖਿਆ ਕਿ ਜੇਕਰ ਸਹਿਜਧਾਰੀਆਂ ਨੂੰ ਵੋਟ ਪਾਉਣ ਦਾ ਹੱਕ ਮਿਲਦਾ ਹੈ ਤਾਂ ਫਿਰ ਵੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਕਾਨੂੰਨ ਮੁਤਾਬਕ ਅੰਮ੍ਰਿਤਧਾਰੀ ਵਿਅਕਤੀ ਹੀ ਬਣਨਗੇ। ਉਨ੍ਹਾਂ ਦੀ ਪਾਰਟੀ ਸਿਰਫ ਚੰਗੇ ਉਮੀਦਵਾਰਾਂ ਦਾ ਸਮਰਥਨ ਕਰੇਗੀ। ਉਂਜ ਵੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਕਮੇਟੀ ਦੀਆਂ ਚੋਣਾਂ ਜਿੱਤਣ ਮਗਰੋਂ ਇਕੱਲੀ ਵੱਡੀ ਪਾਰਟੀ ਰਹਿ ਗਈ ਹੈ ਜਿਸ ਦੇ ਵਿਰੋਧ ਵਿਚ ਕੋਈ ਨਹੀਂ ਹੈ। ਇਸ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਅਗਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਕੋਈ ਚੁਣੌਤੀ ਨਹੀਂ ਹੋਵੇਗੀ।

## ਮਾਮਲੇ ਨੂੰ ਗੁਪਤ ਰੱਖਣ ਦੀ ਕੋਸ਼ਿਸ਼

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਮਾਮਲੇ ਨੂੰ ਗੁਪਤ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਸਹਿਜਧਾਰੀ ਸਿੱਖ ਪਾਰਟੀ ਨਾਲ ਕੋਈ ਸਮਝੌਤਾ ਹੋਣ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਆਖਿਆ ਕਿ ਜੇਕਰ ਕੋਈ ਸਮਝੌਤਾ ਹੁੰਦਾ ਵੀ ਹੈ ਤਾਂ ਉਹ ਸਿੱਖ ਗੁਰਦੁਆਰਾ ਐਕਟ ਅਨੁਸਾਰ ਸਿੱਖ ਦੀ ਪਰਿਭਾਸ਼ਾ ਨੂੰ ਧਿਆਨ ਵਿਚ ਰੱਖ ਕੇ ਹੀ ਹੋ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਐਕਟ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰ ਸਕਦਾ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਉਨ੍ਹਾਂ ਨੂੰ ਵੀ ਅਜਿਹੇ ਕਿਸੇ ਸਮਝੌਤੇ ਬਾਰੇ ਕੋਈ ਜਾਣਕਾਰੀ ਨਹੀਂ ਹੈ ਪਰ ਕੁਝ ਸ਼ਹਿਰਾਂ ਵਿਚ ਇਸ ਬਾਰੇ ਅਫਵਾਹਾਂ ਜ਼ਰੂਰ ਹਨ। ਉਨ੍ਹਾਂ ਆਖਿਆ ਕਿ ਸਿੱਖ ਧਰਮ ਵਿਚ ਸਹਿਜਧਾਰੀ ਕੋਈ ਸੰਕਲਪ ਨਹੀਂ ਹੈ। ਧਰਮ ਵਿਚ ਸਿਰਫ ਅੰਮ੍ਰਿਤਧਾਰੀ ਜਾਂ ਗੈਰ ਅੰਮ੍ਰਿਤਧਾਰੀ ਹੀ ਹਨ।

# ਸਿੱਖ ਜਥੇਬੰਦੀਆਂ ਸਹਿਜਧਾਰੀਆਂ ਨਾਲ ਸਮਝੌਤੇ ਖ਼ਿਲਾਫ਼ ਡਟੀਆਂ

ਅੰਮ੍ਰਿਤਸਰ: ਸਹਿਜਧਾਰੀ ਸਿੱਖ ਪਾਰਟੀ ਭਾਵੇਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਹਿਜਧਾਰੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਵੋਟਾਂ ਪਾਉਣ ਦਾ ਹੱਕ ਦੇਣ ਸਬੰਧੀ ਸਮਝੌਤਾ ਹੋਣ ਦੇ ਦਾਅਵੇ ਕਰ ਰਹੀ ਹੈ ਪਰ ਸਿੱਖ ਜਥੇਬੰਦੀਆਂ ਇਸ ਸਮਝੌਤੇ ਦੇ ਖ਼ਿਲਾਫ਼ ਹਨ ਤੇ ਸਹਿਜਧਾਰੀਆਂ ਨੂੰ ਵੋਟ ਪਾਉਣ ਦਾ ਹੱਕ ਦੇਣ 'ਤੇ ਸਖ਼ਤ ਇਤਰਾਜ਼ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਖਿਆ ਹੈ ਕਿ ਸ਼੍ਰੋਮਣੀ ਕਮੇਟੀ ਅਜਿਹੇ ਸਮਝੌਤੇ ਨਾਲ ਕਦੇ ਵੀ ਸਹਿਮਤ ਨਹੀਂ ਹੋਵੇਗੀ ਕਿਉਂਕਿ ਸਿੱਖ ਧਰਮ ਵਿਚ ਸਹਿਜਧਾਰੀਆਂ ਬਾਰੇ ਕੋਈ ਸੰਕਲਪ ਨਹੀਂ ਹੈ। ਸਿੱਖ ਧਰਮ ਵਿਚ ਸਿਰਫ ਅੰਮ੍ਰਿਤਧਾਰੀ ਜਾਂ ਗੈਰ ਅੰਮ੍ਰਿਤਧਾਰੀ ਵਿਅਕਤੀ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਕਦੇ ਵੀ ਸਹਿਜਧਾਰੀ ਸਿੱਖ ਪਾਰਟੀ ਨੂੰ ਇਹ ਲਿਖ ਕੇ ਦੇਣ ਲਈ ਸਹਿਮਤ ਨਹੀਂ ਹੋਵੇਗੀ ਕਿ ਅਗਲੀਆਂ ਚੋਣਾਂ ਵਿਚ ਸਹਿਜਧਾਰੀਆਂ ਨੂੰ ਵੋਟ ਪਾਉਣ ਦਾ ਹੱਕ ਦੇ ਦਿੱਤਾ ਜਾਵੇ।

ਦਲ ਖਾਲਸਾ ਜਥੇਬੰਦੀ ਦੇ ਆਗੂ ਕੰਵਰਪਾਲ ਸਿੰਘ ਨੇ ਸ. ਰਾਣੂੰ ਦੇ ਦਾਅਵੇ ਨੂੰ ਮਜ਼ਾਕ ਦੱਸਦਿਆਂ ਕਿਹਾ ਕਿ ਉਹ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਉਪ ਮੁੱਖ ਮੰਤਰੀ ਸਥਿਤੀ ਸਪੱਸ਼ਟ ਕਰਨ। ਉਨ੍ਹਾਂ ਸਹਿਜਧਾਰੀਆਂ ਨੂੰ ਵੋਟ ਪਾਉਣ ਦਾ ਹੱਕ ਦੇਣ ਦਾ ਵਿਰੋਧ ਕੀਤਾ ਤੇ ਕਿਹਾ ਕਿ ਕੋਈ ਵੀ ਸਿੱਖ ਜਥੇਬੰਦੀ ਇਸ ਨਾਲ ਸਹਿਮਤ ਨਹੀਂ ਹੋਵੇਗੀ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਉਹ ਸਹਿਜਧਾਰੀਆਂ ਨੂੰ ਵੋਟ ਪਾਉਣ ਦਾ ਹੱਕ ਦੇਣ ਦੇ ਸਖ਼ਤ ਖ਼ਿਲਾਫ਼ ਹੈ। ਸ਼੍ਰੋਮਣੀ ਪੰਥਕ ਕੌਂਸਲ ਦੇ ਮੁਖੀ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਅਜਿਹੇ ਸਮਝੌਤੇ ਦੀ ਕੋਈ ਮਹੱਤਤਾ ਨਹੀਂ ਹੈ ਜੋ ਸਿੱਖ ਸਿਧਾਂਤਾਂ ਦੇ ਖ਼ਿਲਾਫ਼ ਹੋਵੇ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ 2003 ਵਿਚ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰਵਾ ਕੇ ਖ਼ੁਦ ਹੀ ਸਹਿਜਧਾਰੀਆਂ ਨੂੰ ਵੋਟ ਪਾਉਣ ਤੋਂ ਰੋਕਿਆ ਸੀ। ਸਿੱਖ ਵਿਦਵਾਨ ਭਾਈ ਅਸ਼ੋਕ ਸਿੰਘ ਗਾਬੜੀਆ ਨੇ ਆਖਿਆ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਅਜਿਹੀ ਘੁਸਪੈਠ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਕੋਈ ਮੁਨਾਫ਼ਾ ਕਮਾਉਣ ਵਾਲਾ ਸੰਗਠਨ ਨਹੀਂ ਹੈ ਤੇ ਨਾ ਹੀ ਇਹ ਕੋਈ ਸਿਆਸੀ ਅਖਾੜਾ ਹੈ। ਇੱਥੇ ਹਰ ਗੱਲ ਸਿੱਖ ਸਿਧਾਂਤਾਂ ਅਨੁਸਾਰ ਹੀ ਹੋਣੀ ਚਾਹੀਦੀ ਹੈ। ਉਨ੍ਹਾਂ ਸਹਿਜਧਾਰੀਆਂ ਨੂੰ ਵੋਟ ਪਾਉਣ ਦਾ ਹੱਕ ਦੇਣ ਦਾ ਸਖ਼ਤ ਵਿਰੋਧ ਕੀਤਾ।

## ਸਹਿਜਧਾਰੀ ਵੋਟ ਦਾ ਰੱਫੜ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 18 ਸਤੰਬਰ 2011 ਨੂੰ ਹੋਈਆਂ ਸਨ ਪਰ ਹੁਣ ਤਕ ਨਵਾਂ ਸਦਨ ਗਠਿਤ ਨਹੀਂ ਹੋ ਸਕਿਆ ਜਦੋਂਕਿ 170 ਮੈਂਬਰਾਂ ਦੀ ਚੋਣ ਹੋਣ ਮਗਰੋਂ ਪੰਜ ਦਸੰਬਰ, 2011 ਨੂੰ ਪੰਦਰਾਂ ਮੈਂਬਰ ਵੀ ਨਾਮਜ਼ਦ ਹੋ ਗਏ ਸਨ ਤੇ ਸਰਕਾਰ ਵੱਲੋਂ ਨੋਟੀਫਿਕੇਸ਼ਨ ਵੀ ਜਾਰੀ ਹੋ ਗਿਆ ਸੀ ਪਰ ਇਸ ਦੌਰਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 20 ਦਸੰਬਰ, 2011 ਨੂੰ ਦਿੱਤੇ ਗਏ ਫੈਸਲੇ ਤਹਿਤ 2003 ਦਾ ਉਹ ਨੋਟੀਫਿਕੇਸ਼ਨ ਰੱਦ ਕਰ ਦਿੱਤਾ ਗਿਆ ਜਿਸ ਰਾਹੀਂ ਸਹਿਜਧਾਰੀਆਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟ ਪਾਉਣ ਤੋਂ ਰੋਕਿਆ ਗਿਆ ਸੀ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਨੂੰ ਮਗਰੋਂ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ ਜਿਸ ਦੇ ਆਧਾਰ 'ਤੇ ਸੁਪਰੀਮ ਕੋਰਟ ਨੇ ਸ਼੍ਰੋਮਣੀ ਕਮੇਟੀ ਦਾ ਕੰਮ-ਕਾਜ ਚਲਾਉਣ ਲਈ ਪੁਰਾਣੀ ਅੰਤ੍ਰਿੰਗ ਕਮੇਟੀ ਨੂੰ ਬਹਾਲ ਕੀਤਾ ਗਿਆ ਸੀ

# ਵਿਦੇਸ਼ਾਂ ਵਿਚ ਪੰਜਾਬੀ ਫਿਲਮ 'ਸਾਡਾ ਹੱਕ' ਨੂੰ ਹੁੰਗਾਰਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਭਾਵੇਂ ਅਮਨ-ਕਾਨੂੰਨ ਭੰਗ ਹੋਣ ਦਾ ਡਰਾਵਾ ਦੇ ਕੇ ਪੰਜਾਬ ਵਿਚ 'ਕਾਲੇ ਦਿਨਾਂ' ਦੀ ਯਾਦ ਦਿਵਾਉਂਦੀ ਫ਼ਿਲਮ 'ਸਾਡਾ ਹੱਕ' ਉਤੇ ਰੋਕ ਲਾ ਦਿੱਤੀ ਹੈ ਪਰ ਵਿਦੇਸ਼ੀ ਸਿਨਮਿਆਂ ਵਿਚ ਇਸ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਕੈਨੇਡਾ-ਅਮਰੀਕਾ ਦੇ ਚਾਰ ਦਰਜਨ ਤੋਂ ਵੱਧ ਸਿਨੇਮਾਘਰਾਂ ਵਿਚ ਲੱਗੀ ਇਸ ਫ਼ਿਲਮ ਨੂੰ ਲੋਕਾਂ ਨੇ ਉਤਸ਼ਾਹ ਨਾਲ ਵੇਖਿਆ। ਮਿਸੀਸਾਗਾ ਵਿਚ ਐਂਪਾਇਰ ਥੀਏਟਰ ਵਿਚ ਇਸ ਦਾ ਸ਼ੋਅ ਮੀਡੀਆ ਲਈ ਦੁਪਹਿਰੇ ਰੱਖਿਆ ਗਿਆ ਸੀ ਤੇ ਬਰੈਂਪਟਨ ਦੇ ਟ੍ਰਿਨਿਟੀ ਮਾਲ ਵਾਲੇ ਸਿਨਮੇ ਵਿਚ ਵੀ ਬੇਹੱਦ ਭੀੜ ਸੀ। ਫ਼ਿਲਮ ਦੇਖਣ ਲਈ ਟਿਕਟਾਂ ਲੈਣ ਵਾਸਤੇ ਲੋਕਾਂ ਨੂੰ ਲੰਮਾ ਸਮਾਂ ਕਤਾਰਾਂ ਵਿਚ ਖੜ੍ਹਨਾ ਪੈ ਰਿਹਾ ਹੈ। ਕੈਨੇਡਾ ਦੇ ਸਿਨੇਮਿਆਂ ਵਿਚ ਕਈ-ਕਈ ਹਫ਼ਤਿਆਂ ਦੀ ਬੁਕਿੰਗ ਚੱਲੀ ਤੇ ਫ਼ਿਲਮ ਦੇਖਣ ਲਈ ਲੰਮਾ ਸਮਾਂ ਉਡੀਕ ਕਰਨੀ ਪਈ। ਫ਼ਿਲਮ ਦੇਖ ਚੁੱਕੇ ਲੋਕਾਂ ਦਾ ਕਹਿਣਾ ਹੈ ਕਿ ਉਸ ਵਿਚ ਫਿਰਕੇ ਜਾਂ ਧਰਮ ਬਾਰੇ ਕੋਈ ਗਲਤ ਗੱਲ ਨਹੀਂ ਕੀਤੀ ਗਈ।



ਲੋਕਾਂ ਦਾ ਕਹਿਣਾ ਹੈ ਕਿ ਫਿਲਮ 'ਤੇ ਰੋਕ ਲਾਉਣ ਦੀ ਬਜਾਏ ਪੰਜਾਬ ਸਰਕਾਰ ਫ਼ਿਲਮ ਦੇਖ ਕੇ ਇਸ ਤੋਂ ਸਬਕ ਸਿੱਖੇ।

ਇਸ ਫਿਲਮ 'ਤੇ ਪੰਜਾਬ ਸਰਕਾਰ ਦੀ ਪਾਬੰਦੀ ਬਾਰੇ ਬਹੁਤ ਸਾਰੇ ਲੋਕਾਂ ਨੇ ਅਖ਼ਬਾਰਾਂ, ਟੀਵੀ ਚੈਨਲਾਂ ਤੇ ਰੇਡੀਓ ਟਾਕ ਸ਼ੋਅਜ਼ ਵਿਚ ਚਰਚਾ ਛੇੜੀ। ਸਭ ਨੇ ਪਾਬੰਦੀ ਨੂੰ ਨਿੰਦਦਿਆਂ ਫਿਲਮ ਦੀ ਪੇਸ਼ਕਾਰੀ ਨੂੰ ਸਲਾਹਿਆ। ਰੇਡੀਓ 'ਤੇ ਚੱਲੀ ਚਰਚਾ ਦੌਰਾਨ ਇਹ ਗੱਲ ਵੀ ਉੱਭਰੀ ਕਿ ਅਸ਼ਲੀਲ ਗਾਇਕੀ ਤੇ ਚੈਨਲਾਂ ਉਤੇ ਪਰੋਸੇ ਜਾ ਰਹੇ ਗੰਦ ਉਤੇ ਪੰਜਾਬ ਸਰਕਾਰ ਨੇ ਪਾਬੰਦੀ ਲਾਉਣ ਬਾਰੇ ਅਜੇ ਤੱਕ ਕਿਉਂ ਨਹੀਂ ਸੋਚਿਆ।


## ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਤਲਬ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬੀ ਫ਼ਿਲਮ 'ਸਾਡਾ ਹੱਕ' ਦੀ ਸਿਨੇਮਿਆਂ ਵਿਚ ਰਿਲੀਜ਼ 'ਤੇ ਲਾਈ ਰੋਕ ਵਿਰੁੱਧ ਪੰਜਾਬ, ਚੰਡੀਗੜ੍ਹ ਤੇ ਦਿੱਲੀ ਨੂੰ ਨੋਟਿਸ ਜਾਰੀ ਕਰਕੇ ਇਸ ਦਾ ਕਾਰਨ ਦੱਸਣ ਲਈ ਕਿਹਾ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਅਲਤਮਸ ਕਬੀਰ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਪੁੱਛਿਆ ਹੈ ਕਿ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀ.ਬੀ.ਐਫ.ਸੀ) ਵੱਲੋਂ ਫਿਲਮ ਨੂੰ 'ਯੂ' ਸਰਟੀਫਿਕੇਟ ਜਾਰੀ ਕਰਨ ਤੋਂ ਬਾਅਦ ਪਾਬੰਦੀ ਕਿਉਂ ਲਾਈ ਗਈ ਹੈ। ਜ਼ਿਕਰਯੋਗ ਹੈ ਕਿ 'ਯੂ' ਸਰਟੀਫਿਕੇਟ ਤੋਂ ਬਾਅਦ ਕੋਈ ਵੀ ਫਿਲਮ ਨੂੰ ਦੇਖ ਸਕਦਾ ਹੈ। ਦਿੱਲੀ ਸਰਕਾਰ ਦੇ ਵਕੀਲ ਵਾਸੀਮ ਕਾਦਰੀ ਨੇ ਅਦਾਲਤ ਨੂੰ ਦੱਸਿਆ ਕਿ ਲੈਫਟੀਨੈਂਟ ਗਵਰਨਰ ਨੇ ਫਿਲਮ ਨੂੰ ਦਿਖਾਉਣਾ ਤੁਰੰਤ ਪ੍ਰਭਾਵ ਮੁਲਤਵੀ ਕਰ ਦਿੱਤਾ ਹੈ ਕਿਉਂਕਿ ਇਸ ਨਾਲ ਅਮਨ-ਕਾਨੂੰਨ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਫਿਲਮ ਦੇ ਨਿਰਮਾਤਾ ਵੱਲੋਂ ਸੀਨੀਅਰ ਵਕੀਲ ਕੋਲਿਨ ਗੋਂਸਾਲਵੇਜ਼ ਪੇਸ਼ ਹੋਏ। ਉਨ੍ਹਾਂ ਕਿਹਾ ਕਿ ਇਹ ਫਿਲਮ ਨੌਜਵਾਨਾਂ ਨੂੰ ਹਿੰਸਾ ਵਿਰੁੱਧ ਪ੍ਰਭਾਵਸ਼ਾਲੀ ਢੰਗ ਨਾਲ ਹਾਂ-ਪੱਖੀ ਸੁਨੇਹਾ ਲਾਉਂਦੀ ਹੈ।

# ਅਮਰੀਕੀਆਂ ਨੂੰ ਰਗੜਾ ਲਾਉਣ ਵਾਲੇ ਪੰਜਾਬੀ ਗਏ ਜੇਲ੍ਹ

**ਨਿਊ ਯਾਰਕ:** ਧੋਖਾਧੜੀ ਦੇ ਇਕ ਮਾਮਲੇ ਵਿਚ ਅਮਰੀਕਾ ਦੀ ਅਦਾਲਤ ਵੱਲੋਂ ਦੋ ਪੰਜਾਬੀਆਂ ਨੂੰ ਸਜ਼ਾ ਸੁਣਾਈ ਗਈ ਹੈ। ਇਸ ਮਾਮਲੇ ਵਿਚ ਜ਼ਿਲ੍ਹਾ ਜੱਜ ਲਾਰੈਂਸ ਓ ਨੀਲ ਨੇ ਕੈਲੀਫੋਰਨੀਆ ਦੇ ਵਸਨੀਕ 47 ਸਾਲਾ ਬਲਜੀਤ ਸਿੰਘ ਤੇ 36 ਸਾਲਾ ਸ਼ਰਨਜੀਤ ਕੌਰ ਨੂੰ ਕ੍ਰਮਵਾਰ ਚਾਰ ਸਾਲ ਤੇ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ। ਉਕਤ ਦੋਸ਼ੀਆਂ 'ਤੇ ਗਲਤ ਤਰੀਕੇ ਨਾਲ ਵਾਇਰ ਫਰਾਡ (ਤਾਰ ਸੰਦੇਸ਼ ਧੋਖਾਧੜੀ) ਕਰਕੇ ਭਾਰਤ ਵਿਚ ਕੋਲਕਾਤਾ ਵਿਚ ਕਾਲ ਸੈਂਟਰ ਚਲਾਉਣ ਦਾ ਦੋਸ਼ ਸੀ ਜਿਸ ਰਾਹੀਂ ਉਨ੍ਹਾਂ ਨੇ ਕਈ ਵਿਅਕਤੀਆਂ ਨਾਲ ਧੋਖਾ ਕੀਤਾ।

ਇਸ ਤੋਂ ਇਲਾਵਾ ਜੱਜ ਵੱਲੋਂ ਨਿਊ ਯਾਰਕ ਵਿਚ ਸ਼ਰਨਜੀਤ ਕੌਰ ਦੀ ਇਕ ਲੱਖ ਅਮਰੀਕੀ ਡਾਲਰ ਤੋਂ ਵੱਧ ਦੀ ਜਾਇਦਾਦ ਦੀ ਕੁਰਕੀ ਤੇ ਇਨ੍ਹਾਂ ਦੋਹਾਂ ਦੇ ਨਾਂ 'ਤੇ ਦੋ ਬੈਂਕ ਖਾਤਿਆਂ ਵਿਚ ਪਏ 26,000 ਅਮਰੀਕੀ ਡਾਲਰ ਨੂੰ ਵੀ ਜ਼ਬਤ



ਕਰਨ ਦੇ ਹੁਕਮ ਜਾਰੀ ਕੀਤੇ ਹਨ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਦੋਵਾਂ ਦੋਸ਼ੀਆਂ ਨੇ ਧੋਖਾਧੜੀ ਦੇ ਮਕਸਦ ਨਾਲ ਕੈਲੇਫੋਰਨੀਆ ਵਿਚ ਕਈ ਕੰਪਨੀਆਂ ਬਣਾਈਆਂ ਤੇ ਅਮਰੀਕਾ ਵਿਚ ਘੱਟੋ-ਘੱਟ 180 ਜਣਿਆਂ ਨੂੰ ਠੱਗਿਆ।

ਇਨ੍ਹਾਂ ਦੋਵਾਂ ਨੇ ਲੋਕਾਂ ਨੂੰ ਦੱਸਿਆ ਕਿ ਉਨ੍ਹਾਂ ਦੀਆਂ ਕੰਪਨੀਆਂ ਕਰਜ਼ ਦਿਵਾਉਣ ਲਈ ਸੇਵਾਵਾਂ ਦਿੰਦੀਆਂ ਹਨ। ਦੋਵਾਂ ਨੇ ਘੱਟ ਵਿਆਜ 'ਤੇ ਕਰਜ਼ੇ, ਕਰਜ਼ ਰਿਪੋਰਟਾਂ ਦੀਆਂ ਤਰੁੱਟੀਆਂ ਦੂਰ ਕਰਨ ਤੇ ਕੇਸਾਂ ਤੋਂ ਬਚਣ ਲਈ ਮਦਦ ਦੇਣ ਦਾ ਭਰੋਸਾ ਦਿੱਤਾ ਸੀ। ਖਪਤਕਾਰਾਂ ਨੂੰ ਭਰਮਾਉਣ ਤੋਂ ਬਾਅਦ ਦੋਸ਼ੀਆਂ ਤੇ ਇਨ੍ਹਾਂ ਦੇ ਏਜੰਟਾਂ ਨੇ ਖਪਤਕਾਰਾਂ ਨੂੰ ਹਰ ਮਹੀਨੇ ਪੰਜ ਸੌ ਡਾਲਰ ਦੀ ਅਦਾਇਗੀ ਕਰਨ ਲਈ ਕਿਹਾ। ਇਸ ਬਦਲੇ ਖਪਤਕਾਰਾਂ ਨੂੰ ਕਰਜ਼ ਦੀ ਪ੍ਰਵਾਨਗੀ ਦੇ ਫਰਜ਼ੀ ਪੱਤਰ ਭੇਜੇ ਗਏ। ਖਪਤਕਾਰਾਂ ਕੋਲੋਂ ਕੀਤੀ ਉਗਰਾਹੀ ਨੂੰ ਦੋਵਾਂ ਨੇ ਆਪਣੇ ਫਾਇਦੇ ਲਈ ਵਰਤਿਆ ਜਾਂ ਇਹ ਪੈਸਾ ਕੋਲਕਾਤਾ ਵਿਚ ਇਕ ਵਿਅਕਤੀ ਨੂੰ ਭੇਜ ਦਿੱਤਾ ਗਿਆ।

# ਕੱਚੇ ਕਾਮਿਆਂ ਤੋਂ ਆਈਗੇਟ ਨੇ ਕਮਾਏ ਅਰਬਾਂ ਡਾਲਰ

**ਟੋਰਾਂਟੋ:** ਭਾਰਤ ਸਮੇਤ ਹੋਰਾਂ ਦੇਸ਼ਾਂ ਤੋਂ ਸਸਤੇ ਰੇਟਾਂ 'ਤੇ ਕਾਮੇ ਲਿਆ ਕੇ ਕਾਰੋਬਾਰੀ ਕੰਪਨੀਆਂ ਨੂੰ ਦੇਣ ਦੇ ਮਾਮਲੇ ਦਾ ਖੁਲਾਸਾ ਹੋਣ ਤੋਂ ਬਾਅਦ 'ਆਈਗੇਟ' ਕੰਪਨੀ ਖ਼ਿਲਾਫ਼ ਕੈਨੇਡਿਆਈ ਲੋਕਾਂ ਵਿਚ ਖਾਸਾ ਗੁੱਸਾ ਨਜ਼ਰ ਆ ਰਿਹਾ ਹੈ। ਕੈਨੇਡਾ ਦੀ ਰਾਇਲ ਬੈਂਕ ਵਿਚ ਕੱਚੇ ਮੁਲਾਜ਼ਮਾਂ ਦੀ ਭਰਤੀ ਨੂੰ ਲੈ ਕੇ ਵਿਵਾਦ ਵਿਚ ਘਿਰੀ ਇਹ ਕੰਪਨੀ ਇਸ ਧੰਦੇ ਤੋਂ ਇਕ ਅਰਬ ਡਾਲਰ ਦੇ ਲਾਗੇ ਪੈਸਾ ਕਮਾ ਚੁਕੀ ਹੈ।

ਇਸ ਘਟਨਾਕ੍ਰਮ ਵਿਚ ਰਾਇਲ ਬੈਂਕ ਦਾ ਮੁਖੀ ਗੋਰਡ ਨਿਕਸਨ ਕੈਨੇਡਾ ਦੇ ਪ੍ਰਭਾਵਤ ਮੁਲਾਜ਼ਮਾਂ ਤੋਂ ਮੁਆਫੀ ਮੰਗਣ ਲਈ ਰਾਜ਼ੀ ਹੋ ਗਿਆ ਹੈ। ਕੈਲੇਫੋਰਨੀਆ ਵਿਚ ਹੈੱਡਕੁਆਰਟਰ ਵਾਲੀ ਇਹ ਕੰਪਨੀ ਦੁਨੀਆਂ ਭਰ ਦੇ ਕੋਈ ਹਜ਼ਾਰ ਕਾਰੋਬਾਰੀ ਕੰਪਨੀਆਂ ਨੂੰ ਭਾਰਤ ਤੇ ਹੋਰ ਮੁਲਕਾਂ ਵਿਚੋਂ ਸਸਤੇ ਮੁੱਲ 'ਤੇ ਨਿਪੁੰਨ ਕਾਮੇ ਮੁਹੱਈਆ ਕਰਵਾਉਂਦੀ ਹੈ। ਪਤਾ ਲੱਗਾ ਹੈ ਕਿ 2008 ਤੋਂ ਲੈ ਕੇ ਹੁਣ ਤੱਕ ਆਈਗੇਟ ਕੰਪਨੀ ਦਾ ਸਰਮਾਇਆ ਪੰਜ ਗੁਣਾ ਵਧ ਚੁੱਕਾ ਹੈ।

ਇਹ 21.80 ਕਰੋੜ ਡਾਲਰ ਤੋਂ ਵਧ ਕੇ ਇਕ ਬਿਲੀਅਨ ਡਾਲਰ ਹੋ ਚੁੱਕਾ ਹੈ ਤੇ ਇਸ ਦਾ ਮੁਨਾਫਾ ਪਿਛਲੇ ਪੰਜ ਸਾਲਾਂ ਵਿਚ ਤਿੰਨ ਕਰੋੜ ਡਾਲਰ ਤੋਂ 9.5 ਕਰੋੜ ਡਾਲਰਾਂ ਦਾ ਹੋ ਗਿਆ ਹੈ। ਬੀਤੇ ਦਿਨੀਂ ਇਹ ਗੱਲ ਬਾਹਰ ਆਈ ਹੈ ਕਿ ਕੈਨੇਡਾ ਦੀ ਰਾਇਲ ਬੈਂਕ ਕੁਝ ਕੱਚੇ ਆਈ.ਟੀ ਮੁਲਾਜ਼ਮ ਭਰਤੀ ਕਰ ਰਹੀ ਹੈ। ਵਿਦੇਸ਼ਾਂ ਵਿਚੋਂ ਸਸਤੇ ਕਾਮੇ ਲਿਆਉਣ ਦਾ ਮਾਮਲਾ ਇਥੋਂ ਦੇ ਕਿਰਤੀਆਂ ਨੂੰ ਹਜ਼ਮ ਨਹੀਂ ਹੋ ਰਿਹਾ। ਕੈਨੇਡਾ ਦਾ ਮਨੁੱਖੀ ਸਰੋਤ ਮਹਿਕਮਾ ਇਸ ਮਾਮਲੇ ਦੀ ਤਫਤੀਸ਼ ਕਰੇਗਾ। ਆਈਗੇਟ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਕੈਨੇਡਾ ਦੇ ਕਾਨੂੰਨ ਦੇ ਦਾਇਰੇ ਵਿਚ ਹੀ ਅਜਿਹਾ ਕੀਤਾ ਹੈ ਤੇ ਸਰਕਾਰ ਦੀ ਜਾਂਚ ਵਿਚ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ ਹੈ।

ਦਰਅਸਲ ਕੈਨੇਡਾ ਨੇ ਕੱਚੇ ਕਾਮਿਆਂ ਦਾ ਪ੍ਰੋਗਰਾਮ ਬਹੁਤ ਸਾਲਾਂ ਤੋਂ ਇਸ ਕਰ ਕੇ ਚਲਾਇਆ ਸੀ ਕਿ ਇਥੋਂ ਦੇ ਕਿਸਾਨ ਵਾਢੀ ਦੀ ਰੁੱਤ ਵਿਚ ਬਾਹਰੋਂ ਬੰਦੇ ਮੰਗਵਾ ਕੇ ਕੰਮ ਚਲਾ ਸਕਣ ਪਰ ਬਾਅਦ ਵਿਚ ਇਹ ਪ੍ਰੋਗਰਾਮ ਬਜ਼ੁਰਗਾਂ ਤੇ ਬੇਸਹਾਰਾ ਲੋਕਾਂ ਲਈ ਨੈਨੀਆਂ ਮੰਗਵਾਉਣ ਤੱਕ ਵਧ ਗਿਆ। ਹੁਣ ਕੋਈ ਕੰਪਨੀ ਵੀ ਕਿਰਤ ਮੰਡੀ ਰਾਇ ਰਾਹੀਂ ਕੈਨੇਡਾ ਵਿਚ ਯੋਗ ਕਾਮੇ ਨਾ ਮਿਲਣਾ ਸਾਬਤ ਕਰ ਕੇ ਬਾਹਰੋਂ ਕੱਚੇ ਕਾਮੇ ਮੰਗਵਾ ਸਕਦੀ ਹੈ ਤੇ ਕਾਨੂੰਨਨ ਇਨ੍ਹਾਂ ਕਾਮਿਆਂ ਨੂੰ ਸਥਾਨਕ ਕਿਰਤੀਆਂ ਤੋਂ 15 ਫੀਸਦ ਘੱਟ ਵੇਤਨ ਮਿਲਦਾ ਹੈ। ਇਸੇ ਦਾ ਫਾਇਦਾ ਇਹ ਕੰਪਨੀਆਂ ਲਗਾਤਾਰ ਚੁੱਕ ਰਹੀਆਂ ਹਨ। ਸੂਤਰਾਂ ਮੁਤਾਬਕ 2012 ਦੇ ਅਖੀਰ ਤੱਕ ਕੈਨੇਡਾ ਵਿਚ ਕੋਈ 338,000 ਕੱਚੇ ਕਾਮੇ ਮੌਜੂਦ ਸਨ ਅਤੇ ਟੋਰਾਂਟੋ ਵਿਚ ਪੰਜ ਵਾਸੀਆਂ ਪਿੱਛੇ ਇਕ ਕੱਚਾ ਵਿਦੇਸ਼ੀ ਕਾਮਾ ਹੈ।

# ਰਾਖਸ਼ੀ ਅਪਰਾਧ ਦੇ ਪਾਤਰ ਤੇ ਮਾਨਸਕ ਤਵਾਜ਼ਨ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਹਿਟਲਰ ਦੀਆਂ ਰਾਖਸ਼ੀ ਕਰਤੂਤਾਂ ਨਾਲ ਸਬੰਧਤ ਆਪਣਾ ਨਾਵਲ ਲਿਖ ਕੇ ਹਟਿਆ ਹਾਂ। ਮੈਨੂੰ ਨਵੀਂ ਦਿੱਲੀ ਦੇ ਜਰਮਨ ਦੂਤਾਵਾਸ ਤੇ ਉਥੋਂ ਦੀ ਮੈਕਸ ਮੂਲਰ ਭਵਨ ਲਾਇਬਰੇਰੀ ਵਿਚ ਜਿਹੜੇ ਦਸਤਾਵੇਜ਼ ਪੜ੍ਹਨ ਨੂੰ ਮਿਲੇ ਉਹ ਪਾਠਕ ਨੂੰ ਸਿਰ ਤੋਂ ਪੈਰਾਂ ਤੱਕ ਕੰਬਾਉਣ ਵਾਲੇ ਹਨ। ਅੰਗਰੇਜ਼ੀ ਰਾਜ ਵਿਚ ਪੰਜਾਬੀਆਂ ਨੇ ਵਿਸਾਖੀ ਵਾਲੇ ਦਿਨ ਜਿਹੜਾ ਜਨਰਲ ਡਾਇਰ ਦਾ ਰਾਖਸ਼ੀ ਚਿਹਰਾ ਵੇਖਿਆ, ਉਹ ਵੀ ਘਟ ਘਿਨਾਉਣਾ ਨਹੀਂ ਸੀ। ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿਚ ਵਿਸਾਖੀ ਮਨਾਉਣ ਲਈ ਇਕੱਠੇ ਹੋਏ ਪੰਜਾਬੀਆਂ 'ਤੇ-ਜਿਨ੍ਹਾਂ ਵਿਚ ਬੱਚੇ, ਬੁੱਢੇ ਤੇ ਔਰਤਾਂ ਵੀ ਸ਼ਾਮਲ ਸਨ, 1650 ਗੋਲੀਆਂ ਚਲਾ ਕੇ 379 ਮਾਯੂਸ ਲੋਕਾਂ ਨੂੰ ਜਾਨ ਤੋਂ ਮਾਰਨਾ ਤੇ 1500 ਲੋਕਾਂ ਨੂੰ ਜ਼ਖਮੀ ਕਰਨਾ ਅਤਿਅੰਤ ਵਹਿਸ਼ੀ ਵਰਤਾਰਾ ਸੀ। ਉਸ ਨੇ ਇਹ ਕਾਰਾ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਦੇ ਇਸ਼ਾਰੇ ਉਤੇ ਕੀਤਾ ਸੀ। ਸੁਨਾਮ ਦੇ ਅੱਠ ਸਾਲਾ ਊਧਮ ਸਿੰਘ ਨੇ ਇਹ ਕਾਰਾ ਅੱਖੀਂ ਵੇਖਿਆ ਸੀ। ਅੰਮ੍ਰਿਤਸਰ ਦੇ ਅਨਾਥ ਆਸ਼ਰਮ ਵਿਚ ਪਲ ਰਿਹਾ ਇਹ ਬਾਲਕ ਉਸ ਸਮੇਂ ਤ੍ਰਿਹਾਏ ਲੋਕਾਂ ਲਈ ਜਲ ਦੀ ਸੇਵਾ ਨਿਭਾ ਰਿਹਾ ਸੀ। ਉਸ ਨੇ ਦੋ ਦਹਾਕੇ ਪਿੱਛੋਂ ਕੈਕਸਟਨ ਹਾਲ, ਲੰਡਨ ਦੇ ਭਰੇ ਜਲਸੇ ਵਿਚ ਆਪਣੇ ਕੀਤੇ ਦੀ ਵਾਰ-ਵਾਰ ਫੜ੍ਹ ਮਾਰਨ ਵਾਲੇ ਓਡਵਾਇਰ ਨੂੰ ਆਪਣੀ ਗੋਲੀ ਦਾ ਸ਼ਿਕਾਰ ਬਣਾ ਕੇ ਖੁਦ ਸ਼ਹੀਦ ਦੀ ਪਦਵੀ ਪ੍ਰਾਪਤ ਕੀਤੀ। ਹਿਟਲਰ ਦੇ ਧਾਵੇ ਵਿਚ ਘਿਰੀ ਬਰਤਾਨਵੀ ਸਰਕਾਰ ਨੇ ਨੌਜਵਾਨ ਊਧਮ ਸਿੰਘ ਨੂੰ ਬਹੁਤ ਥੋੜ੍ਹੀ ਅਦਾਲਤੀ ਕਾਰਵਾਈ ਰਾਹੀਂ ਕਾਤਲ ਕਰਾਰ ਦੇ ਕੇ ਚੁਪ ਚੁਪੀਤੇ ਫਾਂਸੀ ਲਾ ਕੇ ਪੈਨਟਨਵਿੱਲੇ ਜੇਲ੍ਹ ਦੀ ਕੰਧ ਨੇੜੇ ਸਪੁਰਦੇ ਖਾਕ ਕਰ ਛੱਡਿਆ ਸੀ।

ਊਧਮ ਸਿੰਘ ਨੇ ਇਹ ਕੰਮ ਜਿੰਨੇ ਸਹਿਜ ਤੇ ਦ੍ਰਿੜਤਾ ਨਾਲ ਯੋਗ ਮੌਕਾ ਚੁਣ ਕੇ ਨੇਪਰੇ ਚਾੜ੍ਹਿਆ, ਉਸ ਦੀ ਚਰਚਾ ਰਹਿੰਦੀ ਦੁਨੀਆਂ ਤੱਕ ਹੁੰਦੀ ਰਹੇਗੀ ਪਰ ਓਡਵਾਇਰ ਦੇ ਇਸ਼ਾਰੇ ਦੀ ਪਾਲਣਾ ਕਰਕੇ ਮਾਸੂਮਾਂ ਉਤੇ ਗੋਲੀਆਂ ਦੀ ਵਾਛੜ ਕਰਵਾਉਣ ਵਾਲੇ ਜਨਰਲ ਡਾਇਰ ਨੂੰ ਵੀ ਅੱਡੀਆਂ ਰਗੜ ਰਗੜ ਕੇ ਜਾਨ ਦੇਣੀ ਪਈ। ਜਦੋਂ ਉਸ ਤੋਂ ਜਰਨੈਲੀ ਦਾ ਫੀਤਾ ਲੁਹਾ ਕੇ ਕਰਨੈਲ ਦੀ ਪਦਵੀ ਉਤੇ ਸੇਵਾ ਮੁਕਤ ਕੀਤਾ ਗਿਆ, ਉਹ ਆਪਣੇ ਦੋਸ਼ ਦੇ ਪਛਤਾਵੇ ਥੱਲੇ ਏਨੀ ਬੁਰੀ ਤਰ੍ਹਾਂ ਦੱਬਿਆ ਗਿਆ ਕਿ ਉਸ ਦੇ ਮਨ ਵਿਚ ਆਈ ਦਿਲਗੀਰੀ ਤੇ ਵਿਸ਼ਾਦ ਨੇ ਉਸ ਨੂੰ ਮੂੰਹ ਦਿਖਾਉਣ ਜੋਗਾ




ਨਹੀਂ ਸੀ ਛੱਡਿਆ। ਅੰਤ ਉਹ ਲੁਕ ਛਿਪ ਕੇ ਜੀਵਨ ਜੀਊ ਰਹੇ ਨਿਰਾਸ਼ ਤੇ ਬੇਸਹਾਰਾ ਦੋਸ਼ੀ ਦੀ ਮੌਤੇ ਮਰਿਆ। ਇਹ ਨਿਰਾਸ਼ਾ ਤੇ ਏਕਾਂਤ ਉਸ ਨੂੰ ਜੁਲਾਈ 1927 ਤੱਕ ਅੱਠ ਸਾਲ ਭੋਗਣੇ ਪਏ। ਉਸ ਨੂੰ ਅਧਰੰਗ ਹੋ ਗਿਆ ਤੇ ਬੇਹੋਸ਼ੀ ਦੀ ਹਾਲਤ ਵਿਚ ਵੀ ਅੰਬਰਸ-ਅੰਬਰਸ ਬੁੜਬੁੜਾਉਂਦਾ ਰਹਿੰਦਾ। ਅੰਤ ਉਸ ਦਾ ਦਿਲ ਤੇ ਦਿਮਾਗ਼ ਕੰਮ ਕਰਨੋ ਹਟ ਗਏ। ਭਾਵੇਂ ਹੰਟਰ ਕਮੇਟੀ ਦੀ ਸੁਣਵਾਈ ਸਮੇਂ ਉਸ ਦੀ ਸ਼ਹਿ ਪੂਰਨ ਵਾਲੀ ਬਰਤਾਨੀਆ ਦੀ ਰੂੜ੍ਹੀਵਾਦੀ ਸਰਕਾਰ ਤੋਂ ਬਿਨਾ ਉਸ ਦਾ ਮਨੋਬਲ ਬਣਾਈ ਰੱਖਣ ਵਾਲਿਆਂ ਨੇ ਉਹਦੇ ਲਈ ਉਨ੍ਹਾਂ ਸਮਿਆਂ ਵਿਚ 30,000 ਪੌਂਡ ਦਾ ਭਾਰੀ ਦਾਨ ਵੀ ਇਕੱਠਾ ਕੀਤਾ ਪਰ ਉਸ ਦਾ ਮਾਨਸਕ ਤਵਾਜ਼ਨ ਨਹੀਂ ਬਣਾ ਸਕੇ। ਅਸ਼ਕੇ ਜਾਈਏ ਸਮੇਂ ਦੇ ਯਹੂਦੀ ਸੈਕਟਰੀ ਆਫ ਸਟੇਟ ਫਾਰ ਇੰਡੀਆ ਐਡਵਿਨ ਮੌਨਟੈਗੂ ਅਤੇ ਭਵਿੱਖ ਦੇ ਪ੍ਰਧਾਨ ਮੰਤਰੀ ਵਿਨਸਟਨ ਚਰਚਿਲ ਦੇ, ਜਿਨ੍ਹਾਂ ਨੇ ਡਾਇਰ ਨੂੰ ਸਾਫ ਸ਼ਬਦਾਂ ਵਿਚ ਅਤਿਵਾਦੀ ਕਰਾਰ ਦੇ ਕੇ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਮਾਈਲਜ਼ ਇਰਵਿੰਗ ਨੂੰ ਵੀ ਨਹੀਂ ਬਖਸ਼ਿਆ। ਐਡਵਿਨ ਮੋਨਟੈਸੋ ਨੇ ਡਾਇਰ ਦੀ ਕਰਤੂਤ ਨੂੰ ਸ਼ਰੇਆਮ ਹੈਂਕੜ ਕਿਹਾ ਸੀ ਤੇ ਚਰਚਿਲ ਨੇ ਡਾਇਰ ਦੀ ਇਸ ਕਾਰਵਾਈ ਨੂੰ ਅਸਧਾਰਨ ਘਟਨਾ, ਰਾਖਸ਼ੀ ਕਾਰਾ ਤੇ ਮਨਹੂਸ ਕਰਤੂਤ ਜਿਹੇ ਸ਼ਬਦਾਂ ਨਾਲ ਨਿੰਦਿਆ ਸੀ ਤੇ ਉਹ ਵੀ ਬਰਤਾਨਵੀ ਲੋਕ ਸਭਾ ਵਿਚ।

ਨਿਸਚੇ ਹੀ ਘੋਰ ਅਪਰਾਧੀਆਂ ਨੂੰ ਅਪਰਾਧ ਦੇ ਰਾਹ ਤੋਰਨ ਵਾਲੇ ਉਹ ਸਿਆਸਤਦਾਨ ਹੁੰਦੇ ਹਨ ਜਿਹੜੇ ਭੋਲੇ ਭਾਲੇ ਤੇ ਮਾਸੂਮ ਲੋਕਾਂ ਨੂੰ ਮਰਵਾਉਣ ਵੇਲੇ ਵੀ ਆਪਣੀਆਂ ਸਿਆਸੀ ਰੋਟੀਆਂ ਸੇਕ ਰਹੇ ਹੁੰਦੇ ਹਨ। ਖਾਸ ਕਰਕੇ ਉਹ ਜਿਹੜੇ ਘਟਨਾ ਤੋਂ ਪਿੱਛੋਂ ਕਾਤਲ ਨੂੰ ਦੂਰ ਨੇੜੇ ਪਨਾਹ ਦੇ ਕੇ ਉਨ੍ਹਾਂ ਦੇ ਨਾਂ ਉਤੇ ਦਾਨ ਉਗਰਾਹੁੰਦੇ ਹਨ ਅਤੇ ਆਪਣੇ ਦੇਸ਼ ਦੀਆਂ ਕਚਹਿਰੀਆਂ ਵਿਚ ਤਰਸ ਤੇ ਦਇਆ ਦੀਆਂ ਅਪੀਲਾਂ ਪਾ ਕੇ ਵਿਧੀ-ਵਿਧਾਨ ਨੂੰ ਸਿਰੇ ਨਹੀਂ ਲੱਗਣ ਦਿੰਦੇ। ਉਹ ਇਹ ਨਹੀਂ ਸੋਚਦੇ ਕਿ ਦੋਸ਼ ਦੇ ਪਾਤਰ ਨੂੰ ਉਸ ਦੇ ਸੀਸ ਉਤੇ ਲਟਕਦੀ ਕਾਨੂੰਨ ਦੀ ਤਲਵਾਰ ਕਿੰਨਾ ਪ੍ਰੇਸ਼ਾਨ ਕਰ ਰਹੀ ਹੁੰਦੀ ਹੈ। ਊਧਮ ਸਿੰਘ ਤੇ ਭਗਤ ਸਿੰਘ ਜਿਹੇ ਸੂਰਮੇ ਰੋਜ਼ ਰੋਜ਼ ਨਹੀਂ ਜੰਮਦੇ ਜੋ ਕੀਤੇ ਦਾ ਇਕਬਾਲ ਕਰਕੇ ਖਿੜੇ ਮੱਥੇ ਸ਼ਹੀਦੀਆਂ ਪਾਉਂਦੇ ਹਨ। ਅੱਜ ਦੇ ਯੁਗ ਵਿਚ ਪਾਠਕ, ਸਰੋਤੇ ਅਤੇ ਦਰਸ਼ਕ ਤਾਂ ਅਪਰਾਧ ਦੀ ਲਪੇਟ ਵਿਚ ਆਏ ਪਾਤਰ ਦੀਆਂ ਮੀਡੀਆ ਰਾਹੀਂ ਪੇਸ਼ ਹੋਈਆਂ ਚੜ੍ਹਦੀ ਕਲਾ ਤੇ ਢਹਿੰਦੀ ਕਲਾ ਦੀਆਂ ਤਸਵੀਰਾਂ ਦੇਖ ਕੇ ਉਸ ਦੇ ਦੁੱਖ ਨੂੰ ਪਛਾਣ ਲੈਂਦੇ ਹਨ, ਸਿਆਸਤਦਾਨ ਨਹੀਂ। ਉਹ ਉਸ ਦੀ ਪ੍ਰੇਸ਼ਾਨੀ ਨੂੰ ਲਟਕਾ ਕੇ ਸਵਾਦ ਲੈਂਦੇ ਹਨ।

ਸਿਆਸਤਦਾਨਾਂ ਨੂੰ ਕੌਣ ਸਮਝਾਵੇ ਕਿ ਦੇਸ਼ ਤੇ ਕੌਮ ਦੀ ਨਿਆਂ ਪ੍ਰਣਾਲੀ ਦਾ ਆਦਰ ਨਾ ਕਰਨਾ ਵੀ ਦੋਸ਼ ਹੈ।

**ਅੰਤਿਕਾ:**

*(ਸੁਰਜੀਤ ਪਾਤਰ ਦੀ 'ਸਰਜ਼ਮੀਨ' ਵਿਚੋਂ)*

ਮੈਂ ਰਾਹਾਂ 'ਤੇ ਨਹੀਂ ਤੁਰਦਾ,
ਮੈਂ ਤੁਰਦਾ ਹਾਂ ਤਾਂ ਰਾਹ ਬਣਦੇ।
ਜੁਗਾਂ ਤੋਂ ਕਾਫਲੇ ਆਉਣ
ਇਸੇ ਸੱਚ ਦੇ ਗਵਾਹ ਬਣਦੇ।
ਇਹ ਤਪਦੀ ਰੇਤ ਦੱਸਦੀ ਹੈ
ਕਿ ਰਸਤਾ ਠੀਕ ਹੈ ਮੇਰਾ
ਇਹ ਸੜਦੇ ਪੈਰ, ਸੜਦੇ ਦਿਲ,
ਮੇਰੇ ਸੱਚ ਦੇ ਗਵਾਹ ਬਣਦੇ।
ਜੋ ਲੋਅ ਮੱਥੇ 'ਚੋਂ ਉਗਦੀ ਹੈ
ਉਹ ਅਸਲੀ ਤਾਜ ਹੁੰਦੀ ਹੈ,
ਤਵੀ ਦੇ ਤਖਤ 'ਤੇ ਬਹਿ ਕੇ ਹੀ
ਸੱਚੇ ਪਾਤਸ਼ਾਹ ਬਣਦੇ।

## ਮਿੰਨੀ ਕਹਾਣੀ

### ਦੀਨੂ

ਮਾਂ, ਮੈਂ ਹੁਣੇ ਦੇਖ ਕੇ ਆਇਐਂ, ਦੀਨੂ ਅੱਜ ਫੇਰ ਪਿਤਾ ਜੀ ਦੇ ਕਮਰੇ ਵਿਚ ਸੌਂ ਰਿਹੈ! ਮੁੰਡੇ ਨੂੰ ਬਹੁਤ ਗੁੱਸਾ ਆ ਰਿਹਾ ਸੀ।

ਹਾਂ ਹਾਂ, ਮੈਂ ਤਾਂ ਪਹਿਲਾਂ ਹੀ ਕਹਿੰਦੀ ਸੀ ਕਿ ਇਹ ਨਵਾਂ ਨੌਕਰ ਇਕਦਮ ਚਾਲੂ ਐ। ਥੋੜੀ ਜੀ ਨਰਮੀ ਵਰਤੀ ਨ੍ਹੀਂ ਕਿ ਇਹਦੇ ਪੈਰ ਤੇਰੇ ਪਿਤਾ ਜੀ ਦੇ ਕਮਰੇ ਵੱਲ...। ਮਾਂ ਚਿੰਤਤ ਸੀ, ਇਸ ਮੋਏ ਨੂੰ ਆਏ ਅਜੇ ਦਿਨ ਈ ਕਿੰਨੇ ਹੋਏ ਨੇ। ਆਪਣੀ ਕੋਠੜੀ ਤੋਂ ਏਨ੍ਹਾਂ ਦੇ ਕਮਰੇ ਤੱਕ ਜਾਣ ਦੀ ਹਿੰਮਤ ਤਾਂ ਦੇਖੋ। ਹੇ ਰਾਮ, ਇਹ ਤਾਂ ਦੋ ਚਾਰ ਦਿਨ 'ਚ ਈ ਨਜ਼ਾਰੇ ਦਿਖਾਣ ਲੱਗ ਪਿਆ। ਕੀ ਕਰਾਂ, ਤਿੰਨ ਤਿੰਨ ਨੂੰਹਾਂ ਨੇ ਘਰ 'ਚ, ਪਰ ਸਾਰੀਆਂ ਦੀਆਂ ਸਾਰੀਆਂ ਨਿਕੰਮੀਆਂ। ਨਹੀਂ ਤਾਂ ਕੀ ਲੋੜ ਸੀ ਨੌਕਰ ਦੀ।

ਉਹ ਆਪਣੇ ਪਤੀ ਦੇ ਕਮਰੇ ਵੱਲ ਮੁੜੀ, ਅੱਜ ਇਸ ਦੀ ਖ਼ੈਰ ਨਹੀ! ਓ ਦੀਨੂ ਦੇ ਬੱਚੇ, ਕੰਬਖ਼ਤ...।

ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਦੀਨੂ ਸਹਿਮਿਆ ਜਿਹਾ ਬੋਲਿਆ, "ਮਾਂ ਜੀ, ਸਾਰੀ ਰਾਤ ਬਾਬੂ ਜੀ ਖੰਘਦੇ ਰਹੇ। ਉਨ੍ਹਾਂ ਨੂੰ ਉਲਟੀਆਂ ਵੀ ਆਈਆਂ। ਤੁਸੀਂ ਸਾਰੇ ਆਪੋ-ਆਪਣੇ ਕਮਰਿਆਂ ਵਿਚ ਸੁੱਤੇ ਪਏ ਸੀ। ਉਹ ਬੜੇ ਔਖੇ ਹੋ ਕੇ ਮੇਰੀ ਕੋਠੜੀ ਤੱਕ ਪਹੁੰਚੇ। ਮੈਂ ਕਿਹਾ, ਮਾਲਕਣ ਨੂੰ ਜਗਾ ਦਿਆਂ? ਬੋਲੇ, ਚੁੱਪ ਹੋ ਜਾ। ਮੈਂ ਕਿਹਾ, ਛੋਟੇ ਮਾਲਕ ਨੂੰ ਜਗਾ ਲਿਆਵਾਂ, ਛੋਟੀ ਮਾਲਕਣ ਨੂੰ ਬੁਲਾ ਲਿਆਵਾਂ? ਉਹ ਰੋਣ ਲੱਗ ਪਏ। ਬੋਲੇ, ਤੂੰ ਵੀ ਜਾਣਾ ਤਾਂ ਜਾ...। ਛੱਡ ਜਾ 'ਕੱਲੇ ਮਰਨ ਦੇ ਮੈਨੂੰ.....। ਮਾਂ ਜੀ, ਮੈਂ ਆਪਣੀ ਮਰਜ਼ੀ ਨਾਲ ਨਹੀਂ ਆਇਆ।" ਮਾਂ ਨੂੰ ਕੱਟੋ ਤਾਂ ਖ਼ੂਨ ਨਹੀਂ। ਕਦੇ ਉਹ ਦੀਨੂ ਵੱਲ ਦੇਖ ਰਹੀ ਸੀ ਤੇ ਕਦੇ ਬੀਮਾਰ ਪਤੀ ਨੂੰ।

*-ਅੰਜਨਾ ਅਨਿਲ*



Global Multi Services

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

ਇਸ ਮਹੀਨੇ ਸਪੈਸ਼ਲ ਆਫਰ

8 Drive Tire for $2300+Tax

80,000 Miles Warranty



*Repair Shop*

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।
ਫੋਨ: 209-547-9210
ਫੈਕਸ: 209-547-9211

Dispatch

ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁੱਕਦੇ ਹਾਂ। Calgary ਅਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।
ਫੋਨ: 209-547-9210
ਫੈਕਸ: 209-547-9211

*Registration Services*

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।
ਫੋਨ: 209-982-9996
ਫੈਕਸ: 209-982-9997

Allignment, Axle, Speceial Offer $179
(Exp: March 31, 2013)

ਅਸੀਂ ਹੁਣ ਟਰੱਕ ਤੇ ਟਰੇਲਰ ਦੀ ਅਲਾਈਨਮੈਂਟ ਵੀ ਕਰਦੇ ਹਾਂ

ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop


Rajinder Singh

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ
Stockton ਵਿਚ Highway 4 ਦੇ ਬਿਲਕੁਲ ਨਜ਼ਦੀਕ
1950 E. Miner Ave., Stockton, CA 95205

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com


Manitpal Singh

# ਭਾਰੀ ਫੀਸਾਂ ਨਾਲ ਵੀ ਨਾ ਘਟਿਆ ਸ਼ੌਕ ਹਥਿਆਰਾਂ ਦਾ!

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਅਸਲਾ ਲਾਇਸੈਂਸ ਬਣਾਉਣ ਦੀ ਪ੍ਰਕਿਰਿਆ ਔਖੀ ਕਰਨ ਤੇ ਫ਼ੀਸਾਂ ਵਿਚ ਭਾਰੀ ਵਾਧੇ ਦਾ ਫੈਸਲਾ ਵੀ ਪੰਜਾਬੀਆਂ ਦੇ ਹਥਿਆਰ ਰੱਖਣ ਦੇ ਸ਼ੌਕ ਨੂੰ ਠੱਲ੍ਹਣ ਵਿਚ ਨਾਕਾਮ ਰਿਹਾ ਹੈ। ਲੋਕ ਜਾਨ ਮਾਲ ਦੀ ਰਾਖੀ ਨਾਲੋਂ ਆਪਣੀ 'ਠੁੱਕ' ਬਣਾਉਣ ਲਈ ਵੱਧ ਅਸਲਾ ਖਰੀਦਦੇ ਹਨ। ਪੰਜਾਬ ਵਿਚ ਇਕ ਲਾਇਸੈਂਸ ਬਣਾਉਣ ਲਈ ਤਕਰੀਬਨ 20 ਹਜ਼ਾਰ ਰੁਪਏ ਦੇ ਸਿੱਧੇ ਤੇ ਅਸਿੱਧੇ ਖ਼ਰਚੇ ਪੈ ਜਾਂਦੇ ਹਨ।

ਉਸ ਪਿੱਛੋਂ ਅਸਲਾ ਖ਼ਰੀਦਣ 'ਤੇ ਤਕਰੀਬਨ ਇਕ ਲੱਖ ਰੁਪਏ ਖਰਚ ਹੋ ਜਾਂਦਾ ਹੈ। ਇਸ ਤਰ੍ਹਾਂ ਪੰਜਾਬੀਆਂ ਨੇ ਅਰਬਾਂ ਰੁਪਏ ਦਾ ਅਸਲਾ ਖਰੀਦ ਕੇ ਟਰੰਕਾਂ ਵਿਚ ਸਾਂਭ ਦਿੱਤਾ ਹੈ। ਲਾਇਸੈਂਸ ਹੋਲਡਰਾਂ ਦੀ ਪਹਿਲੀ ਪਸੰਦ ਭਾਰਤੀ ਅਸਲਾ ਫੈਕਟਰੀਆਂ ਵੱਲੋਂ ਬਣਾਇਆ ਜਾਂਦਾ ਰਿਵਾਲਵਰ ਖ਼ਰੀਦਣ ਦੀ ਹੁੰਦੀ ਹੈ। ਪਿਛਲੇ ਕੁਝ ਵਰ੍ਹਿਆਂ ਵਿਚ ਰਿਵਾਲਵਰ ਪਹਿਲੀ ਪਸੰਦ ਸੀ ਪਰ ਹੁਣ ਪਿਸਤੌਲ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ।

ਪਿਛਲੇ ਪੰਜ ਸਾਲਾਂ ਵਿਚ ਪੰਜਾਬੀਆਂ ਨੇ 12,596 ਰਿਵਾਲਵਰ ਤੇ 2476 ਪਿਸਤੌਲ ਖ਼ਰੀਦੇ ਹਨ। ਇਸ ਤੋਂ ਬਿਨਾਂ 12 ਬੋਰ ਬੰਦੂਕਾਂ ਤੇ ਰਾਈਫਲਾਂ ਬੋਲੀ 'ਤੇ ਖ਼ਰੀਦੀਆਂ ਤੇ ਪੁਰਾਣੇ



ਅਸਲੇ ਦੀ ਖ਼ਰੀਦ ਦੀ ਗਿਣਤੀ ਵੱਖਰੀ ਹੈ। ਸੂਚਨਾ ਦੇ ਅਧਿਕਾਰ ਤਹਿਤ ਹਾਸਲ ਜਾਣਕਾਰੀ ਅਨੁਸਾਰ ਫੀਲਡ ਗੰਨ ਫੈਕਟਰੀ ਕਾਨਪੁਰ ਨੇ ਜਨਵਰੀ 2005 ਤੋਂ ਲੈ ਕੇ ਮਈ 2005 ਤੱਕ ਪੂਰੇ ਭਾਰਤ ਵਿਚ 72741 ਰਿਵਾਲਵਰ ਵੇਚੇ ਹਨ ਜਿਨ੍ਹਾਂ ਵਿਚੋਂ ਇਕੱਲੇ ਪੰਜਾਬੀਆਂ ਨੇ 12596 ਰਿਵਾਲਵਰ ਖ਼ਰੀਦੇ ਹਨ। ਫ਼ੀਲਡ ਗੰਨ ਫੈਕਟਰੀ ਕਾਨਪੁਰ ਦੇ ਛੋਟੀ ਨਾਲੀ ਵਾਲੇ ਰਿਵਾਲਵਰ ਦੀ ਕੀਮਤ 85652 ਰੁਪਏ ਤੇ ਲੰਬੀ ਨਾਲੀ ਵਾਲੇ ਰਿਵਾਲਵਰ ਦੀ ਕੀਮਤ 112843 ਰੁਪਏ ਹੈ।

ਇਸ ਤਰ੍ਹਾਂ ਗੰਨ ਐਂਡ ਸ਼ੈੱਲ ਫੈਕਟਰੀ ਕੋਸੀਪੋਰ (ਕਲਕੱਤਾ) ਨੇ ਮਈ 2005 ਤੋਂ ਮਈ 2012 ਤੱਕ 2476 ਪਿਸਤੌਲ ਪੰਜਾਬ ਦੇ ਲਾਇਸੈਂਸੀਆਂ ਨੂੰ 87,742 ਰੁਪਏ ਦੇ ਹਿਸਾਬ ਨਾਲ ਵੇਚੇ ਹਨ। ਇਨ੍ਹਾਂ ਦੋਵਾਂ ਫ਼ੈਕਟਰੀਆਂ ਤੋਂ ਸੱਤ ਸਾਲਾਂ ਵਿਚ ਕੁੱਲ 15072 ਰਿਵਾਲਵਰ ਤੇ ਪਿਸਤੌਲ ਪੰਜਾਬੀਆਂ ਨੇ ਖ਼ਰੀਦੇ ਹਨ। ਇਸ ਬਦਲੇ ਔਸਤਨ ਇਕ ਅਰਬ 28 ਕਰੋੜ 11 ਲੱਖ ਰੁਪਏ ਤੋਂ ਵੱਧ ਰਿਵਾਲਵਰ ਤੇ ਪਿਸਤੌਲ ਖ਼ਰੀਦਣ 'ਤੇ ਹੀ ਖ਼ਰਚੇ ਹਨ ਜਦੋਂਕਿ ਗੋਲੀਆਂ ਦੀ ਕੀਮਤ ਤੇ ਭਾਰਤ ਦੀਆਂ ਹੋਰ ਫੈਕਟਰੀਆਂ ਤੇ ਜ਼ਬਤ ਕੀਤੇ ਸਰਕਾਰੀ ਅਸਲੇ ਦੀ ਖ਼ਰੀਦ ਦੀ ਗਿਣਤੀ ਵੱਖਰੀ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਹਥਿਆਰ ਚੁੱਕਣ 'ਤੇ ਵੀ ਪਾਬੰਦੀ ਲਾਈ ਜਾਂਦੀ ਰਹੀ ਹੈ। ਇਸ ਦੇ ਬਾਵਜੂਦ ਵੀ ਲੋਕਾਂ ਵਿਚ ਹਥਿਆਰ ਖ਼ਰੀਦਣ ਦਾ ਸ਼ੌਕ ਅਜੇ ਘੱਟ ਨਹੀਂ ਹੋਇਆ। ਲੋਕਾਂ ਦਾ ਕਹਿਣਾ ਹੈ ਕਿ ਜਦੋਂ ਵੀ ਪੰਜਾਬ ਵਿਚ ਕੋਈ ਮਾੜੀ ਘਟਨਾ ਵਾਪਰ ਜਾਂਦੀ ਹੈ ਤਾਂ ਸਰਕਾਰ ਵੱਲੋਂ ਜਾਇਜ਼ ਅਸਲਾਧਾਰੀਆਂ 'ਤੇ ਤਾਂ ਪਾਬੰਦੀ ਲਾ ਦਿੱਤੀ ਜਾਂਦੀ ਹੈ, ਜਦਕਿ ਗੈਰ-ਸਮਾਜਿਕ ਅਨਸਰਾਂ ਉਪਰ ਇਹੋ ਜਿਹੀ ਕੋਈ ਪਾਬੰਦੀ ਲਾਗੂ ਨਹੀਂ ਹੁੰਦੀ ਜਿਸ ਕਰਕੇ ਉਹ ਆਪਣੇ ਨਾਜਾਇਜ਼ ਹਥਿਆਰਾਂ ਨਾਲ ਵਾਰਦਾਤ ਕਰ ਜਾਂਦੇ ਹਨ।

## ਨੱਬੇ ਸਾਲਾ ਔਰਤ ਨੂੰ ਬਣਾਇਆ ਹਵਸ ਦਾ ਸ਼ਿਕਾਰ

**ਮੁਕੇਰੀਆਂ:** ਸਬ ਡਵੀਜ਼ਨ ਦੇ ਪਿੰਡ ਹਲੇੜ ਜਨਾਰਦਨ ਦੀ 90 ਸਾਲਾ ਬਜ਼ੁਰਗ ਔਰਤ ਨਾਲ ਜਬਰ ਜਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤ ਸਿਵਲ ਹਸਪਤਾਲ ਮੁਕੇਰੀਆਂ ਵਿਚ ਜ਼ੇਰੇ ਇਲਾਜ ਹੈ। ਬਜ਼ੁਰਗ ਦੇ ਪੁੱਤਰ ਵੇਦ ਪ੍ਰਕਾਸ਼ ਨੇ ਪੁਲਿਸ ਨੂੰ ਦਿੱਤੇ ਬਿਆਨ ਵਿਚ ਦੱਸਿਆ ਕਿ ਉਸ ਦੀ 90 ਸਾਲਾ ਮਾਤਾ ਜੋ ਚੰਗੀ ਤਰ੍ਹਾਂ ਬੋਲ ਨਹੀਂ ਸਕਦੀ, ਘਰੋਂ ਮੰਡ ਮੋਤਲਾਂ ਵਿਚ ਇਕ ਮੰਦਰ ਮੱਥਾ ਟੇਕਣ ਗਈ ਸੀ ਪਰ ਸ਼ਾਮ ਤੱਕ ਵਾਪਸ ਨਾ ਆਈ।

ਦੇਰ ਸ਼ਾਮ ਜਦੋਂ ਉਸ ਦੀ ਭਾਲ ਕੀਤੀ ਗਈ ਤਾਂ ਤਕਰੀਬਨ 6.30 ਵਜੇ ਮੋਤਲਾਂ ਦੇ ਮੰਡ ਵਿਚਲੇ ਜੰਗਲਾਤ ਦੇ ਰਕਬੇ ਵਿਚ ਪਿੰਡ ਦੇ ਹੀ ਰਘੁਵੀਰ ਸਿੰਘ (50) ਉਸ ਨਾਲ ਜਬਰ ਜਨਾਹ ਕਰ ਰਿਹਾ ਸੀ ਜੋ ਉਸ ਨੂੰ ਦੇਖ ਕੇ ਦੌੜ ਗਿਆ। ਉਸ ਨੇ ਦੱਸਿਆ ਕਿ ਉਸ ਨੇ ਮਾਤਾ ਨੂੰ ਗੰਭੀਰ ਹਾਲਤ ਵਿਚ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ। ਪੁਲਿਸ ਨੇ ਰਘੁਵੀਰ ਸਿੰਘ ਖ਼ਿਲਾਫ਼ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

## ਸੁਮੇਧ ਸੈਣੀ ਦੀ ਨਿਯੁਕਤੀ ਨੂੰ ਚੁਣੌਤੀ ਰੱਦ

**ਚੰਡੀਗੜ੍ਹ:** ਆਪਣੀ ਨਿਯੁਕਤੀ ਨੂੰ ਲੈ ਕੇ ਵਿਵਾਦਾਂ ਵਿਚ ਘਿਰੇ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸਿੰਘ ਸੈਣੀ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਅਦਾਲਤ ਨੇ ਉਨ੍ਹਾਂ ਦੀ ਨਿਯੁਕਤੀ ਵਿਰੁੱਧ ਪਟੀਸ਼ਨ ਨੂੰ ਖਾਰਜ ਕਰਦਿਆਂ ਉਨ੍ਹਾਂ ਦੀ ਨਿਯੁਕਤੀ ਨੂੰ ਸਹੀ ਕਰਾਰ ਦਿੱਤਾ ਹੈ। ਹਾਈ ਕੋਰਟ ਦੇ ਇਸ ਫੈਸਲੇ ਨਾਲ ਜਿਥੇ ਸ੍ਰੀ ਸੈਣੀ ਨੇ ਸੁੱਖ ਦਾ ਸਾਹ ਲਿਆ ਹੈ, ਉਥੇ ਪੰਜਾਬ ਸਰਕਾਰ ਨੂੰ ਵੀ ਰਾਹਤ ਮਿਲੀ ਹੈ ਕਿਉਂਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਿਛਲੇ ਵਰ੍ਹੇ ਆਪਣੀ ਸਰਕਾਰ ਦੀ ਦੂਜੀ ਪਾਰੀ ਸੰਭਾਲਦਿਆਂ ਹੀ ਕਈ ਧਿਰਾਂ ਨੂੰ ਨਰਾਜ਼ ਕਰਕੇ ਸ੍ਰੀ ਸੈਣੀ ਨੂੰ ਡਾਇਰੈਕਟਰ ਜਨਰਲ ਪੁਲੀਸ (ਡੀਜੀਪੀ) ਨਿਯੁਕਤ ਕੀਤਾ ਸੀ। ਅਦਾਲਤ ਨੇ ਇਹ ਫੈਸਲਾ ਸੁਣਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸ੍ਰੀ ਸੈਣੀ ਨੂੰ ਡੀਜੀਪੀ ਨਿਯੁਕਤ ਕਰਨ ਵੇਲੇ ਲੋੜੀਂਦੀ ਪ੍ਰਕ੍ਰਿਆ ਮੁਕੰਮਲ ਕੀਤੀ ਸੀ। ਇਸ ਲਈ ਸ੍ਰੀ ਸੈਣੀ ਦੀ ਨਿਯੁਕਤੀ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਬੈਂਚ ਨੇ ਇਸ ਕੇਸ ਦੀ ਚਾਰ ਫਰਵਰੀ ਨੂੰ ਆਖਰੀ ਸੁਣਵਾਈ ਕਰਨ ਤੋਂ ਬਾਅਦ ਫੈਸਲਾ ਰਾਖਵਾਂ ਰੱਖ ਲਿਆ ਸੀ। ਉਧਰ, ਇਹ ਰਿੱਟ ਦਾਇਰ ਕਰਨ ਵਾਲੀ ਸੰਸਥਾ 'ਵਾਇਸ ਫਾਰ ਫਰੀਡਮ' ਨੇ ਹਾਈ ਕੋਰਟ ਦੇ ਇਸ ਫੈਸਲੇ ਵਿਰੁੱਧ ਸੁਪਰੀਮ ਕੋਰਟ ਦਾ ਕੁੰਡਾ ਖੜਕਾਉਣ ਦਾ ਐਲਾਨ ਕੀਤਾ ਹੈ।



ਇਸ ਸੰਸਥਾ ਨੇ ਆਪਣੀ ਰਿੱਟ ਵਿਚ ਦੋਸ਼ ਲਾਇਆ ਸੀ ਕਿ ਸ੍ਰੀ ਸੈਣੀ ਵਿਰੁੱਧ ਦਿੱਲੀ ਦੀ ਇਕ ਅਦਾਲਤ ਵਿਚ ਅਪਰਾਧਿਕ ਮਾਮਲਾ ਚੱਲ ਰਿਹਾ ਹੈ ਤੇ ਇਸ ਮਾਮਲੇ ਵਿਚ ਦੋਸ਼ ਵੀ ਆਇਦ ਹੋ ਚੁੱਕੇ ਹਨ। ਇਸ ਲਈ ਅਜਿਹੇ ਦਾਗੀ ਅਧਿਕਾਰੀ ਨੂੰ ਪੰਜਾਬ ਪੁਲਿਸ ਦੇ ਮੁਖੀ ਜਿਹੇ ਅਹਿਮ ਅਹੁਦੇ ਉਪਰ ਤਾਇਨਾਤ ਕਰਨਾ ਕਿਸੇ ਤਰ੍ਹਾਂ ਵੀ ਵਾਜਬ ਨਹੀਂ। ਰਿੱਟ ਵਿਚ ਇਹ ਵੀ ਕਿਹਾ ਗਿਆ ਸੀ ਕਿ ਜੇ ਇਕ ਦਾਗੀ ਵਿਅਕਤੀ ਨੂੰ ਪੁਲਿਸ ਮੁਖੀ ਬਣਾਇਆ ਜਾਵੇਗਾ ਤਾਂ ਹੋਰ ਦਾਗੀ ਪੁਲਿਸ ਅਧਿਕਾਰੀ ਵੀ ਆਪਣੀਆਂ ਤਰੱਕੀਆਂ ਦੀ ਮੰਗ ਕਰਨਗੇ। ਜ਼ਿਕਰਯੋਗ ਹੈ ਕਿ ਇਕ ਵਾਰ ਤਾਂ ਹਾਈ ਕੋਰਟ ਨੇ ਸੰਸਥਾ ਦੀ ਰਿੱਟ ਇਹ ਕਹਿ ਕੇ ਖਾਰਜ ਕਰ ਦਿੱਤੀ ਸੀ ਕਿ ਉਨ੍ਹਾਂ ਨੂੰ ਅਜਿਹੀ ਰਿੱਟ ਦਾਇਰ ਕਰਨ ਦਾ ਕੋਈ ਅਧਿਕਾਰ ਨਹੀਂ ਪਰ ਬਾਅਦ ਵਿਚ ਮੁੱਖ ਜੱਜ ਨੇ ਹੀ ਇਸ ਨਾਜ਼ੁਕ ਮਾਮਲੇ ਦਾ ਖ਼ੁਦ ਨੋਟਿਸ ਲੈਂਦਿਆਂ ਕੇਸ ਚਲਾਉਣ ਦੇ ਆਦੇਸ਼ ਦਿੱਤੇ ਸਨ। ਸ੍ਰੀ ਸੈਣੀ ਨੇ ਜਦੋਂ ਤੋਂ ਪੰਜਾਬ ਪੁਲਿਸ ਦੀ ਕਮਾਨ ਸੰਭਾਲੀ ਹੈ, ਉਦੋਂ ਤੋਂ ਹੀ ਉਹ ਕਿਸੇ ਨਾ ਕਿਸੇ ਵਿਵਾਦ ਜਾਂ ਪੰਜਾਬ ਵਿਚ ਲਗਾਤਾਰ ਵਾਪਰ ਰਹੀਆਂ ਘਟਨਾਵਾਂ ਕਾਰਨ ਚਰਚਾ ਵਿਚ ਰਹੇ ਹਨ।

## ਲੁਟੇਰਿਆਂ ਵੱਲੋਂ ਨੂੰਹ ਸੱਸ ਦੀ ਹੱਤਿਆ

**ਬਟਾਲਾ:** ਲੁੱਟ ਦੀ ਨੀਅਤ ਨਾਲ ਕੁਝ ਅਣਪਛਾਤੇ ਲੁਟੇਰਿਆਂ ਨੇ ਪਿੰਡ ਭੋਮਾ ਦੇ ਇਕ ਘਰ ਵਿਚ ਦਾਖਲ ਹੋ ਕੇ ਨੂੰਹ-ਸੱਸ ਦਾ ਕਤਲ ਕਰ ਦਿੱਤਾ। ਇਸ ਬਾਰੇ ਪੁਲਿਸ ਨੂੰ ਜਾਣਕਾਰੀ ਦਿੰਦਿਆਂ ਲਾਭ ਸਿੰਘ ਪੁੱਤਰ ਸਵ: ਮਹਿੰਦਰ ਸਿੰਘ ਵਾਸੀ ਭੋਮਾ (ਘੁਮਾਣ) ਨੇ ਦੱਸਿਆ ਕਿ ਉਹ ਰਾਤੀਂ ਤਕਰੀਬਨ ਸਾਢੇ ਨੌਂ ਵਜੇ ਮੋਟਰ ਚਲਾਉਣ ਲਈ ਖੇਤਾਂ ਵਿਚ ਚਲਾ ਗਿਆ ਸੀ। ਉਸ ਸਮੇਂ ਘਰ ਵਿਚ ਉਸ ਦੀ ਮਾਤਾ ਬਲਜੀਤ ਕੌਰ (56) ਤੇ ਪਤਨੀ ਸ਼ਰਨਜੀਤ ਕੌਰ (20) ਇਕੱਲੀਆਂ ਸਨ।

ਬਿਜਲੀ ਨਾ ਹੋਣ ਕਾਰਨ ਉਹ ਮੋਟਰ 'ਤੇ ਹੀ ਸੌਂ ਗਿਆ। ਜਦੋਂ ਸਵੇਰੇ ਘਰ ਆ ਕੇ ਦਰਵਾਜ਼ਾ ਖੜਕਾਇਆ ਤਾਂ ਅੰਦਰੋਂ ਕਿਸੇ ਨੇ ਦਰਵਾਜ਼ਾ ਨਾ ਖੋਲ੍ਹਿਆ। ਜਦੋਂ ਕਿਸੇ ਤਰ੍ਹਾਂ ਅੰਦਰ ਜਾ ਕੇ ਵੇਖਿਆ ਤਾਂ ਉਸ ਦੀ ਪਤਨੀ ਤੇ ਮਾਤਾ ਵੱਖ-ਵੱਖ ਕਮਰਿਆਂ ਵਿਚ ਬੈੱਡ 'ਤੇ ਪਈਆਂ ਸਨ ਤੇ ਉਨ੍ਹਾਂ ਦੇ ਗਲ ਚੁੰਨੀਆਂ ਨਾਲ ਘੁੱਟੇ ਹੋਏ ਸਨ ਤੇ ਘਰ ਦਾ ਸਾਰਾ ਸਾਮਾਨ ਖਿਲਰਿਆ ਪਿਆ ਸੀ।

ਘਰ ਵਿਚੋਂ ਕਾਫੀ ਸੋਨੇ ਦੇ ਗਹਿਣੇ ਤੇ ਨਕਦੀ ਗਾਇਬ ਸੀ। ਉਸ ਨੇ ਦੱਸਿਆ ਕਿ ਦੋ ਮਹੀਨੇ ਪਹਿਲਾਂ ਹੀ ਸ਼ਰਨਜੀਤ ਕੌਰ ਨਾਲ ਮੇਰਾ ਵਿਆਹ ਹੋਇਆ ਸੀ ਤੇ ਮੇਰੇ ਪਿਤਾ ਦੀ 2 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ। ਪੁਲਿਸ ਨੇ ਬਿਆਨਾਂ ਦੇ ਅਧਾਰ 'ਤੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸੰਤ ਬਲਜੀਤ ਸਿੰਘ ਦਾਦੂਵਾਲ ਸਮਰਥਕਾਂ ਸਮੇਤ ਗ੍ਰਿਫ਼ਤਾਰ

**ਤਲਵੰਡੀ ਸਾਬੋ:** ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਪੁਲਿਸ ਨੇ ਉਨ੍ਹਾਂ ਦੇ ਸਮਰਥਕਾਂ ਸਮੇਤ ਵਿਸਾਖੀ ਮੌਕੇ ਤਖ਼ਤ ਸਾਹਿਬ ਦੀ ਮਲਕੀਅਤ ਵਾਲੀ ਜਗ੍ਹਾ 'ਤੇ ਧਾਰਮਿਕ ਸਮਾਗਮ ਕਰਨ ਦੇ ਮਾਮਲੇ ਨੂੰ ਲੈ ਕੇ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਮੌਕੇ ਸਮਰਥਕਾਂ ਨੇ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਇਸ ਤੋਂ ਪਹਿਲਾਂ 13 ਅਪਰੈਲ ਵਿਸਾਖੀ ਵਾਲੇ ਦਿਨ ਸੰਤ ਦਾਦੂਵਾਲ ਆਪਣੇ ਸੇਵਾਦਾਰਾਂ ਸਮੇਤ ਲੰਗਰ ਦਾ ਸਾਮਾਨ ਲੈ ਕੇ ਇਥੇ ਸਮਾਗਮ ਦੀ ਤਿਆਰੀ ਕਰਨ ਲਈ ਪਹੁੰਚੇ ਤਾਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਜਗ੍ਹਾ ਵਿਚ ਵੜਨ ਤੋਂ ਰੋਕ ਦਿੱਤਾ ਸੀ। ਸੰਤ ਦਾਦੂਵਾਲ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਤੇ ਆਪਣੇ ਸਮਰਥਕਾਂ ਸਮੇਤ ਜਦ ਇਥੇ ਪਹੁੰਚੇ ਤਾਂ ਉਥੇ ਪਹਿਲਾਂ ਤੋਂ ਹੀ ਤਾਇਨਾਤ ਸ਼੍ਰੋਮਣੀ ਕਮੇਟੀ ਮੁਲਾਜ਼ਮ, ਟਾਸਕ ਫੋਰਸ ਤੇ ਪੁਲਿਸ ਫੋਰਸ ਨੇ ਉਨ੍ਹਾਂ ਨੂੰ ਵੜਨ ਨਾ ਦਿੱਤਾ। ਬਾਬਾ ਦਾਦੂਵਾਲ ਤੇ ਉਨ੍ਹਾਂ ਨਾਲ ਆਈ ਸੰਗਤ ਜਗ੍ਹਾ ਦੇ ਬਾਹਰ ਹੀ ਬੈਠ ਗਈ।

ਪੁਲਿਸ ਨੇ ਜਦ ਸੰਤ ਦਾਦੂਵਾਲ ਨੂੰ ਗ੍ਰਿਫਤਾਰ



ਕਰਨਾ ਚਾਹਿਆ ਤਾਂ ਉਨ੍ਹਾਂ ਪਾਲਕੀ ਸਾਹਿਬ ਵਾਲੀ ਗੱਡੀ ਵਿਚ ਵੜ ਕੇ ਕੁੰਡੀ ਲਾ ਲਈ ਜਿਸ ਨਾਲ ਪੁਲਿਸ ਨੂੰ ਇਕ ਵਾਰ ਹੱਥਾਂ-ਪੈਰਾਂ ਦੀ ਪੈ ਗਈ। ਇਸ ਤੋਂ ਬਾਅਦ ਜਦ ਪੁਲਿਸ ਨੇ ਤਖ਼ਤ ਸਾਹਿਬ ਦੇ ਪੰਜ ਪਿਆਰਿਆਂ ਰਾਹੀਂ ਪਾਲਕੀ ਸਾਹਿਬ ਵਿਚੋਂ ਪਵਿੱਤਰ ਸਰੂਪ ਨੇੜੇ ਦੇ ਗੁਰਦੁਆਰਾ ਜੰਡਸਰ ਸਾਹਿਬ ਲਿਜਾਣ ਦੀ ਕੋਸ਼ਿਸ਼ ਕੀਤੀ ਤਾਂ ਪਾਲਕੀ ਵਿਚ ਮੌਜੂਦ ਗ੍ਰੰਥੀਆਂ ਤੇ ਪੁਲਿਸ ਦੀ ਵੀ ਤਕਰਾਰਬਾਜ਼ੀ ਹੋਈ। ਅਖ਼ੀਰ ਪੁਲਿਸ ਨੇ ਦਾਦੂਵਾਲ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰ ਰਹੇ ਉਸ ਦੇ ਤਕਰੀਬਨ ਦੋ ਦਰਜਨ ਸਮਰਥਕਾਂ ਨੂੰ ਪਹਿਲਾਂ ਗ੍ਰਿਫ਼ਤਾਰ ਕਰ ਲਿਆ ਤੇ ਬਾਅਦ ਵਿਚ ਦਾਦੂਵਾਲ ਨੂੰ ਹਿਰਾਸਤ ਵਿਚ ਲੈ ਲਿਆ।

## ਧੀ ਤੇ ਜਵਾਈ ਨਾਲ ਰਲ ਕੇ ਭੈਣ ਵੱਲੋਂ ਭਰਾ ਕਤਲ

**ਮੁੱਲਾਂਪੁਰ ਦਾਖਾ:** ਪੁਲਿਸ ਨੇ ਕਤਲ ਦੇ ਇਕ ਮਾਮਲੇ ਵਿਚ ਮ੍ਰਿਤਕ ਨੌਜਵਾਨ ਦੀ ਭੈਣ, ਭਾਣਜੀ ਤੇ ਭਾਣਜ ਜਵਾਈ ਨੂੰ ਗ੍ਰਿਫ਼ਤਾਰ ਕੀਤਾ ਹੈ। ਆਪਣੀ ਸ਼ਿਕਾਇਤ ਵਿਚ ਜਸਪਾਲ ਸਿੰਘ ਵਾਸੀ ਸਰਾਭਾ ਨੇ ਪੁਲਿਸ ਨੂੰ ਦੱਸਿਆ ਕਿ ਉਸਦਾ ਭਰਾ ਜਸਵਿੰਦਰ ਸਿੰਘ, ਭੈਣ ਪਰਮਜੀਤ ਕੌਰ ਨੂੰ ਮਿਲਣ ਲਈ ਡੇਹਲੋਂ ਗਿਆ ਸੀ।

ਅਗਲੇ ਦਿਨ ਉਸ ਦੀ ਭੈਣ ਪਰਮਜੀਤ ਕੌਰ ਨੂੰ ਕਿਸੇ ਨਾਮਲੂਮ ਵਿਅਕਤੀ ਦਾ ਫੋਨ ਆਇਆ ਕਿ ਉਸ ਦਾ ਭਰਾ ਡੇਹਲੋਂ ਗੁੱਜਰਵਾਲ ਸੜਕ 'ਤੇ ਡਿੱਗਿਆ ਪਿਆ ਹੈ। ਜਦੋਂ ਉਨ੍ਹਾਂ ਉਥੇ ਜਾ ਕੇ ਦੇਖਿਆ ਤਾਂ ਉਸ ਦੀ ਮੌਤ ਹੋ ਚੁੱਕੀ ਸੀ।

ਜਦੋਂ ਸ਼ੱਕ ਦੀ ਸੂਈ ਮ੍ਰਿਤਕ ਦੀ ਭੈਣ ਪਰਮਜੀਤ ਕੌਰ ਵੱਲ ਗਈ ਤਾਂ ਪੁਲਿਸ ਨੇ ਉਸ ਤੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ ਤਾਂ ਉਸ ਨੇ ਮੰਨਿਆ ਕਿ ਉਸ ਦਾ ਭਰਾ ਨਸ਼ਾ ਤੇ ਚੋਰੀ ਕਰਨ ਦਾ ਆਦੀ ਸੀ। ਉਸ ਦਾ ਭਰਾ ਉਨ੍ਹਾਂ ਦੀ ਕੰਧ ਟੱਪ ਕੇ ਚੋਰੀ ਕਰਨ ਆਇਆ ਸੀ ਤਾਂ ਉਸ ਨੇ ਆਪਣੇ ਪੁੱਤਰ ਜਗਪ੍ਰੀਤ ਸਿੰਘ, ਧੀ ਮਨਪ੍ਰੀਤ ਕੌਰ ਤੇ ਜਵਾਈ ਅਮਨਦੀਪ ਸਿੰਘ ਨਾਲ ਮਿਲ ਕੇ ਉਸ ਦਾ ਕਤਲ ਕਰ ਦਿੱਤਾ। ਪੁਲਿਸ ਅਫਸਰਾਂ ਮੁਤਾਬਕ ਇਸ ਕੇਸ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਸੀਨੀਅਰ ਅਫਸਰਾਂ ਨੂੰ ਲੱਗਾ ਤਰਨ ਤਾਰਨ ਕਾਂਡ ਦਾ ਸੇਕ

**ਤਰਨ ਤਾਰਨ:** ਪਿਛਲੇ ਦਿਨੀਂ ਤਰਨ ਤਾਰਨ ਦੇ ਪੈਲੇਸ ਦੇ ਬਾਹਰ ਪੁਲਿਸ ਮੁਲਾਜ਼ਮਾਂ ਵੱਲੋਂ ਦਲਿਤ ਲੜਕੀ ਦੀ ਕੁੱਟਮਾਰ ਕਰਨ ਦੇ ਮਾਮਲੇ ਵਿਚ ਸੁਪਰੀਮ ਕੋਰਟ ਵੱਲੋਂ ਲਏ ਗਏ ਸਖ਼ਤ ਸਟੈਂਡ ਤੋਂ ਬਾਅਦ ਪੰਜਾਬ ਸਰਕਾਰ ਨੇ ਕੁੱਟਮਾਰ ਕਰਨ ਵਾਲੇ ਦੋਵੇਂ ਪੁਲਿਸ ਮੁਲਾਜ਼ਮਾਂ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਹੈ। ਤਰਨਤਾਰਨ ਦੇ ਐਸਐਸਪੀ ਕਮਲਜੀਤ ਸਿੰਘ ਢਿੱਲੋਂ ਨੂੰ ਹਟਾ ਕੇ ਉਨ੍ਹਾਂ ਦੀ ਜਗ੍ਹਾ ਗੁਰਦਾਸਪੁਰ ਦੇ ਐਸਐਸਪੀ ਰਾਜਜੀਤ ਸਿੰਘ ਨੂੰ ਤਰਨਤਾਰਨ ਦਾ ਨਵਾਂ ਐਸ.ਐਸ.ਪੀ. ਨਿਯੁਕਤ ਕੀਤਾ ਹੈ।

ਇਸ ਮਾਮਲੇ ਵਿਚ ਤਰਨਤਾਰਨ ਦੇ ਥਾਣਾ ਸਿਟੀ ਐਸਐਚਓ ਨੂੰ ਵੀ ਪੁਲਿਸ ਲਾਈਨ ਭੇਜ ਦਿੱਤਾ ਹੈ ਤੇ ਉਨ੍ਹਾਂ ਦੀ ਜਗ੍ਹਾ ਨਵਾਂ ਐਸਐਚਓ ਲਾ ਦਿੱਤਾ ਗਿਆ ਹੈ। ਹੈਰਾਨੀ ਦੀ ਗੱਲ ਹੈ ਕਿ ਛੁੱਟੀ ਹੋਣ ਦੇ ਬਾਵਜੂਦ ਨਵੇਂ ਐਸਐਸਪੀ ਰਾਜਜੀਤ ਸਿੰਘ ਨੇ ਅਹੁਦਾ ਸੰਭਾਲ ਲਿਆ। ਪਿੰਡ ਉਸਮਾ ਦੀ ਰਹਿਣ ਵਾਲੀ ਦਲਿਤ ਲੜਕੀ ਹਰਬਿੰਦਰ ਕੌਰ ਨਾਲ ਹੋਈ ਕੁੱਟਮਾਰ ਦੇ ਮਾਮਲੇ ਵਿਚ ਆਪਣੇ ਤੌਰ 'ਤੇ ਕਾਰਵਾਈ ਕਰਦਿਆਂ ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਸਾਰੀ ਕਾਰਵਾਈ ਅਦਾਲਤ ਵਿਚ ਪੇਸ਼ ਕਰਨ



ਦੇ ਹੁਕਮ ਦਿੱਤੇ ਸਨ ਤੇ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਨਾਲ ਅਸਹਿਮਤ ਹੁੰਦਿਆਂ ਰਿਪੋਰਟ ਤਿਆਰ ਕਰਨ ਵਾਲੇ ਅਧਿਕਾਰੀਆਂ ਨੂੰ ਝਾੜ ਪਾਈ ਸੀ।

ਗਿਆਰ੍ਹਾਂ ਅਪਰੈਲ ਨੂੰ ਸੁਪਰੀਮ ਕੋਰਟ ਵਿਚ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਅਧਿਕਾਰੀਆਂ ਨੇ ਇਹ ਯਕੀਨ ਦਿਵਾਇਆ ਸੀ ਕਿ ਇਸ ਮਾਮਲੇ ਵਿਚ ਸਬੰਧਤ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਐਸਐਸਪੀ ਕਮਲਜੀਤ ਸਿੰਘ ਢਿੱਲੋਂ ਨੂੰ ਕਮਾਂਡੈਂਟ ਪੰਜਵੀਂ ਬਟਾਲੀਅਨ ਬਹਾਦਰਗੜ੍ਹ ਤਾਇਨਾਤ ਕਰ ਦਿੱਤਾ ਹੈ ਜਦਕਿ ਪੰਜਾਬ ਪੁਲਿਸ ਦੇ ਮੁਲਾਜ਼ਮ ਦਵਿੰਦਰ ਕੁਮਾਰ ਤੇ ਆਈਆਰਬੀ ਦੇ ਮੁਲਾਜ਼ਮ ਸਾਰਜ ਸਿੰਘ ਨੂੰ ਬਰਖ਼ਾਸਤ ਕਰ ਦਿੱਤਾ ਹੈ। ਇਸ ਦੇ ਨਾਲ ਹੀ ਪੁਲਿਸ ਅਧਿਕਾਰੀਆਂ ਨੇ ਤਰਨ ਤਾਰਨ ਦੇ ਐਸਐਚਓ ਨੂੰ ਲਾਈਨ ਹਾਜ਼ਰ ਕਰਕੇ ਉਨ੍ਹਾਂ ਦੀ ਜਗ੍ਹਾ ਸਰਾਏ ਅਮਾਨਤ ਖਾਂ ਵਿਚ ਤਾਇਨਾਤ ਸੁੱਚਾ ਸਿੰਘ ਨੂੰ ਥਾਣਾ ਸਿਟੀ ਤਰਨ ਤਾਰਨ ਦਾ ਨਵਾਂ ਐਸਐਚਓ ਨਿਯੁਕਤ ਕੀਤਾ ਹੈ। ਨੌਕਰੀ ਤੋਂ ਬਰਖ਼ਾਸਤ ਕੀਤੇ ਗਏ ਦੋਵੇਂ ਪੁਲਿਸ ਮੁਲਾਜ਼ਮ ਇਸ ਸਮੇਂ ਅੰਮ੍ਰਿਤਸਰ ਦੀ ਸੈਂਟਰਲ ਜੇਲ੍ਹ ਵਿਚ ਹਨ।

ਜ਼ਿਕਰਯੋਗ ਹੈ ਕਿ ਤਿੰਨ ਮਾਰਚ ਨੂੰ ਤਰਨ ਤਾਰਨ ਜ਼ਿਲ੍ਹੇ ਵਿਚ ਪੁਲੀਸ ਮੁਲਾਜ਼ਮਾਂ ਨੇ 22 ਸਾਲਾ ਦਲਿਤ ਕੁੜੀ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਸੀ। ਇਹ ਲੜਕੀ ਛੇੜਛਾੜ ਦੇ ਮਾਮਲੇ ਨੂੰ ਲੈ ਕੇ ਟੈਕਸੀ ਡਰਾਈਵਰ ਖ਼ਿਲਾਫ਼ ਕਾਰਵਾਈ ਦੀ ਮੰਗ ਕਰ ਰਹੀ ਸੀ ਪਰ ਪੁਲੀਸ ਨੇ ਉਲਟਾ ਉਸ ਨੂੰ ਹੀ ਬੇਰਹਿਮੀ ਨਾਲ ਕੁੱਟਿਆ। ਇਸ ਮਾਮਲੇ ਦਾ ਸੁਪਰੀਮ ਕੋਰਟ ਨੇ ਖ਼ੁਦ ਹੀ ਤਿੱਖਾ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਦੀ ਖਿਚਾਈ ਕੀਤੀ ਸੀ ਤੇ ਜ਼ਿੰਮੇਵਾਰ ਪੁਲੀਸ ਮੁਲਾਜ਼ਮਾਂ ਤੇ ਸੀਨੀਅਰ ਅਫਸਰਾਂ ਖ਼ਿਲਾਫ਼ ਕਾਰਵਾਈ ਦੀ ਹਦਾਇਤ ਦਿੱਤੀ ਸੀ।

# ਭਾਰਤ ਤੇ ਜਰਮਨੀ ਮੁਕਤ ਵਪਾਰ ਲਈ ਸਹਿਮਤ

**ਬਰਲਿਨ:** ਭਾਰਤ ਤੇ ਜਰਮਨੀ ਨੇ ਚਿਰਾਂ ਤੋਂ ਉਡੀਕੇ ਜਾ ਰਹੇ ਭਾਰਤ-ਯੂਰਪੀ ਯੂਨੀਅਨ ਮੁਕਤ ਵਪਾਰ ਨੂੰ ਇਸ ਸਾਲ ਸ਼ੁਰੂ ਕਰਨ ਦਾ ਟੀਚਾ ਮਿਥਿਆ ਹੈ ਜਦੋਂਕਿ ਇਸ ਨਾਲ ਸਬੰਧਤ ਅਨੇਕਾਂ ਸਵਾਲ ਅਜੇ ਵੀ ਅਣਸੁਲਝੇ ਹਨ। ਦੋਵਾਂ ਦੇਸ਼ਾਂ ਦਾ ਮੰਨਣਾ ਹੈ ਕਿ ਵਪਾਰ, ਦੁਵੱਲੇ ਨਿਵੇਸ਼, ਊਰਜਾ, ਊਰਜਾ ਸੁਰੱਖਿਆ, ਵਾਤਾਵਰਣ, ਸੱਭਿਆਚਾਰ, ਸਿੱਖਿਆ, ਟਰੇਨਿੰਗ, ਖੋਜ, ਤਕਨੀਕ ਤੇ ਰੱਖਿਆ ਖੇਤਰ ਵਿਚ ਦੁਵੱਲੇ ਵਿਕਾਸ ਦੀਆਂ ਬੇਹੱਦ ਸੰਭਾਵਨਾਵਾਂ ਹਨ।



ਇਸ ਸਮਝੌਤੇ ਦੇ ਲਾਗੂ ਹੋਣ ਨਾਲ ਵਿਕਾਸ ਨਵੀਆਂ ਦਿਸ਼ਾਵਾਂ ਨੂੰ ਛੂਹੇਗਾ। ਭਾਜਪਾ ਨੇ ਇਸ ਅਤਿ ਵਿਵਾਦਗ੍ਰਸਤ ਪਹਿਲਕਦਮੀ ਸਬੰਧੀ ਸੰਸਦ ਵਿਚ ਵਿਚਾਰ ਕਰਨ ਦੀ ਮੰਗ ਕੀਤੀ ਹੈ। ਭਾਜਪਾ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਯੂਰਪੀ ਯੂਨੀਅਨ ਦੇ ਨਾਲ ਮੁਕਤ ਵਪਾਰ ਨਾਲ ਭਾਰਤੀ ਬਾਜ਼ਾਰ ਵਿਚ ਡੇਅਰੀ, ਪੋਲਟਰੀ, ਸ਼ੂਗਰ, ਅਨਾਜ, ਕਨਫੈਕਸ਼ਨਰੀ, ਤੇਲ ਬੀਜ ਤੇ ਮੱਛੀ ਨਾਲ ਸਬੰਧਤ ਵਸਤਾਂ ਦਾ ਹੜ੍ਹ ਆ ਜਾਵੇਗਾ।

ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਜਰਮਨ ਚਾਂਸਲਰ ਐਂਜਲਾ ਮਾਰਕਲ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਤਿੰਨ ਰੋਜ਼ਾ ਫੇਰੀ ਦੇ ਅਖੀਰ ਵਿਚ ਕੀਤੇ ਸਾਂਝੇ ਐਲਾਨਨਾਮੇ ਵਿਚ ਕਿਹਾ ਹੈ ਕਿ ਉਹ ਭਾਰਤ ਤੇ ਯੂਰਪੀ ਯੂਨੀਅਨ ਵਿਚਕਾਰ ਬਹੁਮੰਤਵੀ ਗੱਲਬਾਤ ਨੂੰ ਸਫਲਤਾਪੂਰਵਕ ਨਤੀਜੇ ਤੱਕ ਪਹੁੰਚਾਉਣ ਲਈ ਵਚਨਬੱਧ ਹਨ। ਚਿਰਾਂ ਤੋਂ ਉਡੀਕੇ ਜਾ ਰਹੇ ਤੇ ਪਰਸਪਰ ਸਾਵੇਂ ਮੁਕਤ ਵਪਾਰ ਨਾਲ ਦੋਵਾਂ ਦੇਸ਼ਾਂ ਦੀ ਵਿਕਾਸ ਦਰ ਵਧੇਗੀ ਤੇ ਰੁਜ਼ਗਾਰ ਦੇ ਅਨੇਕਾਂ ਮੌਕੇ ਪੈਦਾ ਹੋਣਗੇ ਤੇ ਉਨ੍ਹਾਂ ਨੂੰ ਆਸ ਹੈ ਕਿ ਅੰਤਿਮ ਸਮਝੌਤਾ 2013 ਦੇ ਵਿਚ ਹੋ ਜਾਵੇਗਾ।

ਦੁਵੱਲੇ ਮੁਕਤ ਵਪਾਰ ਦੇ ਇਸ ਸਾਲ ਸ਼ੁਰੂ ਹੋਣ ਬਾਰੇ ਆਸ ਥੋੜ੍ਹੀ ਉਦੋਂ ਮੱਧਮ ਪੈਂਦੀ ਦਿਖਾਈ ਦਿੱਤੀ ਜਦੋਂ ਇਸ ਐਲਾਨਨਾਮੇ ਦੇ ਅਗਲੇ ਦਿਨ ਹੀ ਜਰਮਨ ਚਾਂਸਲਰ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਅਜੇ ਇਸ ਮਾਮਲੇ ਵਿਚ ਕਈ ਅੜਿੱਕੇ ਦੂਰ ਕਰਨੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਭਾਰਤ ਦੇ ਬੀਮਾ ਸੈਕਟਰ ਵਿਚ ਵਿਦੇਸ਼ੀ ਹਿੱਸੇਦਾਰੀ ਵਧਾਉਣ ਤੇ ਯੂਰਪ ਤੋਂ ਆਟੋ ਮੋਬਾਈਲ ਦੀ ਦਰਾਮਦ 'ਤੇ ਟੈਕਸ ਘਟਾਉਣ ਲਈ ਜ਼ੋਰ ਪਾਇਆ। ਦੂਜੇ ਪਾਸੇ ਦੇਸ਼ ਦੀ ਮੁੱਖ ਵਿਰੋਧੀ ਧਿਰ ਭਾਜਪਾ ਨੇ ਇਸ ਬੇਹੱਦ ਵਿਵਾਦਗ੍ਰਸਤ ਸਮਝੌਤੇ ਤੋਂ ਪਹਿਲਾਂ ਇਸ 'ਤੇ ਸੰਸਦ ਵਿਚ ਚਰਚਾ ਕਰਨ ਦੀ ਮੰਗ ਕੀਤੀ ਹੈ ਤੇ ਦੇਸ਼ ਦੇ ਹਿੱਤਾਂ ਦਾ ਖਿਆਲ ਰੱਖਣ ਦੀ ਦੁਹਾਈ ਪਾਈ ਹੈ।

# ਮੁਸ਼ੱਰਫ ਨੇ ਡਰੋਨ ਹਮਲਿਆਂ ਬਾਰੇ ਗੁਪਤ ਸਮਝੌਤੇ ਦੀ ਗੱਲ ਮੰਨੀ


**ਇਸਲਾਮਾਬਾਦ:** ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੇ ਇੰਕਸ਼ਾਫ ਕੀਤਾ ਹੈ ਕਿ ਉਸ ਦੇ ਕਾਰਜਕਾਲ ਦੌਰਾਨ ਗੁਪਤ ਤੌਰ 'ਤੇ ਅਮਰੀਕੀ ਡਰੋਨ ਹਮਲਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਇਹ ਪ੍ਰਗਟਾਵਾ ਕਰਨ ਨਾਲ ਜਨਰਲ ਮੁਸ਼ੱਰਫ ਪਹਿਲੇ ਅਜਿਹੇ ਸਰਕਾਰੀ ਅਧਿਕਾਰੀ ਜਾਂ ਸੇਵਾਮੁਕਤ ਸਰਕਾਰੀ ਅਧਿਕਾਰੀ ਬਣ ਗਏ ਹਨ ਜਿਨ੍ਹਾਂ ਨੇ ਜਨਤਕ ਤੌਰ 'ਤੇ ਸਵੀਕਾਰ ਕੀਤਾ ਹੈ ਕਿ ਦੇਸ਼ ਨੇ ਅਮਰੀਕਾ ਦੀ ਖੁਫੀਆ ਏਜੰਸੀ ਸੀਆਈਏ ਦੀ ਅਗਵਾਈ ਹੇਠ ਡਰੋਨ ਹਮਲੇ ਕਰਨ ਲਈ ਸਮਝੌਤਾ ਕੀਤਾ ਹੈ।



ਜਨਰਲ ਮੁਸ਼ੱਰਫ ਨੇ ਕਿਹਾ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਇਸ ਨੁਕਤੇ 'ਤੇ ਇਹ ਸਮਝੌਤਾ ਆਧਾਰਤ ਸੀ ਕਿ ਜਿੱਥੇ ਕਿਤੇ ਜ਼ਿਆਦਾ ਜ਼ਰੂਰਤ ਹੋਵੇ ਤੇ ਹੋਰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਹੋਵੇ, ਉਥੇ ਮਿਜ਼ਾਈਲ ਹਮਲਾ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਡਰੋਨ ਹਮਲਿਆਂ ਸਬੰਧੀ ਦੇਸ਼ ਦੀ ਫੌਜ ਤੇ ਖੁਫੀਆ ਪੱਧਰ 'ਤੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਸੀ ਤੇ ਉਸ ਹਾਲਤ ਵਿਚ ਹੀ ਹਮਲੇ ਕਰਨ ਦੀ ਮਨਜ਼ੂਰੀ ਦਿੱਤੀ ਜਾਂਦੀ ਸੀ ਜੇ ਸਪੈਸ਼ਲ ਅਪਰੇਸ਼ਨਜ਼ ਟਾਸਕ ਫੋਰਸ ਕੋਲ ਕਾਰਵਾਈ ਲਈ ਸਮਾਂ ਨਾ ਹੋਵੇ। ਉਨ੍ਹਾਂ ਸੀਐਨਐਨ ਨਾਲ ਗੱਲਬਾਤ ਦੌਰਾਨ ਮੰਨਿਆ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਅਜਿਹੀ ਸਥਿਤੀ ਦਾ ਸਾਹਮਣਾ ਦੋ ਜਾਂ ਤਿੰਨ ਵਾਰ ਕਰਨਾ ਪਿਆ। ਉਨ੍ਹਾਂ ਕਿਹਾ ਕਿ ਕੁਝ ਮੌਕੇ ਅਜਿਹੇ ਆਉਂਦੇ ਹਨ ਕਿ ਕਾਰਵਾਈ ਵਿਚ ਕਿਸੇ ਵੀ ਤਰ੍ਹਾਂ ਦੀ ਦੇਰੀ ਨਹੀਂ ਕੀਤੀ ਜਾ ਸਕਦੀ ਹੁੰਦੀ। ਜਨਾਬ ਮੁਸ਼ੱਰਫ ਨੇ ਕਿਹਾ ਕਿ ਅਮਰੀਕੀ ਡਰੋਨ ਹਮਲਿਆਂ ਵਿਚ ਮਾਰੇ ਲੋਕਾਂ ਵਿਚੋਂ ਇਕ ਨੇਕ ਮੁਹੰਮਦ, ਇਕ ਕਬਾਇਲੀ ਆਗੂ ਸੀ ਤੇ ਕਬਾਇਲੀ ਖਿੱਤੇ ਵਿਚ ਉਹ ਅਲ-ਕਾਇਦਾ ਦੀ ਸਹਾਇਤਾ ਕਰਨ ਦਾ ਦੋਸ਼ੀ ਸੀ। ਉਸ ਸਮੇਂ ਜੂਨ 2004 ਵਿਚ ਪਾਕਿਸਤਾਨ ਦੀਆਂ ਖੁਫੀਆ ਏਜੰਸੀਆਂ ਨੇ ਜਾਣਕਾਰੀ ਦਿੱਤੀ ਸੀ ਕਿ ਇਕ ਛੁਪਣਗਾਹ ਉਤੇ ਮਿਜ਼ਾਈਲ ਹਮਲੇ ਵਿਚ ਨੇਕ ਮੁਹੰਮਦ ਮਾਰਿਆ ਗਿਆ ਹੈ।

# ਜਦੋਂ ਭਾਰਤ ਤੋਂ ਚੋਰੀ ਯੂਰੇਨੀਅਮ ਵੇਚਣ ਦੀ ਉਡੀ ਅਫਵਾਹ

**ਨਵੀਂ ਦਿੱਲੀ:** ਵਿਕੀਲੀਕਸ ਨੇ ਖੁਲਾਸਾ ਕੀਤਾ ਹੈ ਕਿ ਨੇਪਾਲ ਦੇ ਡਿਪਲੋਮੈਟ ਦੇ ਰਿਸ਼ਤੇਦਾਰ ਵਪਾਰੀ ਨੇ ਭਾਰਤ ਦੇ ਪਰਮਾਣੂ ਟਿਕਾਣਿਆਂ ਤੋਂ ਚੋਰੀ ਕੀਤਾ ਯੂਰੇਨੀਅਮ ਵੇਚਣ ਦੀ ਪੇਸ਼ਕਸ਼ ਕੀਤੀ ਸੀ। ਇਸ ਕਾਰਨ ਸਾਲ 1973 ਦੇ ਅਖੀਰ ਵਿਚ ਅਮਰੀਕੀ ਸਫ਼ਾਰਤਖਾਨਿਆਂ ਵਿਚਾਲੇ ਚਿੱਠੀ-ਪੱਤਰਾਂ ਦਾ ਹੜ੍ਹ ਆ ਗਿਆ ਸੀ।



ਇਸ ਮਗਰੋਂ ਅਮਰੀਕੀ ਡਿਪਲੋਮੈਟਾਂ ਵਿਚਾਲੇ ਹੋਏ ਵਿਚਾਰ-ਵਟਾਂਦਰੇ, ਭਾਰਤੀ ਪਰਮਾਣੂ ਟਿਕਾਣਿਆਂ ਦੇ ਅਧਿਕਾਰੀਆਂ ਨਾਲ ਗੱਲਬਾਤ ਤੇ ਇਸ ਨੇਪਾਲੀ ਵਿਅਕਤੀ ਵੱਲੋਂ ਦਿੱਤੇ ਯੂਰੇਨੀਅਮ ਦੇ ਨਮੂਨਿਆਂ ਦੀ ਪਰਖ ਮਗਰੋਂ ਖੁਲਾਸਾ ਹੋਇਆ ਕਿ ਇਹ ਅਫਵਾਹ ਸੀ। ਵਿਕੀਲੀਕਸ ਵੱਲੋਂ ਜਾਰੀ 'ਕਿਸਿੰਗਰ ਕੇਬਲ' ਵਿਚ ਕਿਹਾ ਗਿਆ ਕਿ ਇਹ ਯੂਰੇਨੀਅਮ 'ਮੁੰਬਈ ਇਲਾਕੇ' ਵਿਚਲੇ ਪਰਮਾਣੂ ਟਿਕਾਣਿਆਂ ਤੋਂ ਚੋਰੀ ਕਰਨ ਦਾ ਦਾਅਵਾ ਕੀਤਾ ਗਿਆ ਸੀ।

ਵਿਕੀਲੀਕਸ ਨੇ ਖੁਲਾਸਾ ਕੀਤਾ ਕਿ ਕਾਠਮੰਡੂ ਵਿਚ ਅਮਰੀਕੀ ਸਫ਼ਾਰਤਖਾਨੇ ਵੱਲੋਂ 26 ਸਤੰਬਰ, 1973 ਵਿਚ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੂੰ ਦੱਸਿਆ ਗਿਆ ਕਿ ਇਕ ਨੇਪਾਲੀ ਵਪਾਰੀ ਜੇਸੀ ਠਾਕੁਰ ਨੇ ਉਨ੍ਹਾਂ ਨਾਲ ਸੰਪਰਕ ਕਰਕੇ ਹਰ ਮਹੀਨੇ ਤਿੰਨ ਕਿਲੋ ਯੂਰੇਨੀਅਮ 40,000 ਡਾਲਰ ਪ੍ਰਤੀ ਕਿਲੋ ਦੀ ਦਰ ਨਾਲ ਵੇਚਣ ਦੀ ਪੇਸ਼ਕਸ਼ ਕੀਤੀ ਹੈ। ਵਿਕੀਲੀਕਸ ਦੀ ਕੇਬਲ ਵਿਚ ਦੱਸਿਆ ਗਿਆ ਕਿ ਵਪਾਰੀ ਨੇ ਸੰਕੇਤ ਦਿੱਤਾ ਸੀ ਕਿ ਯੂ-235 ਕਿਸਮ ਦਾ ਯੂਰੇਨੀਅਮ ਮੁੰਬਈ ਇਲਾਕੇ ਦੇ ਪਰਮਾਣੂ ਬਿਜਲੀ ਘਰਾਂ ਤੋਂ ਚੋਰੀ ਕੀਤਾ ਗਿਆ ਹੈ ਤੇ ਉਸ ਨੇ ਵਿਸ਼ਲੇਸ਼ਣ ਲਈ ਇਸ ਦਾ ਨਮੂਨਾ ਦੇਣ ਦੀ ਵੀ ਪੇਸ਼ਕਸ਼ ਕੀਤੀ ਸੀ। ਆਪਣੇ ਆਪ ਨੂੰ ਜਪਾਨ ਵਿਚ ਨੇਪਾਲ ਦੇ ਰਾਜਦੂਤ ਦਾ ਭਰਾ ਦੱਸਣ ਵਾਲੇ ਠਾਕੁਰ ਨੇ ਅਮਰੀਕੀ ਸਫ਼ਾਰਤਖਾਨੇ ਵਿਚਲੇ ਆਪਣੇ ਸੰਪਰਕ ਸੂਤਰ ਨੂੰ ਇਹ ਵੀ ਦੱਸਿਆ ਸੀ ਕਿ ਜੇ ਅਮਰੀਕੀ ਸਰਕਾਰ ਇਸ ਨੂੰ ਖਰੀਦਣ ਲਈ ਰਾਜ਼ੀ ਨਹੀਂ ਤਾਂ ਉਹ ਕਾਠਮੰਡੂ ਵਿਚ ਜਰਮਨੀ, ਚੀਨ ਤੇ ਜਾਪਾਨ ਵਰਗੇ ਹੋਰ ਦੇਸ਼ਾਂ ਦੇ ਸਫ਼ਾਰਤਖਾਨਿਆਂ ਨੂੰ ਯੂਰੇਨੀਅਮ ਵੇਚਣ ਦੀ ਪੇਸ਼ਕਸ਼ ਕਰੇਗਾ।

# ਚੀਨ-ਉਤਰੀ ਕੋਰੀਆ ਸਰਹੱਦੀ ਲਾਂਘਾ ਬੰਦ

**ਦਾਦੋਂਗ (ਚੀਨ):** ਉੱਤਰੀ ਕੋਰੀਆ ਤੇ ਚੀਨ ਸਭ ਤੋਂ ਵੱਡਾ ਸਰਹੱਦੀ ਲਾਂਘਾ ਸੈਲਾਨੀ ਗਰੁੱਪਾਂ ਲਈ ਬੰਦ ਕਰ ਦਿੱਤਾ ਗਿਆ ਹੈ। ਚੀਨੀ ਅਫਸਰ ਨੇ ਦੱਸਿਆ ਕਿ ਪਰਮਾਣੂ ਜੰਗ ਦਾ ਖਤਰਾ ਵਧਣ ਕਾਰਨ ਅਜਿਹਾ ਕੀਤਾ ਗਿਆ ਹੈ ਪਰ ਕਾਰੋਬਾਰੀ ਆਮਦੋ-ਰਫ਼ਤ ਅਜੇ ਜਾਰੀ ਹੈ। ਦਾਦੋਂਗ ਸਰਹੱਦੀ ਦਫਤਰ ਦੇ ਅਧਿਕਾਰੀ ਨੇ ਦੱਸਿਆ ਕਿ ਟਰੈਵਲ ਏਜੰਸੀਆਂ ਨੂੰ ਉਥੇ ਸੈਲਾਨੀ ਜਥੇ ਲੈ ਕੇ ਜਾਣ ਦੀ ਆਗਿਆ ਨਹੀਂ ਦਿੱਤੀ ਜਾ ਰਹੀ ਕਿਉਂਕਿ ਉੱਤਰੀ ਕੋਰੀਆ ਦੀ ਸਰਕਾਰ ਵੱਲੋਂ ਵਿਦੇਸ਼ੀ ਲੋਕਾਂ ਨੂੰ ਦੇਸ਼ ਵਿਚੋਂ ਚਲੇ ਜਾਣ ਲਈ ਆਖਿਆ ਜਾ ਰਿਹਾ ਹੈ।

ਚੀਨ ਹੀ ਉੱਤਰੀ ਕੋਰੀਆ ਦਾ ਇਕਮਾਤਰ ਵੱਡਾ ਸਹਿਯੋਗੀ ਤੇ ਇਸ ਨੂੰ ਵਪਾਰ ਤੇ ਮਦਦ ਮੁਹੱਈਆ ਕਰਾਉਣ ਵਾਲਾ ਮੁਲਕ ਹੈ। ਦੋਵਾਂ ਦੇਸ਼ਾਂ ਦੇ ਆਪਸੀ ਵਪਾਰ ਦਾ ਚੋਥਾ ਹਿੱਸਾ ਦਾਦੋਂਗ ਲਾਂਘੇ ਰਾਹੀਂ ਹੁੰਦਾ ਹੈ।

ਸ਼ਹਿਰ ਦੀ ਇਕ ਟਰੈਵਲ ਏਜੰਸੀ ਦੀ ਮਾਲਕ ਵੂ ਨੇ ਦੱਸਿਆ ਕਿ ਨਗਰ ਕੌਂਸਲ ਨੇ ਉਨ੍ਹਾਂ ਨੂੰ ਅਗਾਹ ਕੀਤਾ ਸੀ ਕਿ ਪਿਓਂਗ ਯਾਂਗ ਵਿਚ ਤਣਾਅ ਵਧਣ ਕਾਰਨ ਦਾਦੋਂਗ ਦੀਆਂ ਟਰੈਵਲ ਫਰਮਾਂ ਟੂਰ ਉੱਤਰੀ ਕੋਰੀਆ ਵਿਚ ਨਹੀਂ ਲੈ ਕੇ ਜਾ ਸਕਣਗੀਆਂ।

# ਅਮਰੀਕਾ 'ਚ ਗ਼ੈਰਕਾਨੂੰਨੀ ਪਰਵਾਸੀਆਂ ਨੂੰ ਰਾਹਤ ਦੀ ਆਸ ਬੱਝੀ

**ਵਾਸ਼ਿੰਗਟਨ:** ਅਮਰੀਕਾ ਦੀਆਂ ਦੋਵੇਂ ਪਾਰਟੀਆਂ ਨਾਲ ਸਬੰਧਤ ਸੈਨੇਟਰਾਂ ਦੇ ਇਕ ਗਰੁੱਪ ਦੀ ਹਫਤੇ ਦੌਰਾਨ ਅਜਿਹੇ ਸਮਝੌਤੇ ਦਾ ਐਲਾਨ ਕਰਨ ਦੀ ਯੋਜਨਾ ਹੈ ਜਿਸ ਨਾਲ ਦੇਸ਼ ਵਿਚ ਰਹਿ ਰਹੇ 1.10 ਕਰੋੜ ਗੈਰ-ਕਾਨੂੰਨੀ ਪਰਵਾਸੀਆਂ ਦਾ ਫੈਸਲਾ ਹੋਵੇਗਾ। ਇਨ੍ਹਾਂ ਵਿਚ 2.60 ਲੱਖ ਭਾਰਤੀ ਵੀ ਸ਼ਾਮਲ ਹਨ। ਇਹ ਗੱਲ ਮੀਡੀਆ ਰਿਪੋਰਟਾਂ ਵਿਚ ਕਹੀ ਗਈ ਹੈ।



ਉਂਜ ਇਸ ਗਰੁੱਪ 'ਗੈਂਗ ਆਫ ਏਟ' ਜਿਸ ਵਿਚ ਚਾਰ ਡੈਮੋਕਰੈਟ ਤੇ ਚਾਰ ਰਿਪਬਲੀਕਨ ਮੈਂਬਰ ਹਨ, ਵੱਲੋਂ ਤਿਆਰ ਕੀਤਾ ਜਾ ਰਿਹਾ ਬਿੱਲ ਘੱਟੋ-ਘੱਟ ਮਈ ਤੋਂ ਪਹਿਲਾਂ ਕਮੇਟੀ ਵਿਚ ਪ੍ਰਵਾਨ ਨਹੀਂ ਹੋ ਸਕੇਗਾ। ਸੈਨੇਟ ਦੇ ਅਧਿਕਾਰੀਆਂ ਦੇ ਹਵਾਲੇ ਨਾਲ ਜਾਰੀ ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬਿੱਲ ਉਤੇ ਬਹਿਸ ਲਈ ਵਧੇਰੇ ਸਮਾਂ ਦੇਣ ਲਈ ਹਾਲੇ ਇਸ ਨੂੰ ਮਨਜ਼ੂਰੀ ਅਟਕ ਕੇ ਦਿੱਤੀ ਜਾਵੇਗੀ।

ਸੈਨੇਟ ਦੇ ਇਕ ਮੈਂਬਰ ਦੇ ਹਵਾਲੇ ਨਾਲ ਵੈੱਬਸਾਈਟ 'ਪੋਲਿਟਿਕੋ' ਨੇ ਕਿਹਾ ਹੈ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਸ ਬਾਰੇ ਇਕ ਬਿੱਲ ਛੇਤੀ ਹੀ ਪੇਸ਼ ਕਰ ਦਿੱਤਾ ਜਾਵੇਗਾ। ਇਸ ਵਿਚ ਕਿਹਾ ਗਿਆ ਹੈ ਕਿ ਜੁਡੀਸ਼ਰੀ ਕਮੇਟੀ ਦੇ ਚੇਅਰਮੈਨ ਪੈਟਰਿਕ ਲੀਹੇ ਇਸ ਬਾਰੇ ਸੁਣਵਾਈ ਛੇਤੀ ਤੋਂ ਛੇਤੀ ਕਰਨ ਲਈ ਸਹਿਮਤ ਹੋ ਗਏ ਹਨ ਜੋ ਬਿੱਲ ਪੇਸ਼ ਹੋਣ ਪਿੱਛੋਂ ਕੀਤੀ ਜਾਵੇਗੀ। ਉਨ੍ਹਾਂ ਕਮੇਟੀ ਬਾਰੇ ਖੁੱਲ੍ਹ ਕੇ ਬਹਿਸ ਅਤੇ ਤਰਮੀਮਾਂ ਪੇਸ਼ ਕਰਨ ਦੀ ਵੀ ਸਹਿਮਤੀ ਦਿੱਤੀ ਹੈ। ਸੈਨੇਟ ਦਾ ਇਜਲਾਸ ਅਪਰੈਲ ਦੇ ਆਖਰੀ ਹਫਤੇ ਛੁੱਟੀ ਤੋਂ ਬਾਅਦ ਛੇ ਮਈ ਨੂੰ ਮੁੜ ਸ਼ੁਰੂ ਹੋਵੇਗਾ।

## ਲਸ਼ਕਰ-ਏ-ਤੋਇਬਾ ਅਜੇ ਵੀ ਸਭ ਤੋਂ ਵੱਡਾ ਖਤਰਾ


**ਵਾਸ਼ਿੰਗਟਨ:** ਪੈਂਟਾਗਨ ਦੇ ਸਿਰਕੱਢ ਕਮਾਂਡਰ ਨੇ ਅਮਰੀਕੀ ਕਾਨੂੰਨਸਾਜ਼ਾਂ ਨੂੰ ਦੱਸਿਆ ਕਿ ਲਸ਼ਕਰ-ਏ-ਤੋਇਬਾ ਦੱਖਣੀ ਏਸ਼ੀਆ ਵਿਚ ਅਜੇ ਵੀ ਸਭ ਤੋਂ ਮਜ਼ਬੂਤ ਦਹਿਸ਼ਤਗਰਦ ਗਰੁੱਪਾਂ ਵਿਚ ਸ਼ੁਮਾਰ ਹੈ। ਭਾਰਤ ਵਿਚ ਮੁੰਬਈ ਤੇ ਹੋਰ ਥਾਵਾਂ 'ਤੇ ਕਈ ਵੱਡੇ ਦਹਿਸ਼ਤਗਰਦ ਹਮਲੇ ਕਰਨ ਲਈ ਲਸ਼ਕਰੇ-ਤੋਇਬਾ ਨੂੰ ਕਸੂਰਵਾਰ ਮੰਨਿਆ ਜਾਂਦਾ ਹੈ। ਅਮਰੀਕੀ ਪ੍ਰਸ਼ਾਂਤ ਕਮਾਂਡ ਦੇ ਕਮਾਂਡਰ ਐਡਮਿਰਲ ਸੈਮੂਅਲ ਲੌਕਲੀਅਰ ਨੇ ਪਾਰਲੀਮਾਨੀ ਸੁਣਵਾਈ ਦੌਰਾਨ ਦੱਸਿਆ ਕਿ ਸਮੁੱਚੇ ਦੱਖਣੀ ਏਸ਼ੀਆ ਵਿਚ ਲਸ਼ਕਰੇ-ਏ-ਤੋਇਬਾ ਜੇ ਸਭ ਤੋਂ ਵੱਧ ਅਪਰੇਸ਼ਨ ਕਰਨ ਦੀ ਸਮਰੱਥ ਨਹੀਂ ਤਾਂ ਸਭ ਤੋਂ ਸਮਰੱਥ ਗਰੁੱਪਾਂ ਵਿਚੋਂ ਇਕ ਜ਼ਰੂਰ ਬਣੀ ਹੋਈ ਹੈ।

ਉਨ੍ਹਾਂ ਕਿਹਾ ਕਿ ਲਸ਼ਕਰੇ-ਤੋਇਬਾ ਮੁੰਬਈ (ਭਾਰਤ) ਵਿਚ ਨਵੰਬਰ 2008 ਦੇ ਹਮਲੇ ਲਈ ਜ਼ਿੰਮੇਵਾਰ ਸੀ ਜਿਸ ਵਿਚ ਛੇ ਅਮਰੀਕੀਆਂ ਸਣੇ 160 ਤੋਂ ਵੱਧ ਲੋਕ ਮਾਰੇ ਗਏ ਸਨ ਤੇ ਇਸ ਤੋਂ ਇਲਾਵਾ ਇਸ ਨੇ ਹਾਲੀਆ ਸਾਲਾਂ ਦੌਰਾਨ ਦੱਖਣੀ ਏਸ਼ੀਆ ਵਿਚ ਕਈ ਹੋਰ ਹਮਲੇ ਕੀਤੇ ਜਾ ਇਨ੍ਹਾਂ ਦੀ ਮਦਦ ਕੀਤੀ ਸੀ। ਹੋਰ ਵੀ ਕਈ ਥਾਂਈਂ ਇਹ ਸਰਗਰਮ ਹੈ। ਲੌਕਲੀਅਰ ਨੇ ਇਹ ਗੱਲਾਂ ਅਮਰੀਕੀ ਫੌਜ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਤੋਂ ਬਾਅਦ ਕੀਤੀਆਂ ਹਨ।

# ਨਹਿਰੂ ਤੇ ਅੰਮ੍ਰਿਤਾ ਸ਼ੇਰਗਿੱਲ ਵਿਚਾਲੇ ਸੀ 'ਖਾਸ' ਰਿਸ਼ਤਾ

**ਨਵੀਂ ਦਿੱਲੀ:** ਪੰਡਤ ਜਵਾਹਰ ਲਾਲ ਨਹਿਰੂ, ਚਿੱਤਰਕਾਰ ਅੰਮ੍ਰਿਤਾ ਸ਼ੇਰਗਿੱਲ ਦੀ ਪ੍ਰਤਿਭਾ ਤੇ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਸਨ ਤੇ ਦੋਵੇਂ ਚੰਗੇ ਦੋਸਤ ਵੀ ਸਨ। ਇਸ ਦੇ ਬਾਵਜੂਦ ਪੰਡਤ ਨਹਿਰੂ ਨੂੰ ਅੰਮ੍ਰਿਤਾ ਦੀਆਂ ਤਸਵੀਰਾਂ ਵਿਚ ਥਾਂ ਨਹੀਂ ਮਿਲੀ ਕਿਉਂਕਿ ਅੰਮ੍ਰਿਤਾ ਦਾ ਖਿਆਲ ਸੀ ਕਿ ਪੰਡਤ ਨਹਿਰੂ 'ਬਹੁਤ ਖੂਬਸੂਰਤ' ਸਨ। ਅੰਮ੍ਰਿਤਾ ਦੀ ਜੀਵਨੀ ਦੀ ਲੇਖਕਾ ਯਸ਼ੋਧਰਾ ਡਾਲਮੀਆ ਨੇ ਉਸ ਦੇ ਪੰਡਤ ਜਵਾਹਰ ਲਾਲ ਨਹਿਰੂ ਨਾਲ ਸਬੰਧਾਂ ਦੇ ਜ਼ਿਕਰ ਕਰਦਿਆਂ ਸਵਾਲ ਖੜ੍ਹਾ ਕੀਤਾ ਹੈ ਕਿ ਕੀ ਦੋਵਾਂ ਦਰਮਿਆਨ ਪਿਆਰ ਸਬੰਧ ਸਨ। ਜੇ ਹਾਂ ਤਾਂ ਕੀ ਸੰਜੀਦਗੀ ਵਾਲੇ ਸਨ ਜਾਂ ਮਹਿਜ਼ ਚਲਵੀਂ ਕਿਸਮ ਦੇ ਤੇ ਦਿਲਲਗੀ ਵਾਲੇ।

ਅੰਮ੍ਰਿਤਾ ਨੇ ਇਕ ਵਾਰ ਕਿਸੇ ਨੂੰ ਲਿਖੀ ਚਿੱਠੀ ਵਿਚ ਪੰਡਤ ਨਹਿਰੂ ਬਾਰੇ ਲਿਖਿਆ ਸੀ, 'ਮੇਰੇ ਖਿਆਲ ਵਿਚ ਉਹ ਵੀ ਮੈਨੂੰ ਪਸੰਦ ਕਰਦੇ ਹਨ ਜਿਵੇਂ ਮੈਂ ਉਨ੍ਹਾਂ ਨੂੰ ਪਸੰਦ ਕਰਦੀ ਹਾਂ। ਉਹ ਮੇਰੀ ਕਲਾ ਪ੍ਰਦਰਸ਼ਨੀ ਵਿਚ ਆਏ ਤੇ ਅਸੀਂ ਕਾਫੀ ਚਿਰ ਗੱਲਾਂ ਕਰਦੇ ਰਹੇ।' ਦੂਜੇ ਪਾਸੇ ਪੰਡਤ ਨਹਿਰੂ ਵੱਲੋਂ ਲਿਖੀਆਂ ਚਿੱਠੀਆਂ ਉਸ ਦੇ ਮਾਪਿਆਂ ਨੇ ਉਦੋਂ ਸਾੜ ਦਿੱਤੀਆਂ ਸਨ ਜਦੋਂ ਉਹ ਆਪਣੇ ਕਜ਼ਨ ਕਾਰਲ ਨਾਲ ਵਿਆਹ ਕਰਵਾਉਣ ਬੁਡਾਪੇਸਟ ਗਈ ਹੋਈ ਸੀ। ਇਸ ਬਾਰੇ ਪਤਾ ਲੱਗਣ ਉਤੇ ਉਹ ਬਹੁਤ ਦੁਖੀ ਹੋਈ ਸੀ।





ਅੰਮ੍ਰਿਤਾ ਨੇ ਆਪਣੀ ਜ਼ਿੰਦਗੀ ਆਪਣੀਆਂ ਸ਼ਰਤਾਂ ਉਤੇ ਜੀਵੀ। ਉਹ ਆਪਣੇ ਪਿਆਰ ਸਬੰਧਾਂ ਤੇ ਬੇਬਾਕੀ ਰਾਹੀਂ ਉਸ ਵੇਲੇ ਦੇ ਸ਼ਾਂਤ ਸਮਾਜ ਵਿਚ ਹਲਚਲ ਪੈਦਾ ਕਰਦੀ ਰਹੀ। ਉਸ ਦੀ ਕ੍ਰਿਸ਼ਮਾਈ ਹੋਂਦ ਤੇ ਖਿੱਚ ਤੇ ਨਿਵੇਕਲੀ ਜ਼ਿੰਦਗੀ ਸਭ ਨੂੰ ਹੈਰਾਨ ਕਰਦੀ ਸੀ। ਇਸ ਦੇ ਬਾਵਜੂਦ ਉਸ ਨੂੰ ਅਨੇਕਾਂ ਮੁਸ਼ਕਲਾਂ ਤੇ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪਿਆ। ਇਹ ਉਹ ਜ਼ਮਾਨਾ ਸੀ ਜਦੋਂ ਬੜੀਆਂ ਘੱਟ ਔਰਤਾਂ ਜਨਤਕ ਜ਼ਿੰਦਗੀ ਵਿਚ ਆਉਂਦੀਆਂ ਸਨ। ਉਸ ਦੀਆਂ ਇਹ ਵਿਲੱਖਣਤਾਵਾਂ ਹੀ ਉਸ ਨੂੰ ਮਹਾਨਤਾ ਬਖਸ਼ਦੀਆਂ ਹਨ। ਹੁਣ ਕਲਾ ਇਤਿਹਾਸਕਾਰਾਂ ਯਸ਼ੋਧਰਾ ਡਾਲਮੀਆ ਨੇ ਉਸ ਦੀ ਜੀਵਨੀ ਲਿਖੀ ਹੈ ਜਿਸ ਨੂੰ 'ਅੰਮ੍ਰਿਤਾ ਸ਼ੇਰਗਿੱਲ: ਅ ਲਾਈਫ' ਦਾ ਸਿਰਲੇਖ ਦਿੱਤਾ ਗਿਆ ਹੈ।


ਜਦੋਂ 28 ਸਾਲ ਦੀ ਉਮਰ ਵਿਚ 1941 ਵਿਚ ਉਹ ਇਸ ਸੰਸਾਰ ਨੂੰ ਅਲਵਿਦਾ ਆਖ ਗਈ ਤਾਂ ਅਜਿਹੀਆਂ ਕਲਾਕ੍ਰਿਤੀਆਂ ਦਾ ਬੇਸ਼ਕੀਮਤੀ ਖਜ਼ਾਨਾ ਛੱਡ ਗਈ ਜਿਹੜੀਆਂ ਉਸ ਨੂੰ ਸਦੀ ਦੇ ਸਭ ਤੋਂ ਵੱਡੇ ਚਿੱਤਰਕਾਰਾਂ ਵਿਚ ਸ਼ੁਮਾਰ ਕਰਦੀ ਹੈ। ਇਸ ਜੀਵਨੀ ਵਿਚ ਉਸ ਦੀ ਵਿਲੱਖਣ ਜ਼ਿੰਦਗੀ ਦੀ ਸ਼ਬਦ-ਰੂਪੀ ਤਸਵੀਰ ਸਿਰਜੀ ਗਈ ਹੈ। ਅੰਮ੍ਰਿਤਾ ਤੇ ਪੰਡਤ ਨਹਿਰੂ ਦੀ ਪਹਿਲੀ ਮੁਲਾਕਾਤ ਦਿੱਲੀ ਵਿਚ ਹੋਈ ਸੀ। ਲੇਖਕਾ ਦਾ ਖਿਆਲ ਹੈ ਕਿ ਸ਼ਾਇਦ ਇਹੋ ਇਕ ਅਹਿਮ ਘਟਨਾ ਸੀ ਜੋ ਅੰਮ੍ਰਿਤਾ ਦੀ ਜ਼ਿੰਦਗੀ ਵਿਚ ਉਸ ਵੇਲੇ ਵਾਪਰੀ ਸੀ ਜਦੋਂ ਉਹ ਉਥੋਂ ਦੇ ਮਾਹੌਲ ਨੂੰ ਚਿੱਤਰਕਾਰੀ ਲਈ ਬਹੁਤਾ ਵਧੀਆ ਨਹੀਂ ਸੀ ਮੰਨਦੀ।

ਰਾਜਧਾਨੀ ਦੀ ਅੰਗਰੇਜ਼ ਹਕੂਮਤ ਵੇਲੇ ਦੇ ਜ਼ਿੰਦਗੀ ਵਿਚ ਪੰਡਤ ਨਹਿਰੂ ਉਸ ਨੂੰ ਕੁਝ ਵੱਖਰੇ ਜਾਪੇ ਸਨ। ਉਨ੍ਹਾਂ ਇਕ-ਦੂਜੇ ਨੂੰ ਅਨੇਕਾਂ ਖ਼ਤ ਲਿਖੇ, ਕਈ ਵਾਰ ਮਿਲੇ ਵੀ ਪਰ ਅੰਮ੍ਰਿਤਾ ਨੇ ਪੰਡਤ ਨਹਿਰੂ ਦੀ ਤਸਵੀਰ ਨਹੀਂ ਵਾਹੀ। ਇਸੇ ਕਾਰਨ ਜਦੋਂ ਇਕਬਾਲ ਸਿੰਘ ਜਿਨ੍ਹਾਂ ਨੂੰ ਉਹ 1937 ਦੀਆਂ ਗਰਮੀਆਂ ਵਿਚ ਸ਼ਿਮਲੇ ਮਿਲੀ ਸੀ ਤੇ ਦੋਵੇਂ ਗੂੜ੍ਹੇ ਦੋਸਤ ਵੀ ਬਣ ਗਏ ਸਨ, ਨੇ ਜਦੋਂ ਇਸ ਬਾਰੇ ਪੁੱਛਿਆ ਤਾਂ ਅੰਮ੍ਰਿਤਾ ਨੇ ਕਿਹਾ ਸੀ, 'ਉਹ ਬਹੁਤ ਜ਼ਿਆਦਾ ਸੋਹਣਾ ਹੈ।' ਅੰਮ੍ਰਿਤਾ ਦਾ ਜਨਮ 1913 ਵਿਚ ਹੰਗਰੀ ਦੀ ਰਾਜਧਾਨੀ ਬੁਡਾਪੇਸਟ ਵਿਚ ਹੰਗੇਰੀਅਨ ਮਾਂ ਤੋਂ ਹੋਇਆ ਸੀ ਤੇ ਉਸ ਦੇ ਪਿਤਾ ਸਿੱਖ ਸਨ।

# ਬਾਗੀ ਮਸੀਹਾ ਅਜੀਤ ਸਿੰਘ

*ਸਵੈ-ਜੀਵਨੀ 'ਜ਼ਿੰਦਾ ਦਫਨ' (ਬੱਰੀਡ ਅਲਾਈਵ) ਦਾ ਕਰਤਾ ਅਜੀਤ ਸਿੰਘ ਸਹੀ ਅਰਥਾਂ ਵਿਚ ਅਜੀਤ ਸੀ। ਸਾਰੀ ਉਮਰ ਉਨ੍ਹਾਂ ਨੇ ਦੇਸ਼ ਦੇ ਲੇਖੇ ਲਾ ਦਿੱਤੀ। ਉਹ ਸੰਸਾਰ ਦੇ ਕਈ ਮੁਲਕਾਂ ਵਿਚ ਗਏ; ਹਰ ਥਾਂ ਉਨ੍ਹਾਂ ਆਪਣੇ ਦਿਲ ਵਿਚ ਦੇਸ਼-ਪਿਆਰ ਦਾ ਦੀਵਾ ਬਾਲੀ ਰੱਖਿਆ ਅਤੇ ਇਹ ਦੀਵਾ ਉਨ੍ਹਾਂ ਦੀ ਆਪਣੀ ਜੋਤ ਬੁਝਣ ਤੱਕ ਬਲਦਾ ਰਿਹਾ। ਇਤਿਹਾਸ ਵਿਚ ਇਸ ਤਰ੍ਹਾਂ ਦੀਆਂ ਮਿਸਾਲਾਂ ਬੜੀਆਂ ਘੱਟ ਮਿਲਦੀਆਂ ਹਨ ਜਿਨ੍ਹਾਂ ਵਿਚ ਇਕ ਵਾਰ ਤੁਰਿਆ ਬੰਦਾ ਕਿਤੇ ਰੁਕਦਾ ਹੀ ਨਹੀਂ ਹੈ। ਪੈਰੀਂ ਖੁਦ ਸਹੇੜੇ ਇਸ ਸਫਰ ਬਾਰੇ ਉਨ੍ਹਾਂ 'ਜ਼ਿੰਦਾ ਦਫਨ' ਵਿਚ ਵੇਰਵੇ ਸਹਿਤ ਲਿਖਿਆ ਹੈ। ਉਨ੍ਹਾਂ ਦੀ ਦੇਸ਼ ਪਿਆਰ ਦੀ ਇਸ ਵਿਰਾਸਤ ਨੂੰ ਉਨ੍ਹਾਂ ਦੇ ਭਤੀਜੇ ਭਗਤ ਸਿੰਘ ਨੇ ਅਗਾਂਹ ਤੋਰਿਆ। ਉਹ ਅੱਜ ਵੀ ਦੇਸ਼-ਪ੍ਰੇਮੀਆਂ ਦੇ ਦਿਲਾਂ ਵਿਚ ਵੱਸਦੇ ਹਨ ਅਤੇ ਪ੍ਰੇਰਨਾ ਦੇ ਸੋਮੇ ਹਨ। ਸ. ਕਿਰਪਾਲ ਸਿੰਘ ਸੰਧੂ ਨੇ ਉਨ੍ਹਾਂ ਦੇ ਜੀਵਨ ਪੰਧ ਬਾਰੇ ਇਹ ਲਿਖਤ 'ਪੰਜਾਬ ਟਾਈਮਜ਼' ਨੂੰ ਭੇਜੀ ਹੈ ਜੋ ਅਸੀਂ ਪਾਠਕਾਂ ਨਾਲ ਸਾਂਝੀ ਕਰਨ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ*

ਰਾਜਨੀਤੀ ਵਿਚ ਚਾਤਰ ਅਤੇ ਸ਼ਾਤਰ ਬਰਤਾਨਵੀ ਸਰਕਾਰ ਵੱਲੋਂ ਸੋਚੀ ਸਮਝੀ ਚਾਲ ਅਧੀਨ 1858 ਨੂੰ ਅਲਾਹਬਾਦ ਵਿਚ ਮੁਨਾਦੀ ਕਰਵਾ ਕੇ ਜਲਸੇ ਵਿਚ ਇਹ ਐਲਾਨ ਕੀਤਾ ਗਿਆ ਕਿ ਇੰਗਲੈਂਡ ਦੀ ਪਾਰਲੀਮੈਂਟ ਨੇ ਈਸਟ ਇੰਡੀਆ ਕੰਪਨੀ ਵੱਲੋਂ ਹਿੰਦੁਸਤਾਨੀਆਂ 'ਤੇ ਕੀਤੇ ਜ਼ੁਲਮਾਂ ਕਰ ਕੇ ਉਸ ਦਾ ਭੋਗ ਪਾ ਦਿੱਤਾ ਹੈ। ਹੁਣ ਹਿੰਦੋਸਤਾਨ ਸਿੱਧਾ ਮਲਿਕਾ ਦੀ ਰਹਿਨੁਮਾਈ ਥੱਲੇ ਕਾਨੂੰਨ ਦੇ ਦਾਇਰੇ ਵਿਚ ਰਹਿੰਦਿਆਂ, ਹਰ ਨਾਗਰਿਕ ਦੇ ਜਾਨ-ਮਾਲ ਦੀ ਰਾਖੀ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੋਵੇਗੀ ਅਤੇ ਹਿੰਦੁਸਤਾਨ ਦਾ ਝੰਡਾ ਵੀ ਅੱਜ ਤੋਂ



**ਕਿਰਪਾਲ ਸਿੰਘ ਸੰਧੂ**
ਫੋਨ:559-259-4844

ਯੂਨੀਅਨ ਜੈਕ ਹੋਵੇਗਾ।

1882 ਵਿਚ ਕਾਂਗਰਸ ਦੀ ਸਥਾਪਨਾ ਹੋਈ। ਸਰਕਾਰੀ ਟੁੱਕੜ-ਬੋਚਾਂ ਰਾਹੀਂ ਇਸ ਸੰਸਥਾ ਦੀ ਸਰਕਾਰ ਵੱਲੋਂ ਮਦਦ ਦਾ ਯਕੀਨ ਦਿਵਾਉਣਾ ਵੀ ਕਪਟ ਰਾਜਨੀਤੀ ਦਾ ਹਿੱਸਾ ਸੀ। ਇਹ ਦੇਖ ਕੇ ਆਮ ਲੋਕਾਂ ਵਿਚ ਬੈਚੇਨੀ ਹੋਣ ਲੱਗੀ। ਰਿਸ਼ੀ ਦਯਾ ਨੰਦ ਨੇ ਆਤਮ-ਵਿਸ਼ਵਾਸ ਪੈਦਾ ਕਰਨ, ਰੂੜੀਵਾਦੀ ਸਨਾਤਨੀ, ਅੰਧਵਿਸ਼ਵਾਸ, ਮੂਰਤੀ ਪੂਜਾ, ਬੁੱਤਪ੍ਰਸਤੀ ਤੋਂ ਲੋਕਾਈ ਨੂੰ ਮੁਕਤ ਕਰਵਾਉਣ ਲਈ ਆਰੀਆ ਸਮਾਜ ਦੀ ਨੀਂਹ ਰੱਖੀ। ਜਾਗ੍ਰਿਤੀ ਪੈਦਾ ਕਰਨਾ, ਉਠਾਉਣਾ, ਉਭਾਰਨਾ, ਦੇਸ਼ ਦੀ ਆਜ਼ਾਦ ਹਸਤੀ ਉਸ ਵੇਲੇ ਆਰੀਆ ਸਮਾਜ ਦਾ ਰਾਹ ਸੀ।

ਪਿੰਡ ਗੜ੍ਹ ਕਲਾਂ ਤੋਂ ਬਣੇ ਖਟਗੜ੍ਹ ਕਲਾਂ ਦੇ ਵਾਸੀ ਸ. ਗੁਰਬਚਨ ਸਿੰਘ ਜ਼ੈਲਦਾਰ ਦੇ ਤਿੰਨ ਪੁੱਤਰਾਂ-ਅਰਜਨ ਸਿੰਘ, ਮਿਹਰ ਸਿੰਘ ਤੇ ਸੁਰਜਨ ਸਿੰਘ ਵਿਚੋਂ ਸੁਰਜਨ ਸਿੰਘ ਨੇ ਸਰਕਾਰੀ ਮਦਦ ਸਹਾਰੇ ਚੌਧਰ ਵਾਲਾ ਰਸਤਾ ਅਖਤਿਆਰ ਕਰ ਲਿਆ। ਈਸਟ ਇੰਡੀਆ ਕੰਪਨੀ ਵੱਲੋਂ ਕੁਟਲ ਨੀਤੀ ਰਾਹੀਂ ਪੰਜਾਬ 'ਤੇ ਕੀਤੇ ਕਬਜ਼ੇ ਖਿਲਾਫ ਅਤੇ ਫਿਰ 1857 ਦੀ ਆਜ਼ਾਦੀ ਦੀ ਪਹਿਲੀ ਜੰਗ ਸਮੇਂ ਦੇਸ਼ ਵਾਸੀਆਂ ਦਾ ਸਾਥ ਦੇਣ ਵਾਲੇ ਪੜਦਾਦਾ ਸ. ਫਤਿਹ ਸਿੰਘ ਦੇ ਦੇਸ਼ ਭਗਤੀ ਵਾਲੇ ਵਿਰਾਸਤੀ ਖੂਨ ਨੇ ਉਬਾਲਾ ਮਾਰਿਆ ਤਾਂ ਸ. ਅਰਜਨ ਸਿੰਘ ਆਰੀਆ ਸਮਾਜ ਵਾਲੇ ਕ੍ਰਾਂਤੀਕਾਰੀ ਰੱਥ 'ਤੇ ਸਵਾਰ ਹੋ ਗਏ। ਸ. ਮਿਹਰ ਸਿੰਘ ਨੇ ਸਾਧਾਰਨ ਕਿਸਾਨੀ ਵਾਲੀ ਜ਼ਿੰਦਗੀ ਗੁਜ਼ਾਰਨ ਵਿਚ ਹੀ ਆਪਣਾ ਤੇ ਪਰਿਵਾਰ ਦਾ ਭਲਾ ਸਮਝਿਆ।

ਖਟਗੜ੍ਹ ਕਲਾਂ ਵਿਚ ਆਰੀਆ ਕਹਾਉਣ ਵਾਲੇ ਪਰਿਵਾਰ ਦੇ ਮੋਢੀ ਸ. ਅਰਜਨ ਸਿੰਘ ਸੰਧੂ ਅਤੇ ਜੈ ਕੌਰ ਦੀ ਕੁੱਖੋਂ ਸ. ਕਿਸ਼ਨ ਸਿੰਘ (ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪਿਤਾ), ਸ. ਅਜੀਤ ਸਿੰਘ ਤੇ ਸ. ਸਵਰਨ ਸਿੰਘ ਪੈਦਾ ਹੋਏ। ਅਜੀਤ ਸਿੰਘ ਦਾ ਜਨਮ 23 ਫਰਵਰੀ 1881 ਨੂੰ ਹੋਇਆ। ਉਨ੍ਹਾਂ ਮੁਢਲੀ ਵਿੱਦਿਆ ਪਿੰਡ ਦੇ ਸਕੂਲ ਵਿਚ ਲਈ ਅਤੇ ਬਾਰਵੀਂ ਡੀ.ਏ.ਵੀ. ਕਾਲਜ ਲਾਹੌਰ ਤੋਂ ਪਾਸ ਕੀਤੀ। ਕਾਲਜ ਸਮੇਂ ਉਠ ਰਹੀਆਂ ਆਜ਼ਾਦੀ ਦੀਆਂ ਲਹਿਰਾਂ ਵਿਚ ਸਰਗਰਮ ਹਿੱਸਾ ਲਿਆ। ਉਹ 2 ਜੂਨ 1907 ਨੂੰ ਗ੍ਰਿਫਤਾਰ ਹੋ ਗਏ ਅਤੇ ਉਨ੍ਹਾਂ ਨੂੰ ਬਰਮਾ ਦੀ ਮਾਡਲੇ ਜੇਲ੍ਹ ਵਿਚ ਭੇਜ ਦਿੱਤਾ ਗਿਆ। ਉਥੋਂ 7 ਨਵੰਬਰ 1907 ਨੂੰ ਰਿਹਾਈ ਹੋਈ। ਫਿਰ ਉਹ ਮਿਰਜ਼ਾ ਹਸਨ ਖਾਂ ਨਾਂ ਥੱਲੇ ਵਿਦੇਸ਼ ਚਲੇ ਗਏ। 16 ਅਗਸਤ 1947 ਨੂੰ ਡਲਹੌਜ਼ੀ ਵਿਚ ਚਲਾਣਾ ਕਰਨ ਤੱਕ ਤਾਉਮਰ ਉਹ ਦੇਸ਼ ਦੀ ਆਜ਼ਾਦੀ ਲਈ ਜੁਝਦੇ ਰਹੇ।

ਬਰਤਾਨਵੀ ਸਰਕਾਰ (ਈਸਟ ਇੰਡੀਆ ਕੰਪਨੀ) ਦੇ ਖਿਲਾਫ 1857 ਦਾ ਆਜ਼ਾਦੀ ਸੰਗਰਾਮ ਭਾਵੇਂ ਅਸਫਲ ਰਿਹਾ, ਪਰ 1857 ਤੋਂ ਪੂਰੇ 40 ਸਾਲ ਇਕ ਮਹੀਨਾ ਤੇ 11 ਦਿਨ ਬਾਅਦ ਆਜ਼ਾਦੀ ਸੰਗਰਾਮੀਏ ਚਚੇਰੇ ਭਰਾ ਸ੍ਰੀ ਦਮੋਦਰ ਅਤੇ ਬਾਲ ਕ੍ਰਿਸ਼ਨ ਨੇ ਪੂਨਾ ਸ਼ਹਿਰ ਵਿਚ ਮਲਿਕਾ ਵਿਕਟੋਰੀਆ ਦੀ ਤਾਜਪੋਸ਼ੀ ਦੀ 60ਵੀਂ ਵਰ੍ਹੇਗੰਢ ਮਨਾਉਣ ਵਾਲੇ ਦਿਨ ਮਿਸਟਰ ਰੈਂਡ ਅਤੇ ਲੈਫਟੀਨੈਂਟ ਅਸਰਾਟ ਦੇ ਕਾਲਜੇ ਵਿਚ ਗੋਲੀਆਂ ਮਾਰ ਕੇ ਭਾਰਤ ਦੀ ਮੁਕੰਮਲ ਆਜ਼ਾਦੀ ਚਾਹੁਣ ਵਾਲਿਆਂ ਦੀ ਹੋਂਦ ਦਾ ਪ੍ਰਗਟਾਵਾ ਕੀਤਾ ਸੀ।

22 ਸਾਲ ਦੀ ਚੜ੍ਹਦੀ ਜਵਾਨੀ ਦੀ ਉਮਰ ਵਿਚ ਅਜੀਤ ਸਿੰਘ ਅੰਦਰਖਾਤੇ ਰਾਜਿਆਂ, ਨਵਾਬਾਂ ਨੂੰ ਉਨ੍ਹਾਂ ਦੀ ਰਿਹਾਇਸ਼ਗਾਹ 'ਤੇ ਮਿਲਦਾ, ਆਜ਼ਾਦੀ ਲਈ ਵਿਚਾਰਾਂ ਕਰਦਾ ਰਿਹਾ ਪਰ ਸਿਰਫ ਕਸ਼ਮੀਰ ਅਤੇ ਬੜੌਦਾ ਦੇ ਰਾਜੇ ਹੀ ਇਸ ਦਲੀਲ ਨਾਲ ਸਹਿਮਤ ਹੋਏ। ਬ੍ਰਿਟਿਸ਼ ਸਰਕਾਰ ਨੇ 1905-06 ਵਿਚ ਹਿੰਦੁਸਤਾਨ ਨੂੰ ਵੰਡਣ ਦੀ ਗਹਿਰੀ ਸਾਜ਼ਿਸ਼ ਰਚੀ ਅਤੇ ਇਸ ਦੀ ਸ਼ੁਰੂਆਤ ਬੰਗਾਲ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਕੀਤੀ। ਬੰਗਾਲ ਦੀ ਜਨਤਾ ਗੁੱਸੇ ਵਿਚ ਆ ਗਈ। ਉਸ ਵਕਤ ਦਾਦਾ ਭਾਈ ਨਾਰੋਜੀ ਦੀ ਸਰਪ੍ਰਸਤੀ ਥੱਲੇ ਕਾਂਗਰਸ ਦੇ ਇਜਲਾਸ ਵਿਚ ਭਰਵਾਂ ਇਕੱਠ ਹੋਇਆ। ਪੰਜਾਬ ਤੋਂ ਅਜੀਤ ਸਿੰਘ ਵੀ ਇਸ ਵਿਚ ਸ਼ਾਮਲ ਹੋਏ। ਉਸ ਕਾਨਫਰੰਸ ਦਾ ਨਤੀਜਾ ਇਹ ਨਿਕਲਿਆ ਕਿ ਗਰਮ ਦਲ ਅਤੇ ਨਰਮ ਦਲ ਬਣ ਗਏ। ਗਰਮ ਦਲ ਦੇ ਮੋਹਰੀ ਲੋਕਮਾਨਯ ਤਿਲਕ ਅਤੇ ਅਜੀਤ ਸਿੰਘ ਸਨ। ਪੰਜਾਬ ਦੇ ਕਿਸਾਨਾਂ ਲਈ ਸਰਕਾਰ ਨੇ ਲੈਂਡ ਕਾਲੋਨਾਈਜੇਸ਼ਨ ਕਾਨੂੰਨ ਲੈ ਆਂਦਾ। ਇਸ ਦਾ ਮਤਲਬ ਸੀ ਕਿ ਕਿਸਾਨ ਦੀ ਸਾਰੀ ਜ਼ਮੀਨ ਦਾ ਮਾਲਕ ਅੱਗੇ ਤੋਂ ਉਸ ਦਾ ਵੱਡਾ ਲੜਕਾ ਹੀ ਹੋਵੇਗਾ। ਅਗਰ ਲੜਕਾ ਨਹੀਂ ਹੈ, ਕਿਸਾਨ ਦੀ ਮੌਤ ਤੋਂ ਬਾਅਦ ਜ਼ਮੀਨ ਦੀ ਮਾਲਕ



*ਅਜੀਤ ਸਿੰਘ*

ਖੁਦ ਸਰਕਾਰ ਹੋਵੇਗੀ। ਇਸ ਬਿੱਲ ਵਿਚ ਹੋਰ ਵੀ ਊਟ-ਪਟਾਂਗ ਸੀ ਅਤੇ ਨਹਿਰੀ ਪਾਣੀ ਦਾ ਮਾਮਲਾ ਵੀ ਕਈ ਗੁਣਾ ਵਧਾ ਦਿੱਤਾ ਗਿਆ। ਖੂਨ-ਪਸੀਨਾ ਇਕ ਕਰ ਕੇ ਜੰਗਲ ਸਾਫ ਕਰ ਕੇ ਤਿਆਰ ਕੀਤੀ ਗਈ ਜਾਇਦਾਦ ਲਈ ਕਿਸਾਨਾਂ ਦਾ ਗੁੱਸਾ ਜਾਗਿਆ। ਬੰਗਾਲ ਤੋਂ ਮੁੜਨ ਪਿੱਛੋਂ ਅਜੀਤ ਸਿੰਘ ਨੇ ਕਿਸਾਨਾਂ ਨਾਲ ਹੋ ਰਹੀ ਜ਼ਿਆਦਤੀ ਖਿਲਾਫ ਅੰਦੋਲਨ ਚਲਾਉਣ ਦਾ ਪ੍ਰਣ ਕੀਤਾ। ਅੰਦੋਲਨ ਨੂੰ ਹੋਰ ਵੀ ਬਲ ਉਦੋਂ ਮਿਲਿਆ ਜਦੋਂ ਮੁਰਾਦਾਬਾਦ ਦਾ ਜੰਮਪਲ ਸੂਫੀ ਅੰਬਾ ਪ੍ਰਸਾਦ ਅਖਬਾਰ 'ਜੂਮੀ-ਉਲ-ਵਤਨ' ਵਿਚ ਲਿਖੇ ਲੇਖ ਕਾਰਨ ਪੰਜ ਸਾਲ ਦੀ ਸਜ਼ਾ ਪੂਰੀ ਕਰ ਕੇ ਅਜੀਤ ਸਿੰਘ ਨਾਲ ਆ ਮਿਲੇ। ਫਿਰ ਪੰਜਾਬ ਦੀ ਪਿੱਠਭੂਮੀ ਤੇ ਕਿਸਾਨਾਂ ਦੀ ਮਦਦ ਲਈ ਕਿਸ਼ਨ ਸਿੰਘ, ਲਾਲਾ ਹਰਦਿਆਲ, ਲਾਲਾ ਲਾਲ ਚੰਦ, ਮਹਿਤਾ ਨੰਦ ਕਿਸ਼ੋਰ ਅਤੇ ਕਿਦਾਰ ਨਾਥ ਸਹਿਗਲ ਪੇਸ਼ ਸਨ।

ਸ. ਅਜੀਤ ਸਿੰਘ ਲਾਹੌਰ ਦੇ ਕਸੂਰ ਸ਼ਹਿਰ ਵਿਚ ਸਮਾਜ-ਸੇਵੀ ਧਨਪਤ ਰਾਏ ਆਰੀਆ ਸਮਾਜੀ ਪਾਸੋਂ ਇਨ੍ਹਾਂ ਮਸਲਿਆਂ ਬਾਰੇ ਸਲਾਹ-ਮਸ਼ਵਰਾ ਲੈਣ ਗਏ। ਗੱਲਬਾਤ ਤੋਂ ਬਾਅਦ ਧਨਪਤ ਰਾਏ ਨੇ ਪੁੱਛਿਆ-ਅਜੀਤ ਸਿੰਘ ਸ਼ਾਦੀ ਕਰਵਾ ਲਈ ਹੈ? ਜੁਆਬ ਵਿਚ 'ਨਾਂਹ' ਮਿਲਿਆ ਤਾਂ ਧਨਪਤ ਰਾਏ ਨੇ ਕਿਹਾ ਕਿ ਸਮਾਜ ਨੂੰ ਅੱਗੇ ਤੋਰਨ ਲਈ ਮਰਦ-ਇਸਤਰੀ ਦਾ ਇਕੱਠਿਆਂ ਰਹਿਣਾ ਲਾਜ਼ਮੀ ਹੈ। ਸੋ, ਮੇਰੀ ਗੋਦ ਲਈ ਬੇਟੀ ਨਾਮੋ ਤੇਰੀ ਜ਼ਿੰਦਗੀ ਵਿਚ ਪੂਰੀ ਉਤਰੇਗੀ। ਅਜੀਤ ਸਿੰਘ ਨੇ ਪਰਿਵਾਰ ਦੀ ਸਲਾਹ ਤੋਂ ਬਗੈਰ ਹੀ ਨਾਮੋ ਨੂੰ ਆਪਣਾ ਜੀਵਨ ਸਾਥੀ ਬਣਾ ਲਿਆ। ਘਰ ਵਾਲਿਆਂ ਖੁਸ਼ੀ ਪ੍ਰਗਟਾਈ। ਇਹੀ ਮਾਤਾ ਹਰਨਾਮ ਕੌਰ ਆਪਣੇ ਪਤੀ ਦੀ ਜਲਾਵਤਨੀ ਸਮੇਂ 40 ਸਾਲ ਪਰਿਵਾਰ ਵਿਚ ਰਹੇ।

ਅਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਭਾਸ਼ਨਾਂ ਦੇ ਨਾਲ-ਨਾਲ ਪ੍ਰਕਾਸ਼ਨਾ ਪੱਤਰ ਜਾਰੀ ਕਰਨ ਲਈ 'ਭਾਰਤ ਮਾਤਾ ਬੁੱਕ ਏਜੰਸੀ' ਬਣਾਈ। ਸੂਫੀ ਅੰਬਾ ਪ੍ਰਸ਼ਾਦ ਨੇ 'ਮਸੀਹਾ ਬਾਗੀ ਅਜੀਤ ਸਿੰਘ' ਦੇ ਨਾਂ ਦਾ ਪੈਂਫਲਿਟ ਛਾਪਿਆ ਜੋ ਬੰਬ ਸਾਬਿਤ ਹੋਇਆ। ਅਜੀਤ ਸਿੰਘ ਤੇ ਸਾਥੀਆਂ ਨੇ ਜਲਸਿਆਂ ਦਾ ਸਾਰੇ ਪੰਜਾਬ ਵਿਚ ਹੜ੍ਹ ਲੈ ਆਂਦਾ। ਜਲਸਿਆਂ ਵਿਚ ਭਾਸ਼ਨ ਹੁੰਦੇ ਜਿਵੇਂ ਜਵਾਲਾਮੁਖੀ ਅੱਗ ਵਰਸਾ ਰਿਹਾ ਹੋਵੇ। ਸਰਕਾਰੀ ਮਸ਼ੀਨਰੀ ਵੱਲੋਂ ਰੋਕਣ ਦੇ ਬਾਵਜੂਦ ਕਿਸਾਨਾਂ ਨੇ ਵਧ-ਚੜ੍ਹ ਕੇ ਇਨ੍ਹਾਂ ਜਲਸਿਆਂ ਵਿਚ ਹਿੱਸਾ ਲਿਆ। ਇਤਿਹਾਸ ਗਵਾਹ ਹੈ ਕਿ ਜਲਸਿਆਂ ਦਾ ਸਿਲਸਿਲਾ 14 ਮਾਰਚ 1907 ਤੋਂ ਸ਼ੁਰੂ ਹੋਇਆ; ਵਿਸ਼ਾ ਸੀ 'ਹਿੰਦੋਸਤਾਨ ਹਮਾਰਾ ਹੈ।' 22 ਮਾਰਚ ਨੂੰ ਲਾਇਲਪੁਰ ਵਿਚ 'ਭਾਰਤ ਮਾਤਾ ਸੁਸਾਇਟੀ' ਵੱਲੋਂ ਕਰਵਾਏ ਗਏ ਜਲਸੇ ਵਿਚ ਕਿਸਾਨਾਂ ਅਤੇ ਸ਼ਹਿਰੀ ਬਾਬੂਆਂ ਨੇ ਹਿੱਸਾ ਲਿਆ ਜਿਹੜਾ ਹਾਜ਼ਰੀ ਪੱਖੋਂ ਸਿਖਰਾਂ ਛੋਹ ਗਿਆ। ਜਲਸੇ ਦੀ ਸ਼ੁਰੂਆਤ ਵਿਚ 'ਝੰਗ ਸਿਆਲ' ਅਖ਼ਬਾਰ ਦੇ ਐਡੀਟਰ ਬਾਂਕੇ ਦਿਆਲ ਨੇ ਨਜ਼ਮ 'ਪੱਗੜੀ ਸੰਭਾਲ ਜੱਟਾ' ਪੜ੍ਹੀ। ਭਾਸ਼ਨ ਦਾ ਵਿਸ਼ਾ ਸੀ 'ਲੈਂਡ ਕਾਲੋਨਾਈਜੇਸ਼ਨ ਕਾਲਾ ਕਾਨੂੰਨ ਵਾਪਸ ਲਵੋ'। ਨਾਲ ਹੀ ਚਿਤਾਵਨੀ ਦਿੱਤੀ ਕਿ ਅੰਗਰੇਜ਼ੋ! ਹਿੰਦੁਸਤਾਨ ਤੋਂ ਚਲੇ ਜਾਓ। ਇਸ ਤਰ੍ਹਾਂ 29 ਮਾਰਚ ਅੰਮ੍ਰਿਤਸਰ, 7 ਅਪਰੈਲ ਗੁਜਰਾਂਵਾਲਾ, 17 ਅਪਰੈਲ ਮੁਲਤਾਨ, 26 ਅਪਰੈਲ ਬਟਾਲਾ, 27 ਅਪਰੈਲ ਗੁਰਦਾਸਪੁਰ, ਛੋਟੇ ਸ਼ਹਿਰਾਂ ਅਤੇ ਕਸਬਿਆਂ ਵਿਚ ਵੀ ਜਲਸੇ ਅਤੇ ਮੀਟਿੰਗਾਂ ਕੀਤੀਆਂ ਗਈਆਂ।

ਇਸ ਤੋਂ ਇਲਾਵਾ 10 ਮਈ 1907 ਨੂੰ 1857 ਵਾਲੇ ਗਦਰ ਦੀ 50ਵੀਂ ਵਰ੍ਹੇਗੰਢ ਮਨਾਉਂਦਿਆਂ ਇਨਕਲਾਬੀ ਦੇਸ਼ ਭਗਤਾਂ, ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਸਰਕਾਰ ਘਬਰਾ ਗਈ। ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਵਾਇਸਰਾਏ ਲਾਰਡ ਹਾਰਡਿੰਗ ਨੂੰ 5 ਮਈ 1907 ਨੂੰ ਰਿਪੋਰਟ ਭੇਜੀ ਜਿਸ ਵਿਚ ਕਿਹਾ ਗਿਆ ਸੀ ਕਿ ਅਜੀਤ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਲਗਾਤਾਰ ਜਲਸੇ ਅਤੇ ਮੀਟਿੰਗਾਂ ਵਿਚ ਕਿਸਾਨ, ਸ਼ਹਿਰੀ ਬਾਬੂਆਂ, ਸਾਬਕਾ ਫੌਜੀਆਂ, ਇਥੋਂ ਤੱਕ ਕਿ ਪੁਲਿਸ ਮੁਲਾਜ਼ਮਾਂ ਨੂੰ ਵੀ ਨੌਕਰੀ ਛੱਡਣ ਲਈ ਕਿਹਾ ਜਾਂਦਾ ਹੈ। ਸੋ, ਇਸ ਸਰਕਾਰੀ ਪੱਤਰ ਨੂੰ ਅਤਿਅੰਤ ਜ਼ਰੂਰੀ ਸਮਝ ਕੇ ਪ੍ਰਵਾਨ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ। ਉਸ ਵੇਲੇ ਭਾਰਤ ਦੇ ਹੋਮ ਸੈਕਟਰੀ ਦੇ ਦਸਤਖਤਾਂ ਥੱਲੇ ਅਜੀਤ ਸਿੰਘ ਦੇ ਗ੍ਰਿਫ਼ਤਾਰੀ ਵਰੰਟ ਮਈ 1907 ਨੂੰ ਜਾਰੀ ਹੋ ਗਏ ਅਤੇ ਉਨ੍ਹਾਂ ਨੂੰ 2 ਜੂਨ 1907 ਨੂੰ ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰ ਕੇ ਬਰਮਾ ਦੀ ਮਾਡਲੇ ਜੇਲ੍ਹ ਵਿਚ ਭੇਜ ਦਿੱਤਾ ਗਿਆ। ਯਾਦ ਰਹੇ ਕਿ 1857 ਨੂੰ ਬਹਾਦਰ ਸ਼ਾਹ ਜ਼ਫਰ ਅਤੇ 1882 ਦੀ ਕੂਕਾ ਬਗਾਵਤ ਪਿਛੋਂ ਸਤਿਗੁਰੂ ਰਾਮ ਸਿੰਘ ਨੂੰ ਇਸ ਜੇਲ੍ਹ ਵਿਚ ਰੱਖਿਆ ਗਿਆ ਸੀ। ਪੰਜਾਬ ਵਿਚ ਗ੍ਰਿਫ਼ਤਾਰੀਆਂ ਖਿਲਾਫ ਦੇਸ਼ਵਿਆਪੀ ਅੰਦੋਲਨ ਭੜਕ ਪਏ। ਸਰਕਾਰ ਨੂੰ ਝੁਕਣਾ ਪਿਆ। ਬਰਤਾਨਵੀ ਸਰਕਾਰ ਨੇ ਜਾਰਜ ਪੰਜਮ ਦੀ ਤਾਜਪੋਸ਼ੀ ਦੀ ਖੁਸ਼ੀ ਕਹਿ ਕੇ ਲੈਂਡ ਕਾਲੋਨਾਈਜੇਸ਼ਨ ਬਿੱਲ ਵਾਪਸ ਲੈ ਲਿਆ ਅਤੇ ਸਾਰੇ ਸਿਆਸੀ ਕੈਦੀ ਰਿਹਾ ਕਰ ਦਿੱਤੇ। ਇਸ ਤੋਂ ਬਾਅਦ ਕਾਂਗਰਸ ਨੇ ਸੂਰਤ ਵਿਚ ਪਾਰਟੀ ਦਾ ਇਜਲਾਸ ਬੁਲਾਇਆ। ਤਿਲਕ ਜੀ ਦੇ ਵਿਸ਼ੇਸ਼ ਸੱਦੇ 'ਤੇ ਅਜੀਤ ਸਿੰਘ ਨੇ ਆਪਣੇ ਵੱਡੇ ਭਰਾ ਕਿਸ਼ਨ ਸਿੰਘ ਨਾਲ ਇਜਲਾਸ ਵਿਚ ਸ਼ਿਰਕਤ ਕੀਤੀ। ਗਰਮ ਦਲ ਅਤੇ ਨਰਮ ਦਲ ਦੇ ਰੌਲੇ-ਰੱਪੇ ਵਿਚ ਹੀ ਇਜਲਾਸ ਖ਼ਤਮ ਹੋ ਗਿਆ।

ਭਾਰਤ ਦੀ ਆਜ਼ਾਦੀ ਲਈ ਅੰਦਰੋਂ ਅਤੇ ਵਿਦੇਸ਼ ਤੋਂ ਮਦਦ ਲੈਣ ਦਾ ਫੈਸਲਾ ਹੋਇਆ। ਕਿਹਾ ਗਿਆ ਕਿ ਲਾਲਾ ਹਰਦਿਆਲ ਅਮਰੀਕਾ, ਨਿਰੰਜਨ ਸਿੰਘ ਬਰਾਜ਼ੀਲ, ਅਜੀਤ ਸਿੰਘ ਤੇ ਸੂਫੀ ਅੰਬਾ ਪ੍ਰਸ਼ਾਦ ਇਰਾਨ ਅਤੇ ਅਫਗਾਨਿਸਤਾਨ ਜਾਣ; ਤਿਲਕ ਜੀ ਅਤੇ ਰਾਸ ਬਿਹਾਰੀ ਬੋਸ ਦੇਸ਼ ਵਿਚ ਕ੍ਰਾਂਤੀਕਾਰੀ ਅੰਦੋਲਨ ਦੀ ਕਮਾਨ ਸੰਭਾਲਣ। ਸੋ, ਇਸ ਫੈਸਲੇ ਅਨੁਸਾਰ ਸ. ਅਜੀਤ ਸਿੰਘ 1909 ਵਿਚ ਮਿਰਜ਼ਾ ਹਸਨ ਖਾਂ ਦੇ ਨਾਂ ਥੱਲੇ ਆਪਣੇ ਸਾਥੀ ਅੰਬਾ ਪ੍ਰਸ਼ਾਦ ਨਾਲ ਕਰਾਚੀ ਤੋਂ ਖੁਫੀਆ ਵਿਭਾਗ ਦੀਆਂ ਨਜ਼ਰਾਂ ਤੋਂ ਬਚ ਕੇ ਸਮੁੰਦਰੀ ਜਹਾਜ਼ ਰਾਹੀਂ ਇਰਾਨ ਦੀ ਬੰਦਰਗਾਹ ਬੁਸ਼ੇਰ ਪਹੁੰਚ ਗਏ। ਇਰਾਨ ਵਾਲੀ ਕ੍ਰਾਂਤੀਕਾਰੀ ਪਾਰਟੀ ਦੇ ਨੇਤਾ ਸਈਦ ਅਸਰਾਉਲ ਰਜਤਕ ਅਤੇ ਕਬੀਲੇ ਦੇ ਸਰਦਾਰ ਮਸਾਉਲਾ ਨੂੰ ਮਿਲੇ। ਤਹਿਰਾਨ ਪਹੁੰਚ ਕੇ ਡੈਮੋਕਰੇਟਿਕ ਪਾਰਟੀ ਦੇ ਸਕੱਤਰ ਮਿਰਜ਼ਾ ਮੁਹੰਮਦ ਤਹਿਲਵੀ ਰਾਹੀਂ ਪ੍ਰਧਾਨ ਮੰਤਰੀ ਸਈਦ ਜਮਾਲ ਉਦ ਦੀਨ ਨੂੰ ਮਿਲੇ। ਉਸ ਸਮੇਂ ਇਰਾਨ ਅਜੀਬ ਸੰਕਟ ਵਿਚ ਸੀ। ਅਜੀਤ ਸਿੰਘ ਇਹ ਸੋਚ ਕੇ ਕਿ ਇਥੇ ਰਹਿਣਾ ਖਤਰੇ ਤੋਂ ਖਾਲੀ ਨਹੀਂ ਹੈ, ਰਸਤਮਬੋਰ ਬਾਕੂ ਤੋਂ ਟਰਕੀ ਚਲੇ ਗਏ। ਉਥੋਂ ਜਰਮਨੀ, ਪੈਰਿਸ ਤੋਂ ਸਵਿਟਜਰਲੈਂਡ ਦੇ ਸ਼ਹਿਰ ਲੂਸਨ ਰਿਹਾਇਸ਼ ਰੱਖਣ ਦਾ ਮਨ ਬਣਾਇਆ। ਵਿਦੇਸ਼ੀ ਹਾਕਮਾਂ ਪਾਸੋਂ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਕ੍ਰਾਂਤੀਕਾਰੀਆਂ ਦਾ ਇਹ ਅੱਡਾ ਗੜ੍ਹ ਬਣਾ ਚੁੱਕਾ ਸੀ। ਇਰਾਨ ਦਾ ਮਨਿਸਟਰ ਇਥੇ ਆਇਆ ਤੇ ਜਰਮਨੀ ਨੂੰ ਜਾਣ ਲੱਗਾ ਤਾਂ



*ਅਜੀਤ ਸਿੰਘ ਦੇ ਪਿਤਾ ਅਰਜੁਨ ਸਿੰਘ*

ਦੋਭਸ਼ਾਈਏ ਦੇ ਤੌਰ 'ਤੇ ਅਜੀਤ ਸਿੰਘ ਨੇ ਜਰਮਨ ਸਮਰਾਟ ਤੋਂ ਹਿੰਦੁਸਤਾਨ ਦੀ ਆਜ਼ਾਦੀ ਲਈ ਮਦਦ ਮੰਗੀ। ਸਮਰਾਟ ਕੈਸਰ ਨੇ ਕਿਹਾ ਕਿ ਸਾਡੀ ਲੜਾਈ ਤਾਂ ਸਿਰਫ ਫਰਾਂਸ ਨਾਲ ਹੈ। ਅਜੀਤ ਸਿੰਘ ਨੇ ਬਗੈਰ ਝਿਜਕ ਕਿਹਾ ਕਿ ਸਮਰਾਟ ਸਾਹਿਬ, ਇਹ ਕਿਵੇਂ ਹੋ ਸਕਦਾ ਹੈ ਕਿ ਤੁਸੀਂ ਫਰਾਂਸ 'ਤੇ ਹਮਲਾ ਕਰੋ ਅਤੇ ਇੰਗਲੈਂਡ ਵਾਲੇ ਚੁੱਪ ਰਹਿਣਗੇ? ਤੁਹਾਡਾ ਵੀ ਅਤੇ ਸਾਡਾ ਵੀ ਸਾਂਝਾ ਦੁਸ਼ਮਣ ਹੈ, ਹਿੰਦੁਸਤਾਨੀ ਫੌਜੀ ਇੰਗਲੈਂਡ ਦੀ ਫੌਜ ਵਿਚ ਵੀ ਹੋਣਗੇ। ਜਰਮਨ ਫੌਜ ਜਿਹੜੇ ਭਾਰਤੀ ਫੌਜੀਆਂ ਨੂੰ ਬੰਦੀ ਬਣਾਏਗੀ, ਉਨ੍ਹਾਂ ਨੂੰ ਆਜ਼ਾਦ ਹਿੰਦ ਫੌਜ ਦਾ ਨਾਂ ਦਿੱਤਾ ਜਾਵੇਗਾ ਜੋ ਤੁਹਾਡੇ ਨਾਲ ਅੰਗਰੇਜ਼ਾਂ ਖਿਲਾਫ ਲੜੇਗੀ। ਸਮਰਾਟ ਕੈਸਰ ਨੂੰ ਇਹ ਦਲੀਲ ਚੰਗੀ ਲੱਗੀ। ਇਸ ਤਰ੍ਹਾਂ ਸਮਰਾਟ ਕੈਸਰ ਅਜੀਤ ਸਿੰਘ ਦੇ ਕਾਫੀ ਨਜ਼ਦੀਕ ਹੋ ਗਿਆ। ਇਸ ਤੋਂ ਬਾਅਦ ਅਜੀਤ ਸਿੰਘ ਫਰਾਂਸ ਚਲੇ ਗਏ। ਇੰਗਲੈਂਡ ਦਾ ਬਾਦਸ਼ਾਹ ਜਾਰਜ ਪੰਜਮ ਫਰਾਂਸ ਆਉਣ ਵਾਲਾ ਸੀ। ਖੁਫੀਆ ਵਿਭਾਗ ਨੇ ਇਤਲਾਹ ਦਿੱਤੀ, ਹੋ ਸਕਦਾ ਹੈ ਕਿ ਉਸ ਦਿਨ ਗੜਬੜ ਹੋ ਜਾਏ। ਅਜੀਤ ਸਿੰਘ ਗ੍ਰਿਫ਼ਤਾਰੀ ਤੋਂ ਬਚਣ ਲਈ ਸਵਿਟਜ਼ਰਲੈਂਡ ਚਲੇ ਗਏ। ਇਹ 1912 ਦਾ ਸਮਾਂ ਸੀ। ਸਿਆਮ ਅਤੇ ਕ੍ਰਿਸ਼ਨ ਵਰਮਾ ਵੀ ਉਥੇ ਹੀ ਸਨ। ਲਾਲਾ ਹਰਦਿਆਲ ਵੀ ਅਮਰੀਕਾ ਪਹੁੰਚ ਚੁੱਕੇ ਸਨ। ਗਦਰ ਪਾਰਟੀ ਦੀ ਸਥਾਪਨਾ ਤੇ ਹਿੰਦੁਸਤਾਨ ਦੀ ਆਜ਼ਾਦੀ ਦਾ ਐਲਾਨ ਹੋ ਚੁੱਕਾ ਸੀ, ਗਦਰ ਪਾਰਟੀ ਦੇ ਸੱਦੇ 'ਤੇ ਗਦਰੀ ਫੌਜੀ ਛਾਉਣੀਆਂ ਵਿਚ ਫੌਜੀਆਂ ਨਾਲ ਰਾਬਤਾ ਕਾਇਮ ਕਰ ਰਹੇ ਸਨ।

1914 ਨੂੰ ਪਹਿਲਾ ਸੰਸਾਰ ਯੁੱਧ ਸ਼ੁਰੂ ਹੋਇਆ। ਅਜੀਤ ਸਿੰਘ ਦੀ ਯੋਜਨਾ ਸੀ ਕਿ ਗਦਰੀਆਂ ਵੱਲੋਂ ਹਥਿਆਰਬੰਦ ਘੋਲ ਰਾਹੀਂ ਰਾਜਾ ਮਹਿੰਦਰ ਪ੍ਰਤਾਪ ਅਤੇ ਸਾਥੀਆਂ ਵੱਲੋਂ ਕਾਬਲ ਵਿਚ ਬਣਾਈ ਆਰਜ਼ੀ ਆਜ਼ਾਦ ਹਿੰਦ ਲਸ਼ਕਰ ਜਰਮਨ ਹਕੂਮਤ ਦੀ ਸਹਾਇਤਾ ਨਾਲ ਟਰਕੀ ਤੋਂ ਕਾਬਲ, ਫਿਰ ਹਿੰਦੁਸਤਾਨ ਜਾਵੇਗੀ। ਹਿੰਦੁਸਤਾਨੀ ਆਵਾਮ ਇਨ੍ਹਾਂ ਨੂੰ ਜੀ ਆਇਆਂ ਕਹੇਗਾ ਤਾਂ ਬਰਤਾਨਵੀ ਸਰਕਾਰ ਦੇ ਛੱਕੇ ਛੁੱਟ ਜਾਣਗੇ ਅਤੇ ਹਿੰਦੁਸਤਾਨ ਆਜ਼ਾਦ ਹੋ ਜਾਵੇਗਾ; ਪਰ 1916 ਨੂੰ ਯੁੱਧ ਵਿਚ ਅਮਰੀਕਾ ਦੇ ਅੰਗਰੇਜ਼ਾਂ ਦੀ ਮਦਦ 'ਤੇ ਆਉਣ ਕਰ ਕੇ ਜੰਗ ਦਾ ਪਾਸਾ ਪਲਟ ਗਿਆ। ਅਜੀਤ ਸਿੰਘ ਜਰਮਨੀ ਤੋਂ ਗੁੰਮਨਾਮੀ ਦੀ ਜ਼ਿੰਦਗੀ ਗੁਜ਼ਾਰਨ ਬਰਾਜ਼ੀਲ ਚਲਾ ਗਿਆ।

1935-36 ਦਾ ਸਮਾਂ ਸੀ, ਹਿਟਲਰ ਅਤੇ ਮਸੋਲੀਨੀ ਅਖ਼ਬਾਰਾਂ ਦੇ ਪੰਨਿਆਂ ਉਤੇ ਦਿਖਾਈ ਦੇ ਰਹੇ ਹਨ। ਜਪਾਨ ਇਨ੍ਹਾਂ ਦਾ ਸਾਥ ਦੇ ਰਿਹਾ ਸੀ। ਤਿੰਨ ਸਤੰਬਰ 1939 ਨੂੰ ਦੂਜਾ ਮਹਾਂਯੁੱਧ ਲੱਗ ਗਿਆ। ਮਸੋਲੀਨੀ ਖਾਮੋਸ਼ ਰਿਹਾ। ਮਸੋਲੀਨੀ (ਇਟਲੀ) ਨੇ 15 ਜੁਲਾਈ 1940 ਨੂੰ ਉਤਰੀ ਅਫਰੀਕਾ ਉਤੇ ਹਮਲਾ ਕਰ ਦਿੱਤਾ। ਅਜੀਤ ਸਿੰਘ ਮਸੋਲੀਨੀ ਨੂੰ ਵਿਦਿਆਰਥੀ ਵੇਲੇ ਤੋਂ ਜਾਣਦਾ ਸੀ। ਉਹ ਰੋਮ ਚਲਾ ਗਿਆ ਅਤੇ ਮਸੋਲੀਨੀ ਨੂੰ ਮਸ਼ਵਰਾ ਦਿੱਤਾ ਕਿ ਰੋਮ ਰੇਡਿਓ ਤੋਂ ਹਿੰਦੁਸਤਾਨੀਆਂ ਲਈ ਹਰ ਰੋਜ਼ ਪ੍ਰੋਗਰਾਮ ਨਸ਼ਰ ਕੀਤਾ ਜਾਵੇ ਜੋ ਮਸੋਲੀਨੀ ਨੇ ਮਨਜ਼ੂਰ ਕਰ ਲਿਆ। ਅਜੀਤ ਸਿੰਘ ਇਸ ਦੇ ਸੰਚਾਲਕ ਬਣ ਕੇ ਜੋਸ਼ੀਲੇ ਭਾਸ਼ਨ ਦੇਣ ਲੱਗ ਪਏ। ਇਹ ਪ੍ਰੋਗਰਾਮ ਹਿੰਦੁਸਤਾਨੀਆਂ ਵਿਚ ਹਰਮਨ ਪਿਆਰਾ ਹੋ ਗਿਆ।

ਭਾਰਤੀ ਕ੍ਰਾਂਤੀਕਾਰੀ ਇਕਬਾਲ ਵੀ ਨਾਲ ਸੀ। ਅੰਗਰੇਜ਼ ਨੂੰ ਹਰ ਮੋਰਚੇ 'ਤੇ ਹਾਰ ਹੋ ਰਹੀ ਸੀ। ਹਿੰਦੁਸਤਾਨੀ ਫੌਜੀਆਂ ਤੋਂ ਮਿਸਰ ਅਤੇ ਇਰਾਕ ਦੇ ਲੋਕਾਂ ਨੇ ਪੁੱਛਿਆ ਕਿ ਤੁਸੀਂ ਦੇਸ਼ ਦੀ ਆਜ਼ਾਦੀ ਲਈ ਤਾਂ ਲੜਦੇ ਨਹੀਂ, ਬਲਕਿ ਤੁਸੀਂ ਤਾਂ ਇਨ੍ਹਾਂ ਅੰਗਰੇਜ਼ਾਂ ਦੀ ਮਦਦ ਕਰ ਕੇ ਦੇਸ਼ ਦੀ ਗੁਲਾਮੀ ਨੂੰ ਹੋਰ ਮਜ਼ਬੂਤ ਕਰ ਰਹੇ ਹੋ? ਇਸ ਸਵਾਲ ਦਾ ਬੜਾ ਅਸਰ ਹੋਇਆ। ਯੁੱਧ 'ਚ ਬੰਦੀ ਹੋਏ ਫੌਜੀਆਂ 'ਚੋਂ ਬਹੁਤੇ ਫੌਜੀ ਆਜ਼ਾਦ ਹਿੰਦ ਲਸ਼ਕਰ 'ਚ ਸ਼ਾਮਲ ਹੋ ਗਏ। ਇਨ੍ਹਾਂ ਨੂੰ ਸਿਖਲਾਈ ਦੇ ਨਾਲ-ਨਾਲ ਦੇਸ਼ ਦੇ ਇਤਿਹਾਸ ਦੀ ਜਾਣਕਾਰੀ ਵੀ ਦਿੱਤੀ ਜਾਂਦੀ। ਹੌਲੀ-ਹੌਲੀ ਇਨ੍ਹਾਂ ਦੀ ਤਾਦਾਦ ਵਧਦੀ ਗਈ। ਇਟਲੀ ਦੇ ਫੌਜੀਆਂ ਦੇ ਪੈਰ, ਜੰਗ ਦੇ ਹਰ ਮੁਹਾਜ਼ 'ਤੇ ਉਖੇੜਨ ਲੱਗੇ। ਇਟਲੀ ਵਾਲੇ ਚਾਹੁੰਦੇ ਸਨ ਕਿ ਆਜ਼ਾਦ ਹਿੰਦ ਲਸ਼ਕਰ ਉਨ੍ਹਾਂ ਦੇ ਮੋਰਚਿਆਂ 'ਤੇ ਮੋਹਰੇ ਹੋ ਕੇ ਲੜੇ। ਅਜੀਤ ਸਿੰਘ ਨੇ ਕਿਹਾ ਕਿ ਭਾਰਤੀ ਲਸ਼ਕਰ ਸਿਰਫ਼ ਭਾਰਤੀ ਸਰਹੱਦ 'ਤੇ ਹੀ ਬਰਤਾਨਵੀ ਸਰਕਾਰ ਨਾਲ ਟੱਕਰ ਲੈਣਗੇ। ਇਟਲੀ ਨੇ ਇਨ੍ਹਾਂ ਨੂੰ ਫਿਰ ਬੰਦੀ ਬਣਾ ਲਿਆ। 7 ਅਕਤੂਬਰ ਨੂੰ ਇਟਲੀ ਨੇ ਹਾਰ ਮੰਨ ਲਈ। ਆਜ਼ਾਦ ਹਿੰਦ ਲਸ਼ਕਰ ਸੁਭਾਸ਼ ਚੰਦਰ ਬੋਸ਼ ਵਾਲੀ ਆਜ਼ਾਦ ਹਿੰਦ ਫੌਜ ਵਿਚ ਸ਼ਾਮਲ ਹੋ ਗਿਆ। ਕਦੇ ਕਿਤੇ ਕਦੇ ਕਿਤੇ ਘੁੰਮਦੇ ਅਜੀਤ ਸਿੰਘ ਨੂੰ ਬਰਤਾਨਵੀ ਫੌਜੀ ਨੇ ਫੜ ਲਿਆ।

ਜਿਵੇਂ ਹੀ ਦੇਸ਼ ਆਜ਼ਾਦ ਹੋਣ 'ਤੇ ਪੰਡਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਥੱਲੇ ਸਰਕਾਰ ਦੀ ਖੁਸ਼ਬੋ ਹਵਾ ਵਿਚ ਉਠਣ ਲੱਗੀ ਤਾਂ ਅਜੀਤ ਸਿੰਘ ਬਾਰੇ ਵੀ ਅਖ਼ਬਾਰਾਂ ਦੇ ਪਹਿਲੇ ਪੰਨਿਆਂ 'ਤੇ ਖਬਰਾਂ ਛਪੀਆਂ ਜੋ ਲੋਕਾਈ ਵਿਚ ਬਹਿਸ ਦਾ ਵਿਸ਼ਾ ਵੀ ਬਣਨ ਲੱਗੀਆਂ। ਅਖ਼ਬਾਰਾਂ ਨੇ ਲਿਖਿਆ ਕਿ 1937 ਵਿਚ ਪੰਡਤ ਜਵਾਹਰ ਲਾਲ ਨਹਿਰੂ ਸਵਿਟਜਰਲੈਂਡ ਗਏ ਸਨ ਤਾਂ ਅਜੀਤ ਸਿੰਘ ਨਾਲ ਹੋਈ ਗੱਲਬਾਤ ਵਿਚ ਜਲਦੀ ਤੋਂ ਜਲਦੀ ਹਿੰਦੁਸਤਾਨ ਆਉਣ ਬਾਰੇ ਆਪਣੀ ਬੇਚੈਨੀ ਪ੍ਰਗਟਾਈ ਸੀ। ਹੁਣ ਲੋਕ ਹਿੱਤ ਤੇਜ਼ ਹੋ ਰਿਹਾ ਸੀ। ਪੰਡਤ ਨਹਿਰੂ ਉਤੇ ਦਬਾਅ ਵਧ ਰਿਹਾ ਸੀ। ਬਰਤਾਨਵੀ ਸਰਕਾਰ ਅਜੀਤ ਸਿੰਘ ਨੂੰ ਹਿੰਦੁਸਤਾਨ ਵਿਚ ਦਾਖਲ ਹੋਣ ਵਿਚ ਕਈ ਤਰ੍ਹਾਂ ਦੇ ਅੜਿੱਕੇ ਪਾਉਂਦੀ ਰਹੀ ਸੀ ਤਾਂ ਪੰਡਤ ਨਹਿਰੂ ਨੇ ਵਾਇਸਰਾਏ 'ਤੇ ਜ਼ੋਰ ਪਾਇਆ ਕਿ ਅਜੀਤ ਸਿੰਘ ਨੂੰ ਰਿਹਾ ਕਰ ਦਿੱਤਾ ਜਾਵੇ। ਮਾਰਚ 1947 ਨੂੰ ਅਜੀਤ ਸਿੰਘ ਕਰਾਚੀ ਪਹੁੰਚੇ। ਕੇਦਾਰ ਨਾਥ ਸਹਿਗਲ, ਡਾ. ਸਤਪਾਲ ਅਤੇ ਉਨ੍ਹਾਂ ਦੇ ਵੱਡੇ ਭਰਾ ਸ. ਕਿਸ਼ਨ ਸਿੰਘ ਨੇ ਉਨ੍ਹਾਂ ਦਾ ਸਵਾਗਤ ਕੀਤਾ। ਕਰਾਚੀ ਤੋਂ ਦਿੱਲੀ, ਫਿਰ ਪੰਜਾਬ ਤੇ ਫਿਰ ਲਾਹੌਰ ਪੁੱਜੇ। ਇਸ ਤਰ੍ਹਾਂ ਬੁੱਢਾ, ਬਿਮਾਰ, ਥੱਕਿਆ-ਹਾਰਿਆ, ਕ੍ਰਾਂਤੀਕਾਰੀ, ਬਾਗੀ ਮਸੀਹਾ ਅਜੀਤ ਸਿੰਘ ਜ਼ਿੰਦਾ ਜਾਗਦਾ ਤਕਰੀਬਨ 40 ਸਾਲ ਬਾਅਦ ਲਾਇਲਪੁਰ ਚੱਕ ਨੰਬਰ 105 ਗਾਫ ਬੇਅ (ਬੰਗਾ) ਆਪਣੇ ਘਰ ਵਾਪਸ ਆਇਆ ਤੇ ਮੂੰਹ ਤੋਂ ਆਵਾਜ਼ ਨਿਕਲੀ-ਜ਼ਿੰਦਾਬਾਦ ਇਨਕਲਾਬੀ। ਕੁਝ ਦਿਨ ਬਾਅਦ ਅਜੀਤ ਸਿੰਘ ਫਿਰ ਪ੍ਰੇਸ਼ਾਨ ਰਹਿਣ ਲੱਗੇ ਕਿ ਜਿਸ ਆਜ਼ਾਦੀ ਲਈ ਜ਼ਿੰਦਗੀ ਭਰ ਜੂਝਦਾ ਰਿਹਾ ਸਾਂ, ਅੰਗਰੇਜ਼ ਜਾ ਰਿਹਾ ਹੈ, ਪਰ ਹਿੰਦੁਸਤਾਨ ਦਾ ਬਟਵਾਰਾ ਕਰ ਕੇ। ਨਾ ਜਵਾਹਰ ਲਾਲ ਨਹਿਰੂ ਦੇਖ ਰਿਹਾ ਹੈ, ਨਾ ਜਿਨਾਹ। ਖੂਨ ਦੀਆਂ ਨਦੀਆਂ ਵਹਿ ਰਹੀਆਂ ਹਨ। ਉਹ ਹੋਰ ਗੰਭੀਰ ਹੋ ਗਏ।

15 ਅਗਸਤ 1947 ਨੂੰ ਸੁਤੰਤਰ ਭਾਰਤ ਦੀ ਪਹਿਲੀ ਸਵੇਰ ਨੂੰ ਆਪਣੀ ਜੀਵਨ ਸਾਥਣ ਮਾਤਾ ਹਰਨਾਮ ਕੌਰ ਨੂੰ ਉਨ੍ਹਾਂ ਕਿਹਾ ਕਿ ਮੇਰਾ ਫਰਜ਼ ਸੀ ਤੇਰੀ ਸੇਵਾ ਕਰਾਂ, ਪਰ ਮੈਂ ਤਾਂ ਭਾਰਤ ਮਾਤਾ ਦੀ ਸੇਵਾ ਹੀ ਕਰਦਾ ਰਿਹਾ। ਇਸ ਤੋਂ ਬਾਅਦ ਆਵਾਜ਼ ਗੰਭੀਰ ਹੋ ਗਈ। ਜੈ ਹਿੰਦ ਬੁਲਾ ਕੇ ਬਾਗੀ ਮਸੀਹਾ ਅਜੀਤ ਸਿੰਘ ਆਪਣਾ ਜੀਵਨ ਪੰਧ ਸਮਾਪਤ ਕਰ ਗਏ।

# ਕੂਕਾਂ ਯਾਰ ਦੀਆਂ ਸੁਣ ਲੈ ਬਿਸ਼ਨੀਏ ਖੜ੍ਹ ਕੇ...




ਐਸ. ਅਸ਼ੋਕ ਭੌਰਾ

ਇਸ ਗੱਲ ਨੂੰ ਸਵੀਕਾਰ ਕਰਨਾ ਪਵੇਗਾ ਕਿ ਕਈ ਚਿਹਰੇ ਇੰਨੇ ਖ਼ੂਬਸੂਰਤ ਹੁੰਦੇ ਨੇ ਕਿ ਤੁਹਾਡੇ ਧੁਰ ਅੰਦਰ ਤੱਕ ਇੱਦਾਂ ਉਤਰ ਜਾਂਦੇ ਨੇ ਕਿ ਬੰਦਾ ਯਾਦ ਈ ਨ੍ਹੀਂ ਰੱਖਦਾ ਕਿ ਇਨ੍ਹਾਂ ਦਾ ਸੁਭਾਅ ਕਿਹੋ ਜਿਹਾ ਹੋਵੇਗਾ। ਬਚਪਨ ਦੇ ਦਿਨਾਂ ਵਿਚ ਹੀ ਮੈਂ ਗੀਤ-ਸੰਗੀਤ ਨਾਲ ਇੰਨਾ ਘੁਲ-ਮਿਲ ਗਿਆ ਸਾਂ ਤੇ ਮੈਨੂੰ ਕਈ ਵਾਰ ਇਦਾਂ ਲੱਗਦਾ ਸੀ ਕਿ ਮੈਂ ਬਾਗੀ ਹੋ ਕੇ ਘਰੋਂ ਨਿਕਲ ਜਾਵਾਂਗਾ। ਮੈਂ ਕੀ ਬਣਾਂਗਾ, ਇਹਦਾ ਮੈਨੂੰ ਇਲਮ ਨਹੀਂ ਸੀ, ਸਕੂਲ ਜਾਣ ਵੇਲੇ ਜਾਂ ਛੁੱਟੀ ਹੋਣ 'ਤੇ ਜਦੋਂ ਮੈਂ ਬਸਤਾ ਘਰੇ ਰੱਖਣਾ ਤਾਂ ਬੇਬੇ ਦਾ ਇਕ ਪੱਕਾ ਸੰਵਾਦ ਹਰ ਦੂਜੇ ਚੌਥੇ ਹੁੰਦਾ ਸੀ, "ਕਾਕਾ, ਤੇਰਾ ਪਿਉ ਜਦੋਂ ਤੂੰ ਤਿੰਨ-ਚਾਰ ਕੁ ਸਾਲ ਦਾ ਸੀ, ਚਲੇ ਗਿਆ...ਮੇਰੇ ਪੱਲੇ ਪਾ ਕੇ...ਇਕ ਵੱਡਾ ਵਿਆਹਿਐ, ਬਾਕੀ ਸਾਰੀ ਕੱਚੀ ਕਬੀਲਦਾਰੀ ਐ। ਦੋ ਤੇਰੀਆਂ ਭੈਣਾਂ ਪੜ੍ਹਦੀਆਂ ਨੇ। ਇਕ ਮਿਲਟਰੀ 'ਚ ਭਰਤੀ ਹੋ ਗਿਐ, ਦੂਜਾ ਡਮਾਕ ਤੋਂ ਕੋਰਾ, ਇਹ ਸਾਧ ਸੰਤ ਈ ਐ। ਤੀਜਾ ਨੌਵੀਂ 'ਚੋਂ ਹਟ ਗਿਆ। ਉਹ ਊਂ ਅਲੱਥ ਐ ਤੇ ਰਹਿ ਗਿਆ ਤੂੰ? ਤੇਰਾ ਪਿਉ ਜੋ ਕਹਿ ਗਿਆ ਸੀ, ਉਹ ਬਣੀਂ।"

...ਤੇ ਉਹ ਕਿਵੇਂ ਬਣਨੈਂ, ਉਹਦੇ ਬਾਰੇ ਮੈਨੂੰ ਕੁਝ ਵੀ ਪਤਾ ਨਹੀਂ ਸੀ। ਗੱਲ ਵਿਚਲੀ ਇਹ ਸੀ ਕਿ ਮੇਰਾ ਦੂਜੇ ਨੰਬਰ ਵਾਲਾ ਭਰਾ ਪੜ੍ਹਨ ਨੂੰ ਜਮਾਂ ਥੋਥਾ ਸੀ। ਉਹਨੇ ਸਕੂਲ ਜਾਣ ਤੋਂ ਅੜਨਾ ਤਾਂ ਪਿਉ ਨੇ ਕੁੱਟਣ ਲੱਗ ਪੈਣਾ। ਬੁੱਢੀ ਦਾਦੀ ਨੇ ਪੋਤੇ ਨੂੰ ਛੁਡਾਉਂਦਿਆਂ ਬਾਪ ਨੂੰ ਉਲਟ ਘੂਰਨਾ, "ਤੂੰ ਕਿਤੇ ਪਟਵਾਰੀ ਲੱਗਾ ਹੋਇਐਂ, ਪਈ ਇਹਨੇ ਉਮਰਸੀਰ (ਓਵਰਸੀਅਰ) ਲੱਗ ਜਾਣਾ।" ਉਨ੍ਹਾਂ ਦਿਨਾਂ ਵਿਚ ਪਟਵਾਰੀ, ਥਾਣੇਦਾਰ ਤੇ ਓਵਰਸੀਅਰ ਦੀ ਬਹੁਤ ਬੱਲੇ-ਬੱਲੇ ਹੁੰਦੀ ਸੀ।...ਤੇ ਜਿਸ ਦਿਨ ਪਿਉ ਦੀ ਮੌਤ ਹੋਈ, ਉਹਨੇ ਵੱਡੇ ਭਰਾ ਨੂੰ ਕੋਲ ਬਿਠਾ ਕੇ ਕਿਹਾ, "ਤੁਸੀਂ ਤਾਂ ਜੋ ਬਣਨਾ ਸੀ, ਬਣ ਗਏ...ਇਹ ਛੋਟਾ ਅਸ਼ੋਕ ਐ, ਵੇਖ ਲਿਉ ਜੇ ਕਿਤੇ ਉਮਰਸੀਰ ਲੱਗ ਜਾਏ।" ਬੇਬੇ ਚਾਹੁੰਦੀ ਸੀ, ਮੈਂ ਬਾਪ ਦਾ ਅਧੂਰਾ ਰਹਿ ਗਿਆ ਸੁਪਨਾ ਪੂਰਾ ਕਰ ਕੇ ਵਿਖਾਵਾਂ ਪਰ ਵੱਡਾ ਭਰਾ ਕਹਿੰਦਾ ਹੁੰਦਾ ਸੀ ਕਿ ਉਮਰਸੀਰ ਐਵੇਂ ਨੀ ਬਣ ਹੁੰਦਾ। ਦਸਵੀਂ 'ਚੋਂ ਫਸਟ ਡਿਵੀਜ਼ਨ ਆਊ ਤਾਂ ਮਿਲੂ ਦਾਖਲਾ ਉਸ ਕਾਲਜ ਵਿਚ। ਮੇਰੇ ਹਾਲਾਤ ਉਸੇ ਤਰ੍ਹਾਂ ਦੇ ਬਣਦੇ ਜਾ ਰਹੇ ਸਨ ਕਿ ਜਿਵੇਂ ਕਿਸੇ ਲੜਕੀ ਨੇ ਵਿਆਹ ਕਰਵਾਉਣ ਦਾ ਵਾਅਦਾ ਕਿਸੇ ਹੋਰ ਨਾਲ ਕੀਤਾ ਹੋਵੇ ਤੇ ਜੰਞ ਦੇ ਕਿਤਿਉਂ ਹੋਰ ਆਉਣ ਦੀ ਖ਼ਬਰ ਆ ਜਾਵੇ।

ਕੀੜਾ ਤਾਂ ਮੇਰੇ ਦਿਮਾਗ ਵਿਚ ਬੋਲੀਆਂ ਉਹ ਪਾ ਰਿਹਾ ਸੀ ਜਿਹੜਾ ਗਾਇਕੀ ਤੇ ਗਾਇਕਾਂ ਨਾਲ ਠੁਮਕਾ ਲਾਉਣ ਨੂੰ ਕਹੇ। ਇੱਧਰ ਸ਼ਰਤਾਂ ਘਰੋਂ ਲਾਈਆਂ ਜਾ ਰਹੀਆਂ ਸਨ ਕਿ ਦਸਵੀਂ ਪਹਿਲੇ ਨੰਬਰ 'ਤੇ ਰਹਿ ਕੇ ਪਾਸ ਕਰਨੀ ਆਂ। ਚੱਕੀ ਰਾਹੇ ਦੀ ਚੁੰਝ ਵਿੰਗੀ ਹੋਣ ਦੀਆਂ ਪੂਰੀਆਂ ਸੰਭਾਵਨਾਵਾਂ ਸਨ। ਉਧਰ ਮੈਂ ਭਾਸ਼ਾ ਵਿਭਾਗ ਵੱਲੋਂ ਛਪਦੇ ਦੋ ਰਸਾਲੇ 'ਪੰਜਾਬੀ ਦੁਨੀਆ' ਤੇ 'ਜਨ ਸਾਹਿਤ' ਡਾਕ ਰਾਹੀਂ ਬੇਬੇ ਤੋਂ ਚਾਰ ਰੁਪਏ ਪੇਪਰਾਂ ਦੀ ਫੀਸ ਦੇ ਬਹਾਨੇ ਸਾਲ ਭਰ ਲਈ ਲੁਆ ਲਏ। ਜਦੋਂ ਪਹਿਲੀਆਂ ਕਾਪੀਆਂ ਘਰੇ ਆਈਆਂ ਤਾਂ ਫੌਜੀ ਭਰਾ ਛੁੱਟੀ ਆਇਆ ਹੋਇਆ ਸੀ। ਬੇਬੇ ਘੱਟ ਤੱਤੀ, ਉਹ ਆਪ ਤਾਂ ਲੋਹਾ ਬਣਿਆ ਫਿਰੇ। ਬੇਬੇ ਨੂੰ ਕਹੇ, "ਬਣਾ ਲਈਂ ਓਵਰਸੀਰ। ਇਸ ਬੰਦੇ ਨੇ ਜਿਹੜੇ ਕੰਮ ਫੜ ਲਏ ਆ, ਚਪੜਾਸੀ ਨ੍ਹੀਂ ਲਗਦਾ।" ਬੇਬੇ ਨੇ ਮਾਰੀ ਚੱਪਲ ਲਾਹ ਕੇ ਕੈਂਚੀ ਵਾਲੀ ਸਿਰ 'ਚ। ਮਾਂ ਸਾਡੀ ਮਰਦੇ ਦਮ ਤੱਕ ਕੱਬੀ ਬਹੁਤ ਰਹੀ। ਨਾਲੇ ਮੇਰੇ ਮਾਰਿਆ ਕਰੇ, ਨਾਲੇ ਆਖੇ, "ਮਰਨ ਆਲਾ ਇਹਨੂੰ ਉਮਰਸੀਰ ਲਾਉਂਦਾ ਸੀ। ਆਖਰੀ ਸਿਪਾਹੀ ਵੀ ਸੁੱਟ ਗਿਆ ਹਥਿਆਰ...ਜਿੱਤਣਾ ਮੈਂ ਸੁਆਹ ਆ।" ਮੈਂ ਬਲੂੰਗੜਾ ਜਿਹਾ ਇੱਦਾਂ ਦੀ ਹਾਲਤ 'ਚ ਗੁਜ਼ਰ ਰਿਹਾ ਸਾਂ ਜਿਵੇਂ ਕੋਈ ਨੱਚਦੇ ਨੂੰ ਦਬਕਾ ਕੇ ਆਖੇ, "ਰੋ ਕੇ ਵਿਖਾ।"

ਪਿੰਡ ਦਾ ਈ ਇਕ ਮੁੰਡਾ ਹੋਰ ਮੇਰੇ ਨਾਲ ਪੜ੍ਹਦਾ ਸੀ ਹਰਮੇਸ਼, ਕਹਿੰਦੇ ਉਹਨੂੰ ਮੇਸ਼ੀ ਹੀ ਸੀ ਅਸੀਂ। ਹਾਲੇ ਅੱਠਵੀਂ 'ਚ ਹੋਏ ਈ ਸੀ ਕਿ ਉਹਦੇ ਘਰੇ ਛੋਟਾ ਭਰਾ ਜੰਮ ਪਿਆ। ਸਕੂਲ ਉਹ ਝੋਲੇ 'ਚੋਂ ਗੁੜ ਦੀ ਭੇਲੀ ਕੱਢ ਕੇ ਕਹਿਣ ਲੱਗਾ, "ਲਉ ਖਾ ਲਉ। ਅਸੀਂ ਹੁਣ ਦੋ ਤੋਂ ਤਿੰਨ ਹੋ ਗਏ ਆਂ।" ਸਾਡੇ ਇਕ-ਦੋ ਮਾਸਟਰਾਂ ਨੇ ਉਹਨੂੰ ਦੋ-ਚਾਰ ਦਿਨ ਛੇੜ ਕੇ ਠਿੱਠ ਵੀ ਬਹੁਤ ਕੀਤਾ। ਉਨ੍ਹਾਂ ਦਿਨਾਂ ਵਿਚ ਸਿਹਤ ਵਿਭਾਗ ਦਾ ਪਹਿਲਾ ਆਬਾਦੀ ਘਟਾਉਣ ਵਾਲਾ ਨਾਅਰਾ ਪੀਲੇ ਰੰਗ ਉਪਰ ਕਾਲੇ ਅੱਖਰਾਂ ਨਾਲ ਫੋਟੋਆਂ ਬਣਾ ਕੇ ਕੰਧਾਂ ਉਪਰ ਲਿਖਿਆ ਹੁੰਦਾ ਸੀ, 'ਅਗਲਾ ਬੱਚਾ ਅਜੇ ਨਹੀਂ, ਤਿੰਨ ਤੋਂ ਬਾਅਦ ਕਦੇ ਨਹੀਂ।' ਮਾਸਟਰਾਂ ਨੇ ਕਹਿਣਾ, "ਮੇਸ਼ੀ, ਆਪਣੇ ਭਾਪੇ ਨੂੰ ਪੜ੍ਹ ਕੇ ਸੁਣਾਵੀਂ" ਪਰ ਵਿਚਾਰੇ ਨੇ ਸੁਣਾਇਆ ਤਾਂ ਉਹਨੂੰ ਇਕ-ਦੋ ਵਾਰ ਮੇਰੇ ਸਾਹਮਣੇ ਵੀ, ਪਰ ਦੇਖਾ-ਦੇਖੀ ਮੇਸ਼ੀ ਤੋਂ ਬਾਅਦ ਚਾਰ ਜੀਅ ਧੱਕੇ ਨਾਲ ਸਾਲ ਡੂਢ ਸਾਲ ਦੇ ਫਰਕ ਨਾਲ ਹੋਰ ਆ ਗਏ।

ਲੋਹੜੀ ਆਈ ਤਾਂ ਮੇਸ਼ੀ ਕਹਿੰਦਾ, "ਸਾਡੇ ਘਰੇ ਛੋਟੇ ਭਰਾ ਦੀ ਲੋਹੜੀ ਪੈਣੀ ਆਂ। ਟਿੰਡ ਵਜਾਉਣ ਲਈ ਬਿੱਕਰ ਨੂੰ ਨਾਲ ਰਲਾ ਲੈਨੇ ਆਂ, ਆਪਾਂ ਦੋਵੇਂ ਗਾ ਕੇ ਨੱਚਾਂਗੇ। ਦੋ ਰੁਪਏ ਤਾਂ ਮੈਂ ਪੱਕੇ ਆਪਣੇ ਭਾਪੇ ਤੋਂ ਲੈ ਦਊਂ। ਬੱਕਲੀਆਂ ਦੋ ਦਿਨ ਖਾਵਾਂਗੇ ਤੇ ਦਾਣੇ ਵੇਚਾਂਗੇ।" ਮੈਨੂੰ ਗੱਲ ਸੁੱਝ ਗਈ। ਮੈਂ ਕਿਹਾ, "ਮੇਸ਼ੀ ਮੈ ਗਾਣਾ ਲਿਖੂੰਗਾ ਲੋਹੜੀ 'ਤੇ, ਉਹ ਗਾਵਾਂਗੇ।" ਉਹਨੇ ਮੈਨੂੰ ਡਰਾ ਦਿੱਤਾ, ਆਂਹਦਾ, "ਇਹ ਤਾਂ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਆ...।"

ਮੈਂ ਵੀ ਪੈ ਗਿਆ, 'ਬਈ ਕੰਜਰ ਦਿਆ, ਆਪਾਂ ਕਿਤੇ ਰਕਾਟ ਭਰਾਉਣੈ।' ਲੋਹੜੀ ਤਾਂ ਅਸੀਂ ਮੰਗ ਕੇ ਤੇਈ ਰੁਪਏ ਬਣਾ ਲਏ। ਮੇਰੇ ਗਾਣੇ ਦੀ ਚਰਚਾ ਅਗਲੇ ਦਿਨ ਮਾਹਿਲ ਗਹਿਲਾਂ ਦੇ ਹਾਈ ਸਕੂਲ ਵਿਚ ਪੁੱਜ ਗਈ। ਗੀਤ ਮੈਨੂੰ ਪੂਰਾ ਤਾਂ ਯਾਦ ਨ੍ਹੀਂ, ਮੇਸ਼ੀ ਦੇ ਪੇ ਦਾ ਨਾਂ ਸੀ ਕਰਤਾਰਾ। ਕੱਚੀ ਉਮਰ ਦੇ ਗੀਤ ਦਾ ਮੁਖੜਾ, ਪਰ ਵਜ਼ਨ ਤੋਲ ਪੂਰਾ...

ਸਰਨੇ ਦੀ ਸੂਈ ਬੱਕਰੀ
ਕਰਤਾਰੇ ਦੇ ਜੰਮ ਪਿਆ ਮੁੰਡਾ
ਬਚਨੀਏ ਬੱਸ ਨਾ ਕਰੀਂ
ਨਾ ਹੀ ਭੁੱਲ ਕੇ ਮਾਰ ਲਈ ਕੁੰਡਾ।

ਸਕੂਲ ਮਾਸਟਰ ਮੰਗਤ ਰਾਮ ਨੇ ਸਮਾਜਕ ਵਿਗਿਆਨ ਦੇ ਪੀਰੀਅਡ 'ਚ ਟਿੰਡ ਮੰਗਾ ਲਈ ਘਰੋਂ, ਕਿਉਂਕਿ ਸਾਰੇ ਪਿੰਡ ਦੇ ਮੁੰਡਿਆਂ ਨੇ ਸਾਡੇ ਗੀਤ ਅਤੇ ਲੋਹੜੀ ਮੰਗਣ ਦਾ ਪਾਜ ਖੋਲ੍ਹ ਦਿੱਤਾ ਸੀ। ਮੰਗਤ ਰਾਮ ਨੇ ਪਹਿਲਾਂ ਤਾਂ ਸਾਥੋਂ ਨਚਾ ਕੇ ਉਸੇ ਟਿੰਡ ਨਾਲ ਸੁਣਿਆ, ਉਹੀ ਗੀਤ। ਫਿਰ ਫੜਾ ਲਏ ਕੰਨ। ਅਖੇ, "ਵੱਡਾ ਚਮਨ ਲਾਲ ਸ਼ੁਗਲ। ਗਾਣੇ ਲਿਖਣ ਦਾ ਲਗਦਾ...ਬੜਾ ਸੋਹਣਾ ਪੜ੍ਹਦੇ...ਦਿਮਾਗ ਖ਼ਰਾਬ ਹੋ ਗਿਆ ਕੁੱਤੇ ਦਾ।" ਜ਼ਿੰਦਗੀ ਵਿਚ ਕਲਾਸ ਤੇ ਕੁੜੀਆਂ ਸਾਹਮਣੇ ਉਸ ਦਿਨ ਪਹਿਲੀ ਵਾਰ ਲੱਥੀ ਸੀ, ਪਰ ਮੇਰੀਆਂ ਇਨ੍ਹਾਂ ਪੁੱਠੀਆਂ ਆਦਤਾਂ ਨੂੰ ਫਰਕ ਪੈਣ ਦੀ ਥਾਂ ਸਕੂਲੋਂ ਹੀ ਮੈਨੂੰ ਹੋਰ ਮਾਸਟਰਾਂ ਨੂੰ ਮੰਗਤ ਰਾਮ ਵੱਲੋਂ ਮੇਰੀਆਂ ਸਿਫ਼ਤਾਂ ਵੀ ਪਤਾ ਲੱਗ ਗਈਆਂ ਸਨ, 'ਗੀਤ ਤਾਂ ਕੰਜਰ ਨੇ ਪੁੱਠਾ-ਸਿੱਧਾ ਈ ਲਿਖਿਆ, ਜਿਵੇਂ ਪਰਿਵਾਰ ਨਿਯੋਜਨ ਦਾ ਵਿਰੋਧੀ ਹੋਵੇ, ਪਰ ਊਂ ਲਿਖਿਆ ਚੰਗਾ।' ਇਸ ਅਸਿੱਧੀ ਹੱਲਾਸ਼ੇਰੀ ਨਾਲ ਮੈਨੂੰ ਚੰਗਾ ਲਿਖਣ ਦੀ ਅਕਲ ਨਾ ਵੀ ਆਈ ਹੋਵੇ, ਵੱਖਰੀ ਗੱਲ ਹੈ ਪਰ ਇਹ ਸਰਟੀਫਿਕੇਟ ਜ਼ਰੂਰ ਮਿਲ ਗਿਆ ਸੀ, ਪਈ ਮਿੱਤਰਾ ਹੁਣ ਹਟੀਂ ਨਾ।

ਇਸ ਘਟਨਾ ਤੋਂ ਤੁਰੰਤ ਬਾਅਦ ਮੇਰੇ ਹੱਕ ਵਿਚ ਅਜਿਹੀਆਂ ਵੋਟਾਂ ਪੈਣ ਲੱਗੀਆਂ, ਜਿਵੇਂ ਚੋਣਾਂ ਵਿਚ ਪਾਰਟੀਆਂ ਦੇ ਉਮੀਦਵਾਰ ਪਛੜ ਗਏ ਹੋਣ ਤੇ ਲੀਡ ਆਜ਼ਾਦ ਉਮੀਦਵਾਰ ਦੀ ਬਣ ਗਈ ਹੋਵੇ। 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕੀ ਪੰਨੇ 'ਤੇ ਇਕ ਕਾਲਮ ਰੋਜ਼ਾਨਾ ਛਪਦਾ ਹੁੰਦਾ ਸੀ 'ਪਿੰਡਾਂ ਵਿਚੋਂ ਪਿੰਡ ਸੁਣੀਂਦਾ'। ਇਹਦੇ ਵਿਚ ਜਦੋਂ ਮੇਰੇ ਪਿੰਡ ਭੌਰਾ ਬਾਰੇ ਛਪਿਆ ਤਾਂ ਲਿਖਣ ਵਾਲੇ ਨੇ ਇਕ ਸਤਰ ਇਹ ਵੀ ਲਿਖੀ ਹੋਈ ਸੀ ਮੇਰੇ ਬਾਰੇ, ਕਿ ਇਥੋਂ ਦਾ ਇਕ ਨੌਜਵਾਨ ਗੀਤ ਵੀ ਲਿਖਦਾ ਤੇ ਨਿੱਕੀਆਂ ਕਹਾਣੀਆਂ ਵੀ। ਪਿੰਡ ਦਾ ਜਿਹੜਾ ਬੰਦਾ ਇਹ ਹਿਸਟਰੀ ਲਿਖਾਉਣ ਵਾਲਾ ਸੀ, ਉਹਦੇ ਮੁੰਡੇ ਦੀ ਲੋਹੜੀ 'ਤੇ ਮੈਂ ਤੇ ਮੇਸ਼ੀ ਨੱਚ ਕੇ ਆਏ ਸਾਂ। ਉਹਨੇ ਮੈਨੂੰ ਪੁੱਛਿਆ ਸੀ ਕਿ ਬਚਨੀ-ਕਰਤਾਰੇ ਦਾ ਗੀਤ ਕੀਹਨੇ ਲਿਖਿਆ। ਜਦੋਂ ਮੈਂ ਦੱਸਿਆ ਕਿ ਇਹ ਮੈਂ ਹੀ ਲਿਖਿਆ ਹੈ, ਤਾਂ ਉਹਨੇ ਮੇਰਾ ਨਾਂ ਅਖ਼ਬਾਰ 'ਚ ਲਿਖਾ'ਤਾ। ਨਿੱਕੀਆਂ ਕਹਾਣੀਆਂ ਦੀ ਗੱਲ ਉਹਨੇ ਕੋਲੋਂ ਜੋੜ ਲਈ ਸੀ। ਅਜਿਹਾ ਹੋਣ ਨਾਲ ਪਿੰਡ ਤੇ ਸਕੂਲ ਵਿਚ ਕਿਤੇ-ਕਿਤੇ ਇਹ ਚਰਚਾ ਹੋਣ ਲੱਗ ਪਈ ਸੀ, "ਇਹ ਛੋਕਰਾ ਜਿਹਾ ਕੁਝ ਹੈਗਾ।"

...ਤੇ 1978 ਵਿਚ ਮੈਂ ਪਿੰਡ ਦੇ ਨਿੱਕੇ ਜਿਹੇ ਫੁੱਟਬਾਲ ਖਿਡਾਰੀ ਬਾਰੇ ਬੱਚਿਆਂ ਵਰਗੀ ਅਕਲ ਨਾਲ ਝੂਠੀਆਂ-ਮੂਠੀਆਂ ਗੱਲਾਂ ਬਣਾ ਕੇ ਲੇਖ 'ਅਜੀਤ' ਤੇ 'ਜੱਗਬਾਣੀ' ਨੂੰ ਛਪਣ ਲਈ ਭੇਜ ਦਿੱਤਾ। ਉਹ 'ਅਜੀਤ' ਨੇ ਤਾਂ ਨਾ ਛਾਪਿਆ ਪਰ 'ਜੱਗ ਬਾਣੀ' ਨੇ ਛਾਪ ਦਿੱਤਾ, ਖਬਰਾਂ ਵਾਲੇ ਪੰਨੇ 'ਤੇ। ਹਾਲਾਤ ਇੱਦਾਂ ਬਣ ਗਏ ਜਿਵੇਂ ਕੋਈ ਪਸ਼ੂ ਬਿਨਾਂ ਨਵੇਂ ਦੁੱਧ ਹੋਇਆਂ ਦੁੱਧ ਦੇਣ ਲੱਗ ਪਿਆ ਹੋਵੇ। ਨਾ ਦਾੜ੍ਹੀ ਨਾ ਮੁੱਛਾਂ ਪਰ ਲੋਕਾਂ 'ਚ ਮੇਰਾ ਨਾਂ ਪਛਾਣ ਵਾਲਾ ਬਣ ਰਿਹਾ ਸੀ।

ਉਨ੍ਹਾਂ ਦਿਨਾਂ ਵਿਚ ਲੁਧਿਆਣੇ ਤੋਂ ਬਾਅਦ ਸਾਡੇ ਲਾਗਲੇ ਸ਼ਹਿਰ ਬੰਗਾ ਵਿਚ ਦੋ-ਗਾਣਾ ਜੋੜੀ ਦਾ ਨਾਂ ਬੜਾ ਉਭਰ ਕੇ ਸਾਹਮਣੇ ਆਇਆ ਸੀ-ਸਤਨਾਮ ਸਿੰਘ ਚੰਗਿਆੜਾ ਤੇ ਬਲਵਿੰਦਰ ਕੌਰ ਬਿੰਦੂ। ਇਹ ਮੈਂ ਉਸੇ ਚੰਗਿਆੜੇ ਦੀ ਗੱਲ ਕਰ ਰਿਹਾ ਹਾਂ ਜੋ ਬੱਕਰੀ ਬਾਰੇ ਲਿਖੇ ਗੀਤ ਕਰ ਕੇ ਬਦਨਾਮ ਵੀ ਹੋਇਆ ਸੀ ਤੇ ਬੰਗਿਆਂ ਦੇ ਹੀ ਇੰਦਰਮੋਹਨ ਸੋਢੀ ਦੇ ਲਿਖੇ ਗੀਤ 'ਜੀਤਾਂ ਪੀ ਲਈਂ ਪਾਣੀ ਵਾਰ ਕੇ, ਮੈਂ ਇਹੋ ਜਿਹੇ ਪੁੱਤ ਨੇ ਵਿਆਹੁਣੇ' ਵਰਗੇ ਧਾਰਮਿਕ ਗੀਤ ਨਾਲ ਚਰਚਿਤ ਤੇ ਸਤਿਕਾਰ 'ਚ ਵੀ ਅੱਗੇ ਨਿਕਲਿਆ ਸੀ। ਅੱਜਕੱਲ੍ਹ ਨਿਊ ਯਾਰਕ ਵਸਦਾ ਰੇਸ਼ਮ ਸਿੰਘ ਰੇਸ਼ਮ ਤੇ ਉਹਦੀ ਗਾਇਕਾ ਪਤਨੀ ਬਲਬੀਰ ਕੌਰ ਜੱਟੀ ਉਦੋਂ ਚੰਗਿਆੜੇ ਨੇ ਹੀ ਲੋਕਾਂ ਦੀ ਪਛਾਣ ਵਿਚ ਲਿਆਂਦੇ ਸਨ। ਮੈਂ ਉਸੇ ਸਤਨਾਮ ਚੰਗਿਆੜੇ ਦੀ ਗੱਲ ਕਰ ਰਿਹਾ ਹਾਂ ਜੋ ਲੁਧਿਆਣੇ ਦੇ ਇਕ ਪਿੰਡ ਵਿਚ ਫਿਰ ਤਾਂਤਰਿਕ ਬਣ ਕੇ ਵੱਡੇ-ਵੱਡੇ ਲੋਕਾਂ ਤੇ ਅਫ਼ਸਰਾਂ ਦੇ ਅੱਖੀਂ ਘੱਟਾ ਪਾ ਕੇ ਬਹੁਤ ਸਾਲ ਲੁੱਟਦਾ ਰਿਹਾ। ਚੰਗਿਆੜਾ ਹੁਣ ਖ਼ੈਰ 'ਹੈ' ਤੋਂ 'ਸੀ' ਬਣ ਚੁੱਕਾ ਹੈ ਤੇ ਸਾਡੇ ਦਰਮਿਆਨ ਨਹੀਂ, ਪਰ ਮੇਰੀ ਜ਼ਿੰਦਗੀ ਵਿਚ ਗਾਇਕੀ ਨਾਲ ਤੇਹ ਪਾਲਣ ਤੇ ਫਿਰ ਤੱਤੇ ਗੀਤਾਂ ਨਾਲ ਚਰਚਿਤ ਤੇ ਮਸ਼ਹੂਰ ਹੋਣ ਦੀ ਆਰ ਉਸ ਨੇ ਜ਼ਰੂਰੀ ਲਾਈ।

ਸਾਡੇ ਪਿੰਡ 'ਚ ਚੰਗਿਆੜਾ ਤੇ ਬਿੰਦੂ ਕਈ ਵਾਰ ਗਾਉਣ ਆਏ। ਬਿੰਦੂ ਭਾਵੇਂ ਬਾਅਦ ਵਿਚ ਬੀੜੀਆਂ ਪੀ ਕੇ ਮਰੀ ਹੋਵੇ ਪਰ ਕਿਸੇ ਵੇਲੇ ਉਹ ਰਣਜੀਤ ਕੌਰ ਵਾਂਗ ਰੱਜ ਕੇ ਸੁਨੱਖੀ ਸੀ। ਬਿੰਦੂ ਨੂੰ ਵੇਖ ਕੇ ਵੀ ਪਿੰਡ ਦੇ ਕਈ ਬੰਦੇ ਉਸੇ 'ਬੋਲੇ' ਬਾਰੇ ਕਿਹਾ ਕਰਦੇ ਸਨ ਜਿਸ ਦਾ ਜ਼ਿਕਰ ਮੈਂ ਪਹਿਲਾਂ ਕੀਤਾ ਸੀ, ਪਈ ਜੇ ਕਿਤੇ ਬੋਲਾ ਹੁਣ ਜਿਉਂਦਾ ਹੁੰਦਾ ਤਾਂ ਉਹਨੇ ਇਕ ਵਾਰ ਫੇਰ ਸ਼ੁਦਾਈ ਹੋ ਜਾਣਾ ਸੀ, ਬਿੰਦੂ ਨੂੰ ਵੇਖ ਕੇ।

ਨੌਵੀਂ 'ਚ ਪੜ੍ਹਦੇ ਦਾ ਮੇਰਾ ਮਨ ਤਿਲਕ ਗਿਆ, ਜਿਵੇਂ ਨਸਲੀ ਕੁੱਤਾ ਵੀ ਹੱਡਾ ਰੋੜੀ ਅੱਗੇ ਦੀਨ-ਇਮਾਨ ਖੋ ਬੈਠਦਾ ਹੈ। ਇੰਨੀ ਕੁ ਉਮਰ ਵਿਚ ਕੀਹਨੂੰ ਚੇਤਾ ਹੁੰਦਾ ਹੈ ਕਿ ਸਾਹਿਤ ਵੀ ਕਿਸੇ ਸ਼ੈਅ ਦਾ ਨਾਂ ਹੈ ਜਾਂ ਇਖਲਾਕ ਤੇ ਸਮਾਜਕ ਕਦਰਾਂ-ਕੀਮਤਾਂ ਵੀ ਕੁਝ ਹੁੰਦੀਆਂ ਹਨ। ਅਖ਼ਬਾਰਾਂ ਵਿਚ ਮੈਂ ਮਹੀਨੇ 'ਚ ਉਨ੍ਹਾਂ ਦਿਨਾਂ 'ਚ ਦੋ ਕੁ ਵਾਰ ਛਪ ਜਾਂਦਾ ਸੀ, ਜਦੋਂ ਨਿੱਕਰ ਦੇ ਨਾਲੇ ਨੂੰ ਗੰਢ ਦੇਣੀ ਵੀ ਮਸਾਂ-ਮਸਾਂ ਆਈ ਹੁੰਦੀ ਐ। ਚੰਗਿਆੜਾ ਸਾਡੇ ਪਿੰਡ ਆਇਆ, ਅਖਾੜਾ ਮਘਿਆ ਪਿਆ ਸੀ। ਐਵੇਂ ਗੱਲ ਬਣਾ ਕੇ ਕਹਿਣ ਲੱਗਾ, 'ਅਸ਼ੋਕ ਮੁੰਡਾ ਇਸੇ ਪਿੰਡ ਦਾ ਜਿਹੜਾ ਗਾਣੇ ਵੀ ਲਿਖਦੈ ਤੇ ਅਖ਼ਬਾਰਾਂ 'ਚ ਵੀ ਲਿਖਦੈ, ਇਕ ਰੁਪਿਆ ਇਨਾਮ ਦਿੰਦੈ ਬਹੁਤ-ਬਹੁਤ ਸ਼ੁਕਰੀਆ।'

...ਤੇ ਮੈਂ ਸਟੇਜ ਅੱਗੇ ਪਹਿਲੀ ਕਤਾਰ ਵਿਚ ਨਿਆਣਿਆਂ 'ਚ ਬੈਠਾ ਸਾਂ। ਸੁਣ ਕੇ ਸੁੰਨ ਜਿਹਾ ਹੋ ਗਿਆ ਕਿ ਚੰਗਿਆੜੇ ਨੇ ਮੇਰਾ ਨਾਂ ਲੈ'ਤਾ। ਉਦੋਂ ਚੰਗਿਆੜਾ ਹੀ ਮੈਨੂੰ ਗੁਰਦਾਸ ਮਾਨ ਲੱਗ ਰਿਹਾ ਸੀ। ਪਿੰਡ ਦੇ ਲੋਕਾਂ ਵਿਚ ਅਗਲੇ ਦਿਨੀਂ ਕਾਨਾਫੂਸੀ ਹੋਣ ਲੱਗ ਪਈ ਸੀ, 'ਇਹ ਅਸ਼ੋਕ ਭਲਾ ਕੀਹਦਾ ਮੁੰਡਾ ਆ, ਕਿਨ੍ਹਾਂ 'ਚੋਂ ਆ। ਇਹ ਕਿਹੜਾ ਮਾਨ ਮਰਾੜਾਂ ਵਾਲਾ ਜੰਮ ਪਿਆ ਪਿੰਡ 'ਚ।'

ਉਂਜ ਫਾਂਟਾਂ ਵਾਲਾ ਪਜਾਮਾ ਮੇਰੀ ਪਛਾਣ ਸੀ। ਖਾਕੀ ਪਜਾਮੇ ਤੇ ਚਿੱਟੀ ਕਮੀਜ਼ ਵਿਚ ਬਸਤਾ ਚੁੱਕੀ ਸਕੂਲ ਜਾਂਦੇ ਨੂੰ ਕਈ ਕਹਿ ਦਿੰਦੇ ਸਨ, 'ਆਹ ਐ ਬਈ ਉਹ ਮੁੰਡਾ। ਸਿਰ ਤਾਂ ਹਾਲੇ ਇਹਦਾ ਗਿੱਲਾ ਹੀ ਐ, ਪਰ ਗੱਲ ਕੁਝ ਖਾਸ ਵੀ ਹੈ।' ਇਕ ਦਿਨ ਮੈਂ ਹੌਸਲਾ ਕਰ ਕੇ ਕਾਗ਼ਜ਼ ਦੇ ਦੋਹੀਂ ਪਾਸੀਂ ਗੀਤ ਲਿਖ ਕੇ ਪਿੰਡ ਦੇ ਰੁਲਦੂ ਅਮਲੀ ਨੂੰ ਨਾਲ ਲੈ ਕੇ ਚੰਗਿਆੜੇ ਕੋਲ ਚਲਾ ਗਿਆ। ਉਦੋਂ ਮੇਰਾ ਮਤਲਬ ਤਾਂ ਬੇਰ ਖਾਣ ਨਾਲ ਸੀ, ਗਿਟਕਾਂ ਗਿਣਨ ਨਾਲ ਨਹੀਂ। ਚੰਗਿਆੜਾ ਆਂਹਦੈ, 'ਗੀਤ ਤਾਂ ਠੀਕ ਲਿਖਦੈਂ, ਥੋੜ੍ਹੇ ਠੰਢੇ ਆ। ਹੋਰ ਚੱਕ ਥੋੜ੍ਹੇ ਜਿਹੇ।' ਹੁਣ ਮੈਂ ਉਨ੍ਹਾਂ ਗੀਤਾਂ ਬਾਰੇ ਸੋਚ ਕੇ ਬਹੁਤ ਵਾਰ ਮੱਥੇ 'ਤੇ ਹੱਥ ਮਾਰਦਾਂ...ਲੋਕ ਜੁੱਤੀਆਂ ਲਾਹ ਕੇ ਤਾਂ ਖੜ੍ਹੇ ਸੀ, ਬੱਸ ਮਾਰਨ ਦੀ ਕਸਰ ਰਹਿ ਗਈ ਸੀ। ਇਕ ਗੀਤ ਤਾਂ ਮੈਨੂੰ ਯਾਦ ਨਹੀਂ, ਇਕ ਦੀਆਂ ਦੋ ਕੁ ਸਤਰਾਂ ਚੇਤੇ 'ਚ ਕੁਰਲਾਉਂਦੀਆਂ ਰਹਿੰਦੀਆਂ ਨੇ:

ਸੁਣ ਲੰਬੜਾਂ ਦੀਏ ਕੁੜੀਏ
ਹੁਣ ਤੂੰ ਯਾਰੀ ਲਾ ਲੈ ਨੀ
ਪਾ ਕੇ ਦੋਵੇਂ ਬਾਹਾਂ
ਗਲ ਦਾ ਹਾਰ ਬਣਾ ਲੈ ਨੀ
ਵੀਰ ਤੇਰੇ ਦੀਆਂ ਦੋਵੇਂ ਬਾਹਾਂ
ਦਿੱਤੀਆਂ ਭੰਨ ਜਦੋਂ
ਧੱਕੇ ਨਾਲ ਮੈਂ ਲੈ ਜੂੰ
ਫੇਰ ਬਣਾ ਕੇ ਰੰਨ ਜਦੋਂ...।

ਉਦੋਂ ਤਾਂ ਮੈਨੂੰ ਇੱਦਾਂ ਲੱਗਿਆ, ਜਿਵੇਂ ਲੈਚੀਆਂ ਦੇ ਬਾਗ 'ਚੋਂ ਆਇਆ ਹੋਵਾਂ ਪਰ ਮਹੀਨੇ ਕੁ ਪਿੱਛੋਂ ਰੁਲਦੂ ਨੇ ਜਦੋਂ ਛੁੱਟੀ ਆਏ ਫੌਜੀ ਭਾਈ ਨੂੰ ਦੱਸਿਆ ਕਿ ਮੁੰਡਾ ਥੋਡਾ ਥੋੜ੍ਹੇ ਹੋਰ ਚੱਕਵੇਂ ਗੀਤ ਲਿਖ ਦੇਵੇ ਤਾਂ ਦੇਖਿਓ ਗੱਲ ਬਣਦੀ...। ਉਹਨੇ ਕੀਤੀ ਤਾਂ ਮੇਰੀ ਵਡਿਆਈ ਪਰ ਸੁੱਟ ਗਿਆ ਮਿਰਚਾਂ ਅੱਗ ਵਿਚ।

ਇੰਜੀਨੀਅਰ ਜਾਂ ਓਵਰਸੀਰ ਬਣਾਉਂਦੇ ਘਰ 'ਚੋਂ ਲਫ਼ਜ਼ਾਂ ਦਾ ਸੇਕ ਨਿਕਲਦਾ ਦੇਖੋ। ਬੋਲ ਸਨ, 'ਇਹ ਬੰਨ੍ਹੂ ਪਿਉ ਦੇ ਸਿਰ 'ਤੇ ਤੁਰਲੇ ਵਾਲੀ ਪੱਗ...ਕੰਜਰਖਾਨਾ ਖੋਲ੍ਹ ਲਿਆ ਕੰਜਰ ਨੇ...ਇਹਤੋਂ ਆਸਾਂ ਲਾਈ ਬੈਠੇ ਸਾਂ...ਬੇੜੀ ਕਿਥੇ ਪਾਰ ਲੱਗਣੀ ਸੀ ਇਹਨੇ ਤਾਂ ਚੱਪੂ ਹੀ ਪਹਿਲਾਂ ਰੋੜ੍ਹ'ਤੇ।'

ਅਨਪੜ੍ਹ ਮਾਂ ਨੂੰ ਦੇਰ-ਸਵੇਰ ਜਿਵੇਂ ਵੀ ਪਤਾ ਲੱਗਾ, ਉਹਦਾ ਭਾਸ਼ਣ ਸੀ, "ਮਰਨ ਵਾਲਾ ਆਂਹਦਾ ਸੀ ਇਹ ਮੈਨੂੰ ਬਾਕੀਆਂ ਨਾਲੋਂ ਖਾਸ ਲੱਗਦੈ...ਜਿਉਂਦਾ ਹੁੰਦਾ ਤਾਂ ਵੇਖਦਾ ਖਾਸ...ਸਿਰ ਸੁਆਹ ਇਹਦੇ...ਸਾਡੇ ਤਾਂ ਪਿੰਡ 'ਚ ਨਾ ਕੋਈ ਮਰਾਸੀ, ਨਾ ਨਕਲੀਆ, ਨਾ ਅੱਗ ਲੱਗਣੇ ਵਾਰੇ-ਸ਼ਾਹ ਦਾ ਕੋਈ ਚੇਲਾ...।" ਤੇ ਮਾਂ ਦੇ ਇਕ ਸ਼ਬਦ ਦੇ ਅਰਥ ਬਦਲ ਕੇ ਮੈਂ ਮਾਂ ਨੂੰ ਮਰਨ ਤੋਂ ਪਹਿਲਾਂ ਯਾਦ ਕਰਾ ਦਿੱਤੇ ਸਨ ਕਿ ਬੇਬੇ ਤੂੰ ਕਿਹਾ ਕਰਦੀ ਸੀ, 'ਮਾਸਾਂ 'ਚ ਗਦੂਤਾਂ ਵੀ ਹੁੰਦੀਆਂ ਨੇ, ਪਰ ਕਿਸੇ-ਕਿਸੇ ਮਾਸ 'ਚ ਨਹੀਂ ਹੁੰਦੀਆਂ।'

ਹੈਰਾਨੀ ਦੀ ਗੱਲ ਇਹ ਸੀ ਕਿ ਮੈਂ 'ਅਜੀਤ' ਵਿਚ ਲੇਖ, 'ਜੱਗਬਾਣੀ' ਤੇ 'ਪੰਜਾਬੀ ਟ੍ਰਿਬਿਊਨ' ਵਿਚ ਵੱਡੀਆਂ ਕਹਾਣੀਆਂ ਲਿਖਣ ਲੱਗ ਪਿਆ ਸਾਂ, ਪਰ ਮੇਰੇ ਮਨ 'ਚੋਂ ਇਹ ਉਲ-ਜਲੂਲ ਤੇ ਪੁੱਠੇ-ਸਿੱਧੇ ਗੀਤ ਲਿਖਣ ਦਾ ਜਮ ਹੱਥ ਖੜ੍ਹੇ ਨਹੀਂ ਕਰਦਾ ਸੀ।

ਦਸਵੀਂ 'ਚ ਪੜ੍ਹਦੇ ਦੀਆਂ ਦੋ ਘਟਨਾਵਾਂ ਮੇਰੇ ਲਈ ਅਤਿ ਖ਼ਤਰਨਾਕ ਦੁਰਘਟਨਾਵਾਂ ਵਰਗੀਆਂ ਸਨ। ਪਹਿਲੀ ਇਹ ਕਿ ਸਾਡੇ ਹਲਕੇ ਦਾ ਕਵੀ ਦੀਪ ਕਲੇਰ ਮੈਨੂੰ ਗੜ੍ਹਸ਼ੰਕਰ ਰੇਲਵੇ ਸਟੇਸ਼ਨ 'ਤੇ ਰਾਤ ਵੇਲੇ ਸੱਦਾ ਦੇ ਗਿਆ ਕਵੀ ਦਰਬਾਰ ਦਾ। ਸਟੇਸ਼ਨ ਮਾਸਟਰ ਹੁੰਦਾ ਸੀ ਕੱਚਾ ਪਿੱਲਾ ਕਵੀ ਸ੍ਰੀ ਪਰਦੇਸੀ। ਮੈਂ ਰਾਤ ਨੂੰ ਸਾਈਕਲ 'ਤੇ ਬੜੇ ਚਾਅ ਨਾਲ ਆਪਣੇ ਰਿਸ਼ਤੇਦਾਰ ਮੁੰਡੇ ਨੂੰ ਨਾਲ ਲੈ ਕੇ ਗਿਆ। ਅਸਲ ਵਿਚ ਕਵੀ ਦਰਬਾਰ ਕੁਝ ਨਹੀਂ ਸੀ, ਦਾਰੂ-ਦਰਬਾਰ ਸੀ। ਚਾਰ-ਪੰਜ ਜਣਿਆਂ ਨੇ ਬਾਲਟੀ 'ਚ ਦੋ-ਤਿੰਨ ਬੋਤਲਾਂ ਪਾਈਆਂ। ਬਰਫ ਦਾ ਡਲਾ ਸੁੱਟਿਆ ਤੇ ਜ਼ਿੰਦਗੀ 'ਚ ਪਹਿਲੀ ਵਾਰ ਰੱਜ ਕੇ ਮੈਨੂੰ ਦਾਰੂ ਪਿਆ'ਤੀ। ਗਰਮੀਆਂ ਦੇ ਦਿਨ। ਰਾਹ ਵਿਚ ਖੇਤਾਂ 'ਚ ਪਖਾਨੇ ਗਿਆ, ਝੋਨਾ ਲਾਉਣ ਲਈ ਕੀਤੇ ਕੱਦੂ 'ਚ ਫਸ ਗਿਆ। ਮਸੀਂ ਉਸ ਰਿਸ਼ਤੇਦਾਰ ਮੁੰਡੇ ਨੇ ਤੜਕੇ ਤਕ ਖਿੱਚ ਕੇ ਅਮਲੀਆਂ ਨੇ ਜਿਵੇਂ ਖੂਹ ਛਾਵੇਂ ਕੀਤਾ ਹੁੰਦਾ, ਮੈਨੂੰ ਬਾਹਰ ਕੱਢਿਆ। ਘਰ ਪੁੱਜੇ ਤਾਂ ਮਾਂ ਨੇ ਮੂੰਹ ਭੰਨ'ਤਾ, ਪਈ ਤੂੰ ਕਰੂੰਗਾ ਪਿਉ ਦਾ ਨਾਂ ਰੌਸ਼ਨ, ਦਾਰੂ ਡੱਫ ਕੇ। ਸੱਤ-ਅੱਠ ਚਪਲਾਂ ਮਾਰੀਆਂ ਸਿਰ 'ਚ। ਉਦੋਂ ਮੇਰੇ ਭਰਾਵਾਂ ਤੇ ਮਾਂ ਦਾ ਵਿਸ਼ਵਾਸ ਪੱਕਾ ਹੋ ਗਿਆ ਸੀ ਕਿ ਇਹਨੇ ਨ੍ਹੀਂ ਪੜ੍ਹਨਾ ਹੁਣ, ਕੰਜਰਾਂ 'ਚ ਰਲੂ ਪੱਕਾ।

ਦੂਜੀ ਕਪਾਲ 'ਚ ਇਹ ਪਈ ਕਿ ਭਾਸ਼ਾ ਵਿਭਾਗ ਨੇ ਜਲੰਧਰ ਦੇ ਲਾਡੋਵਾਲੀ ਰੋਡ 'ਤੇ ਬੀ.ਐਡ. ਕਾਲਜ ਵਿਚ ਸਮਾਗਮ ਰੱਖਿਆ ਸੀ 'ਜ਼ਿਲ੍ਹਾ ਜਲੰਧਰ ਦੀ ਪੰਜਾਬੀ ਸਾਹਿਤ ਨੂੰ ਦੇਣ'। ਈਸ਼ਰ ਸਿੰਘ ਅਟਾਰੀ ਨੇ ਨਿੱਕਾ ਜਿਹਾ ਕਿਤਾਬਚਾ ਲਿਖਿਆ ਸੀ ਤੇ ਮੁੱਖ ਮਹਿਮਾਨ ਸਨ 'ਅਜੀਤ' ਦੇ ਬਾਨੀ ਡਾ. ਸਾਧੂ ਸਿੰਘ ਹਮਦਰਦ। ਭਾਸ਼ਾ ਵਿਭਾਗ ਦੇ ਡਿਪਟੀ ਡਾਇਰੈਕਟਰ ਅਜੀਤ ਸਿੰਘ ਕੱਕੜ ਆਪ ਹਾਜ਼ਰ ਸਨ। ਮੈਨੂੰ ਸੱਦਾ ਪੱਤਰ ਆਉਣ ਜਾਣ ਦੇ ਕਿਰਾਏ-ਭਾੜੇ ਆਲਾ ਸੀ ਤੇ ਕਈਆਂ ਕੋਲ ਸਾਧਾਰਨ ਸੱਦਾ ਪੱਤਰ ਹੀ ਸਨ। ਗੇਟ 'ਤੇ ਆਏ ਤਾਂ ਮੈਨੂੰ ਪੰਜਾਹ ਰੁਪਏ ਮਿਲੇ। ਦੀਪ ਕਲੇਰ, ਗੁਰਦਿਆਲ ਦਲਾਲ, ਮੋਹਣ ਦੋਸਾਂਝਵੀ ਮੇਰੇ ਬਚਪਨ ਉਤੇ ਇੱਲ੍ਹਾਂ ਵਾਂਗ ਪੈ ਗਏ। ਅੱਡੇ ਪਹੁੰਚ ਕੇ ਆਂਹਦੇ, 'ਇਹ ਆਪਾਂ ਸਾਰਿਆਂ ਨੂੰ ਦਿੱਤੇ ਆ।' ਪੰਤਾਲੀਆਂ ਦੀ 'ਓਲਡ ਮੌਂਕ' ਦੀ ਬੋਤਲ ਲੈ ਲਈ ਤੇ ਪੰਜ ਰੁਪਏ ਮੇਰੇ ਹੱਥ 'ਤੇ ਧਰ ਕੇ ਬੰਗਿਆਂ ਨੂੰ ਬੱਸੇ ਚੜ੍ਹਾ'ਤਾ। ਸਾਹਿਤ ਤੋਂ ਤਾਂ ਚਲੋ ਨਹੀਂ, ਪਰ ਸਾਹਿਤਕਾਰਾਂ ਤੋਂ ਮੇਰਾ ਮਨ ਖੱਟਾ ਤਾਂ ਹੋ ਗਿਆ ਸੀ ਕਿ ਹੀਰ ਨੂੰ ਸੈਦਾ ਲੁੱਟਦਾ, ਤਾਂ ਕੋਈ ਗੱਲ ਨਹੀਂ ਸੀ, ਰਾਂਝਾ ਹੀ ਖਿੱਚ-ਧੂਹ ਕਰਨ ਲੱਗ ਪਿਆ ਸੀ।



*ਗਾਇਕੀ ਨੂੰ ਕੰਜਰਖਾਨਾ ਕਿਹਾ ਜਾਣ ਕਰ ਕੇ ਕੋਈ ਵੀ ਪੰਜਾਬੀ ਅਖ਼ਬਾਰ ਛਾਪ ਕੇ ਰਾਜ਼ੀ ਨਹੀਂ ਸੀ, ਪਰ ਇਹ ਰੋਪੜੀ ਜਿੰਦਾ ਜਦੋਂ ਮੈਂ ਖੋਲ੍ਹਣ ਵਿਚ ਕਾਮਯਾਬ ਹੋ ਗਿਆ ਤਾਂ ਗਾਇਕਾਂ ਹੱਥ ਜਿਵੇਂ ਕਸ਼ਮੀਰ ਲੱਗ ਗਿਆ ਹੋਵੇ। ਮੇਰੀ ਮਾਂ ਪ੍ਰਕਾਸ਼ ਕੌਰ, ਭੈਣ ਕਮਲਾ, ਭਤੀਜੀ ਤੇ ਨਿੱਕੇ ਜਿਹੇ ਭਤੀਜੇ ਨਾਲ 'ਆਹ ਲੈ ਸਾਂਭ ਲੈ ਨੀ ਸੈਦੇ ਦੀਏ ਨਾਰੇ' ਵਾਲੇ 'ਸੈਦਾ ਜੋਗਣ' ਫਿਲਮ ਦੇ ਹਿੱਟ ਗੀਤ ਤੋਂ ਬਾਅਦ ਕੁਲਦੀਪ ਮਾਣਕ ਤੇ ਕਰਤਾਰ ਯਮਲਾ ਮੇਰੇ ਘਰੇ ਪਹੁੰਚੇ। ਸਾਡੇ ਪਿੰਡ ਵੱਡੇ ਗਾਇਕਾਂ ਦਾ ਆਉਣਾ ਇਸ ਘਟਨਾ ਤੋਂ ਬਾਅਦ ਲਗਾਤਾਰ ਅਰੰਭ ਹੋ ਗਿਆ ਸੀ।*

# ਰਿਧਿ ਸਿਧਿ ਅਵਰਾ ਸਾਦ-2

**ਗੁਰਮਤਿ ਵਿਚਾਰ**



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਦੇ ਅਰੰਭ ਵਿਚ ਹੀ ਗੱਲ ਕੀਤੀ ਸੀ ਕਿ ਰਿਧੀਆਂ-ਸਿੱਧੀਆਂ ਦਾ ਸਬੰਧ ਹਿੰਦੂ ਅਤੇ ਬੁੱਧ ਧਰਮ ਦੇ ਤਾਂਤ੍ਰਿਕਾਂ ਨਾਲ ਹੈ ਜੋ ਖਾਸ ਕਿਸਮ ਦੀ ਸਾਧਨਾ ਰਾਹੀਂ ਇਨ੍ਹਾਂ ਖਾਸ ਕਿਸਮ ਦੀਆਂ ਸ਼ਕਤੀਆਂ ਨੂੰ ਪ੍ਰਾਪਤ ਕਰਨ ਦਾ ਜਤਨ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਧਿਐਨ ਕਰਦਿਆਂ ਪਿਛਲੇ ਲੇਖ ਵਿਚ ਗੱਲ ਇਸ ਤੱਥ 'ਤੇ ਖਤਮ ਕੀਤੀ ਸੀ ਕਿ ਗੁਰੂ ਅਮਰਦਾਸ ਨੇ ਰਿਧੀਆਂ-ਸਿੱਧੀਆਂ ਦੀ ਪ੍ਰਾਪਤੀ ਨੂੰ 'ਮੋਹ' ਕਿਹਾ ਹੈ। ਗੁਰਮਤਿ ਦਰਸ਼ਨ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ-ਪੰਜ ਵਿਕਾਰ ਮੰਨੇ ਗਏ ਹਨ ਜੋ ਮਨੁੱਖ ਦੇ ਮਨ ਨੂੰ ਅਧਿਆਤਮਕਤਾ ਦੇ ਰਾਹ 'ਤੇ ਚੱਲਣ ਤੋਂ ਰੋਕਦੇ ਹਨ, ਪਰਮਾਤਮਾ ਨਾਲ ਇਕਸੁਰਤਾ ਦੇ ਰਸਤੇ ਦਾ ਰੋੜਾ ਬਣਦੇ ਹਨ। ਇਸ ਲਈ ਇਨ੍ਹਾਂ ਬਿਰਤੀਆਂ ਦੇ ਅਧੀਨ ਹੋ ਕੇ ਚੱਲਣ ਵਾਲਾ ਮਨੁਖ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਨਾਲੋਂ ਆਪਣੇ ਮਨ ਦੀਆਂ ਬਿਰਤੀਆਂ ਦੇ ਅਧੀਨ ਹੋ ਕੇ ਚੱਲਦਾ ਹੈ ਅਤੇ ਗੁਰਮਤਿ ਦਰਸ਼ਨ ਵਿਚ ਅਜਿਹੇ ਮਨੁੱਖ ਨੂੰ ਮਨਮੁਖਿ ਕਿਹਾ ਗਿਆ ਹੈ।

ਮਨਮੁਖਿ ਗੁਰਮਤਿ ਅਨੁਸਾਰ ਮਨੁੱਖ ਦੀ ਪ੍ਰਵਾਨਤ ਆਦਰਸ਼ਕ ਕਿਸਮ ਨਹੀਂ ਹੈ। ਮਨੁੱਖ ਦੀ ਪ੍ਰਵਾਨਤ ਅਤੇ ਆਦਰਸ਼ਕ ਕਿਸਮ ਗੁਰਮੁਖਿ ਹੈ ਜਿਸ ਦੀ ਪ੍ਰਾਪਤੀ ਲਈ ਮਨੁੱਖ ਨੇ ਆਪਣੇ ਮਨ ਦੇ ਅਧੀਨ ਹੋ ਕੇ ਚੱਲਣ ਦੀ ਥਾਂ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਦਾ ਜਤਨ ਕਰਨਾ ਹੈ। ਇਸ ਤਰ੍ਹਾਂ ਗੁਰਮਤਿ ਅਨੁਸਾਰ 'ਮੋਹ' ਇੱਕ ਵਿਕਾਰ ਹੈ ਜੋ ਮਨ ਨੂੰ ਵਿਚਲਿਤ ਕਰਦਾ ਹੈ। ਇਸ ਤਰ੍ਹਾਂ 'ਰਿਧਿ ਸਿਧਿ' ਕੋਈ ਅਧਿਆਤਮਕ ਪ੍ਰਾਪਤੀ ਨਾ ਹੋ ਕੇ ਇੱਕ ਵਿਕਾਰ ਹੈ ਜੋ ਮਨ ਨੂੰ ਭਟਕਣਾ 'ਚ ਪਾਉਂਦਾ ਹੈ। ਚੌਥੀ ਨਾਨਕ ਜੋਤਿ ਗੁਰੂ ਰਾਮ ਦਾਸ ਨੇ 'ਰਿਧ ਸਿਧਿ' ਨੂੰ 'ਚੇਟਕ ਚੇਟਕਈਆ' ਕਿਹਾ ਹੈ। ਚੇਟਕ-ਚੇਟਕਈਆ ਦਾ ਸਬੰਧ ਵਿਖਾਵੇ ਨਾਲ ਹੈ, ਨਾਟਕ ਨਾਲ ਹੈ। ਗੁਰੂ ਰਾਮ ਦਾਸ ਤਿਆਗ ਨਾਲ ਸਬੰਧਤ ਹਿੰਦੂ ਧਰਮ ਦੇ ਵੱਖ ਵੱਖ ਫਿਰਕਿਆਂ ਦਾ ਵਰਣਨ ਕਰਦਿਆਂ ਦੱਸਦੇ ਹਨ ਕਿ ਇਸ ਕਿਸਮ ਦਾ ਤਿਆਗ ਪਰਮਾਤਮਾ ਪ੍ਰਾਪਤੀ ਦਾ ਸਾਧਨ ਨਹੀਂ ਬਣਦਾ। ਸੰਨਿਆਸੀ ਸਾਧੂਆਂ ਦਾ ਹਵਾਲਾ ਦਿੱਤਾ ਹੈ ਕਿ ਸੰਨਿਆਸੀ ਧੀਆਂ-ਪੁੱਤਰਾਂ ਅਰਥਾਤ ਪਰਿਵਾਰਕ ਜੀਵਨ ਦਾ ਤਿਆਗ ਕਰਕੇ ਸੰਨਿਆਸੀ ਬਣ ਜਾਂਦਾ ਹੈ ਪਰ ਉਹ ਆਪਣੇ ਮਨ ਵਿਚ ਅਨੇਕਾਂ ਆਸਾਂ ਲਈ ਘੁੰਮਦਾ ਫਿਰਦਾ ਹੈ, ਥਾਂ ਥਾਂ ਦਾ ਰਟਨ ਕਰਦਾ ਫਿਰਦਾ ਹੈ ਪਰ ਮਨ ਵਿਚੋਂ ਲਾਲਸਾ ਦਾ ਤਿਆਗ ਨਹੀਂ ਕਰ ਪਾਉਂਦਾ। ਇਸੇ ਤਰ੍ਹਾਂ ਦਿਗੰਬਰ ਸਾਧੂਆਂ ਦਾ ਜ਼ਿਕਰ ਕਰਦਿਆਂ ਦੱਸਦੇ ਹਨ ਕਿ ਜੋ ਸਭ ਕੁੱਝ ਤਿਆਗ ਕੇ ਨਗਨ ਹੋ ਜਾਂਦੇ ਹਨ ਅਤੇ ਥਾਂ ਥਾਂ ਤੀਰਥਾਂ ਦਾ ਰਟਨ ਕਰਦੇ ਹਨ, ਉਨ੍ਹਾਂ ਨੂੰ ਵੀ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਦਾ ਕਾਰਨ ਇਹ ਹੈ ਕਿ ਉਹ ਨਾਗਾ ਸਾਧੂ ਤਾਂ ਬਣ ਗਿਆ ਪਰ ਉਸ ਦੇ ਮਨ ਦੀ ਤ੍ਰਿਸ਼ਨਾ ਨਹੀਂ ਮੁੱਕਦੀ, ਭਟਕਣਾ ਖਤਮ ਨਹੀਂ ਹੁੰਦੀ। ਜੋਗੀ ਜੋਗ-ਸਾਧਨਾ ਵਿਚ ਅਨੇਕ ਕਿਸਮ ਦੇ ਆਸਣ ਸਿੱਖਦੇ ਹਨ ਅਤੇ ਵੱਖ ਵੱਖ ਤਰੀਕਿਆਂ ਨਾਲ ਕਠਿਨ ਸਾਧਨਾ ਕਰਦੇ ਹਨ ਅਤੇ ਇਸ ਸਾਧਨਾ ਰਾਹੀਂ ਉਹ ਵੀ ਵੱਖ ਵੱਖ ਤਰ੍ਹਾਂ ਦੀਆਂ ਕਰਾਮਾਤੀ ਸ਼ਕਤੀਆਂ ਅਤੇ ਨਾਟਕ-ਚੇਟਕ ਦੀ ਮੰਗ ਹੀ ਕਰਦੇ ਹਨ ਤਾਂ ਕਿ ਉਹ ਲੋਕਾਂ 'ਤੇ ਆਪਣਾ ਅਸਰ ਪਾ ਸਕਣ ਅਤੇ ਉਸ ਨੂੰ ਕਾਇਮ ਰੱਖ ਸਕਣ। ਉਨ੍ਹਾਂ ਦਾ ਮਨ ਇਨ੍ਹਾਂ ਪ੍ਰਾਪਤੀਆਂ ਨਾਲ ਤ੍ਰਿਪਤ ਨਹੀਂ ਹੁੰਦਾ, ਮਨ ਵਿਚ ਸੰਤੋਖ ਅਤੇ ਸ਼ਾਂਤੀ ਪੈਦਾ ਨਹੀਂ ਹੁੰਦੇ। ਗੁਰੂ ਰਾਮ ਦਾਸ ਮਨ ਦੀ ਇਸ ਭਟਕਣਾ ਨੂੰ ਦੂਰ ਕਰਨ, ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਗੁਰੂ ਦੀ ਸੰਗਤਿ ਨੂੰ ਮੰਨਦੇ ਹਨ ਜਿਥੇ ਜਾ ਕੇ ਮਨੁਖ ਦਇਆ ਦੇ ਸੋਮੇ ਉਸ ਪਰਮਾਤਮਾ ਨੂੰ ਲੱਭ ਲੈਂਦਾ ਹੈ। ਗੁਰੂ ਨੂੰ ਮਿਲ ਕੇ ਪਰਮਾਤਮਾ ਦੇ ਨਾਮ ਸਿਮਰਨ ਰਾਹੀਂ ਮਨੁਖ ਦਾ ਮਨ ਤ੍ਰਿਪਤ ਹੋ ਜਾਂਦਾ ਹੈ ਅਤੇ ਉਹ ਆਤਮਕ ਜੀਵਨ ਦੀ ਸਫਲਤਾ ਪ੍ਰਾਪਤ ਕਰ ਲੈਂਦਾ ਹੈ,

ਧੀਆ ਪੂਤ ਛੋਡਿ ਸੰਨਿਆਸੀ ਆਸਾ
ਆਸ ਮਨਿ ਬਹੁਤੁ ਕਰਈਆ॥
ਆਸਾ ਆਸ ਕਰੈ ਨਹੀ ਬੂਝੈ ਗੁਰ ਕੈ
ਸਬਦਿ ਨਿਰਾਸ ਸੁਖੁ ਲਹੀਆ॥3॥
ਉਪਜੀ ਤਰਕ ਦਿਗੰਬਰੁ ਹੋਆ ਮਨੁ ਦਹਦਿਸ
ਚਲਿ ਚਲਿ ਗਵਨੁ ਕਰਈਆ॥
ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ ਮਿਲਿ ਸੰਗਿ
ਸਾਧ ਦਇਆ ਘਰੁ ਲਹੀਆ॥4॥
ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ
ਰਿਧਿ ਸਿਧਿ ਚੇਟਕ ਚੇਟਕਈਆ॥
ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ
ਮਿਲਿ ਸਾਧੂ ਤ੍ਰਿਪਤਿ ਹਰਿਨਾਮਿ
ਸਿਧਿ ਪਈਆ॥5॥ (ਪੰਨਾ 835)

ਸਾਧੂ ਤੋਂ ਇਥੇ ਅਰਥ ਅੱਜ ਕਲ੍ਹ ਦੇ ਸੰਤ ਨਹੀਂ ਜੋ ਆਪ ਸੌ ਸੌ ਤਰ੍ਹਾਂ ਦਾ ਵੇਸ ਕਰਕੇ ਲੋਕਾਂ ਨੂੰ ਭਰਮਾਉਂਦੇ ਫਿਰਦੇ ਹਨ ਅਤੇ ਲੋਕਾਂ ਦੇ ਪੈਸੇ ਨਾਲ ਹਰ ਤਰ੍ਹਾਂ ਦੀ ਐਸ਼ ਦਾ ਆਧੁਨਿਕ ਸਮਾਨ ਆਪਣੇ ਲਈ ਜੁਟਾਉਂਦੇ ਹਨ। ਵੱਡੀਆਂ ਵੱਡੀਆਂ ਗੱਡੀਆਂ ਰੱਖਦੇ ਹਨ, ਏਅਰ-ਕੰਡੀਸ਼ਨਡ ਕਮਰਿਆਂ ਵਿਚ ਰਹਿੰਦੇ ਹਨ ਅਤੇ ਪੈਸਾ ਕਮਾਉਣ ਲਈ ਵਿਦੇਸ਼ਾਂ ਵੱਲ ਹਵਾਈ ਜਹਾਜਾਂ ਵਿਚ ਸਫ਼ਰ ਕਰਦੇ ਤੁਰੇ ਫਿਰਦੇ ਹਨ। ਇਹ ਸੰਨਿਆਸੀਆਂ ਅਤੇ ਜੋਗੀਆਂ ਤੋਂ ਵੀ ਬਦਤਰ ਹਨ ਕਿਉਂਕਿ ਉਨ੍ਹਾਂ ਦਾ ਜੀਵਨ ਘੱਟੋ-ਘੱਟ ਸਾਦਾ ਤਾਂ ਹੁੰਦਾ ਸੀ ਪਰ ਅਜੋਕੇ ਸੰਤ ਸੌ ਸਹੂਲਤਾਂ ਵਿਚ ਰਹਿੰਦੇ ਹੋਏ ਵੀ ਮਾਇਆ ਦੀ ਭਟਕਣਾ ਪਾਲ ਰਹੇ ਹਨ। ਇਨ੍ਹਾਂ ਦੀ ਤ੍ਰਿਸ਼ਨਾ ਦਾ ਕੋਈ ਅੰਤ ਨਹੀਂ ਹੈ ਅਤੇ ਕਰਾਮਾਤੀ ਹੋਣ ਦਾ ਢੋਂਗ ਵੀ ਰਚਦੇ ਹਨ। ਗੁਰੂ ਮਹਾਰਾਜ ਜਿਨ੍ਹਾਂ ਦੇ ਸੰਤਤਾਈ ਜੀਵਨ ਦਾ ਜ਼ਿਕਰ ਕਰਦੇ ਹਨ, ਉਹ ਭਗਤ ਨਾਮ ਦੇਵ, ਜੈਦੇਵ, ਕਬੀਰ, ਰਵਿਦਾਸ, ਧੰਨਾ ਅਤੇ ਸੈਣ ਵਰਗੇ ਸੰਤ-ਭਗਤ ਹਨ। ਗੁਰੂ ਰਾਮ ਦਾਸ ਇਨ੍ਹਾਂ ਦਾ ਜ਼ਿਕਰ ਕਰਦਿਆਂ ਦੱਸਦੇ ਹਨ ਕਿ ਨਾਮਦੇਵ, ਜੈਦੇਵ, ਕਬੀਰ, ਤ੍ਰਿਲੋਚਨ, ਨੀਵੀਂ ਕਹੀ ਜਾਣ ਵਾਲੀ ਜਾਤਿ ਦਾ ਰਵਿਦਾਸ, ਧੰਨਾ ਜੱਟ, ਸੈਣ (ਨਾਈ)-ਜਿਹੜਾ ਜਿਹੜਾ ਵੀ ਸੰਤ-ਜਨਾਂ ਦੀ ਸੰਗਤਿ ਵਿਚ ਮਿਲਦਾ ਆਇਆ ਹੈ ਉਹ ਵੱਡੇ ਭਾਗਾਂ ਵਾਲਾ ਬਣਦਾ ਗਿਆ ਅਤੇ ਦਇਆ ਦੇ ਸੋਮੇ ਪਰਮਾਤਮਾ ਨੂੰ ਮਿਲ ਪਿਆ (ਇਥੇ ਇਹ ਗੱਲ ਗੌਰ ਕਰਨ ਵਾਲੀ ਹੈ ਕਿ ਇਹ ਸਾਰੇ ਭਗਤ ਆਪਣੇ ਹੱਥੀਂ ਕਿਰਤ ਕਰ ਕੇ ਆਪਣਾ ਜੀਵਨ ਨਿਰਬਾਹ ਕਰਦੇ ਸਨ, ਹਰ ਇੱਕ ਭਗਤ ਆਪਣੇ ਕਿੱਤੇ ਨਾਲ ਜੁੜਿਆ ਹੋਇਆ ਸੀ ਅਤੇ ਕਿਰਤ ਦੇ ਨਾਲ ਨਾਲ ਨਾਮ ਸਿਮਰਨ ਕਰਦਾ ਸੀ,

ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਅਉਜਾਤਿ
ਰਵਿਦਾਸੁ ਚਮਿਆਰੁ ਚਮਈਆ॥
ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ
ਧੰਨਾ ਜਟੁ ਸੈਣੁ ਮਿਲਿਆ
ਹਰਿ ਦਈਆ॥7॥ (ਪੰਨਾ 835)

ਭਾਈ ਗੁਰਦਾਸ ਨੇ ਵੀ ਜਦੋਂ ਰਿਧਿ-ਸਿਧਿ ਦੀ ਭਾਰਤੀ ਪਰੰਪਰਕ ਪ੍ਰਸੰਗ ਵਿਚ ਗੱਲ ਕੀਤੀ ਹੈ ਅਤੇ ਇਸ ਨੂੰ ਗੁਰਮਤਿ-ਵਿਰੋਧੀ ਅਤੇ ਪਾਸੇ ਦਾ ਰਾਹ ਦੱਸਿਆ ਹੈ। ਉਨ੍ਹਾਂ ਨੇ ਇਸ ਨੂੰ 'ਕੂੜ' ਨਾਲ ਜੋੜਦਿਆਂ ਪਖੰਡ, ਤੰਤਰ, ਮੰਤਰ ਅਤੇ ਨਾਟਕ ਕਿਹਾ ਹੈ। ਭਾਈ ਗੁਰਦਾਸ ਅਨੁਸਾਰ ਸਾਧ-ਸੰਗਤਿ ਅਤੇ ਗੁਰ ਸ਼ਬਦ ਰਾਹੀਂ ਹੀ ਅਸਲੀ ਸਥਾਨ ਦੀ ਪ੍ਰਾਪਤੀ ਹੋ ਸਕਦੀ ਹੈ (ਇਥੇ ਇੱਕ ਗੱਲ ਨੋਟ ਕਰਨ ਵਾਲੀ ਹੈ ਕਿ ਗੁਰਮਤਿ ਚਿੰਤਨ ਅਨੁਸਾਰ ਸਾਧ-ਸੰਗਤਿ ਉਹ ਹੈ ਜਿਥੇ ਗੁਰ-ਸ਼ਬਦ ਅਰਥਾਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਕਥਨ ਹੁੰਦਾ ਹੈ, ਨਾ ਕਿ ਸਾਧਾਂ ਦੀ ਰਚੀ ਹੋਈ ਕੱਚੀ ਬਾਣੀ ਦਾ)। ਭਾਈ ਗੁਰਦਾਸ ਨੇ ਰਿਧਿ-ਸਿਧਿ ਨੂੰ ਅਜਿਹਾ ਕੂੜ ਕਿਹਾ ਹੈ ਜਿਸ ਨੂੰ ਸੌ ਗੰਢਾਂ ਪਈਆਂ ਹੋਈਆਂ ਹਨ ਅਤੇ ਜਿਨ੍ਹਾਂ ਨੂੰ ਖੋਲ੍ਹ ਸਕਣਾ ਆਮ ਆਦਮੀ ਦੇ ਵੱਸ ਦਾ ਰੋਗ ਨਹੀਂ ਹੈ। ਇਸ ਲਈ ਗੁਰਮਤਿ ਅਜਿਹੇ ਰਾਹ ਦੀ ਸ਼ਾਹਦੀ ਨਹੀਂ ਭਰਦੀ। ਇਸ ਤੋਂ ਸਪੱਸ਼ਟ ਹੈ ਕਿ ਗੁਰਮਤਿ ਅਨੁਸਾਰ ਰਿਧਿ-ਸਿਧਿ ਦਾ ਭਾਰਤੀ ਪਰੰਪਰਕ ਸੰਕਲਪ ਪਰਮਾਤਮਾ ਨੂੰ ਪਾਉਣ ਦਾ ਸਹੀ ਰਾਹ ਨਹੀਂ ਹੈ। ਇਹ ਰਸਤਾ ਮਨੁੱਖ ਨੂੰ ਵਹਿਮਾਂ, ਭਰਮਾਂ, ਭੁਲੇਖਿਆਂ ਅਤੇ ਪਖੰਡ ਵਿਚ ਪਾਉਣ ਦਾ ਹੈ। ਸਿੱਖ ਨੂੰ ਪਰਮਾਤਮਾ ਦੇ ਹੁਕਮ ਵਿਚ ਜਿਉਣ ਅਤੇ ਭਾਣਾ ਮੰਨਣ ਦਾ ਅਦੇਸ਼ ਗੁਰੂ ਸਾਹਿਬਾਨ ਨੇ ਕੀਤਾ ਹੈ। ਰਿਧ-ਸਿਧਿ ਦਾ ਰਸਤਾ ਹੁਕਮ ਅਤੇ ਭਾਣੇ ਤੋਂ ਵਿਪਰੀਤ ਹੈ,

ਜਤ ਸਤ ਸੰਜਮ ਹੋਮ ਜਗ
ਜਪ ਤਪ ਦਾਨ ਪੁੰਨ ਬਹੁਤੇਰੇ।
ਰਿਧਿ ਸਿਧਿ ਨਿਧਿ ਪਾਖੰਡ
ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ॥
...
ਸਾਧਸੰਗਤਿ ਗੁਰ ਸਬਦ ਵਿਣੁ
ਥਾਉ ਨ ਪਾਇਨਿ ਭਲੇ ਭਲੇਰੇ॥
ਕੂੜ ਇਕ ਗੰਢੀ ਸਉ ਫੇਰੇ॥
(ਵਾਰਾਂ ਭਾਈ ਗੁਰਦਾਸ, 5/7)

ਗੁਰੂ ਨਾਨਕ ਸਾਹਿਬ ਨੇ ਵਾਹਿਗੁਰੂ ਦੇ ਨਾਮ ਨੂੰ ਹੀ ਹਰ ਤਰ੍ਹਾਂ ਦੀਆਂ ਕਰਾਮਾਤੀ ਸ਼ਕਤੀਆਂ, ਉਚੀ ਅਕਲ (ਬੁੱਧਿ), ਸਹੀ ਜੀਵਨ ਰਾਹ ਦੀ ਸੂਝ ਦਾ ਸੋਮਾ ਮੰਨਿਆ ਹੈ, ਜਿਸ ਦੀ ਪ੍ਰਾਪਤੀ ਨਾਲ ਮਨੁੱਖ ਵਾਹਿਗੁਰੂ ਦੀ ਪ੍ਰੀਤ ਹਾਸਲ ਕਰਦਾ ਹੈ ਅਤੇ ਇਸ ਨੂੰ ਗੁਰਮਤਿ ਅਨੁਸਾਰ 'ਮੁਕਤਿ-ਪਦਾਰਥ' ਕਿਹਾ ਹੈ। ਅਕਾਲ ਪੁਰਖ ਦਾ ਨਾਮ ਉਚੇ ਆਤਮਕ ਅਨੰਦ ਦਾ ਸੋਮਾ ਹੈ, ਇਸ ਦਾ ਭੇਦ ਉਨ੍ਹਾਂ ਗੁਰਮੁਖਾਂ ਦੀ ਸੰਗਤਿ ਵਿਚ ਰਹਿ ਕੇ ਪਤਾ ਲੱਗਦਾ ਹੈ ਜਿਨ੍ਹਾਂ ਨੇ ਆਪ ਇਸ ਦਾ ਅਨੁਭਵ ਕਰ ਲਿਆ ਹੈ ਅਤੇ ਇਸ ਦੀ ਪ੍ਰਾਪਤੀ ਗੁਰੂ ਤੋਂ ਹੁੰਦੀ ਹੈ। ਯਾਦ ਰਹੇ ਕਿ ਗੁਰਮਤਿ ਅਨੁਸਾਰ ਸ਼ਬਦ ਗੁਰੂ ਦੀ ਮਹੱਤਤਾ ਹੈ, ਕਿਸੇ ਦੇਹਧਾਰੀ ਗੁਰੂ ਦੀ ਨਹੀਂ। ਗੁਰੂ ਨਾਨਕ ਅਨੁਸਾਰ ਇੱਕ ਵਾਹਿਗੁਰੂ ਹੀ ਕਰਤਾ ਪੁਰਖ ਹੈ ਜੋ ਹਵਾ, ਪਾਣੀ, ਅਗਨੀ, ਧਰਤੀ ਅਤੇ ਅਕਾਸ਼ ਆਦਿ ਤੱਤਾਂ ਦੇ ਮੇਲ ਤੋਂ ਜੀਵ ਪੈਦਾ ਕਰਦਾ ਹੈ। ਇਹ ਉਸ ਦੀ ਕੁਦਰਤਿ ਹੈ ਕਿ ਤੱਤ ਉਹੀ ਹਨ ਪਰ ਜੀਵਾਂ ਦਾ ਸੁਭਾ, ਕਰਮ ਅਤੇ ਜੀਵਨ ਵਿਚ ਸਥਾਨ ਵੱਖਰਾ ਵੱਖਰਾ ਹੈ। ਕਰਤਾ ਪੁਰਖ ਆਪਣੇ ਹੁਕਮ ਅਨੁਸਾਰ ਇੱਕ ਪਲਕ ਵਿਚ ਲੱਖਾਂ ਜੀਵ ਪੈਦਾ ਕਰਦਾ ਹੈ ਅਤੇ ਲੱਖਾਂ ਦਾ ਨਾਸ਼ ਕਰਦਾ ਹੈ। ਮਨੁੱਖ ਆਪਣੇ ਕੀਤੇ ਕੰਮਾਂ ਅਨੁਸਾਰ ਬੰਧਨ ਵਿਚ ਪਏ ਹਨ ਪਰ ਜਿਸ 'ਤੇ ਪਰਮਾਤਮਾ ਦੀ ਮਿਹਰ ਹੋ ਜਾਂਦੀ ਹੈ ਉਹ ਬੰਧਨ ਤੋਂ ਛੁੱਟ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਦੀ ਇਸ ਕਾਰ ਨੂੰ ਸਮਝਣਾ, ਉਸ ਦੇ ਹੁਕਮ ਨੂੰ ਸਮਝਣਾ ਹੀ ਉਚੀ ਸਮਝ ਅਤੇ ਆਤਮਕ ਸੁੱਖ ਦੀ ਪ੍ਰਾਪਤੀ ਹੈ। ਜਪੁਜੀ ਵਿਚ 'ਹੁਕਮ' ਨੂੰ ਗਿਆਨ ਨਾਲ ਜੋੜਿਆ ਹੈ। ਕੂੜ (ਅਗਿਆਨ) ਦੀ ਦੀਵਾਰ ਨੂੰ ਹਟਾਉਣ ਦਾ ਉਤਰ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਵਿਚ ਦਿੱਤਾ ਹੈ। ਗੁਰਮਤਿ ਅਨੁਸਾਰ ਅਸਲੀ 'ਰਿਧਿ ਸਿਧਿ' ਇਹੀ ਹੈ। ਇਸ ਤਰ੍ਹਾਂ ਗੁਰੂ ਨਾਨਕ ਅਨੁਸਾਰ ਪਰਮਾਤਮਾ ਪ੍ਰਤੀ ਇਸ ਕਿਸਮ ਦੀ ਉਚੀ ਸਮਝ ਅਤੇ ਆਤਮਕ ਸੁੱਖ ਰਿਧਿ ਸਿਧਿ ਹੈ,

ਜਿਨਿ ਏਹੁ ਚਾਖਿਆ ਰਾਮ ਰਸਾਇਣੁ
ਤਿਨ ਕੀ ਸੰਗਤਿ ਖੋਜੁ ਭਇਆ॥
ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਾਇਆ
ਮੁਕਤਿ ਪਦਾਰਥੁ ਸਰਣਿ ਪਇਆ॥
(ਪੰਨਾ 907)

ਗੁਰੂ ਅਮਰ ਦਾਸ ਗੁਰੂ ਨਾਨਕ ਵੱਲੋਂ ਪ੍ਰਸਤੁਤ ਕੀਤੀ ਇਸੇ ਵਿਚਾਰਧਾਰਾ ਦੀ ਪ੍ਰੋੜਤਾ ਕਰਦਿਆਂ ਦੱਸਦੇ ਹਨ ਕਿ ਗੁਰੂ ਦੇ ਸਨਮੁਖ ਰਹਿਣ ਵਾਲਿਆਂ ਲਈ ਅਕਾਲ ਪੁਰਖ ਦੇ ਨਾਮ ਦੀ ਪ੍ਰਾਪਤੀ ਹੀ ਰਿਧਿ-ਸਿਧਿ ਹੈ। ਅਜਿਹੇ ਮਨੁੱਖ ਵਾਹਿਗੁਰੂ ਵਿਚ ਲੀਨ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਵਾਹਿਗੁਰੂ ਦੇ ਨਾਮ ਦੀ ਪ੍ਰਾਪਤੀ ਰਾਹੀਂ ਉਹ ਮੁਕਤਿ-ਪਦਾਰਥ ਦੀ ਪ੍ਰਾਪਤੀ ਕਰ ਲੈਂਦੇ ਹਨ। ਅਜਿਹੇ ਮਨੁਖਾਂ ਦੀ ਨਿਸ਼ਾਨੀ ਉਨ੍ਹਾਂ ਦੀ ਸੁੱਚੀ ਕਾਰ ਹੈ, ਸੱਚ ਦੀ ਕਮਾਈ ਹੈ। ਇਸ ਤਰ੍ਹਾਂ ਗੁਰਮਤਿ ਅਨੁਸਾਰ ਰਿਧਿ-ਸਿਧਿ ਵਿਹਲੇ ਨਾਟਕ-ਚੇਟਕਾਂ ਵੱਲ ਲੱਗਣਾ ਨਹੀਂ, ਬਲਕਿ ਸੱਚੀ ਤੇ ਸੁੱਚੀ ਕਿਰਤ ਨਾਲ ਜੁੜਨਾ ਹੈ,

ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ॥
ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ॥
(ਪੰਨਾ 117)

ਗੁਰਮਤਿ ਇਲਹਾਮ ਇੱਕ ਲਗਾਤਾਰ ਅਮਲ ਹੈ ਜਿਸ ਦਾ ਆਗਾਜ਼ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ 1499 ਵਿਚ ਗੁਰੂ ਨਾਨਕ ਸਾਹਿਬ ਦੇ ਵੇਈਂ ਨਦੀ ਪ੍ਰਵੇਸ਼ ਤੋਂ ਅਰੰਭ ਹੋ ਕੇ 1699 ਈਸਵੀ ਦੀ ਵਿਸਾਖੀ ਨੂੰ ਦਸਮ ਪਾਤਿਸ਼ਾਹ ਹਜ਼ੂਰ ਵੱਲੋਂ ਖਾਲਸੇ ਦੀ ਸਿਰਜਣਾ ਰਾਹੀਂ ਸੰਪੂਰਨਤਾ ਵੱਲ ਵੱਧਦਾ ਹੋਇਆ 1708 ਈਸਵੀ ਵਿਚ 'ਗ੍ਰੰਥ ਸਾਹਿਬ' ਨੂੰ ਗੁਰਗੱਦੀ ਦੇਣ ਨਾਲ ਸੰਪੂਰਨ ਹੁੰਦਾ ਹੈ। ਗੁਰੂ ਰਾਮਦਾਸ ਗੁਰੂ ਨਾਨਕ ਦੀ ਵਿਚਾਰਧਾਰਾ ਦੇ ਅਮਲ ਨੂੰ ਅੱਗੇ ਲੈ ਜਾਂਦੇ ਹੋਏ ਹਰਿ ਦੇ ਨਾਮ ਦੀ ਪ੍ਰਾਪਤੀ ਨੂੰ ਹੀ ਹਰ ਤਰ੍ਹਾਂ ਦੀ ਰਿਧਿ-ਸਿਧਿ ਦੀ ਪ੍ਰਾਪਤੀ ਮੰਨਦੇ ਹਨ। ਗੁਰੂ ਰਾਮ ਦਾਸ ਮਨ ਨੂੰ ਸਮਝਾਉਂਦਿਆਂ ਉਸ ਪਰਮਾਤਮਾ ਦਾ ਨਾਮ ਸਿਮਰਨ ਕਰਨ ਅਤੇ ਉਸ ਦੀ ਸਿਫ਼ਤਿ-ਸਾਲਾਹ ਕਰਨ ਦਾ ਉਪਦੇਸ਼ ਕਰਦੇ ਹਨ ਜਿਸ ਦੇ ਸਹੀ ਸਰੂਪ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਗੁਰੂ ਦੀ ਮਤਿ ਉਤੇ ਤੁਰ ਕੇ ਪਰਮਾਤਮਾ ਦੀ ਬੰਦਗੀ ਹੀ ਧਨ-ਦੌਲਤ, ਮਾਨਸਿਕ ਸੁੱਖ, ਅਕਲ, ਕਰਾਮਾਤੀ ਤਾਕਤਾਂ ਅਤੇ ਸਾਰੇ ਸੁੱਖਾਂ ਦੀ ਪ੍ਰਾਪਤੀ ਹੈ।

ਗੁਰੂ ਅਰਜਨ ਦੇਵ ਨੇ ਵੀ ਹਰਿ ਦੇ ਨਾਮ ਨੂੰ ਰਿਧਿ-ਸਿਧਿ ਕਿਹਾ ਹੈ ਅਤੇ ਇਸ ਦੀ ਪ੍ਰਾਪਤੀ ਦਾ ਸਾਧਨ ਸਤਿ-ਸੰਗਤਿ ਵਿਚ ਜਾ ਕੇ ਅਕਾਲ ਪੁਰਖ ਦੇ ਨਾਮ ਸਿਮਰਨ ਨੂੰ ਮੰਨਿਆ ਹੈ। ਗੁਰੂ ਅਰਜਨ ਦੇਵ ਅਨੁਸਾਰ ਭਗਤ ਜਨਾਂ ਦੀ ਸੰਗਤਿ ਵਿਚ ਵਿਕਾਰਾਂ ਦੀ ਮੈਲ ਧੋਤੀ ਜਾਂਦੀ ਹੈ ਅਤੇ ਵਿਕਾਰੀ ਮਨੁੱਖ ਵੀ ਸੱਚੇ-ਸੁੱਚੇ ਜੀਵਨ ਵਾਲੇ ਬਣ ਜਾਂਦੇ ਹਨ। ਅਕਾਲ ਪੁਰਖ ਦੇ ਨਾਮ ਵਿਚ ਰੰਗੇ ਹੋਏ ਮਨੁੱਖ ਦੂਸਰਿਆਂ ਵਿਚ ਵੀ ਆਤਮਕ ਜੀਵਨ ਦੀਆਂ ਦਾਤਾਂ ਵੰਡਣ ਜੋਗੇ ਹੋ ਜਾਂਦੇ ਹਨ, ਉਹ ਅਜਿਹੀਆਂ ਦਾਤਾਂ ਹਰ ਰੋਜ਼ ਦਿੰਦੇ ਹਨ ਅਤੇ ਇਹ ਨਿੱਤ ਵਧਦੀਆਂ ਰਹਿੰਦੀਆਂ ਹਨ। ਜਿਨ੍ਹਾਂ ਮਨੁੱਖਾਂ ਨੇ ਪਰਮਾਤਮਾ ਦੇ ਨਾਮ ਸਿਮਰਨ ਰਾਹੀਂ ਆਪਣੇ ਮਨ ਨੂੰ ਵੱਸ ਵਿਚ ਕਰ ਲਿਆ ਹੈ ਉਨ੍ਹਾਂ ਨੂੰ ਸਭ ਰਿਧੀਆਂ-ਸਿਧੀਆਂ ਅਤੇ ਨੌਂ-ਨਿੱਧੀਆਂ (ਨੌਂ ਖਜ਼ਾਨੇ) ਪ੍ਰਾਪਤ ਹੋ ਜਾਂਦੇ ਹਨ ਅਰਥਾਤ ਪਰਮਾਤਮਾ ਦਾ ਨਾਮ ਸਿਮਰਨ ਹੀ ਹਰ ਤਰ੍ਹਾਂ ਦੀਆਂ ਰਿਧੀਆਂ-ਸਿਧੀਆਂ ਦੀ ਪ੍ਰਾਪਤੀ ਹੈ ਅਤੇ ਅਜਿਹੇ ਗੁਰਮੁਖਾਂ ਦੀ ਸੰਗਤਿ ਵੱਡੇ ਭਾਗਾਂ ਵਾਲਿਆਂ ਨੂੰ ਮਿਲਦੀ ਹੈ,

ਸੁਨਿ ਮਨ ਅਕਥ ਕਥਾ ਹਰਿਨਾਮ॥
ਰਿਧਿ ਬੁਧਿ ਸਿਧਿ ਸੁਖ ਪਾਵਹਿ
ਭਜੁ ਗੁਰਮਤਿ ਹਰਿ ਰਾਮ ਰਾਮ॥1॥ ਰਹਾਉ॥
(ਮ. 4, ਪੰਨਾ 719)

ਰਿਧਿ ਸਿਧਿ ਨਵ ਨਿਧਿ
ਹਰਿ ਜਪਿ ਜਿਨੀ ਆਤਮੁ ਜੀਤਾ॥
ਬਿਨਵੰਤਿ ਨਾਨਕੁ ਵਡਭਾਗਿ ਪਾਈਅਹਿ
ਸਾਧ ਸਾਜਨ ਮੀਤਾ॥ (ਮ. 5, ਪੰਨਾ 543)

ਇਸ ਸਾਰੀ ਵਿਚਾਰ-ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਰਿਧਿ-ਸਿਧਿ ਦਾ ਜੋ ਸੰਕਲਪ ਭਾਰਤੀ ਤਾਂਤ੍ਰਿਕ ਪਰੰਪਰਾਵਾਂ ਵਿਚ ਮਿਲਦਾ ਹੈ ਗੁਰਮਤਿ ਦਰਸ਼ਨ ਵਿਚ ਉਸ ਨੂੰ ਨਕਾਰਿਆ ਗਿਆ ਹੈ ਅਤੇ 'ਅਵਰਾ ਸਾਦ' ਕਿਹਾ ਗਿਆ ਹੈ। 'ਅਵਰਾ ਸਾਦ' ਤੋਂ ਭਾਵ ਪਰਮਾਤਮ-ਸਿਮਰਨ ਤੋਂ ਹਟ ਕੇ ਹੋਰ ਪਾਸੇ ਲੈ ਜਾਣ ਵਾਲਾ ਰਸਤਾ। ਜੋਗੀ ਅਤੇ ਤਾਂਤ੍ਰਿਕ ਅਜਿਹੀਆਂ ਸ਼ਕਤੀਆਂ ਦੀ ਪ੍ਰਾਪਤੀ ਤੋਂ ਬਾਅਦ ਇਸ ਦੀ ਵਰਤੋਂ ਕਈ ਤਰ੍ਹਾਂ ਨਾਲ ਲੋਕਾਂ ਨੂੰ ਭਰਮਾਉਣ ਲਈ ਕਰਦੇ ਹਨ। ਤਾਂਤ੍ਰਿਕ ਰਿਧਿ-ਸਿਧਿ ਦਾ ਸੰਕਲਪ ਤਿਆਗ ਅਤੇ ਸੰਨਿਆਸ ਨਾਲ ਜੁੜਿਆ ਹੋਇਆ ਹੈ ਪਰ ਗੁਰਮਤਿ ਦਰਸ਼ਨ ਗ੍ਰਹਿਸਥ ਨਾਲ ਸਬੰਧਤ ਹੈ। ਗੁਰਮਤਿ ਅਨੁਸਾਰ ਗ੍ਰਹਿਸਥ ਵਿਚ ਰਹਿ ਕੇ ਮਨੁੱਖ, ਕਿਰਤ ਰਾਹੀਂ ਆਪਣਾ ਜੀਵਨ-ਨਿਰਬਾਹ ਕਰਕੇ ਇੱਕ ਸੰਤੁਲਿਤ ਜੀਵਨ ਜਿਉਂ ਸਕਦਾ ਹੈ। ਗੁਰਮਤਿ ਮਾਰਗ ਸਹਿਜ-ਮਾਰਗ ਅਤੇ ਆਤਮ-ਨਿਰਭਰਤਾ ਦਾ ਮਾਰਗ ਹੈ, ਜਿਸ ਦਾ ਆਧਾਰ ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ ਹੈ। ਇਹ ਮਾਰਗ ਸਮਾਜ ਨਾਲ, ਸੰਸਕਾਰਤਾ ਅਤੇ ਅਧਿਆਤਮਕਤਾ-ਦੋਵਾਂ ਨਾਲ ਜੁੜਿਆ ਹੋਇਆ ਹੈ। ਇਹ ਜੀਵਨ-ਜਾਚ ਗੁਰੂ ਦੇ ਸ਼ਬਦ ਰਾਹੀਂ ਸੱਚੀ ਸੰਗਤਿ ਵਿਚ ਸਿੱਖੀ ਜਾਂਦੀ ਹੈ।

# ਕਰਮ ਧਰਮ ਪਾਖੰਡ ਜੋ ਦੀਸਹਿ...

**ਗੁਰਬਾਣੀ ਗਿਆਨ**

ਰਾਗੁ ਸੂਹੀ ਮਹਲਾ 5
ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ॥
ਸੰਤਹੁ ਸਾਗਰੁ ਪਾਰਿ ਉਤਰੀਐ॥
ਜੇ ਕੋ ਬਚਨੁ ਕਮਾਵੈ ਸੰਤਨ ਕਾ
ਸੋ ਗੁਰ ਪਰਸਾਦੀ ਤਰੀਐ॥ਰਹਾਉ॥
ਕੋਟਿ ਤੀਰਥ ਮਜਨ ਇਸਨਾਨਾ
ਇਸੁ ਕਲਿ ਮਹਿ ਮੈਲੁ ਭਰੀਜੈ॥
ਸਾਧਸੰਗਿ ਜੋ ਹਰਿ ਗੁਣ ਗਾਵੈ
ਸੋ ਨਿਰਮਲੁ ਕਰਿ ਲੀਜੈ॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ ਪੜਿਆ ਮੁਕਤਿ ਨ ਹੋਈ॥
ਏਕੁ ਅਖਰੁ ਜੋ ਗੁਰਮੁਖਿ ਜਾਪੈ
ਤਿਸ ਕੀ ਨਿਰਮਲ ਸੋਈ॥
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ
ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ
ਕਲਿ ਮਹਿ ਘਟਿ ਨਾਨਕ ਮਾਝਾ॥

ਗੁਰੂ ਦੇਵ ਪਿਤਾ ਜੀ ਸਿੱਖਿਆ ਦਿੰਦੇ ਹਨ ਕਿ ਹੇ ਭਾਈ! ਕਰਮ ਧਰਮ, ਭਾਵ ਜੋ ਸੰਸਾਰ ਵਿਚ ਧਾਰਮਿਕ ਕੰਮ ਆਖੇ ਜਾਂਦੇ ਹਨ, ਇਹ ਤਾਂ ਸਾਰਾ ਦਿਖਾਵਾ ਹੀ ਹੈ ਅਤੇ ਜੋ ਲੋਕ ਇਸ ਦਿਖਾਵੇ ਵਿਚ ਫਸ ਕੇ ਇਹ ਧਰਮ ਦੇ ਕੰਮ ਕਰ ਰਹੇ ਹਨ, ਉਨ੍ਹਾਂ ਕੋਲੋਂ ਤਾਂ ਜਮੁ ਜਾਗਾਤੀ ਲੂਟੈ, ਭਾਵ ਜਮ ਨੇ ਮਹਿਸੂਲ ਦੇ ਤੌਰ 'ਤੇ ਸਭ ਕੁਝ ਲੁੱਟ ਲੈਣਾ ਹੈ। ਨਿਰਬਾਣ, ਭਾਵ ਵਾਸਨਾ ਤੋਂ ਰਹਿਤ ਹੋ ਕੇ ਪ੍ਰਭੂ ਦਾ ਕੀਰਤਨੁ, ਭਾਵ ਉਸ ਦੀ ਕੀਰਤ ਕਰੋ ਜਿਸ ਦਾ ਸਿਮਰਨ ਕੀਤਿਆਂ ਨਿਮਖ, ਭਾਵ ਇਕ ਪਲ ਵਿਚ ਹੀ ਜੀਵ ਜਮਾਂ ਦੀ ਫਾਹੀ ਤੋਂ ਛੁੱਟ ਸਕਦਾ ਹੈ। ਹੇ ਪ੍ਰਭੂ ਦੇ ਪਿਆਰੇ ਸੰਤ ਜਨੋ! ਉਸ ਮਿਹਰਬਾਨ ਪ੍ਰਭੂ ਦੀ ਸਿਫ਼ਤ ਕਰ ਕਰ ਕੇ ਹੀ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ ਅਤੇ ਜੋ ਕੋਈ ਜੀਵ ਸੰਤ ਜਨਾਂ ਦੇ ਬਚਨ, ਭਾਵ ਗੁਰੂ ਦੇ ਉਪਦੇਸ਼ ਨੂੰ ਕਮਾਵੈ, ਭਾਵ ਉਹਦੀ ਕਮਾਈ ਸਿਮਰਨ ਕਰੇ ਤਾਂ ਗੁਰੂ ਕ੍ਰਿਪਾ ਸਦਕਾ ਜੀਵ ਸਹਿਜੇ ਹੀ ਪਾਰ ਉਤਰ ਜਾਂਦਾ ਹੈ।

ਕੋਟਿ ਤੀਰਥ ਮਜਨ ਇਸਨਾਨਾ
ਇਸੁ ਕਲਿ ਮਹਿ ਮੈਲੁ ਭਰੀਜੈ॥
ਸਾਧਸੰਗਿ ਜੋ ਹਰਿ ਗੁਣ ਗਾਵੈ
ਸੋ ਨਿਰਮਲੁ ਕਰਿ ਲੀਜੈ॥

ਹੇ ਭਾਈ! ਕੋਟਿ, ਭਾਵ ਕਰੋੜਾਂ ਤੀਰਥਾਂ ਦੇ ਇਸ਼ਨਾਨ ਭੀ ਭਾਵੇਂ ਕਰੀ ਜਾਈਏ, ਤਾਂ ਵੀ ਕਲਿ, ਭਾਵ ਕਲਜੁਗ ਇਸ ਜਗਤ ਵਿਚ ਵਿਕਾਰਾਂ ਦੀ ਮੈਲ ਨਾਲ ਭਰੀਜੈ, ਭਾਵ ਭਰ ਜਾਈਦਾ ਹੈ, ਪਰ ਜਿਹੜਾ ਜੀਵ ਗੁਰੂ ਦੀ ਸੰਗਤ ਵਿਚ ਬੈਠ ਕੇ ਅਤੇ ਟਿਕਾਉ ਵਿਚ ਰਹਿ ਕੇ ਹਰੀ ਪਰਮਾਤਮਾ ਦੀ ਸਿਫ਼ਤ ਸਲਾਹ ਕਰਦਾ ਹੈ, ਉਸ ਦੇ ਗੁਣਾਂ ਦਾ ਗਾਇਨ ਕਰਦਾ ਹੈ, ਉਹ ਵਡਭਾਗਾ ਜੀਵ ਆਪਣੇ ਜੀਵਨ ਨੂੰ ਨਿਰਮਲ, ਭਾਵ ਸਵੱਛ ਬਣਾ ਕੇ ਪ੍ਰਭੂ ਪਿਤਾ ਦੇ ਚਰਨਾਂ ਨਾਲ ਜੁੜ ਜਾਂਦਾ ਹੈ ਅਤੇ ਜੀਵਨ ਸਫ਼ਲ ਕਰ ਲੈਂਦਾ ਹੈ।

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ ਪੜਿਆ ਮੁਕਤਿ ਨ ਹੋਈ॥
ਏਕੁ ਅਖਰੁ ਜੋ ਗੁਰਮੁਖਿ ਜਾਪੈ
ਤਿਸ ਕੀ ਨਿਰਮਲ ਸੋਈ॥

ਹੇ ਭਾਈ! ਬੇਦ, ਪੁਰਾਣ, ਸਿਮਰਤੀਆਂ ਅਤੇ ਸ਼ਾਸਤਰ; ਹਿੰਦੂ ਧਰਮ ਦੇ ਇਹ ਸਾਰੇ ਗ੍ਰੰਥ ਅਤੇ ਇਸਲਾਮ ਨਾਲ ਸਬੰਧਤ ਕਤੇਬ ਤੇ ਕੁਰਾਨ, ਇਨ੍ਹਾਂ ਨੂੰ ਨਿਰਾ ਪੜ੍ਹਨ ਨਾਲ ਹੀ ਮੁਕਤੀ, ਭਾਵ ਜ਼ਿੰਦਗੀ ਦੇ ਵਿਕਾਰਾਂ ਤੋਂ ਖਲਾਸੀ ਨਹੀਂ ਮਿਲ ਸਕਦੀ; ਪਰ ਏਕੁ ਅਖਰ, ਉਹ ਪਰਮੇਸ਼ਰ ਪ੍ਰਭੂ ਜੋ ਨਾਮ ਰਹਿਤ ਹੈ, ਉਸ ਦੇ ਨਾਮ ਦਾ ਸਿਮਰਨ ਕਰ ਕੇ ਹੀ ਦੋਹਾਂ ਜਹਾਨਾਂ ਵਿਚ ਜੀਵ ਦੀ ਨਿਰਮਲ ਸੋਈ, ਭਾਵ ਪਵਿੱਤਰ ਸੋਭਾ ਫੈਲ ਜਾਂਦੀ ਹੈ। ਤਾਂ ਹੀ ਤਾਂ ਹੇ ਭਾਈ! ਬਾਕੀ ਸਭ ਦਿਖਾਵੇ ਦੇ ਕਰਮ ਕਾਂਡ ਛੱਡ ਕੇ ਨਾਮ ਸਿਮਰਨ ਨਾਲ ਜੁੜੀਏ ਜੋ ਸਭ ਤੋਂ ਉਤਮ ਹੈ, ਸ੍ਰੇਸ਼ਟ ਹੈ।

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ
ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ
ਕਲਿ ਮਹਿ ਘਟਿ ਨਾਨਕ ਮਾਝਾ॥

ਹੁਣ ਗੁਰਦੇਵ ਜੀ ਬਖਸ਼ਿਸ਼ ਕਰਦੇ ਹਨ ਕਿ ਹੇ ਭਾਈ! ਉਸ ਸਦਾ ਹੀ ਅਟੱਲ ਰਹਿਣ ਵਾਲੇ ਪਰਮੇਸ਼ਰ ਦਾ ਜੋ ਨਾਮ ਸਿਮਰਨ ਦਾ ਉਪਦੇਸ਼ ਹੈ; ਉਹ ਖਤਰੀ, ਬ੍ਰਾਹਮਣ, ਸ਼ੂਦਰ ਅਤੇ ਵੈਸ਼-ਚੌਹਾਂ ਵਰਣਾਂ ਦੇ ਲੋਕਾਂ ਲਈ ਇਕੋ ਜਿਹਾ ਹੈ; ਕੋਈ ਜੀਵ ਭਾਵੇਂ ਉਹ ਕਿਸੇ ਵੀ ਜਾਤ ਵਰਣ ਦਾ ਹੋਵੇ, ਜੇ ਉਹ ਗੁਰੂ ਦੇ ਦੱਸੇ ਰਸਤੇ ਉਤੇ ਚੱਲ ਕੇ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੈ ਤਾਂ ਉਹ ਜਗਤ ਦੇ ਸਭ ਵਿਕਾਰਾਂ ਭਰੇ ਜੀਵਨ ਤੋਂ ਬਚ ਕੇ ਨਿਕਲ ਜਾਂਦਾ ਹੈ। ਹੇ ਨਾਨਕ! ਉਸ ਜੀਵ ਨੂੰ ਫਿਰ ਮਾਝਾ, ਭਾਵ ਘਟ-ਘਟ ਵਿਚ ਹਰ ਜੀਵ ਵਿਚ ਪ੍ਰਭੂ ਵੱਸਦਾ ਹੀ ਦਿਖਾਈ ਦਿੰਦਾ ਹੈ।

ਆਉ, ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਵਿਛੋੜੇ ਵੱਢ-ਵੱਢ ਖਾ ਜਾਂਦੇ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਗਰੀਬੀ ਵਾਲੇ ਘਰ ਦੀ ਬੇਵਸੀ ਵਾਲੀ ਦਹਿਲੀਜ਼ ਤੋਂ ਕਦਮ ਚੁੱਕ ਕੇ ਜਦੋਂ ਮੈਂ ਪਰਦੇਸਾਂ ਦੇ ਰਾਹ 'ਤੇ ਰੱਖਣ ਲੱਗਿਆ ਤਾਂ ਮਾਂ ਨੇ ਅੱਖਾਂ ਵਿਚੋਂ ਹੰਝੂਆਂ ਦਾ ਤੇਲ ਚੋਂਦਿਆਂ ਕਿਹਾ ਸੀ, "ਪੁੱਤਰ, ਆਪਣਾ ਖਿਆਲ ਰੱਖੀਂ। ਮਾਂ ਨੂੰ ਭੁੱਲ ਨਾ ਜਾਈਂ।" ਮਾਂ ਨੂੰ ਕੋਈ ਕਿਵੇਂ ਭੁੱਲ ਸਕਦਾ ਹੈ ਭਲਾ? ਮੈਂ ਵੀ ਅੱਜ ਤੱਕ ਨਹੀਂ ਭੁੱਲਿਆ। ਮਾਂ ਨਾਲ ਜੁੜੀ ਹਰ ਯਾਦ ਚੇਤਿਆਂ 'ਚ ਵੱਸੀ ਹੋਈ ਹੈ। ਰਾਗੀ ਅਤੇ ਵਾਜਾ ਤਾਂ ਉਹੀ ਹੁੰਦਾ ਹੈ ਪਰ ਜਦੋਂ ਜਨਮ ਤੇ ਮਰਨ ਦੀ ਖੁਸ਼ੀ ਤੇ ਗਮੀ ਦੇ ਸ਼ਬਦ ਪੜ੍ਹੇ ਜਾਂਦੇ ਹੋਣ ਤਾਂ ਰਾਗ ਤੇ ਸ਼ਬਦ ਬਦਲ ਜਾਂਦੇ ਨੇ। ਘਰ ਦੇ ਵਿਹੜੇ ਵਿਚ ਦੁੱਖਾਂ ਅਤੇ ਗਰੀਬੀ ਨੇ ਜਦੋਂ ਵੀ ਆ ਕੇ ਝੰਡੇ ਗੱਡੇ ਤਾਂ ਘਰ ਦੇ ਜੇਠੇ ਪੁੱਤ ਨੂੰ ਸੱਤ ਸਮੁੰਦਰੋਂ ਪਾਰ ਜਾ ਕੇ ਵਿਛੋੜੇ ਦੀ ਕੁਰਬਾਨੀ ਦੇਣੀ ਪੈਂਦੀ ਹੈ।

ਮੇਰੇ ਦਾਦਾ ਜੀ ਗੱਜਣ ਸਿੰਘ ਦੇ ਛੇ ਪੁੱਤ ਸਨ ਜਿਨ੍ਹਾਂ ਵਿਚੋਂ ਇਕ ਨਿਹੰਗ ਸਿੰਘ ਸਜ ਗਿਆ। ਇਕ ਫੌਜ ਵਿਚ ਚਲਿਆ ਗਿਆ। ਬਾਕੀ ਚਾਰ ਖੇਤੀ ਕਰਨ ਲੱਗ ਗਏ। ਮੇਰਾ ਪਿਤਾ ਕੋਰਾ ਅਨਪੜ੍ਹ ਸੀ ਪਰ ਖੇਤੀਬਾੜੀ ਦਾ ਪੂਰਾ ਮਾਹਿਰ ਸੀ। ਮੇਰੇ ਪਿਤਾ ਜੀ ਅਤੇ ਦੋ ਚਾਚੇ ਹੀ ਵਿਆਹੇ ਗਏ, ਬਾਕੀ ਤਿੰਨ ਛੜੇ ਰਹਿ ਗਏ। ਪਰਿਵਾਰ ਵਧਦਾ ਗਿਆ। ਵਿਹੜੇ ਵਿਚ ਬਟਵਾਰੇ ਦੀ ਕੰਧ ਸਰਹੱਦ ਵਾਂਗ ਖੜ੍ਹ ਗਈ। ਜਿਥੇ ਘਰ ਦੇ ਤਿੰਨ ਟੁਕੜੇ ਹੋ ਗਏ, ਉਥੇ ਖੇਤਾਂ ਦੇ ਵੀ ਤਿੰਨ ਟੋਟੇ ਬਣ ਗਏ। ਦਾਦਾ-ਦਾਦੀ ਅੱਖਾਂ ਮੀਟ ਗਏ। ਫਿਰ ਇਕ ਛੜਾ ਚਾਚਾ ਜਹਾਨੋਂ ਤੁਰ ਗਿਆ। ਉਸ ਦੇ ਹਿੱਸੇ ਦੀ ਜ਼ਮੀਨ ਨੇ ਪਿਤਾ ਜੀ ਹੋਰਾਂ ਦੇ ਪਿਆਰ ਵਿਚ ਜ਼ਹਿਰ ਘੋਲ ਦਿੱਤੀ। ਫਿਰ ਕੇਸ ਚੱਲਿਆ ਤੇ ਰਾਜ਼ੀਨਾਮਾ ਹੋਇਆ। ਛੜੇ ਚਾਚੇ ਵਾਲੀ ਜ਼ਮੀਨ ਦਾ ਹਿੱਸਾ ਪੰਜਾਂ ਦੇ ਹਿੱਸੇ ਆ ਗਿਆ। ਖੇਤ ਦੇ ਵੱਟ-ਬੰਨ੍ਹੇ ਫਿਰ ਹਿੱਲ ਗਏ।

ਚਾਚੇ ਦੀ ਜ਼ਮੀਨ ਨੇ ਬਾਪੂ ਹੋਰੀਂ ਨੇੜੇ ਲੈ ਆਂਦੇ। ਇਕ-ਦੂਜੇ ਦੇ ਘਰ ਫਿਰ ਆਉਣੀ-ਜਾਣੀ ਹੋ ਗਈ। ਅਜੇ ਚਾਰ-ਪੰਜ ਫਸਲਾਂ ਦੀ ਬਿਜਾਈ-ਕਢਾਈ ਕੀਤੀ ਸੀ ਕਿ ਸਾਡਾ ਨਿਹੰਗ ਚਾਚਾ 'ਬੋਲੇ ਸੋ ਨਿਹਾਲ' ਦਾ ਜੈਕਾਰਾ ਛੱਡ ਗਿਆ। ਫਿਰ ਉਸ ਦੀ ਜ਼ਮੀਨ ਲਈ ਪਿਤਾ ਜੀ ਹੋਰੀਂ ਪੱਬਾਂ ਭਾਰ ਹੋ ਗਏ। ਪਿਤਾ ਜੀ ਹੋਰੀਂ ਕੋਰਟ-ਕਚਹਿਰੀਆਂ ਨੂੰ ਇਉਂ ਬੱਸ ਚੜ੍ਹ ਜਾਂਦੇ ਜਿਵੇਂ ਨਵਾਂ ਵਿਆਹਿਆ ਪੇਕਿਆਂ ਨੂੰ ਗਈ ਵਹੁਟੀ ਨੂੰ ਲੈਣ ਲਈ ਸਹੁਰਿਆਂ ਨੂੰ ਜਾਂਦੀ ਬੱਸ ਭੱਜ ਕੇ ਫੜਦਾ ਹੈ। ਤਿੰਨੇ ਛੜੇ ਚਾਚਿਆਂ ਦਾ ਘਰ ਵਿਚੋਂ ਕੁਰਸੀਨਾਮਾ ਬੇਸ਼ੱਕ ਪਹਿਲਾਂ ਹੀ ਖ਼ਤਮ ਕਰ ਦਿੱਤਾ ਗਿਆ ਸੀ, ਪਰ ਜ਼ਮੀਨ ਦੀ ਜਮਾਂਬੰਦੀ ਵਿਚ ਉਹ ਪਿਤਾ ਜੀ ਦੇ ਬਰਾਬਰ ਵਾਲੇ ਖਾਨੇ ਵਿਚੋਂ ਬੋਲਦੇ ਸਨ। ਤਿੰਨਾਂ ਭਰਾਵਾਂ ਦੇ ਬੋਲ ਫਿਰ ਸਾਂਝੇ ਹੋਣੋਂ ਹਟ ਗਏ। ਤਿੰਨਾਂ ਦੇ ਬੂਹਿਆਂ 'ਤੇ ਲਾਲਚ ਦਾ ਜਿੰਦਰਾ ਲੱਗ ਗਿਆ। ਜ਼ਮੀਨ ਦਾ ਕੇਸ ਲੰਮਾ ਹੋ ਗਿਆ। ਸਾਡੀ ਜ਼ਮੀਨ ਦੀ ਪੈਦਾਵਾਰ ਵੀ ਭਾੜਿਆਂ ਅਤੇ ਫੀਸਾਂ ਦੀ ਭੇਟਾ ਚੜ੍ਹਦੀ ਗਈ ਅਤੇ ਅਸੀਂ ਤਰੱਕੀ ਦਾ ਕੋਈ ਅਗਲਾ ਟੰਬਾ ਨਾ ਚੜ੍ਹ ਸਕੇ।

ਅਖੀਰ ਸਮਝੌਤੇ ਦੀ ਕੁੰਜੀ ਨੇ ਪਿਤਾ ਜੀ ਹੋਰਾਂ ਦੇ ਬੂਹਿਆਂ ਵਾਲੇ ਜਿੰਦਰੇ ਖੋਲ੍ਹੇ। ਫਿਰ ਇਕੱਠਿਆਂ ਨੇ ਨਿਹੰਗ ਚਾਚੇ ਨਮਿਤ ਅਖੰਡ ਪਾਠ ਕਰਵਾਇਆ। ਫਿਰ ਜ਼ਮੀਨਾਂ ਦੇ ਵੱਟ-ਬੰਨ੍ਹੇ ਹਿੱਲ ਗਏ। ਚਾਚੇ ਦਾ ਜਮਾਂਬੰਦੀ ਵਿਚੋਂ ਨਾਮ ਕੱਟਿਆ ਗਿਆ। ਪਿਤਾ ਜੀ ਹੋਰੀਂ ਆਪਣੇ ਭਰਾਵਾਂ ਦਾ ਹੱਕ ਖਾਣ ਲਈ ਕਿਸੇ ਗੱਲੋਂ ਪਟਵਾਰੀ ਤੋਂ ਘੱਟ ਨਹੀਂ ਸੀ ਰਹਿਣਾ ਚਾਹੁੰਦੇ। ਮੇਰੀ ਮਾਂ ਜੇ ਕੁਝ ਕਹਿੰਦੀ ਤਾਂ ਪਿਤਾ ਜੀ ਕਹਿ ਦਿੰਦੇ, "ਮੈਂ ਜ਼ਮੀਨ ਹਿੱਕ 'ਤੇ ਰੱਖ ਕੇ ਲਿਜਾਣੀ ਐ? ਆਹ ਜਿਹੜੇ ਤਿੰਨ ਫਿਰਦੇ ਨੇ ਸ਼ਤੀਰਾਂ ਵਰਗੇ, ਇਨ੍ਹਾਂ ਦੀ ਖਾਤਰ ਤੁਰਿਆ ਫਿਰਦਾਂ।" ਮਾਂ ਸੁਣ ਕੇ ਚੁੱਪ ਕਰ ਜਾਂਦੀ ਤੇ ਮੈਂ ਡਰ ਜਾਂਦਾ ਕਿ ਸਾਡੇ ਤਿੰਨਾਂ ਭਰਾਵਾਂ ਵਿਚ ਵੀ ਕੱਲ੍ਹ ਨੂੰ ਆਹੀ ਕਾਟੋ-ਕਲੇਸ਼ ਹੋਵੇਗਾ!

ਹੁਣ ਪਿਤਾ ਜੀ, ਛੋਟਾ ਚਾਚਾ, ਫੌਜੀ ਚਾਚਾ ਤੇ ਇਕ ਛੜਾ ਚਾਚਾ ਰਹਿ ਗਏ। ਮੇਰਾ ਪਿਤਾ ਤੇ ਛੋਟਾ ਚਾਚਾ ਕਈ ਵਾਰ ਇਹ ਕਹਿੰਦੇ ਸੁਣੇ ਕਿ ਆਹ ਵੀ ਮਰੇ ਪਰਾਂ, ਫਿਰ ਪੱਕੀ ਵੰਡ ਕਰ ਲਈਏ। ਉਨ੍ਹਾਂ ਦੀਆਂ ਗੱਲਾਂ ਦਾ ਇਸ਼ਾਰਾ ਮੇਰੇ ਛੜੇ ਚਾਚੇ ਵੱਲ ਹੁੰਦਾ। ਸਾਡਾ ਇਹ ਚਾਚਾ ਗੁਣਾਂ ਦੀ ਗੁੱਥਲੀ ਸੀ। ਇਸ ਚਾਚੇ ਦਾ ਪਿਆਰ ਫੌਜੀ ਚਾਚੇ ਵੱਲ ਜ਼ਿਆਦਾ ਸੀ। ਉਹ ਸਾਡੇ ਘਰਾਂ ਵਿਚ ਵੀ ਬੇਸ਼ੱਕ ਗੇੜਾ ਕੱਢ ਜਾਂਦਾ ਸੀ, ਪਰ ਰਹਿੰਦਾ ਫੌਜੀ ਵੱਲ ਹੀ ਸੀ। ਮੈਂ ਆਪਣੇ ਦੋਵਾਂ ਭਰਾਵਾਂ ਤੋਂ ਵੱਡਾ ਸੀ। ਪਿੰਡ ਵਿਚ ਲੋਕ ਸਾਨੂੰ 'ਹੱਕ ਮਾਰ' ਕਹਿਣੋਂ ਵੀ ਗੁਰੇਜ਼ ਨਹੀਂ ਕਰਦੇ ਸਨ। ਹੁਣ ਮੈਂ ਵੀ ਬਾਈਆਂ ਸਾਲਾਂ ਨੂੰ ਟੱਪ ਗਿਆ। ਮਾਂ ਮੇਰੀ ਆਂਢ-ਗੁਆਂਢ ਵਿਚ ਮੈਨੂੰ ਰਿਸ਼ਤਾ ਕਰਵਾਉਣ ਲਈ ਮਿੱਠੀਆਂ-ਮਿੱਠੀਆਂ ਗੱਲਾਂ ਮਾਰਦੀ ਰਹਿੰਦੀ। ਐਵੇਂ ਹੀ ਕਿਸੇ ਦੀ ਨੂੰਹ ਦੀਆਂ ਤਰੀਫਾਂ ਦੇ ਪੁਲ ਬੰਨ੍ਹੀ ਜਾਂਦੀ ਕਿ ਕੋਈ ਮੇਰੇ ਪੁੱਤ ਨੂੰ ਰਿਸ਼ਤਾ ਕਰਵਾ ਦੇਵੇ। ਮੇਰੇ ਸਿਹਰੇ ਬੰਨ੍ਹਣ ਤੋਂ ਪਹਿਲਾਂ ਮੇਰਾ ਪਿਤਾ ਕਫਨ ਵਿਚ ਲਪੇਟਿਆ ਗਿਆ। ਪਿਤਾ ਜੀ ਦੇ ਤੁਰ ਜਾਣ ਤੋਂ ਬਾਅਦ ਛੜਾ ਚਾਚਾ ਸਾਡੇ ਵੱਲ ਆ ਗਿਆ। ਅਸੀਂ ਚਾਰੇ ਜਣੇ ਜ਼ਮੀਨ ਮਾਮਲੇ ਤੇ ਲੈ ਕੇ ਖੇਤੀਬਾੜੀ ਕਰਦੇ। ਅਸੀਂ ਤਿੰਨੇ ਭਰਾ ਹੀ ਬਾਹਰ ਆਉਣ ਲਈ ਹੱਥ-ਪੈਰ ਮਾਰਨ ਲੱਗੇ। ਪਰਦੇਸਾਂ ਵਿਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਤੇ ਮਿੱਤਰਾਂ ਨੂੰ ਲੰਮੇ-ਲੰਮੇ ਖਤ ਲਿਖ ਕੇ ਬਾਂਹ ਫੜਨ ਦੀ ਅਰਜੋਈ ਕਰਦੇ ਰਹੇ। ਸਭ ਨੇ ਪਖੰਡੀ ਸਾਧ ਵਾਂਗ ਲੱਕੜ ਦਾ ਪੁੱਤ ਝੋਲੀ ਪਾਉਂਦਿਆਂ ਪਾਸਾ ਵੱਟਿਆ। ਖੇਤੀਬਾੜੀ ਅਤੇ ਕੀਤੀ ਮਿਹਨਤ ਸਭ ਸੋਕੇ-ਡੋਬੇ ਵਿਚ ਰੁੜ੍ਹ ਜਾਂਦੀ, ਸਿਰ ਕਰਜ਼ਾ ਟੁੱਟ ਜਾਂਦਾ। ਮਾਂ ਕਹਿ ਦਿੰਦੀ, "ਕੋਈ ਨਾ ਪੁੱਤ, ਸਬਰ ਦਾ ਫਲ ਮਿੱਠਾ ਹੁੰਦਾ ਹੈ।" ਫਿਰ ਸਾਡੀ ਮਾਮੀ ਨੇ ਮੈਨੂੰ ਰਿਸ਼ਤਾ ਕਰਵਾ ਦਿੱਤਾ। ਸਾਦਾ ਜਿਹਾ ਵਿਆਹ ਹੋ ਗਿਆ।

ਅਸੀਂ ਕੋਹਲੂ ਵਾਲੇ ਬਲਦ ਵਾਂਗ ਘੁੰਮਦੇ ਰਹਿੰਦੇ। ਆੜ੍ਹਤੀਆ ਪੈਸੇ ਨਾਲ ਨਿਹਾਲ ਹੋ ਜਾਂਦਾ ਤੇ ਅਸੀਂ ਕੰਗਾਲ ਹੋ ਜਾਂਦੇ। ਹਾੜ੍ਹੀ-ਸਾਉਣੀ ਬੀਜਦਿਆਂ-ਵੱਢਦਿਆਂ ਮੇਰੇ ਵੀ ਦੋ ਬੱਚੇ ਹੋ ਗਏ। ਖਰਚੇ ਵੱਲੋਂ ਝੱਗਾ ਮੇਚ ਆਉਣੋਂ ਹਟ ਗਿਆ। ਅਖੀਰ ਅਸੀਂ ਤਿੰਨਾਂ ਭਰਾਵਾਂ ਨੇ ਸਲਾਹ ਕੀਤੀ ਕਿ ਜ਼ਮੀਨ ਵੇਚ ਕੇ ਇਕ ਨੂੰ ਬਾਹਰ ਭੇਜਿਆ ਜਾਵੇ। ਅਸੀਂ ਜ਼ਮੀਨ ਵੇਚੀ ਤੇ ਏਜੰਟ ਨੂੰ ਪੈਸੇ ਦੇ ਦਿੱਤੇ। ਏਜੰਟ ਧੋਖਾ ਕਰ ਗਿਆ ਅਤੇ ਰਕਮ ਡੁੱਬ ਗਈ। 'ਬਹੁਤੀ ਖਾਂਦੀ ਥੋੜ੍ਹੀ ਤੋਂ ਵੀ ਗਈ' ਵਾਲੀ ਗੱਲ ਸਾਡੇ ਨਾਲ ਹੋਈ। ਘਰੇ ਕੋਈ ਕਮਾਈ ਤਾਂ ਵਧੀ ਨਹੀਂ, ਪਰ ਲੜਾਈ ਕੁੱਕੜਾਂ ਵਾਂਗ ਹੁੰਦੀ। ਹੁਣ ਸਾਡੇ ਕੋਲ ਵੇਚਣ ਨੂੰ ਕੁੱਝ ਨਹੀਂ ਸੀ। ਸਿਰਫ਼ ਘਰ ਸੀ ਜਾਂ ਛੜੇ ਚਾਚੇ ਵਾਲੀ ਜ਼ਮੀਨ। ਉਂਜ ਚਾਚਾ ਸਾਡਾ ਦੁੱਖ-ਦਰਦ ਜਾਣਦਾ ਸੀ ਪਰ ਕੁਝ ਕਹਿਣ ਤੋਂ ਜਿਵੇਂ ਘਬਰਾਉਂਦਾ ਹੋਵੇ।

ਫਿਰ ਇਕ ਦਿਨ ਚਾਚੇ ਨੇ ਅੰਦਰਲੀ ਹਮਦਰਦੀ ਬੱਲ੍ਹਾਂ 'ਤੇ ਲੈ ਆਂਦੀ। ਆਪਣੇ ਹਿੱਸੇ ਦੀ ਜ਼ਮੀਨ ਵੇਚ ਕੇ ਮੈਨੂੰ ਬਾਹਰ ਭੇਜਣ ਲਈ ਤਿਆਰ ਹੋ ਗਿਆ। ਮੇਰੇ ਭਰਾ ਇਹ ਖੇਡ ਦੁਬਾਰਾ ਨਹੀਂ ਖੇਡਣੀ ਚਾਹੁੰਦੇ ਸੀ, ਪਰ ਮੇਰੀ ਜ਼ਿਦ ਤੇ ਚਾਚੇ ਦੀ ਹੱਲਾਸ਼ੇਰੀ ਨੇ ਫਿਰ ਸਾਨੂੰ ਤਿਆਰ ਕਰ ਲਿਆ। ਦੂਜੇ ਪਾਸੇ ਫੌਜੀ ਚਾਚਾ ਤੇ ਛੋਟਾ ਚਾਚਾ ਲਾਲਚ ਦੀਆਂ ਬੋਰੀਆਂ ਚੁੱਕ ਲਿਆਏ ਕਿ ਜ਼ਮੀਨ ਵਿਚੋਂ ਸਾਨੂੰ ਵੀ ਹਿੱਸਾ ਆਉਂਦਾ ਸੀ। ਚਾਚਾ ਸਾਡਾ ਪੂਰਾ ਜੁਗਤੀ ਸੀ। ਉਹ ਕਹਿੰਦਾ, 'ਮੈਂ ਆਪਣੀ ਜ਼ਮੀਨ ਵੇਚਾਂ, ਚਾਹੇ ਰੱਖਾਂ; ਚਾਹੇ ਦਾਨ ਕਰ ਜਾਵਾਂ। ਤੁਹਾਨੂੰ ਕੀ?' ਉਹ ਦੋਵੇਂ ਜਣੇ ਰੌਲਾ ਪਾ ਕੇ ਇੰਜ ਬੈਠ ਗਏ ਜਿਵੇਂ ਕੁੜੀ ਦੱਬ ਕੇ ਆਏ ਹੋਣ। ਬਾਹਰ ਆਉਣ ਦੀ ਮੇਰੀ ਵਾਰੀ ਨਿਕਲ ਆਈ। ਏਜੰਟ ਨਾਲ ਗੱਲ ਕੀਤੀ। ਉਹ ਦੇਖਣ ਨੂੰ ਤਾਂ ਅੜਬ ਜਿਹਾ ਲੱਗਦਾ ਸੀ ਪਰ ਵਾਅਦੇ ਦਾ ਖਰਾ ਨਿਕਲਿਆ ਤੇ ਮੈਨੂੰ ਅਮਰੀਕਾ ਲੈ ਆਇਆ। ਇਥੇ ਆ ਕੇ ਰਿਸ਼ਤੇਦਾਰਾਂ ਨੂੰ ਫੋਨ ਕੀਤੇ। ਉਨ੍ਹਾਂ ਨੇ ਸਲਾਹਾਂ ਤਾਂ ਵਕੀਲਾਂ ਵਾਂਗ ਦਿੱਤੀਆਂ ਪਰ ਕਿਸੇ ਨੇ ਕੋਰਟ-ਕਚਹਿਰੀਆਂ ਵਿਚ ਜਾਣ ਲਈ ਹੁੰਗਾਰਾ ਨਾ ਭਰਿਆ। ਫਿਰ ਇਕ ਗੁਰਦੁਆਰੇ ਟਿਕ ਗਿਆ। ਉਥੇ ਇਕ ਗੁਰਸਿੱਖ ਵੀਰ ਨੇ ਬਾਂਹ ਫੜੀ ਤੇ ਮੈਨੂੰ ਵਕੀਲ ਕੋਲ ਲੈ ਗਿਆ। ਕੰਮ ਵਾਲੇ ਪੇਪਰ ਮਿਲ ਗਏ। ਉਸ ਵੀਰ ਨੇ ਟਰੱਕ ਦਾ ਲਾਇਸੰਸ ਬਣਵਾ ਦਿੱਤਾ ਤੇ ਆਪਣੇ ਨਾਲ ਹੀ ਟਰੱਕ 'ਤੇ ਚਾੜ੍ਹ ਲਿਆ ਤੇ ਟਰੱਕ ਸਿਖਾ ਕੇ ਮੈਨੂੰ ਉਹ ਆਪਣਾ ਟਰੱਕ ਦੇ ਕੇ ਇੰਡੀਆ ਚਲਿਆ ਗਿਆ। ਪਿੱਛੋਂ ਮੈਂ ਚੰਗੀ ਕਮਾਈ ਕੀਤੀ। ਫਿਰ ਉਸ ਵੀਰ ਨੇ ਆ ਕੇ ਮੈਨੂੰ ਟਰੱਕ ਲੈ ਕੇ ਦੇ ਦਿੱਤਾ। ਮੈਂ ਸਭ ਤੋਂ ਪਹਿਲਾਂ ਦੋ ਕਿੱਲੇ ਜ਼ਮੀਨ ਖਰੀਦ ਕੇ ਛੜੇ ਚਾਚੇ ਦੇ ਨਾਂ ਕਰਵਾਈ। ਫਿਰ ਦੋ-ਦੋ ਕਿੱਲੇ ਦੋਵਾਂ ਭਰਾਵਾਂ ਦੇ ਨਾਂ ਕਰਵਾ ਦਿੱਤੀ। ਫਿਰ ਬਾਹਰ ਫਿਰਨੀ 'ਤੇ ਪਲਾਟ ਲੈ ਕੇ ਕੋਠੀ ਪਾਈ। ਦੋਵੇਂ ਭਰਾ ਵਿਆਹ ਦਿੱਤੇ। ਮਾਂ ਬਾਗੋ-ਬਾਗ ਹੋ ਗਈ। ਮੇਰਾ ਸਾਰਾ ਪਰਿਵਾਰ ਬਹਾਰਾਂ ਤੋਂ ਬਿਨਾਂ ਪੱਤਝੜ ਹੰਢਾਉਂਦਾ ਰਿਹਾ ਸੀ। ਕਈ ਸਾਲ ਪੇਪਰਾਂ ਦੀ ਉਡੀਕ ਕਰਦਾ ਰਿਹਾ। ਘਰਵਾਲੀ ਤੇ ਬੱਚਿਆਂ ਨੂੰ ਲਾਰੇ ਤੇ ਵਾਅਦੇ ਲਾਉਂਦਾ ਰਿਹਾ। ਇਥੇ ਆਏ ਨੂੰ ਅਠਾਰਾਂ ਸਾਲ ਹੋ ਗਏ ਸੀ। ਬੇਬੇ ਕਹਿ ਦਿੰਦੀ, "ਪੁੱਤ, ਤੂੰ ਮੇਰੇ ਜੈਤੋ ਵਾਲੇ ਭੂਆ ਦੇ ਪੋਤੇ ਕੋਲ ਜਾਹ, ਉਹ ਤੈਨੂੰ ਪੱਕਾ ਕਰਵਾ ਦੇਵੇਗਾ। ਮੇਰਾ ਨਾਂ ਲੈ ਦੇਈਂ।" ਕਦੇ ਬੇਬੇ ਕਹਿੰਦੀ, "ਤੂੰ ਬਰਨਾਲੇ ਵਾਲੇ ਮੇਰੇ ਮਾਮੇ ਦੇ ਪੁੱਤ ਕੋਲ ਜਾਹ। ਉਸ ਦੀ ਬਥੇਰੀ ਬਣੀ ਹੋਈ ਹੈ। ਇਥੇ ਉਹ ਤੈਨੂੰ ਪੱਕਾ ਕਰਵਾ ਦਊ।" ਬੇਬੇ ਵਿਚਾਰੀ ਨੂੰ ਕੀ ਪਤਾ ਸੀ ਕਿ ਇਥੇ ਭਾਈ ਨੂੰ ਭਾਈ ਨਹੀਂ ਸਿਆਣਦਾ। ਧੀ ਮਾਪਿਆਂ ਤੋਂ ਮਕਾਨ ਦਾ ਕਿਰਾਇਆ ਲੈ ਲੈਂਦੀ ਹੈ। ਮਾਪਿਆਂ ਦੀ ਪੈਨਸ਼ਨ ਪਿੱਛੇ ਲੜਾਈਆਂ ਹੁੰਦੀਆਂ ਨੇ।

ਬੇਬੇ ਵਿਚਾਰੀ ਇਥੇ ਜੈਤੋ ਵਾਲਿਆਂ ਤੋਂ ਗਰੀਨ ਕਾਰਡ ਦਿਵਾਉਣ ਲੱਗੀ ਸੀ। ਮੈਂ ਜਾਂਦਾ-ਆਉਂਦਾ ਤਾਂ ਬਹੁਤ ਰਿਹਾ ਪਰ ਉਹ ਵਿਚਾਰੇ ਕਰ ਵੀ ਕੀ ਸਕਦੇ ਸਨ? ਖੈਰ! ਮੇਰੇ ਇਥੇ ਆਉਣ ਨਾਲ ਘਰ ਦਾ ਮੂੰਹ-ਮੱਥਾ ਸੰਵਾਰਿਆ ਗਿਆ। ਹੁਣ ਬੇਬੇ ਕਹਿਣ ਲੱਗੀ, "ਪੁੱਤ, ਮੁੜ ਆ ਹੁਣ। ਨਹੀਂ ਤਾਂ ਫਿਰ ਮਰੀ ਦਾ ਮੂੰਹ ਦੇਖਣ ਆਵੇਂਗਾ।" ਭਰਾ ਕਹਿ ਦਿੰਦੇ, "ਇਕ ਸਾਲ ਹੋਰ ਦੇਖ ਲੈ।"

ਚਾਚਾ ਕਹਿੰਦਾ, "ਆ ਜਾ, ਤੇਰਾ ਮੂੰਹ ਦੇਖ ਲਈਏ। ਫਿਰ ਮਰਿਆਂ ਤੋਂ ਆ ਕੇ ਨਲੀਆਂ ਕੰਧਾਂ ਨੂੰ ਲਾਈ ਜਾਵੇਂਗਾ।" ਮੈਂ ਵੀ ਦੋਚਿਤੀ ਵਿਚ ਪੈ ਜਾਂਦਾ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ? ਫਿਰ ਇਕ ਦਿਨ ਉਹ ਟਰੱਕ ਵਾਲਾ ਵੀਰ ਮਿਲਿਆ। ਪੁਰਾਣੀਆਂ ਯਾਦਾਂ ਤਾਜ਼ੀਆਂ ਕੀਤੀਆਂ। ਉਸ ਵੀਰ ਨੇ ਕਿਹਾ ਕਿ ਹੁਣ ਤੂੰ ਅੰਮ੍ਰਿਤ ਛਕ ਕੇ ਸਿੰਘ ਸਜ ਜਾ। ਪਰਮਾਤਮਾ ਨੇ ਤੈਨੂੰ ਸਭ ਕੁਝ ਦਿੱਤਾ ਹੈ। ਉਸ ਅਕਾਲ ਪੁਰਖ ਦਾ ਸ਼ੁਕਰਾਨਾ ਕਰ, ਤੇਰੇ ਰਹਿੰਦੇ ਕਾਰਜ ਵੀ ਸੰਵਾਰ ਦੇਵੇਗਾ। ਫਿਰ ਮੈਂ ਪੂਰਾ ਇਕ ਸਾਲ ਪੰਜ ਕੱਕਿਆਂ ਦਾ ਧਾਰਨੀ ਬਣਿਆ ਰਿਹਾ। ਬਗੈਰ ਅੰਮ੍ਰਿਤ ਛਕਣ ਤੋਂ ਮੈਂ ਦੇਖਣਾ ਚਾਹੁੰਦਾ ਸੀ ਕਿ ਮੈਂ ਕਿਤੇ ਡੋਲ ਤਾਂ ਨਹੀਂ ਜਾਂਵਗਾ, ਪਰ ਪਰਮਾਤਮਾ ਨੇ ਸਿਰ 'ਤੇ ਮਿਹਰਾਂ ਭਰਿਆ ਹੱਥ ਰੱਖਿਆ। ਪੂਰੇ ਸਾਲ ਬਾਅਦ ਅੰਮ੍ਰਿਤ ਛਕ ਲਿਆ ਤੇ ਅਗਲੇ ਮਹੀਨੇ ਗਰੀਨ ਕਾਰਡ ਮਨਜ਼ੂਰ ਹੋ ਗਿਆ।

ਅਮਰੀਕਾ ਆਉਣ ਤੋਂ ਵੀਹ ਸਾਲ ਤਿੰਨ ਮਹੀਨੇ ਤੇ ਨੌਂ ਦਿਨਾਂ ਬਾਅਦ ਮੈਨੂੰ ਮੇਰੀ ਘਰਵਾਲੀ ਤੇ ਦੋਵੇਂ ਬੱਚੇ ਮਿਲੇ ਸਨ। ਜ਼ਿੰਦਗੀ ਦਾ ਜਿਵੇਂ ਉਜੜਿਆ ਬਾਗ ਹਰਿਆ ਹੋ ਗਿਆ ਹੋਵੇ। ਜਿਨ੍ਹਾਂ ਬੱਚਿਆਂ ਨੂੰ ਗੋਦੀ ਵਿਚੋਂ ਉਤਾਰ ਕੇ ਆਇਆ ਸਾਂ, ਉਹ ਹੁਣ ਮੇਰੇ ਮੋਢੇ ਤੋਂ ਉਚੇ ਲੰਘ ਚੁੱਕੇ ਸੀ। ਪਰਮਾਤਮਾ ਨੇ ਮੇਰੀ ਨੀਵਿਆਂ ਹੋ ਕੇ ਅਰਦਾਸ ਸੁਣ ਲਈ ਸੀ। ਬੱਚੇ ਕਾਲਜ ਪੜ੍ਹਨ ਲੱਗ ਪਏ। ਘਰ ਖਰੀਦ ਲਿਆ। ਬੀਤਿਆ ਵੇਲਾ ਫਿਲਮ ਵਾਂਗ ਅੱਖਾਂ ਅੱਗਿਓਂ ਲੰਘ ਗਿਆ। ਚੇਤੇ ਆਇਆ, ਅਗਲੇ ਸਾਲ ਗਰੀਨ ਕਾਰਡ ਮਿਲਣ ਵਾਲਾ ਸੀ। ਪਿੰਡ ਬੇਬੇ ਅੱਖਾਂ ਮੀਚ ਗਈ। ਮੇਰਾ ਜਿਵੇਂ ਸਾਰਾ ਕੁਝ ਲੁੱਟਿਆ ਗਿਆ ਹੋਵੇ। ਕਦੇ ਪੇਪਰਾਂ ਵਾਲਿਆਂ 'ਤੇ ਗਿਲਾ ਕਰਦਾ, ਕਦੇ ਆਪਣੇ 'ਤੇ। ਫਿਰ ਉਹ ਦਿਨ ਵੀ ਆ ਗਿਆ ਜਿਸ ਦਿਨ ਨੂੰ ਮੈਂ ਪਿਛਲੇ ਬਾਈ ਸਾਲਾਂ ਤੋਂ ਉਡੀਕਦਾ ਸੀ। ਮੇਰਾ ਪਿੰਡ ਜਾਣ ਦਾ ਸੁਪਨਾ ਪੂਰਾ ਹੋਇਆ। ਇਕੱਲੇ-ਇਕੱਲੇ ਘਰ ਜਾ ਕੇ ਸਭ ਨੂੰ ਮਿਲ ਕੇ ਆਇਆ। ਕਿਸੇ ਨੇ ਮੱਥੇ ਵੱਟ ਨਹੀਂ ਪਾਇਆ। ਚਾਚੇ ਤਿੰਨੇ ਬਜ਼ੁਰਗ ਹੋ ਚੁੱਕੇ ਸਨ। ਤਿੰਨਾਂ ਘਰਾਂ ਨੂੰ ਸੱਦ ਕੇ ਪੱਕੀਆਂ ਵੰਡਾਂ ਪਾ ਦਿੱਤੀਆਂ। ਆਪਣਾ ਹਿੱਸਾ ਆਪਣੇ ਭਰਾਵਾਂ ਨੂੰ ਦੇ ਆਇਆ। ਧਰਮ ਸਥਾਨਾਂ ਦੀ ਯਾਤਰਾ ਕੀਤੀ ਪਰ ਬੇਬੇ ਨੂੰ ਮਿਲਣ ਤੋਂ ਬਿਨਾਂ ਇੰਜ ਲੱਗਿਆ ਜਿਵੇਂ ਮੇਰੀ ਯਾਤਰਾ ਅਧੂਰੀ ਰਹਿ ਗਈ ਹੋਵੇ। ਅੱਜ ਜੈਤੋ ਤੇ ਬਰਨਾਲੇ ਵਾਲਿਆਂ ਦੇ ਫੋਨ ਆਉਂਦੇ ਨੇ ਕਿ ਜਦੋਂ ਬੱਚਿਆਂ ਦਾ ਕਾਰਜ ਕਰਨਾ ਹੋਇਆ, ਦੱਸੀਂ, ਅਸੀਂ ਵਧੀਆ ਰਿਸ਼ਤੇ ਕਰਵਾਵਾਂਗੇ। ਹੋ ਸਭ ਕੁਝ ਜਾਂਦਾ ਹੈ, ਸਮਾਂ ਲੱਗਦਾ ਹੈ ਪਰ ਜ਼ਖ਼ਮਾਂ 'ਤੇ ਪਾਇਆ ਲੂਣ ਕਦੇ ਵੀ ਨਹੀਂ ਭੁੱਲਦਾ। ਚਲੋ...।

## ਪੰਜਾਬੀ ਭਾਈਚਾਰੇ ਦਾ ਮੰਚ 'ਪੰਜਾਬ ਟਾਈਮਜ਼'

'ਪੰਜਾਬ ਟਾਈਮਜ਼' ਦੀ ਰੰਗਾ-ਰੰਗ ਸ਼ਾਮ ਮੁਬਾਰਕ। ਤੁਹਾਡਾ ਪਰਿਵਾਰ ਅਤੇ ਅਦਾਰੇ ਨਾਲ ਜੁੜਿਆ ਹੋਇਆ ਹਰ ਬਸ਼ਰ ਇਸ ਸ਼ੁਭ ਮੌਕੇ ਮੁਬਾਰਕਬਾਦ ਦਾ ਹੱਕਦਾਰ ਹੈ। ਤੇਰਾਂ ਵਰ੍ਹੇ ਪਹਿਲਾਂ ਲਿਆ ਹੋਇਆ ਸੰਕਲਪ ਅਤੇ ਸਿਰਜਿਆ ਹੋਇਆ ਸੁਪਨਾ ਅੱਜ ਸਾਰਥਕ ਤੇ ਠੋਸ ਹਕੀਕਤ ਵਿਚ ਬਦਲ ਚੁੱਕਾ ਹੈ। ਅੱਜ ਉਤਰੀ ਅਮਰੀਕਾ, ਕੈਨੇਡਾ ਤੇ ਪੱਛਮੀ ਦੇਸ਼ਾਂ ਵਿਚ ਵਸਦਾ ਪੰਜਾਬੀ ਭਾਈਚਾਰਾ 'ਪੰਜਾਬ ਟਾਈਮਜ਼' ਨੂੰ ਆਪਣਾ ਬੁਲਾਰਾ ਮਹਿਸੂਸ ਕਰਦਾ ਹੈ। ਇਹ ਅਦਾਰਾ ਅੱਜ ਵਪਾਰਕ ਹੱਦਾਂ ਨੂੰ ਉਲੰਘ ਕੇ ਲੋਕਾਂ ਦੇ ਧੜਕਦੇ ਅਮਲ ਨਾਲ ਸਾਂਝ ਪਾ ਚੁੱਕਾ ਹੈ। ਨਿੱਜੀ ਤੌਰ 'ਤੇ ਬਿਖੜੇ ਸਮੇਂ ਨਾਲ ਮੱਥਾ ਲਾਉਂਦਿਆਂ ਤੇ ਕੰਡਿਆਂ ਭਰੇ ਰਾਹਾਂ ਤੋਂ ਗੁਜ਼ਰਦਿਆਂ ਤੁਹਾਡੀ ਹਿੰਮਤ ਤੇ ਦਲੇਰੀ ਮਨੁੱਖੀ ਮਨ ਤੇ ਆਤਮਾ ਦੀ ਸ਼ਕਤੀ ਦੀ ਪ੍ਰਤੀਕ ਨਜ਼ਰ ਆਉਂਦੀ। ਤੁਸੀਂ ਸੂਰਮਿਆਂ ਵਾਂਗ ਮੁਸ਼ਕਿਲਾਂ ਨਾਲ ਮੱਥਾ ਲਾਇਆ ਹੈ ਤੇ ਵਕਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਣ ਦਾ ਅਮਲ ਹੰਢਾਇਆ ਹੈ। ਤੁਸੀਂ ਜੀਵਨ ਦੀ ਲੜਾਈ ਲਗਾਤਾਰ, ਯੋਧੇ ਵਾਂਗ ਲੜੀ ਹੈ। ਤੁਹਾਡੀ ਅਖ਼ਬਾਰ ਤੇ ਤੁਹਾਡੀ ਸ਼ਖ਼ਸੀਅਤ ਮਨੁੱਖ ਦੀ ਅਸੀਮ ਇੱਛਾ ਸ਼ਕਤੀ ਦੀ ਬੇਮੇਚੀ ਮਿਸਾਲ ਹੈ।

ਅਮੋਲਕ, ਤੁਸੀਂ ਪੰਜਾਬੀ ਭਾਈਚਾਰੇ ਦੇ ਹਰ ਸੋਚ ਵਾਲੇ ਬੰਦੇ ਨੂੰ ਮੰਚ ਦਿੱਤਾ ਹੈ। ਅੱਜ 'ਪੰਜਾਬ ਟਾਈਮਜ਼' ਪੰਜਾਬੀਆਂ ਨਾਲ ਜੁੜੇ ਹੋਏ ਬਹੁ-ਮੁਖੀ ਵਰਤਾਰਿਆਂ ਨੂੰ ਮੰਚ ਦੇਣ ਦੇ ਕਾਬਲ ਹੈ। ਪੱਛਮੀ ਦੇਸ਼ਾਂ ਵਿਚ ਵਸਦੇ ਲੋਕਾਂ ਵਿਚ ਆਪਸੀ ਸਾਂਝ ਪੈਦਾ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਭਾਸ਼ਾਈ ਤੇ ਸਭਿਆਚਾਰਕ ਨਕਸ਼ਾਂ ਦੀ ਜਾਣ-ਪਛਾਣ ਬਣਾਉਣ ਵਿਚ ਇਸ ਅਦਾਰੇ ਦੀ ਮੋਹਰੀ ਭੂਮਿਕਾ ਹੈ। ਤੁਸੀਂ ਰੋਸ਼ਨੀ ਦੀ ਮਿਸਾਲ ਉਚੀ ਕੀਤੀ ਹੈ, ਚੇਤਨਾ ਦਾ ਝੰਡਾ ਬੁਲੰਦ ਕੀਤਾ ਹੈ।

ਤੁਹਾਡੇ ਬਹੁਤੇ ਕਾਲਮ ਲੇਖਕ ਤੁਹਾਡੀ ਸੂਝ-ਬੂਝ ਤੋਂ ਉਦਾਰ ਰਵੱਈਏ ਨੂੰ ਦਰਸਾਉਂਦੇ ਹਨ। ਅਮਰੀਕਾ ਤਾਂ ਕੀ, ਪੰਜਾਬ ਦਾ ਵੀ ਕੋਈ ਅਖ਼ਬਾਰ ਇੰਨੀ ਵੰਨ-ਸਵੰਨੀ ਪੜ੍ਹਨ-ਸਮੱਗਰੀ ਪਾਠਕਾਂ ਲਈ ਮੁਹੱਈਆ ਨਹੀਂ ਕਰਦਾ। ਤੁਹਾਡੀ ਸ਼ਕਤੀ ਬਣ ਕੇ ਤੁਹਾਡੇ ਅੰਗ-ਸੰਗ ਨਿਭਣ ਵਾਲੀ ਬੀਬੀ ਜਸਪ੍ਰੀਤ ਕੌਰ ਨੂੰ ਸ਼ੁਭ-ਕਾਮਨਾ ਤੇ ਵਧਾਈ।

*-ਨਿਰੰਜਨ ਸਿੰਘ ਢੇਸੀ*
*ਫੋਨ: 317-667-4872*

## ਤੇਰਵੀਂ ਵਰ੍ਹੇਗੰਢ 'ਤੇ ਮੁਬਾਰਕਾਂ

'ਪੰਜਾਬ ਟਾਈਮਜ਼' ਅਮਰੀਕਾ ਦਾ ਨਵਾਂ ਨਿਵੇਕਲਾ ਹਫਤਾਵਾਰ ਅਖ਼ਬਾਰ ਹੈ ਜੋ ਹਰ ਵਰਗ ਦੇ ਪਾਠਕਾਂ ਨੂੰ ਉਨ੍ਹਾਂ ਦੇ ਸੁਹਜ-ਸੁਆਦ ਅਨੁਸਾਰ ਪੜ੍ਹਨ ਸਮੱਗਰੀ ਪੁੱਜਦੀ ਕਰਦਾ ਹੈ, ਤੇ ਪਾਠਕ ਬੜੀ ਉਤਸੁਕਤਾ ਨਾਲ ਨਵੇਂ ਅੰਕ ਦੀ ਉਡੀਕ ਕਰਦੇ ਹਨ। ਹਰ ਬੁੱਧਵਾਰ ਸਵੇਰੇ ਤੜਕੇ 'ਪੰਜਾਬ ਟਾਈਮਜ਼' ਉਨ੍ਹਾਂ ਦੇ ਦਰਾਂ/ਡੈਸਕਟਾਪ 'ਤੇ ਦਸਤਕ ਦਿੰਦਾ 'ਗੁੱਡ ਮਾਰਨਿੰਗ' ਕਹਿੰਦਾ ਹੈ। ਇਸ ਵਿਚ ਛਪਦੀਆਂ ਖਬਰਾਂ ਅਤੇ ਹੋਰ ਲੇਖਾਂ ਦੀ ਭਰੋਸੇਯੋਗਤਾ ਕਰ ਕੇ 'ਪੰਜਾਬ ਟਾਈਮਜ਼' ਨੂੰ ਪੜ੍ਹਨਾ ਹਰ ਇਕ ਦੀ ਸਮਝੋ ਮਜਬੂਰੀ ਬਣ ਜਾਂਦੀ ਹੈ। ਇਹ ਪਾਠਕਾਂ ਦੀ ਸਾਹਿਤਕ ਭੁੱਖ ਨੂੰ ਜਰਾਂਦ ਦਿੰਦਾ ਹੈ। ਇਸ ਵਿਚ ਕੋਈ ਵੀ ਖਬਰ ਛਾਪਣ ਤੋਂ ਪਹਿਲਾਂ ਇਸ ਦੀ ਚੰਗੀ ਤਰ੍ਹਾਂ ਪੁਣ-ਛਾਣ ਹੁੰਦੀ ਹੈ। ਅਫਵਾਹਾਂ ਜਾਂ ਗੁਮਰਾਕੁਨ ਖਬਰਾਂ ਦੀ ਇਸ ਪਰਚੇ ਵਿਚ ਕੋਈ ਗੁੰਜਾਇਸ਼ ਨਹੀਂ। ਇਸੇ ਕਾਰਨ ਇਸ ਦੇ ਪਾਠਕਾਂ ਦੀ ਗਿਣਤੀ ਹਜ਼ਾਰਾਂ ਵਿਚ ਹੈ।

ਲੋਹੇ ਨੂੰ ਚੁੰਬਕ ਦੇ ਖਿੱਚਣ ਵਾਂਗ ਚੰਗੇ ਪੱਤਰਕਾਰ/ਲੇਖਕ ਆਪਣੇ ਆਪ 'ਪੰਜਾਬ ਟਾਈਮਜ਼' ਵੱਲ ਖਿੱਚੇ ਆਉਂਦੇ ਨੇ ਅਤੇ ਹੋਰ ਨਿੱਖਰ ਜਾਂਦੇ ਨੇ। ਇਹ ਸਭ 'ਪੰਜਾਬ ਟਾਈਮਜ਼' ਦੀ ਪਾਰਖੂ ਅੱਖ ਦਾ ਨਤੀਜਾ ਹੈ। ਇਸ ਨਾਲ ਲੇਖਕਾਂ ਦਾ ਆਪਣਾ ਕੱਦ ਵੀ ਉੱਚਾ ਹੁੰਦਾ ਹੈ ਤੇ 'ਪੰਜਾਬ ਟਾਈਮਜ਼' ਦੇ ਕਾਫ਼ਲੇ ਵਿਚ ਵੀ ਜ਼ਿਕਰਯੋਗ ਵਾਧਾ ਹੁੰਦਾ ਹੈ। ਇਹੋ ਕਾਰਨ ਹੈ ਕਿ 'ਪੰਜਾਬ ਟਾਈਮਜ਼' ਦੇ ਲੇਖਕ ਵੱਡੇ ਗੁਲਦਸਤੇ ਦੇ ਸੁੰਦਰ ਫੁੱਲਾਂ ਵਾਂਗ ਆਪਣੀਆਂ ਲਿਖਤਾਂ ਰਾਹੀਂ ਇਸ ਦੀ ਸ਼ਾਨ ਵਧਾਉਂਦੇ ਹਨ। ਇਸ ਦੇ ਕਈ ਕਲਮਕਾਰ ਅਤੇ ਲੇਖਕ ਹੋਰਾਂ ਅਖ਼ਬਾਰਾਂ ਵਿਚ ਵੀ ਛਪਦੇ ਰਹੇ ਹਨ, ਪਰ ਅੱਜ ਉਨ੍ਹਾਂ ਦੇ ਪਾਠਕਾਂ ਦੀ ਗਿਣਤੀ ਜੇ ਹਜ਼ਾਰਾਂ-ਲੱਖਾਂ ਤੱਕ ਪਹੁੰਚੀ ਹੈ ਤਾਂ ਇਸ ਦਾ ਸਿਹਰਾ 'ਪੰਜਾਬ ਟਾਈਮਜ਼' ਨੂੰ ਵੀ ਜਾਂਦਾ ਹੈ।

'ਪੰਜਾਬ ਟਾਈਮਜ਼' ਦੇ ਸੰਸਥਾਪਕ, ਮਾਲਕ, ਸੰਪਾਦਕ ਸ. ਅਮੋਲਕ ਸਿੰਘ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ ਤੇ ਚੜ੍ਹਦੀ ਕਲਾ ਵਿਚ ਰਹਿਣ ਦਾ ਸੰਦੇਸ਼ ਦਿੰਦੇ ਹਨ। ਉਹ ਚੰਗੀ ਨਰੋਈ ਲਿਖਤ ਲਿਖਦੇ ਹਨ ਤੇ ਚੰਗੀ ਉਸਾਰੂ ਲਿਖਤ ਦੀ ਕਦਰ ਕਰਦੇ ਹਨ। ਉਨ੍ਹਾਂ ਦੀ ਨਿਧੜਕ, ਬੇਬਾਕ ਤੇ ਦਿੱਬ-ਦ੍ਰਿਸ਼ਟੀ ਵਾਲੀ ਲੇਖਣੀ ਨਾਲ ਉਨ੍ਹਾਂ ਨੂੰ ਕਈ ਵਾਰ ਮੁਸ਼ਕਿਲਾਂ ਤੇ ਵਿਰੋਧਾਂ ਦਾ ਮੁਕਾਬਲਾ ਵੀ ਕਰਨਾ ਪਿਆ ਪਰ ਉਨ੍ਹਾਂ ਆਪਣੇ ਸਹੀ ਮਾਰਗ ਉਤੇ ਸਦਾ ਪਹਿਰਾ ਦਿੱਤਾ। ਉਨ੍ਹਾਂ ਦੀ ਰਹਿਨੁਮਾਈ ਵਿਚ 'ਪੰਜਾਬ ਟਾਈਮਜ਼' ਬਹੁਤ ਬੁਲੰਦ ਹੋਇਆ ਹੈ। 'ਪੰਜਾਬ ਟਾਈਮਜ਼' ਦੀ ਤੇਰ੍ਹਵੀਂ ਵਰ੍ਹੇਗੰਢ 'ਤੇ ਲੱਖ-ਲੱਖ ਮੁਬਾਰਕ।

*-ਚਰਨਜੀਤ ਸਿੰਘ ਪੰਨੂ*
*ਫੋਨ: 408-608-4961*

## ਸੰਪਾਦਕ ਦੀ ਡਾਕ

--

'ਪੰਜਾਬ ਟਾਈਮਜ਼' ਦੀ ਵਰ੍ਹੇਗੰਢ 'ਤੇ ਸੰਪਾਦਕ ਅਮੋਲਕ ਸਿੰਘ ਜੰਮੂ ਅਤੇ 'ਪੰਜਾਬ ਟਾਈਮਜ਼' ਦੀ ਸਮੁੱਚੀ ਟੀਮ ਨੂੰ ਵਧਾਈ। 'ਪੰਜਾਬ ਟਾਈਮਜ਼' ਦੀ ਪਛਾਣ ਅਤੇ ਇਸ ਦੀ ਵਿਲੱਖਣਤਾ ਵਿਸ਼ੇ-ਵਸਤੂ ਵੱਲ ਦਿਖਾਈ ਸੂਝਬੂਝ, ਦਿਆਨਤਦਾਰੀ, ਇਮਾਨਦਾਰੀ ਅਤੇ ਬੇਬਾਕੀ ਕਰਕੇ ਹੀ ਹੈ। ਪਿਛਲੇ ਕੁਝ ਸਮੇਂ ਦੌਰਾਨ ਮੇਰੀਆਂ ਰਚਨਾਵਾਂ ਪ੍ਰਕਾਸ਼ਿਤ ਕਰ ਕੇ ਸੰਪਾਦਕ ਨੇ ਮੈਨੂੰ 'ਪੰਜਾਬ ਟਾਈਮਜ਼' ਅਤੇ ਇਸ ਦੇ ਪਾਠਕਾਂ ਦੀ ਰਿਣੀ ਬਣਾ ਦਿੱਤਾ ਹੈ। 'ਪੰਜਾਬ ਟਾਈਮਜ਼' ਵਿਚ ਪ੍ਰਕਾਸ਼ਿਤ ਮੇਰੀਆਂ ਕੁਝ ਰਚਨਾਵਾਂ ਪੜ੍ਹ ਕੇ ਅਨੇਕਾਂ ਪਾਠਕਾਂ ਵੱਲੋਂ ਆਏ ਫ਼ੋਨ ਮੇਰਾ ਮਨੋਬਲ ਬਣੇ ਹਨ। ਪੰਜਾਬ ਟਾਈਮਜ਼ ਦੀ ਤੇਰਵੀਂ ਵਰ੍ਹੇਗੰਢ 'ਤੇ ਬਹੁਤ ਬਹੁਤ ਵਧਾਈ। ਮੈਂ ਉਨ੍ਹਾਂ ਪਾਠਕਾਂ ਦੀ ਧੰਨਵਾਦੀ ਹਾਂ ਜੋ ਅਖ਼ਬਾਰ ਪੜ੍ਹਨ ਤੱਕ ਹੀ ਸੀਮਤ ਨਾ ਰਹਿ ਕੇ ਸਮਾਂ ਕੱਢ ਕੇ ਆਪਣੀਆਂ ਭਾਵਨਾਵਾਂ ਨੂੰ ਲੇਖਕਾਂ ਦੇ ਨਾਲ ਸਾਂਝਾ ਕਰਦੇ ਹਨ ਅਤੇ ਹੋਰ ਚੰਗਾ ਲਿਖਣ ਲਈ ਪ੍ਰੇਰਨਾ ਦਿੰਦੇ ਹਨ।

*-ਨੀਲਮ ਸੈਣੀ*
*ਫੋਨ: 510-502-0551*

## ਉਰਮਿਲਾ ਅਨੰਦ ਨੂੰ ਚੇਤੇ ਕਰਦਿਆਂ

ਪਿਛਲੇ ਦਿਨੀਂ ਭੈਣ ਉਰਮਿਲਾ ਅਨੰਦ ਇਸ ਜਹਾਨ-ਏ-ਫਾਨੀ ਨੂੰ ਅਲਵਿਦਾ ਕਹਿ ਗਏ, ਜਾਣ ਕੇ ਡਾਢਾ ਦੁੱਖ ਹੋਇਆ। ਮੇਰਾ ਉਨ੍ਹਾਂ ਨਾਲ ਨਿੱਘਾ ਰਿਸ਼ਤਾ ਸੀ। ਉਹ ਕਾਮਰੇਡ ਜਗਜੀਤ ਸਿੰਘ ਅਨੰਦ ਦੀ ਪਤਨੀ ਸਨ ਤੇ ਆਪਣੇ ਵੇਲਿਆਂ ਦੇ ਮਹਾਨ ਪੰਜਾਬੀ ਲੇਖਕ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਬੇਟੀ। ਕਾਮਰੇਡ ਅਨੰਦ ਦੀ ਤੀਖਣ ਬੁੱਧੀ, ਵਿਦਵਤਾ ਅਤੇ ਇਨਕਲਾਬੀ ਸੋਚ ਦਾ ਲੋਹਾ ਸਭ ਮੰਨਦੇ ਹਨ। ਮੈਂ ਭਾਵੇਂ ਬਹੁਤਾ ਪੜ੍ਹਿਆ ਲਿਖਿਆ ਨਹੀਂ ਤਾਂ ਪਰ ਆਪਣੇ ਸੁਭਾਅ ਕਰਕੇ ਵੱਡੇ ਇਨਕਲਾਬੀ ਲੇਖਕਾਂ ਦੇ ਲੋਕ ਸੰਘਰਸ਼ਾਂ ਵਿਚ ਆਪਣਾ ਯੋਗਦਾਨ ਪਾਉਂਦਾ ਰਿਹਾ ਹਾਂ। ਇਸ ਕਰਕੇ ਇਨ੍ਹਾਂ ਵੱਡੇ ਬੰਦਿਆਂ ਦੀ ਲੋਕ ਹਿਤੈਸ਼ੀ ਸੋਚ, ਸੁਹਿਰਦਤਾ ਤੇ ਲਗਨ ਤੋਂ ਪ੍ਰਭਾਵਿਤ ਹੋ ਕੇ ਜਦੋਂ ਮੈਂ ਇਨ੍ਹਾਂ ਦੇ ਪੂਰਨਿਆਂ 'ਤੇ ਚੱਲਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਮੇਰੀ ਇਨ੍ਹਾਂ ਨਾਲ ਇਕ ਪੱਕੀ ਸਾਂਝ ਬਣ ਜਾਂਦੀ ਹੈ। ਇਸੇ ਸਾਂਝ ਕਰਕੇ ਹੀ ਮੈਨੂੰ ਅਨੰਦ ਪਰਿਵਾਰ ਵਿਚ ਨੇੜਿਓਂ ਵਿਚਰਨ ਦਾ ਮੌਕਾ ਮਿਲਦਾ ਰਿਹਾ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਉਰਮਿਲਾ ਅਨੰਦ ਇਕ ਬਾਕਮਾਲ ਸ਼ਖਸੀਅਤ ਸਨ। ਉਨ੍ਹਾਂ ਨੂੰ ਜਾਣਨ ਵਾਲੇ ਉਨ੍ਹਾਂ ਨੂੰ ਕਦੀ ਭੁੱਲ ਨਹੀਂ ਸਕਦੇ। ਹਰ ਇਨਸਾਨ ਨੇ ਇਸ ਸੰਸਾਰ ਤੋਂ ਜਾਣਾ ਹੁੰਦਾ ਹੈ ਪਰ ਜੋ ਇਨਸਾਨ ਪਿਛੇ ਸਮਾਜਿਕ ਰਿਸ਼ਤਿਆਂ ਦੀ ਪੈੜ ਛੱਡ ਜਾਂਦੇ ਹਨ, ਉਨ੍ਹਾਂ ਨੂੰ ਅਸੀਂ ਕਦੀ ਨਹੀਂ ਭੁੱਲ ਸਕਦੇ। ਉਨ੍ਹਾਂ ਦੀਆਂ ਛੱਡੀਆਂ ਅਮਿਟ ਪੈੜਾਂ ਅੱਗੇ ਮੇਰਾ ਸੀਸ ਝੁਕਦਾ ਹੈ।

*-ਜੁਗਰਾਜ ਸਿੰਘ ਪੰਛੀ*
*ਫੋਨ: 661-304-3679*

***ਬਿੱਕਰ ਸਿੰਘ ਕੰਮੇਆਣਾ ਦੀ ਲਿਖਤ ਅਨੁਸਾਰ ਮੋਗੇ ਵਿਚ ਬਣੀ ਸਟੂਡੈਂਟਸ ਵੈਲਫੇਅਰ ਕਮੇਟੀ ਮੂਲ ਰੂਪ ਵਿਚ ਸਭਿਆਚਾਰਕ ਸੁਸਾਇਟੀ ਸੀ ਅਤੇ ਉਸ ਦੇ ਆਮ ਉਸਾਰੂ ਕਿਸਮ ਦੇ ਸਰੋਕਾਰ ਸਨ। ਮਸਲੇ ਨੂੰ ਉਲਝਾਉਣ ਲਈ ਮੁੱਖ ਰੂਪ ਪ੍ਰਸ਼ਾਸਨ ਅਤੇ ਪੁਲਿਸ ਦਾ ਕੌੜਾ ਰਵੱਈਆ ਹੀ ਜ਼ਿੰਮੇਵਾਰ ਸੀ। ਸਥਾਪਤੀ ਦੀ ਪਿੱਠ 'ਤੇ ਖੜ੍ਹਦਿਆਂ ਪੁਲਿਸ ਨੇ ਸਾਲ 1968 ਵਿਚ ਸ਼ਾਂਤਮਈ ਵਿਦਿਆਰਥੀ ਭੁੱਖ ਹੜਤਾਲੀਆਂ ਉਪਰ ਅਚਨਚੇਤ ਹੱਲਾ ਬੋਲ ਕੇ ਜ਼ਬਰਦਸਤ ਭੜਕਾਹਟ ਪੈਦਾ ਕਰ ਦਿੱਤੀ ਜਿਸ ਕਿਸਮ ਦੀ ਬੇਲੋੜੀ ਭੜਕਾਹਟ ਦੀ ਕਹਾਣੀ 5 ਅਕਤੂਬਰ 1970 ਦੇ ਦਿਨ ਮੋਗਾ ਸ਼ਹਿਰ ਵਿਚ ਦੁਹਰਾਈ ਗਈ ਸੀ। ਲੁਧਿਆਣਾ ਵਿਚ ਪੁਲਿਸ ਕਾਰਵਾਈ ਨੇ ਵਿਦਿਆਰਥੀ ਅੰਦੋਲਨ ਨੂੰ ਤੂਲ ਦੇ ਦਿੱਤੀ ਅਤੇ ਇਸ ਨੇ ਪੂਰੇ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਨੂੰ ਆਪਣੀ ਗ੍ਰਿਫਤ ਵਿਚ ਲੈ ਲਿਆ। -ਸੰਪਾਦਕ***

## ਪੀ.ਐਸ.ਯੂ. ਅਤੇ ਪੰਜਾਬ ਦੀ ਨਕਸਲੀ ਲਹਿਰ-3

# ਵਿਦਿਆਰਥੀਆਂ ਦੇ ਰੋਹ ਅੱਗੇ ਆਖਰਕਾਰ ਝੁਕਿਆ ਪ੍ਰਸ਼ਾਸਨ

### ਦੋ ਪ੍ਰਿੰਸੀਪਲ ਬਦਲਣੇ ਪਏ

**ਗੁਰਦਿਆਲ ਸਿੰਘ ਬੱਲ**
**ਫੋਨ: 91-98150-85277**

ਸ਼ਮਸ਼ੇਰ ਸਿੰਘ ਸ਼ੇਰੀ ਦੱਸਦਾ ਹੈ ਕਿ ਗੌਰਮਿੰਟ ਕਾਲਜ ਲੁਧਿਆਣਾ ਦੇ ਹੜਤਾਲੀ ਵਿਦਿਆਰਥੀਆਂ ਵਿਰੁਧ ਉਸ ਰਾਤ ਪੁਲਿਸ ਕਾਰਵਾਈ ਤੋਂ ਪਹਿਲਾਂ, ਅੰਦੋਲਕਾਰੀਆਂ ਦੀ ਤਾਲਮੇਲ ਕਮੇਟੀ ਅਤੇ ਪੀ.ਐਸ.ਯੂ. ਦੀ ਸੂਬਾਈ ਲੀਡਰਸ਼ਿਪ ਦਾ ਅੰਦੋਲਨ ਨੂੰ ਖਾੜਕੂ ਲੀਹਾਂ 'ਤੇ ਲਿਜਾਣ ਦਾ ਕੋਈ ਨਿਰਧਾਰਤ ਏਜੰਡਾ ਨਹੀਂ ਸੀ। "ਸਮਾਜਕ ਨਿਜ਼ਾਮ, ਵਕਤ ਦੀ ਰਾਜਨੀਤੀ ਅਤੇ ਸਥਾਪਤੀ ਦੀਆਂ ਸੰਸਥਾਵਾਂ ਦੇ ਲੋਕ ਵਿਰੋਧੀ ਰਵੱਈਏ ਦੇ ਅਸੀਂ ਜ਼ਰੂਰ ਵਿਰੋਧੀ ਸਾਂ, ਕਿਉਂਕਿ ਸਾਡਾ ਵਿਸ਼ਵਾਸ ਸੀ ਕਿ ਇਹ ਆਮ ਲੋਕਾਂ ਦੇ ਦੁਸ਼ਮਣ ਦੇ ਪਾਲੇ ਵਿਚ ਖੜ੍ਹੀਆਂ ਹਨ; ਪਰ ਉਸ ਸਮੇਂ ਤੱਕ ਭਾਰੂ ਲੀਡਰਸ਼ਿਪ ਦਾ ਜੇ ਕੋਈ ਲੁਕਵਾਂ ਏਜੰਡਾ ਹੈ ਵੀ ਸੀ ਤਾਂ ਉਹ ਕੇਵਲ ਇਨਾ ਕਿ ਨੌਜਵਾਨ ਵਿਦਿਆਰਥੀ ਵਰਗ ਨੂੰ ਅਜਿਹੀ ਅਮਲੀ ਸਰਗਰਮੀ ਵਿਚੋਂ ਲੰਘਾਇਆ ਜਾਵੇ ਜਿਸ ਰਾਹੀਂ ਇਹ ਰਾਜਸੀ ਨਿਜ਼ਾਮ ਦੇ ਅਸਲ ਖਾਸੇ ਤੋਂ ਜਾਣੂ ਹੋਵੇ ਅਤੇ ਉਨ੍ਹਾਂ ਦੇ ਮਨਾਂ ਅੰਦਰ ਰਾਜਨੀਤਿਕ/ਸਮਾਜਕ ਚੇਤਨਾ ਦੀ ਧਾਰ ਪ੍ਰਚੰਡ ਹੋਵੇ; ਪਰ ਪੁਲਿਸ ਦੀ ਅਚਨਚੇਤੀ ਕਾਰਵਾਈ ਨੇ ਲੀਡਰਸ਼ਿਪ ਅੱਗੇ ਨਵੀਆਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ।

ਪੁਲਿਸ ਵੱਲੋਂ ਭੁੱਖ ਹੜਤਾਲੀ ਵਿਦਿਆਰਥੀਆਂ ਦਾ ਟਿੰਡ-ਫਹੁੜੀ ਚੁੱਕ ਕੇ ਲੈ ਜਾਣ ਤੋਂ ਬਾਅਦ ਪ੍ਰਸ਼ਾਸਨ ਨੇ ਅਗਲੇ ਦਿਨ ਕਾਲਜ ਖੋਲ੍ਹਣ ਦਾ ਐਲਾਨ ਕਰ ਦਿੱਤਾ। ਤਾਲਮੇਲ ਕਮੇਟੀ ਨੇ ਰਾਤੋ-ਰਾਤ ਪੋਸਟਰ ਕੱਢ ਕੇ ਆਪਣੇ ਨੁਮਾਇੰਦੇ ਰਾਜ ਦੀਆਂ ਵੱਖ-ਵੱਖ ਵਿਦਿਅਕ ਸੰਸਥਾਵਾਂ ਵਲ ਭੇਜ ਦਿੱਤੇ। ਸ਼ੇਰੀ ਅਨੁਸਾਰ ਰਣਨੀਤੀ ਉਨ੍ਹਾਂ ਨੇ ਪਹਿਲਾਂ ਹੀ ਤੈਅ ਕੀਤੀ ਹੋਈ ਸੀ। ਪੰਜਾਬ ਸਟੂਡੈਂਟਸ ਯੂਨੀਅਨ ਪੰਜਾਬ ਦਾ ਪਹਿਲਾ ਪ੍ਰਧਾਨ ਸੁਰਿੰਦਰ ਸਿੰਘ ਚਹਿਲ ਅਤੇ ਗੁਰਦੇਵ ਸਿੰਘ ਬੱਲ (ਸਠਿਆਲਾ) ਸ਼ੇਰੀ ਨੂੰ ਮਿਲਣ ਲੁਧਿਆਣੇ ਆਏ ਹੋਏ ਸਨ ਅਤੇ ਉਨ੍ਹਾਂ ਯਕੀਨ ਦਿਵਾਇਆ ਕਿ ਅੰਮ੍ਰਿਤਸਰ ਏਰੀਏ ਵਿਚ ਅੰਦੋਲਨ ਭਖਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਣਗੇ।

ਅਗਲੇ ਦਿਨ ਗੌਰਮਿੰਟ ਕਾਲਜ ਲੁਧਿਆਣਾ ਖੁੱਲ੍ਹ ਗਿਆ ਅਤੇ ਵਿਦਿਆਰਥੀ ਕਲਾਸਾਂ ਵਿਚ ਚਲੇ ਗਏ। ਉਧਰ, ਮਿਥੇ ਪ੍ਰੋਗਰਾਮ ਅਨੁਸਾਰ ਵਿਦਿਆਰਥੀ ਆਗੂ ਕਲਾਸਾਂ ਵਿਚ ਗਏ ਅਤੇ ਉਨ੍ਹਾਂ ਨੂੰ ਨਵੀਂ ਪੈਦਾ ਹੋਈ ਹੰਗਾਮੀ ਹਾਲਤ ਬਾਰੇ ਜਾਣੂ ਕਰਵਾਇਆ। ਕਿਸੇ ਵੀ ਥਾਂ 'ਤੇ ਕੋਈ ਵਿਰੋਧ ਨਹੀਂ ਹੋਇਆ। ਵਿਦਿਆਰਥੀ ਜਲੂਸ ਦੀ ਸ਼ਕਲ ਵਿਚ ਕਲਾਸਾਂ ਤੋਂ ਬਾਹਰ ਆ ਗਏ। ਪ੍ਰਮਿੰਦਰ ਨੇ ਵਿਦਿਆਰਥੀਆਂ ਨੂੰ ਲੀਡ ਦਿੱਤੀ। ਹਰਭਜਨ ਹਲਵਾਰਵੀ ਵੀ ਉਸ ਦੇ ਨਾਲ ਸੀ। ਪੁਲਿਸ ਨੇ ਕਾਲਜ ਰੋਡ 'ਤੇ ਜਲੂਸ ਰੋਕ ਕੇ ਚਿਤਾਵਨੀ ਦਿੱਤੀ ਕਿ ਉਨ੍ਹਾਂ ਕਿਸੇ ਨੂੰ ਅਦਾਲਤਾਂ ਵੱਲ ਕਿਸੇ ਸੂਰਤ ਵਿਚ ਵੀ ਨਹੀਂ ਜਾਣ ਦੇਣਾ। ਪ੍ਰਮਿੰਦਰ ਨੇ ਦਲੀਲ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਅਤੇ ਨਾਲ ਹੀ ਹਜੂਮ ਨੂੰ ਅੱਗੇ ਵਧਣ ਲਈ ਪ੍ਰੇਰਿਆ। ਪੁਲਿਸ ਲਾਠੀਚਾਰਜ 'ਤੇ ਉਤਰ ਆਈ। ਇਸ 'ਤੇ ਪ੍ਰਮਿੰਦਰ ਦਾ ਪਾਰਾ ਵੀ ਚੜ੍ਹ ਗਿਆ ਅਤੇ ਉਸ ਨੇ ਇਕ ਭੂਸਰੇ ਹੋਏ ਪੁਲਿਸ ਵਾਲੇ ਦੇ ਥੱਪੜ ਕੱਢ ਮਾਰਿਆ ਜਿਸ ਕਾਰਨ ਹਾਲਤ ਤਣਾਉਪੂਰਨ ਹੋ ਗਈ।

ਇਸ ਮੋੜ ਤੋਂ ਬਾਅਦ ਵਿਦਿਆਰਥੀ ਲਹਿਰ ਅੰਦਰ ਮਿਲੀਟੈਂਸੀ ਦਾ ਅੰਸ਼ ਪ੍ਰਵੇਸ਼ ਕਰ ਗਿਆ। ਦੂਜੇ ਪਾਸੇ ਪੁਰਾਣੇ ਰਵਾਇਤੀ ਫੈਡਰੇਸ਼ਨੀਏ ਅਤੇ ਜਨਸੰਘੀ ਪਿਛੋਕੜ ਵਾਲੇ ਵਿਦਿਆਰਥੀ ਇਸ ਮੋੜ ਤੋਂ ਬਾਅਦ ਅੰਦੋਲਨ ਤੋਂ ਲਾਂਭੇ ਹੋ ਗਏ। ਇਸੇ ਕਿਸਮ ਦਾ ਭਾਣਾ ਦਰਸ਼ਨ ਬਾਗੀ ਨੇ ਬਠਿੰਡੇ ਵੀ ਵਰਤਾ ਦਿੱਤਾ। ਬੰਗਾ ਕਾਲਜ ਵਿਚ ਦਰਸ਼ਨ ਖਟਕੜ ਹੋਰਾਂ ਨੇ ਅੰਦੋਲਨ ਪਹਿਲਾਂ ਹੀ ਕਾਫੀ ਭਖਾਇਆ ਹੋਇਆ ਸੀ। ਨਤੀਜੇ ਵਜੋਂ ਬਰਨਾਲਾ, ਮਾਨਸਾ ਅਤੇ ਦੂਜੀ ਸਾਈਡ 'ਤੇ ਸਠਿਆਲਾ ਕਾਲਜ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਵੀ ਅੰਦੋਲਨ ਵਿਚ ਤੇਜ਼ੀ ਆ ਗਈ।

1968 ਦੇ ਸੈਸ਼ਨ ਲਈ ਅੰਮ੍ਰਿਤਸਰ ਖਾਲਸਾ ਕਾਲਜ ਅੰਦਰ ਦਾਖਲੇ ਤੋਂ ਇਨਕਾਰ ਹੋ ਜਾਣ 'ਤੇ ਜਦੋਂ ਸ਼ੇਰੀ ਲੁਧਿਆਣੇ ਗਿਆ ਤਾਂ ਇਸੇ ਸੈਸ਼ਨ ਲਈ ਸਠਿਆਲਾ ਇਕਾਈ ਦਾ ਸੀਨੀਅਰ ਮੈਂਬਰ ਕੁਲਬੀਰ ਸਿੰਘ ਹੁੰਦਲ ਬੀ.ਏ. ਪੂਰੀ ਕਰਨ ਤੋਂ ਬਾਅਦ ਡੀ.ਏ.ਵੀ. ਕਾਲਜ ਜਲੰਧਰ ਵਿਚ ਅੰਗਰੇਜ਼ੀ ਦੀ ਐਮ.ਏ. ਲਈ ਪਹੁੰਚ ਗਿਆ। ਕੁਲਬੀਰ ਹੁੰਦਲ ਦੀ ਪਹਿਲਕਦਮੀ 'ਤੇ ਲਾਇਲਪੁਰ ਖਾਲਸਾ ਕਾਲਜ ਵਿਚ ਕੁਲਤਾਰ ਮਾਨ ਅਤੇ ਦਲਜੀਤ ਸੇਖੋਂ ਦੀ ਅਗਵਾਈ ਹੇਠ ਪੀ.ਐਸ.ਯੂ. ਦੀ ਮਜ਼ਬੂਤ ਇਕਾਈ ਬਣ ਗਈ ਜਿਸ ਦੀ ਅਗਵਾਈ ਅਗਲੇ ਸਾਲਾਂ ਦੌਰਾਨ ਨਿਰੰਜਣ ਸਿੰਘ ਢੇਸੀ ਦੇ ਹੱਥਾਂ ਵਿਚ ਆ ਗਈ। ਨਤੀਜੇ ਵਜੋਂ ਲੁਧਿਆਣਾ ਵਾਲੀ ਹੜਤਾਲ ਨੂੰ ਇਥੋਂ ਵੀ ਨਿੱਗਰ ਹੁੰਗਾਰਾ ਮਿਲਣ ਲੱਗ ਪਿਆ।

ਸ਼ਮਸ਼ੇਰ ਦੱਸਦਾ ਹੈ ਕਿ ਇਸੇ ਦੌਰ ਵਿਚ ਪੰਜਾਬ ਦਾ ਰਾਜਪਾਲ ਧਰਮਵੀਰ ਖੁਦ ਵਿਦਿਆਰਥੀ ਨੇਤਾਵਾਂ ਨੂੰ ਮਿਲ ਕੇ ਹਾਲਾਤ ਦਾ ਜਾਇਜ਼ਾ ਲੈਣ ਲਈ ਆਇਆ। ਸਰਕਟ ਹਾਊਸ, ਲੁਧਿਆਣਾ ਵਿਚ ਦਰਸ਼ਨ ਬਾਗੀ, ਸ਼ਮਸ਼ੇਰ ਸਿੰਘ ਸ਼ੇਰੀ ਅਤੇ ਪ੍ਰਮਿੰਦਰ ਨੇ ਰਾਜਪਾਲ ਨਾਲ ਗੱਲਬਾਤ ਕੀਤੀ। ਵਿਦਿਆਰਥੀ ਨੇਤਾਵਾਂ ਨੇ ਗਵਰਨਰ ਨੂੰ ਸਪੱਸ਼ਟ ਕਰ ਦਿੱਤਾ ਕਿ ਇਸ ਸਟੇਜ 'ਤੇ ਪ੍ਰਿੰਸੀਪਲ ਨੂੰ ਹਟਾਏ ਬਗੈਰ ਜਾਂ ਘੱਟੋ-ਘੱਟ ਉਸ ਕੋਲੋਂ ਉਸ ਦੇ ਹੈਂਕੜੀ ਰਵੱਈਏ ਬਾਰੇ ਪਛਤਾਵਾ ਕਰਵਾਏ ਬਗੈਰ ਵਿਦਿਆਰਥੀਆਂ ਦੇ ਜਜ਼ਬਾਤ ਸ਼ਾਂਤ ਨਹੀਂ ਹੋਣੇ ਅਤੇ ਅੰਦੋਲਨ ਦੀ ਵਾਪਸੀ ਵੀ ਅਸੰਭਵ ਸੀ, ਪਰ ਗੱਲਬਾਤ ਦੌਰਾਨ ਗਵਰਨਰ ਦੀ ਸੁਰ ਵਿਚ ਧਮਕੀਆਂ ਵਾਲਾ ਭਾਵ ਹੀ ਭਾਰੂ ਰਿਹਾ। ਬਾਗੀ ਤਾਂ ਮੀਟਿੰਗ ਦੌਰਾਨ ਸ਼ਾਂਤ ਰਿਹਾ, ਪਰ ਪ੍ਰਮਿੰਦਰ ਅਤੇ ਸ਼ੇਰੀ ਦੋਵਾਂ ਨੇ ਬੇਖੌਫ਼ ਹੋ ਕੇ ਕਰੜਾ ਰਵੱਈਆ ਧਾਰਨ ਕਰੀ ਰੱਖਿਆ। ਗੱਲਬਾਤ ਬੇਸਿੱਟਾ ਖਤਮ ਹੋ ਗਈ।

ਇਕ ਵਾਰ ਪ੍ਰਮਿੰਦਰ ਅਤੇ ਸ਼ੇਰੀ ਸਮੇਤ 20-25 ਵਿਦਿਆਰਥੀਆਂ ਨੇ ਗ੍ਰਿਫਤਾਰੀ ਦਿੱਤੀ। ਪੁਲਿਸ ਨੇ ਇਨ੍ਹਾਂ ਦੋਵਾਂ ਨੂੰ ਵੱਖ ਕਰ ਲਿਆ। ਸ਼ੇਰੀ ਨੂੰ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕੀਤੀ ਪਰ ਪ੍ਰਮਿੰਦਰ ਦੇ ਨਿਡਰ ਰਵੱਈਏ ਨੂੰ ਦੇਖ ਕੇ ਪੁਲਿਸ ਵਾਲੇ ਝੇਂਪ ਗਏ। ਫਿਰ ਪੁਲਿਸ ਪ੍ਰਮਿੰਦਰ ਨੂੰ ਛੱਡ ਕੇ ਸ਼ੇਰੀ ਨੂੰ ਇਕੱਲੇ ਨੂੰ ਡਿਪਟੀ ਕਮਿਸ਼ਨਰ ਤੇਜਿੰਦਰ ਖੰਨਾ ਮੂਹਰੇ ਲੈ ਗਈ। ਪੁਲਿਸ ਕਪਤਾਨ ਵੀ ਉਸ ਦੇ ਨਾਲ ਹੀ ਸੀ।

ਡੀ.ਸੀ. ਨੇ ਅਜੇ ਗੱਲ ਸ਼ੁਰੂ ਵੀ ਨਹੀਂ ਕੀਤੀ ਸੀ ਕਿ ਪੁਲਿਸ ਕਪਤਾਨ ਨੇ ਆਪਣਾ ਡੰਡਾ ਮੇਜ਼ 'ਤੇ ਰੱਖ ਕੇ ਉਸ ਨੂੰ ਇਹ ਆਖ ਕੇ ਧਮਕਾਉਣਾ ਸ਼ੁਰੂ ਕਰ ਦਿੱਤਾ ਕਿ ਉਨ੍ਹਾਂ ਨੇ ਅੰਮ੍ਰਿਤਸਰ ਖਾਲਸਾ ਕਾਲਜ ਤੋਂ ਉਸ ਦੇ ਪਿਛੋਕੜ ਦੀ ਸਾਰੀ ਰਿਪੋਰਟ ਮੰਗਵਾ ਲਈ ਸੀ। ਡੀ.ਸੀ. ਖੰਨਾ ਵੀ ਸਿੱਧੀਆਂ ਧਮਕੀਆਂ 'ਤੇ ਉਤਰ ਆਇਆ। ਪੁਲਿਸ ਕਪਤਾਨ ਨੇ ਤਾਂ ਗੁੱਸੇ ਨਾਲ ਫੁੰਕਾਰੇ ਮਾਰਦਿਆਂ ਇਹ ਆਖਣਾ ਸ਼ੁਰੂ ਕਰ ਦਿੱਤਾ ਕਿ ਅੱਛਾ! ਫਿਰ ਤੂੰ ਬਾਜ਼ ਆਉਂਦਾ ਨਹੀਂ! ਪੁਲਿਸ ਕਪਤਾਨ ਦਾ ਗੁਸੈਲਾ ਅੰਦਾਜ਼ ਵੇਖ ਕੇ ਹਾਸਾ ਨਿਕਲਦਾ-ਨਿਕਲਦਾ ਉਸ ਨੇ ਬੜੀ ਔਖ ਨਾਲ ਰੋਕਿਆ ਅਤੇ ਬੜੇ ਨਿਮਰ ਅੰਦਾਜ਼ ਵਿਚ ਇਹ ਆਖ ਕੇ ਗੱਲ ਮੁਕਾ ਦਿੱਤੀ ਕਿ ਮਸਲਾ ਤਾਂ ਵਿਦਿਆਰਥੀਆਂ ਦੇ ਸਵੈਮਾਣ ਦੀ ਜ਼ਖਮੀ ਹੋਈ ਭਾਵਨਾ ਦਾ ਹੈ; "ਮੇਰੇ ਪਿੱਛੇ ਹਟਣ ਨਾਲ ਕੀ ਹੁੰਦਾ ਹੈ।"

ਸ਼ੇਰੀ ਨੇ ਦੱਸਿਆ ਕਿ ਇਸੇ ਦੌਰਾਨ ਪ੍ਰਧਾਨ ਸੁਰਿੰਦਰ ਚਹਿਲ ਅਤੇ ਗੁਰਦੇਵ ਨੇ ਲੁਧਿਆਣੇ ਤੋਂ ਵਾਪਸ ਸਠਿਆਲੇ ਕਾਲਜ ਪਹੁੰਚ ਕੇ ਮੈਨੂੰ ਅਤੇ ਕਰਨੈਲ ਨੂੰ ਸਾਰੀ ਹਾਲਤ ਬਾਰੇ ਦੱਸਿਆ। ਸਠਿਆਲਾ ਕਾਲਜ 'ਚ ਯੂਨਿਟ ਦਾ ਆਗੂ ਉਸ ਵਰ੍ਹੇ ਮੰਗਲ ਸਿੰਘ ਦਨਿਆਲਾ ਜੋ ਬਹੁਤ ਗਰਮ ਸੁਭਾਅ ਦਾ ਸੀ, ਵੀ ਨਾਲ ਹੀ ਸੀ। ਗੁਰਦੇਵ ਦਾ ਕਹਿਣਾ ਸੀ ਕਿ ਕਾਲਜ ਵਿਚ ਹੜਤਾਲ ਵੀ ਕਰਨੀ ਹੈ ਅਤੇ ਗਵਰਨਰ ਦੀ ਅੜੀ ਨੂੰ ਢੈਲਾ ਕਰਨ ਲਈ ਜ਼ਰਾ ਖੜਕਾ-ਦੜਕਾ ਵੀ ਕਰਨਾ ਪੈਣਾ ਹੈ। ਸੁਰਿੰਦਰ ਚਹਿਲ ਖੜਕੇ-ਦੜਕੇ ਵਾਲੀ ਲਾਈਨ ਨਾਲ ਸਹਿਮਤ ਨਹੀਂ ਸੀ। ਮੈਂ ਖੁਦ ਉਨ੍ਹਾਂ ਦਿਨਾਂ ਵਿਚ ਕਈ ਤਰ੍ਹਾਂ ਦੇ ਸੰਕਟਾਂ 'ਚ ਘਿਰਿਆ ਹੋਣ ਕਰ ਕੇ ਸਰਗਰਮ ਵਿਦਿਆਰਥੀ ਰਾਜਨੀਤੀ ਤੋਂ ਹਮੇਸ਼ਾ ਵਾਸਤੇ ਮੁਕੰਮਲ ਕਿਨਾਰਾਕਸ਼ੀ ਕਰ ਲਈ ਹੋਈ ਸੀ। ਸ਼ੇਰੀ ਤੇ ਬਾਗੀ ਦੀ ਖਾੜਕੂ ਰਾਜਨੀਤੀ ਦੀ ਸਾਰਥਿਕਤਾ ਬਾਰੇ ਸੀ.ਪੀ.ਐਮ. ਦੀ ਰਾਜਨੀਤਕ ਲਾਈਨ ਮੈਨੂੰ ਉਂਜ ਵੀ ਮੁਕਾਬਲਤਨ ਵਧੇਰੇ ਅਪੀਲ ਕਰਦੀ ਸੀ। ਉਸ ਸਮੇਂ ਤੱਕ ਨਕਸਲੀ ਪੈਂਤੜਿਆਂ ਦੇ ਵਿਰੋਧ ਵਿਚ ਸੀ.ਪੀ.ਐਮ. ਦੇ ਮਧੂਰਾਏ ਦਸਤਾਵੇਜ਼ ਆ ਚੁੱਕੇ ਸਨ। 'ਲੋਕ ਲਹਿਰ' ਉਨ੍ਹੀਂ ਦਿਨੀਂ ਹਫਤਾਵਾਰ ਹੁੰਦੀ ਅਤੇ ਇਹ ਸਾਰੀ ਬਹਿਸ ਅਤੇ ਦਸਤਾਵੇਜ਼ ਅਨੁਵਾਦ ਹੋ ਕੇ ਛਪੇ ਮੈਂ ਵਾਰ-ਵਾਰ ਪੜ੍ਹੇ ਹੋਏ ਸਨ। ਲੱਗਭਗ ਸਭ ਨੁਕਤਿਆਂ 'ਤੇ ਹੀ ਮੈਨੂੰ ਨਕਸਲੀ ਪੈਂਤੜਿਆਂ ਦੇ ਮੁਕਾਬਲੇ ਸੀ.ਪੀ.ਐਮ. ਦੀਆਂ ਪੁਜ਼ੀਸ਼ਨਾਂ ਉਦੋਂ ਸਹੀ ਲੱਗਦੀਆਂ ਸਨ।



*ਉਸ ਦੌਰ ਦੀ ਲੜਾਈ ਨੂੰ ਨਵੇਂ ਆਯਾਮ ਦੇਣ ਵਾਲਾ ਲੀਡਰ ਹਰਭਜਨ ਸੋਹੀ (ਖੱਬੇ) ਅਤੇ ਮੇਘ ਰਾਜ ਰਾਮਪੁਰਾ ਫੂਲ*

ਦਰਸ਼ਨ ਸਿੰਘ ਬਾਗੀ ਦੀ ਸੁਹਿਰਦਤਾ ਪ੍ਰਤੀ ਮਨ ਅੰਦਰ ਅੱਜ ਤੱਕ ਵੀ ਕੋਈ ਸ਼ੰਕਾ ਨਹੀਂ ਹੈ। ਸ਼ਾਇਦ ਇਹ ਕਾਰਨ ਹੀ ਹੋਣਗੇ ਕਿ ਹੜਤਾਲ ਪਿਛੇ ਕੰਮ ਕਰਦੀ ਭਾਵਨਾ ਅਤੇ ਅੰਦੋਲਨ ਦੀ ਦਿਸ਼ਾ ਪ੍ਰਤੀ ਸਪੱਸ਼ਟ ਅਸਹਿਮਤੀ ਹੋਣ ਦੇ ਬਾਵਜੂਦ ਮਨ 'ਚ ਵਾਰ-ਵਾਰ ਇਹ ਸਵਾਲ ਉਠੀ ਜਾਂਦਾ ਸੀ ਕਿ ਕਿਧਰੇ ਗਲਤਫਹਿਮੀ ਹੀ ਸਹੀ, ਵਿਦਿਆਰਥੀ ਜੇ ਪ੍ਰਿੰਸੀਪਲ ਦੇ ਰਵੱਈਏ ਵਿਰੁਧ ਕੋਈ ਜਜ਼ਬਾਤੀ ਠੇਸ ਲੱਗੀ ਮਹਿਸੂਸ ਕਰ ਹੀ ਰਹੇ ਸਨ ਤਾਂ ਐਡੀ ਵੀ ਕੀ ਗੱਲ ਸੀ ਕਿ ਪ੍ਰਿੰਸੀਪਲ ਦੀ ਤਬਦੀਲੀ ਹੀ ਸਥਾਪਤੀ ਲਈ ਐਡੇ ਵਕਾਰ ਦਾ ਸਵਾਲ ਬਣ ਜਾਵੇ? ਹੁਣ ਹੜਤਾਲ ਨੂੰ ਕਿਸੇ ਵੀ ਸੂਰਤ ਵਿਚ ਸਫਲਤਾ ਦੇ ਅੰਜ਼ਾਮ ਤੱਕ ਪਹੁੰਚਾਇਆਂ ਹੀ ਰਹਿ ਆ ਸਕਦੀ ਸੀ।

ਸੁਰਿੰਦਰ ਚਹਿਲ ਦੀ ਝਿਜਕ ਅਤੇ ਗੁਰਦੇਵ ਦੀ ਦਲੀਲ ਆਪੋ-ਆਪਣੇ ਥਾਂ 'ਤੇ ਤਾਂ ਠੀਕ ਹੀ ਸੀ। ਮਸਲਾ ਸੀ ਕਿ ਕਾਲਜ ਦੇ ਮੂਹਰੇ ਰੋਹਪੂਰਨ ਪ੍ਰਦਰਸ਼ਨ ਕਰ ਕੇ ਵਿਦਿਆਰਥੀਆਂ ਕੋਲੋਂ ਪ੍ਰਸ਼ਾਸਨ ਦੇ ਕਿਸੇ ਸਿੰਬਲ 'ਤੇ ਐਕਟ ਕਰਵਾਇਆ ਕਿੰਜ ਜਾਵੇ? ਇਥੇ ਪ੍ਰੇਸ਼ਾਨੀ ਇਹ ਸੀ ਕਿ ਕਾਲਜ ਵਿਚ ਸੈਸ਼ਨ ਲਈ ਹੜਤਾਲਾਂ ਦਾ ਕੋਟਾ ਅਸੀਂ ਪਹਿਲਾਂ ਹੀ ਪੂਰਾ ਕਰੀ ਬੈਠੇ ਸਾਂ। ਵਿਦਿਆਰਥੀਆਂ ਨੇ ਸੌਖੀ ਤਰ੍ਹਾਂ ਸਾਡੇ ਆਖੇ ਲੱਗ ਕੇ ਕੋਈ ਨਵਾਂ ਜੋਖਮ ਉਠਾਉਣਾ ਨਹੀਂ ਸੀ। ਕਾਲਜ ਦੇ ਉਸ ਸਮੇਂ ਦੇ ਪ੍ਰਿੰਸੀਪਲ ਲਖਬੀਰ ਸਿੰਘ ਦੀ 'ਨਾਜਾਇਜ਼' ਤਾਇਨਾਤੀ ਵਿਰੁਧ ਅਸੀਂ ਸ਼ੁਰੂ ਸੈਸ਼ਨ ਵਿਚ ਹੀ ਮਹੀਨਾ ਭਰ ਹੜਤਾਲ ਕਰੀ ਰੱਖੀ ਸੀ। ਸਠਿਆਲਾ ਕਸਬੇ ਦੇ ਨੇੜੇ ਤੇੜੇ ਡੀ.ਸੀ. ਜਾਂ ਐਮ.ਡੀ.ਐਮ. ਵਗੈਰਾ ਦਾ ਕੋਈ ਹੈਡਕੁਆਰਟਰ ਵੀ ਨਹੀਂ ਸੀ ਜਿਸ ਦੇ ਅੱਗੇ ਜਾ ਕੇ ਰੋਸ ਧਰਨਾ ਮਾਰਿਆ ਜਾ ਸਕਦਾ। ਮੈਂ ਕਰਨੈਲ ਨੂੰ ਆਖਿਆ ਕਿ ਮੇਰੇ ਨਾਲ ਦੋ ਟਾਂਗਿਆਂ ਵਿਚ ਛੇ-ਛੇ ਵਿਦਿਆਰਥੀ ਚਾੜ੍ਹ ਦਿੱਤੇ ਜਾਣ। ਹੁਣ ਤਾਂ ਬਿਆਸ ਥਾਣੇ ਅੱਗੇ ਜਾ ਕੇ ਗ੍ਰਿਫਤਾਰੀ ਦੇਣ ਨਾਲ ਹੀ ਅੰਦੋਲਨ ਵਿਚ ਨਵੀਂ ਰੂਹ ਫੂਕੀ ਜਾ ਸਕੇਗੀ। ਉਹ ਤਾਂ ਮੰਨ ਗਿਆ ਪਰ ਉਸ ਨੂੰ ਮੇਰੀ ਸਮਰੱਥਾ 'ਤੇ ਸ਼ਾਇਦ ਵਿਸ਼ਵਾਸ ਨਹੀਂ ਸੀ। ਉਹ ਮੈਨੂੰ ਛੱਡ ਕੇ ਖੁਦ ਹੀ ਦੋ ਟਾਂਗਿਆਂ ਵਿਚ 12 ਵਿਦਿਆਰਥੀਆਂ ਦਾ ਜਥਾ ਲੈ ਕੇ ਥਾਣੇ ਵੱਲ ਰਵਾਨਾ ਹੋ ਗਿਆ।

ਥਾਣੇਦਾਰ ਗਿਆਨੀ ਬਚਨ ਸਿੰਘ ਦੌਰੇ 'ਤੇ ਗਿਆ ਹੋਣ ਕਰ ਕੇ ਸ਼ਾਮ ਨੂੰ ਲੇਟ ਵਾਪਸ ਆਇਆ। ਆਉਂਦਿਆਂ ਹੀ ਕਰਨੈਲ ਹੋਰਾਂ ਨੂੰ ਸਪੱਸ਼ਟ ਕਰ ਦਿੱਤਾ ਕਿ ਉਹ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕਰ ਸਕਦਾ, ਗ੍ਰਿਫਤਾਰੀਆਂ ਇਸ ਤਰ੍ਹਾਂ ਨਹੀਂ ਦਿੱਤੀਆਂ ਜਾਂਦੀਆਂ ਹੁੰਦੀਆਂ।

ਸ਼ਾਮ 6 ਕੁ ਵਜੇ ਪ੍ਰਧਾਨ ਮੰਗਲ ਸਿੰਘ ਨੇ ਮੈਨੂੰ ਆਪਣੇ ਸਾਥੀਆਂ ਦੀ ਖਬਰ ਸਾਰ ਲੈ ਕੇ ਆਉਣ ਲਈ ਭੇਜ ਦਿੱਤਾ। ਸਾਡੇ ਵਲੰਟੀਅਰ ਜਥੇ ਨੇ ਥਾਣੇ ਦੇ ਬਾਹਰ ਲਾਅਨ ਵਿਚ ਡੇਰੇ ਲਗਾਏ ਹੋਏ ਸਨ। ਥਾਣੇਦਾਰ ਦੂਜੇ ਸਿਰੇ 'ਤੇ ਕਾਫੀ ਦੂਰ ਕਚਹਿਰੀ ਲਗਾਈ ਬੈਠਾ ਸੀ। ਇਤਿਫਾਕਵਸ ਉਸ ਮੌਕੇ ਕਾਮਰੇਡ ਦਇਆ ਸਿੰਘ ਠੱਠੀਆਂ ਕਿਸੇ ਕੰਮ ਲਈ ਉਸ ਨੂੰ ਮਿਲਣ ਆਇਆ ਹੋਇਆ ਸੀ। ਉਹ ਮੈਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਮਾੜੀ ਕਿਸਮਤ ਨੂੰ ਵਿੰਹਦਿਆਂ ਸਾਰ ਥਾਣੇਦਾਰ ਨੂੰ ਮੈਨੂੰ ਆਪਣੇ ਕੋਲ ਬੁਲਾ ਕੇ ਗੱਲ ਕਰਨ ਦੀ ਸਲਾਹ ਦੇ ਦਿੱਤੀ। ਥਾਣੇਦਾਰ ਸਿਆਣਾ ਅਫਸਰ ਸੀ। ਮੈਂ ਜਾਂਦਾ ਤਾਂ ਮੈਨੂੰ ਉਸ ਦੀ ਗੱਲ ਮੰਨਣੀ ਪੈ ਜਾਣੀ ਸੀ। ਸਾਡਾ ਸਾਰਾ ਪ੍ਰਾਜੈਕਟ ਹੀ ਫੇਲ੍ਹ ਹੋ ਜਾਣਾ ਸੀ। ਮੈਂ ਉਸ ਕੋਲ ਜਾਣ ਤੋਂ ਦੋ ਟੁੱਕ ਨਾਂਹ ਕਰ ਦਿੱਤੀ, ਪਰ ਇਸ ਦੌਰਾਨ ਰਣਧੀਰ ਸਿੰਘ ਧੀਰੀ ਅਤੇ ਗੁਰਨਾਮ ਸਿੰਘ ਕਾਲਾ (ਜੋ ਪਿਛੋਂ ਜਾ ਕੇ ਕਾਮਯਾਬ ਜ਼ਿਲ੍ਹੇਦਾਰ ਬਣਿਆ) ਨਾਂ ਦੇ ਬੀ.ਏ. ਫਾਈਨਲ ਦੇ ਸਾਡੇ ਦੋ ਸੀਨੀਅਰ ਅਤੇ ਕਿਸੇ ਵੀ ਕਿਸਮ ਦੀ ਖੱਬੀ-ਸੱਜੀ ਰਾਜਨੀਤੀ ਤੋਂ ਬਦਰੰਗ ਸਾਥੀਆਂ ਨੂੰ ਗੱਲ ਖੁੜਕ ਗਈ। ਉਹ ਦੋਵੇਂ ਉਸੇ ਵਕਤ ਬਹਾਨਾ ਪਾ ਕੇ ਉਥੋਂ ਖਿਸਕ ਗਏ ਅਤੇ ਉਨ੍ਹਾਂ ਨੇ ਬਿਆਸ ਅੱਡੇ 'ਚ ਜਾ ਕੇ ਦਾਰੂ ਦੀ ਮਹਿਫਲ ਜਮਾ ਲਈ। ਮਹਾਸ਼ਿਆਂ ਦੇ ਮੁੰਡੇ ਭਗਵੰਤ ਨੇ ਉਨ੍ਹਾਂ ਲਈ ਝਬਦੇ ਹੀ ਸਾਰਾ ਇੰਤਜ਼ਾਮ ਕਰ ਦਿੱਤਾ। ਉਨ੍ਹਾਂ ਦੀ ਜਗ੍ਹਾ ਮੈਨੂੰ ਜਥੇ ਵਿਚ ਸ਼ਾਮਲ ਕਰ ਲਿਆ ਗਿਆ।

ਰਾਤ ਦੇ 11 ਵੱਜ ਗਏ। ਗ੍ਰਿਫਤਾਰੀ ਦੀ ਕੋਈ ਵਾਈ-ਸਾਈ ਨਹੀਂ ਸੀ। ਪ੍ਰਧਾਨ ਮੰਗਲ ਸਿੰਘ ਦਾ ਸੁਨੇਹਾ ਆ ਗਿਆ ਕਿ ਥਾਣੇ 'ਤੇ ਪਥਰਾਉ ਕਰ ਕੇ ਐਕਸ਼ਨ ਕਰੋ, ਨਹੀਂ ਤਾਂ ਵਾਪਸ ਚਲੇ ਜਾਓ। ਬਸ ਇਨਾ ਆਦੇਸ਼ ਮਿਲਦਿਆਂ ਹੀ ਅਸੀਂ ਸਿੱਧੀ ਕਾਰਵਾਈ ਸ਼ੁਰੂ ਕਰ ਦਿੱਤੀ। ਪੁਲਿਸ ਇੰਸਪੈਕਟਰ ਗਿਆਨੀ ਬਚਨ ਸਿੰਘ ਦੇ ਆਦੇਸ਼ 'ਤੇ ਪੁਲਿਸ ਨੇ ਵਿਦਿਆਰਥੀਆਂ ਨੂੰ ਛੱਲੀਆਂ ਵਾਂਗ ਕੁੱਟਣਾ ਸ਼ੁਰੂ ਕਰ ਦਿੱਤਾ। ਅਗਲੇ ਦਿਨ ਗੁਰਦੇਵ ਸਿੰਘ ਦੇਬੀ ਨੇ ਸਠਿਆਲਾ ਕਾਲਜ ਦੇ ਵਿਦਿਆਰਥੀਆਂ ਕੋਲੋਂ ਉਹੋ ਵਾਰਦਾਤ ਕਰਵਾ ਦਿੱਤੀ ਜਿਸ ਤੋਂ ਬਿਨਾਂ ਅੰਦੋਲਨ ਨੂੰ ਹੋਰ ਅੱਗੇ ਨਹੀਂ ਖਿੱਚਿਆ ਜਾ ਸਕਦਾ ਸੀ। ਕੁਝ ਵਿਦਿਆਰਥੀਆਂ ਨੇ ਕਾਲਜ ਤੋਂ ਥੋੜ੍ਹਾ ਦੂਰ, ਗਗੜਭਾਣਾ ਦੇ ਅੱਡੇ ਵਿਚ ਪੰਜਾਬ ਰੋਡਵੇਜ਼ ਦੀ ਬੱਸ ਸਾੜ ਦਿੱਤੀ।

ਪ੍ਰੈਸ ਨਾਲ ਨਜਿੱਠਣ ਦਾ ਵਲ ਉਸ ਸਮੇਂ ਤੱਕ ਸਾਡੇ ਬੰਦਿਆਂ ਨੂੰ ਆ ਚੁੱਕਾ ਸੀ। ਰੋਜ਼ਾਨਾ 'ਅਜੀਤ' ਵਿਚ ਉਦੋਂ ਸਬ ਐਡੀਟਰ ਹੀ ਖੁਦਮੁਖਤਾਰ ਹੁੰਦੇ ਸਨ। ਪਹਿਲੇ ਸਫੇ ਦਾ ਇੰਚਾਰਜ ਗੁਰਬਖਸ਼ ਸਿੰਘ ਸੀ ਜੋ ਅਮਰਜੀਤ ਚੰਦਨ ਦਾ ਯਾਰ ਸੀ ਅਤੇ ਉਨ੍ਹਾਂ ਦਿਨਾਂ ਦੇ ਸਾਡੇ ਪ੍ਰੈਸ ਸਕੱਤਰ ਜਤਿੰਦਰ ਢਿੱਲੋਂ ਦੇ ਵੱਡੇ ਭਰਾ ਦਾ ਵੀ ਗੂੜ੍ਹਾ ਮਿੱਤਰ ਸੀ। ਗੁਰਦੇਵ ਨੇ ਖਬਰ ਬਣਾ ਕੇ ਜਤਿੰਦਰ ਢਿਲੋਂ ਨੂੰ ਭੇਜ ਦਿੱਤੀ। ਗੁਰਬਖਸ਼ ਨੇ 'ਸਠਿਆਲਾ ਕਾਲਜ ਦੇ ਵਿਦਿਆਰਥੀਆਂ ਵੱਲੋਂ ਬਿਆਸ ਥਾਣੇ 'ਤੇ ਪਥਰਾਉ' ਸਿਰਲੇਖ ਹੇਠ ਮੋਟੀ ਸੁਰਖੀ ਕੱਢ ਕੇ ਅਖਬਾਰ ਵਿਚ ਛਾਪ ਦਿੱਤੀ।

ਬਿਆਸ ਪੁਲਿਸ ਥਾਣੇ ਵਾਲੇ ਐਕਸ਼ਨ ਵਿਚ ਪੁਲਿਸ ਨੇ ਵਿਦਿਆਰਥੀਆਂ ਦੀ ਗਿੱਦੜ ਕੁੱਟ ਤਾਂ ਰੱਜ ਕੇ ਕੀਤੀ ਪਰ ਥਾਣੇਦਾਰ ਗਿਆਨੀ ਬਚਨ ਸਿੰਘ ਦੇ ਉਦਾਰ ਰਵੱਈਏ ਸਦਕਾ ਕਿਸੇ ਵਿਦਿਆਰਥੀ ਉਪਰ ਵੀ ਕੇਸ ਦਰਜ ਨਾ ਕੀਤਾ ਗਿਆ। ਇਕ ਕਾਰਨ ਸ਼ਾਇਦ ਇਹ ਵੀ ਸੀ ਕਿ ਸਾਡੇ ਜਥੇ ਦੇ ਆਗੂ ਕਰਨੈਲ ਸਿੰਘ ਰੰਧਾਵਾ ਨੇ ਕੁੱਟਮਾਰ ਦੌਰਾਨ ਉਸ ਦੇ ਸਾਰੇ ਸਵਾਲਾਂ ਦੇ ਜਵਾਬ ਇਤਨੇ ਆਤਮ-ਵਿਸ਼ਵਾਸ ਨਾਲ ਦਿੱਤੇ ਕਿ ਥਾਣੇਦਾਰ ਵੀ ਸ਼ਾਇਦ ਉਹਦੇ ਸਲੀਕੇ ਤੋਂ ਮੁਤਾਸਰ ਹੋ ਗਿਆ। ਥਾਣੇ ਵਿਚ ਡੱਕੇ ਵਿਦਿਆਰਥੀਆਂ ਨੂੰ ਛੁਡਾਉਣ ਲਈ ਅਗਲੇ ਦਿਨ ਸਿਆਸੀ ਆਗੂ ਬ੍ਰਿਗੇਡੀਅਰ ਗੁਰਬਚਨ ਸਿੰਘ ਬੱਲ ਵੀ ਖੁਦ ਥਾਣੇ ਪਹੁੰਚ ਗਿਆ ਤੇ ਉਸ ਦੇ ਜ਼ੋਰ ਦੇਣ 'ਤੇ ਵਿਦਿਆਰਥੀਆਂ ਨੂੰ ਸਖਤ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ। ਸ਼ਾਇਦ ਇਹ ਵੀ ਇਕ ਵੱਡਾ ਕਾਰਨ ਸੀ ਕਿ ਜਲਦੀ ਹੀ ਪਿਛੋਂ ਸ਼ੁਰੂ ਹੋਈ ਨਕਸਲੀ ਲਹਿਰ ਵਿਚ ਮਹਿਜ਼ ਪੁਲਿਸ ਦੀ ਪ੍ਰੇਸ਼ਾਨੀ ਹੱਥੋਂ ਤੰਗ ਹੋ ਕੇ ਸਠਿਆਲਾ ਕਾਲਜ ਦੇ ਕਿਸੇ ਵਿਦਿਆਰਥੀ ਨੂੰ ਭਗੌੜਾ ਹੋਣ ਲਈ ਮਜਬੂਰ ਨਾ ਹੋਣਾ ਪਿਆ।

ਉਧਰ, ਪੰਜਾਬ ਨੂੰ ਇਕ ਵਾਰ ਜਪਾਨ ਜਾਂ ਮੈਕਸੀਕੋ ਬਣਾਉਣ ਜਾਂ ਉਸ ਸਮੇਂ ਦੀ 'ਲੋਕ ਵਿਰੋਧੀ' ਰਾਜਸੀ ਸਥਾਪਤੀ ਨੂੰ ਕਰੜੇ ਹੱਥ ਦਿਖਾਉਣ ਦੀ ਸਾਡੇ ਮਿੱਤਰ ਸ਼ਮਸ਼ੇਰ ਸਿੰਘ ਸ਼ੇਰੀ ਅਤੇ ਦਰਸ਼ਨ ਸਿੰਘ ਬਾਗੀ ਦੀ ਅਸਲ ਖਾਹਿਸ਼ ਅਗਲੇ ਦਿਨ ਉਸ ਸਮੇਂ ਪੂਰੀ ਹੋਈ ਜਦੋਂ ਸਠਿਆਲਾ ਕਾਲਜ ਦੀਆਂ ਖਬਰਾਂ ਤੋਂ ਉਤਸ਼ਾਹਤ ਹੋ ਕੇ ਸਾਡੇ ਇਕ ਹੋਰ ਸਹਿਯੋਗੀ ਅਤੇ ਉਸ ਸਾਲ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਆਗੂ ਸੁੱਚਾ ਸਿੰਘ ਫਤਿਹਗੜ੍ਹ ਚੂੜੀਆਂ ਦੀ ਅਗਵਾਈ ਹੇਠ ਗਵਰਨਰ, ਪੁਲਿਸ, ਪ੍ਰਸ਼ਾਸਨ ਅਤੇ ਹਰ ਤਰ੍ਹਾਂ ਦੀ ਅਫਸਰਸ਼ਾਹੀ ਵਿਰੁਧ ਖਾੜਕੂ ਟਕਰਾਉ ਦਾ ਬਿਗਲ ਵਜਾ ਦਿੱਤਾ ਗਿਆ। ਪੂਰੇ 7 ਘੰਟਿਆਂ ਤੱਕ ਘੋੜ-ਸਵਾਰ ਪੁਲਿਸ ਅਤੇ ਵਿਦਿਆਰਥੀਆਂ ਵਿਚਾਲੇ ਘਮਸਾਨ ਚਲਦਾ ਰਿਹਾ। ਹਥਿਆਰਬੰਦ ਪੁਲਿਸ ਨੇ ਕਾਲਜ ਵਿਚ ਦਾਖਲ ਹੋ ਕੇ ਅਨੇਕਾਂ ਵਿਦਿਆਰਥੀਆਂ ਦੀ ਅੰਨ੍ਹੇਵਾਹ ਕੁੱਟ-ਮਾਰ ਕੀਤੀ। 5-7 ਵਿਦਿਆਰਥੀਆਂ ਦੀਆਂ ਲੱਤਾਂ-ਬਾਹਾਂ ਵੀ ਟੁੱਟ ਗਈਆਂ ਪਰ ਵਿਦਿਆਰਥੀਆਂ ਦੇ ਹੌਸਲੇ ਪਸਤ ਨਾ ਕੀਤੇ ਜਾ ਸਕੇ। ਸ਼ਾਮ ਹੋਣ ਤੱਕ ਪੁਤਲੀ ਘਰ ਚੌਕ ਤੋਂ ਲੈ ਕੇ ਖਾਲਸਾ ਕਾਲਜ ਤੱਕ ਦੇ ਸਾਰੇ ਏਰੀਏ ਵਿਚ ਅਥਰੂ ਗੈਸ ਦੇ ਗੋਲਿਆਂ

# ਆਫੀਆ ਸਦੀਕੀ ਦਾ ਜਹਾਦ




1972 ਵਿਚ ਪਾਕਿਸਤਾਨ ‘ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਉਹ ਅਮਰੀਕਾ ਵਿਚ ਪੜ੍ਹੀ; ਪਹਿਲਾਂ ਡਾਕਟਰ ਤੇ ਫਿਰ ਜਹਾਦੀ ਬਣੀ। ਇਹ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ।

**ਕਿਸ਼ਤ ਤੇਰਵੀਂ**

## ਤੁਸੀਂ ਪੜ੍ਹ ਚੁੱਕੇ ਹੋ...

***ਪਾਕਿਸਤਾਨ ‘ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ ਤੇ ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ ‘ਜਹਾਦੀ’ ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਆਪਣੇ ਭਰਾ ਮੁਹੰਮਦ ਅਲੀ ਕੋਲ ਅਮਰੀਕਾ ਪੁੱਜ ਗਈ। ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਸ ਦੀ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੀ ਕਿ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਹੋਵੇ। ਉਹ ਬੋਸਟਨ ਦੀ ਪ੍ਰਸਿੱਧ ਸੰਸਥਾ ਮੈਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਆਪਣੀ ਲਿਆਕਤ ਕਰ ਕੇ ਛੇਤੀ ਹੀ ਮਕਬੂਲ ਹੋ ਗਈ। ਉਥੇ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ। ਜਹਾਦੀਆਂ ਦਾ ਨਾਅਰਾ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਵਾਪਸੀ ਵੇਲੇ ਉਹ ਅਤਿਅੰਤ ਉਤਸ਼ਾਹ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਜ਼ੋਰ ਪਾਉਣ ‘ਤੇ ਉਸ ਦਾ ਨਿਕਾਹ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ। ਉਹ ਵੀ ਉਸ ਕੋਲ ਅਮਰੀਕਾ ਪੁੱਜ ਗਿਆ। ਫਿਰ 9/11 ਵਾਲਾ ਭਾਣਾ ਵਰਤ ਗਿਆ। ਆਫੀਆ ਪਾਕਿਸਤਾਨ ਪਰਤ ਗਈ ਅਤੇ ਅਮਜਦ ਨੂੰ ਵੀ ਸੱਦ ਲਿਆ। ਜਹਾਦ ਬਾਰੇ ਦੋਹਾਂ ਵਿਚਕਾਰ ਪਾੜਾ ਲਗਾਤਾਰ ਵਧਣ ਲੱਗ ਪਿਆ।...ਹੁਣ ਅੱਗੇ ਪੜ੍ਹੋ...***

26 ਜੂਨ 2002 ਨੂੰ ਅਮਜਦ ਅਤੇ ਆਫੀਆ ਬੱਚਿਆਂ ਸਮੇਤ ਕਰਾਚੀ ਏਅਰਪੋਰਟ ‘ਤੇ ਆ ਉਤਰੇ। ਉਹ ਘਰੇ ਪਹੁੰਚੇ ਤਾਂ ਘਰ ਵਾਲੇ ਉਨ੍ਹਾਂ ਦੇ ਆਉਣ ‘ਤੇ ਖ਼ਫਾ ਸਨ। ਰਾਤ ਵੇਲੇ ਨਈਮ ਖਾਂ ਨੇ ਅਮਜਦ ਨਾਲ ਗੱਲ ਛੇੜੀ, “ਤੂੰ ਨਾ ਟਲਿਆ ਫਿਰ? ਆਪਣੀ ਪੁਗਾ ਕੇ ਈ ਹਟਿਆ ਨਾ। ਤੈਨੂੰ ਮੈਂ ਬਥੇਰਾ ਕਿਹਾ, ਇਸ ਵੇਲੇ ਆਪਣਾ ਕੈਰੀਅਰ ਵਿਚੇ ਛੱਡ ਕੇ ਆਉਣਾ ਤੇਰੇ ਲਈ ਠੀਕ ਨ੍ਹੀਂ ਐ, ਪਰ ਤੇਰੇ ਕੋਈ ਗੱਲ ਖਾਨੇ ‘ਚ ਵੜੇ ਤਾਂ ਈ ਐ ਨਾ।”



**ਹਰਮਹਿੰਦਰ ਚਹਿਲ**
**ਫੋਨ: 703-362-3239**
e-mail: chahals57@yahoo.com

ਅਮਜਦ ਨੇ ਜਦੋਂ “ਅੱਲਾ ਖੈਰ ਕਰੇ, ਕਿਧਰੇ ਅਗਾਂਹ ਮੈਨੂੰ ਇਸ ਤੋਂ ਵੀ ਵੱਡੇ ਇਮਤਿਹਾਨ ’ਚ ਨਾ ਪੈਣਾ ਪੈ ਜਾਵੇ”, ਕਿਹਾ ਤਾਂ ਪਰਿਵਾਰ ਸਾਰੀ ਗੱਲ ਸਮਝ ਗਿਆ। ਨਈਮ ਖਾਂ ਤੋਂ ਰਿਹਾ ਨਾ ਗਿਆ। ਉਹ ਬੋਲਿਆ, “ਇਸ ਕੁੜੀ ਨੇ ਮੇਰੇ ਪੁੱਤਰ ਦਾ ਭਵਿੱਖ ਤਬਾਹ ਕਰ ਕੇ ਰੱਖ ਦਿੱਤਾ।” ਨਈਮ ਖਾਂ ਗੁੱਸੇ ’ਚ ਬੋਲ ਰਿਹਾ ਸੀ ਤਾਂ ਉਸ ਦੀ ਘਰਵਾਲੀ ਨੇ ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ, ਕਿਉਂਕਿ ਬਾਹਰ ਖੜ੍ਹੀ ਆਫੀਆ ਚੋਰੀਉਂ ਉਨ੍ਹਾਂ ਦੀਆਂ ਗੱਲਾਂ ਸੁਣ ਰਹੀ ਸੀ। ਨਈਮ ਖਾਂ ਤਾਂ ਚੁੱਪ ਹੋ ਗਿਆ, ਪਰ ਆਫੀਆ ਅੰਦਰੇ ਅੰਦਰ ਵੱਟ ਖਾ ਗਈ। ਉਹ ਉਸੇ ਸ਼ਾਮ ਬੱਚਿਆਂ ਸਮੇਤ ਅਮਜਦ ਨੂੰ ਲੈ ਕੇ ਪੇਕੇ ਚਲੀ ਗਈ। ਉਥੇ ਜਾ ਕੇ ਉਸ ਨੇ ਸਭ ਤੋਂ ਪਹਿਲਾਂ ਅਮਜਦ ਨੂੰ ਪਾਸੇ ਬਿਠਾ ਲਿਆ ਤੇ ਬੋਲੀ, “ਅਮਜਦ ਹੁਣ ਮੌਕਾ ਆ ਗਿਆ ਐ ਕਿ ਤੈਨੂੰ ਕੋਈ ਫੈਸਲਾ ਕਰਨਾ ਪਊਗਾ।”

“ਫੈਸਲਾ! ਕਾਹਦੇ ਬਾਰੇ?”

“ਹੁਣ ਇਹ ਫੈਸਲਾ ਕਰ ਲੈ ਕਿ ਤੂੰ ਮੇਰੇ ਨਾਲ ਰਹਿਣਾ ਐ, ਜਾਂ ਆਪਣੇ ਘਰਦਿਆਂ ਨਾਲ?”

“ਆਫੀਆ ਇਹ ਤੂੰ ਕੀ ਕਹਿ ਰਹੀ ਐਂ। ਘਰਾਂ ’ਚ ਆਪਸੀ ਗੁੱਸੇ-ਗਿਲੇ ਤਾਂ ਹੁੰਦੇ ਈ ਰਹਿੰਦੇ ਨੇ। ਇਸ ਦਾ ਮਤਲਬ ਇਹ ਥੋੜਾ ਈ ਐ ਕਿ ਮੀਆਂ ਬੀਵੀ ਵੱਖਰੇ ਹੋ ਜਾਣ।”

“ਨ੍ਹੀਂ ਅਮਜਦ ਤੈਨੂੰ ਫੈਸਲਾ ਕਰਨਾ ਈ ਪਊਗਾ। ਤੈਨੂੰ ਪਤਾ ਈ ਐ ਕਿ ਮੈਂ ਆਮ ਔਰਤ ਨ੍ਹੀਂ ਆਂ। ਮੈਂ ਇਹ ਵਿਚ ਵਿਚਾਲੇ ਜਿਹੇ ਦਾ ਰਸਤਾ ਹੋਰ ਬਰਦਾਸ਼ਤ ਨ੍ਹੀਂ ਕਰ ਸਕਦੀ।” ਉਹ ਗੁੱਸੇ ’ਚ ਕੰਬ ਰਹੀ ਸੀ। ਉਸ ਦੀ ਮਾਂ ਨੇ ਆ ਕੇ ਉਸ ਨੂੰ ਟਿਕਾਉਣ ਦੀ ਕੋਸ਼ਿਸ਼ ਕੀਤੀ, ਪਰ ਆਫੀਆ ਨੇ ਉਸ ਦੀ ਕੋਈ ਗੱਲ ਨਾ ਸੁਣੀ। ਆਫੀਆ ਚੀਕਣ ਲੱਗੀ ਤਾਂ ਅਮਜਦ ਉਠ ਕੇ ਬਾਹਰ ਚਲਾ ਗਿਆ। ਹਨੇਰੇ ਹੋਏ ਅਮਜਦ ਘਰ ਵਾਪਸ ਆਇਆ ਤਾਂ ਗੱਲ ਕੁਝ ਠੰਢੀ ਪੈ ਗਈ ਸੀ, ਪਰ ਅਗਲੇ ਦਿਨ ਹੀ ਆਫੀਆ ਨੇ ਫਿਰ ਤੋਂ ਰੱਫੜ ਖੜ੍ਹਾ ਕਰ ਦਿੱਤਾ। ਉਸ ਦੀ ਉਹੀ ਮੰਗ ਸੀ, ਜਾਂ ਉਸ ਨੂੰ ਛੱਡ ਦੇਵੇ ਜਾਂ ਆਪਣੇ ਘਰਦਿਆਂ ਨੂੰ। ਅਮਜਦ ਨੂੰ ਆਫੀਆ ਅਤੇ ਬੱਚਿਆਂ ਨਾਲ ਬਹੁਤ ਲਗਾਉ ਸੀ, ਪਰ ਉਹ ਉਸ ਦੇ ਵਰਤਾਅ ਤੋਂ ਤੰਗ ਆ ਚੁੱਕਾ ਸੀ। ਹੁਣ ਉਸ ਦੇ ਸ਼ੱਕ ਪੁਖਤਾ ਹੁੰਦੇ ਜਾ ਰਹੇ ਸਨ ਕਿ ਇਹ ਅਜਿਹਾ ਕੁਝ ਕਰਦੀ ਰਹੀ ਹੈ ਜੋ ਸਹੀ ਨਹੀਂ ਹੋਣਾ। ਤੇ ਉਸ ਨੇ ਇਹ ਸਭ ਕੀਤਾ ਵੀ ਉਸ ਤੋਂ ਚੋਰੀਉਂ ਹੈ। ਆਫੀਆ ਦਾ ਉਸ ’ਤੇ ਦਬਾਅ ਵਧ ਰਿਹਾ ਸੀ, ਨਾਲ ਹੀ ਉਹ ਇਹ ਵੀ ਜ਼ੋਰ ਪਾਉਣ ਲੱਗ ਪਈ ਕਿ ਹੁਣ ਮੌਕਾ ਆ ਗਿਆ ਹੈ ਕਿ ਜਹਾਦ ਵਿਚ ਸ਼ਾਮਲ ਹੋਇਆ ਜਾਵੇ। ਖਾਸ ਤੌਰ ’ਤੇ ਉਹ ਜੈਸ਼-ਏ-ਮੁਹੰਮਦ ਕੈਂਪ ’ਚ ਜਾਣ ਲਈ ਕਾਹਲ ਕਰ ਰਹੀ ਸੀ। ਅਮਜਦ ਇੰਨਾ ਅੱਕ ਗਿਆ ਕਿ ਉਸ ਨੇ ਕਿਸੇ ਮਜ਼ਹਬੀ ਰਹਿਨੁਮਾ ਦੀ ਸਲਾਹ ਲੈਣੀ ਚਾਹੀ। ਉਹ ਆਫੀਆ ਨੂੰ ਲੈ ਕੇ ਪਾਕਿਸਤਾਨ ਦੇ ਦਿਉਬੰਦੀ ਫਿਰਕੇ ਦੇ ਸਭ ਤੋਂ ਵੱਡੇ ਇਮਾਮ ਕੋਲ ਚਲਾ ਗਿਆ। ਇਹ ਇਮਾਮ ਦੋਹਾਂ ਦੇ ਪਰਿਵਾਰਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਇਮਾਮ ਨੇ ਉਨ੍ਹਾਂ ਦੀਆਂ ਗੱਲਾਂ ਸੁਣੀਆਂ। ਉਸ ਨੇ ਆਫੀਆ ਦਾ ਜਹਾਦ ਵਿਚ ਸ਼ਾਮਲ ਹੋਣ ਦਾ ਨੁਕਤਾ ਬੜੇ ਧਿਆਨ ਨਾਲ ਵਿਚਾਰਦਿਆਂ ਉਸ ਨੂੰ ਪੁੱਛਿਆ, “ਆਫੀਆ ਬੇਟੀ, ਤੂੰ ਘਰ ਵਾਲੇ ਸਮੇਤ ਜੈਸ਼-ਏ-ਮੁਹੰਮਦ ਦੇ ਕੈਂਪ ਵਿਚ ਜਾ ਕੇ ਕਿਉਂ ਰਹਿਣਾ ਚਾਹ ਰਹੀ ਐਂ?”

“ਕੈਂਪ ’ਚ ਰਹਿੰਦਿਆਂ ਮੈਂ ਯਤੀਮ ਬੱਚਿਆਂ ਨੂੰ ਪੜ੍ਹਾਊਂਗੀ ਤੇ ਅਮਜਦ ਉਥੇ ਗਰੀਬਾਂ ਲਈ ਹਸਪਤਾਲ ਚਲਾਏਗਾ।”

“ਵੇਖ ਬੇਟੀ, ਅੱਜਕੱਲ੍ਹ ਜ਼ਮਾਨਾ ਬਦਲ ਗਿਆ ਐ। ਗਰੀਬਾਂ ਦੀ ਸੇਵਾ ਲਈ ਤੁਹਾਨੂੰ ਉਜਾੜ ਥਾਂਵਾਂ ’ਤੇ ਜਾਣ ਦੀ ਲੋੜ ਨ੍ਹੀਂ ਐ। ਤੁਸੀਂ ਇੱਥੇ ਕਰਾਚੀ ’ਚ ਰਹਿੰਦੇ ਹੋਏ ਸਮਾਜ ਸੇਵਾ ਦੇ ਇਹ ਸਾਰੇ ਕੰਮ ਕਰ ਸਕਦੇ ਓਂ; ਸਗੋਂ ਮੈਂ ਤਾਂ ਇਹ ਕਹੂੰਗਾ ਕਿ ਤੁਸੀਂ ਜੋ ਅਮਰੀਕਾ ’ਚ ਰਹਿ ਕੇ ਉਚੀ ਤਾਲੀਮ ਹਾਸਿਲ ਕੀਤੀ ਐ, ਉਸ ਨੂੰ ਲੋਕਾਂ ’ਚ ਵੰਡੋ। ਇਹੀ ਦੀਨ ਦਾ ਸਭ ਤੋਂ ਵੱਡਾ ਦਾ ਕੰਮ ਐ।”

“ਤਾਂ ਫਿਰ ਜਹਾਦ ਕੌਣ ਲੜੂਗਾ?” ਆਫੀਆ ਉਚੀ ਬੋਲੀ ਤਾਂ ਇਮਾਮ ਹੈਰਾਨ ਰਹਿ ਗਿਆ। ਅੱਜ ਤੱਕ ਕਿਸੇ ਨੇ ਉਸ ਨਾਲ ਇਸ ਤਰ੍ਹਾਂ ਗੱਲ ਨਹੀਂ ਕੀਤੀ ਸੀ, ਪਰ ਉਹ ਫਿਰ ਵੀ ਸ਼ਾਂਤ ਰਹਿੰਦਾ ਹੋਇਆ ਆਫੀਆ ਨੂੰ ਮੁਖਾਤਬ ਹੋਇਆ, “ਆਫੀਆ ਬੇਟੀ, ਮੈਂ ਇੱਕ ਵਾਰ ਫਿਰ ਕਹੂੰਗਾ ਕਿ ਤੁਹਾਡਾ ਪਹਿਲਾ ਫਰਜ਼ ਆਪਣਾ ਪਰਿਵਾਰ ਸੰਭਾਲਣਾ ਐ। ਇਸ ਤੋਂ ਪਿੱਛੋਂ ਜੇ ਤੁਹਾਡੇ ਕੋਲ ਵਕਤ ਬਚਦਾ ਹੈ ਤਾਂ ਉਹ ਤੁਸੀਂ ਸਮਾਜ ਸੇਵਾ ਲਈ ਵਰਤ ਸਕਦੇ ਓਂ। ਜੇ ਤੁਹਾਡੇ ਕੋਲ ਵਾਧੂ ਪੈਸਾ ਐ ਤਾਂ ਉਹ ਤੁਸੀਂ ਗਰੀਬਾਂ ਲਈ ਦਾਨ ਕਰ ਸਕਦੇ ਓਂ।”

“ਪਰ ਜਹਾਦ...।” ਆਫੀਆ ਜਹਾਦ ਬਾਰੇ ਕੁਝ ਕਹਿਣ ਲੱਗੀ ਤਾਂ ਇਮਾਮ ਨੇ ਉਸ ਨੂੰ ਹੱਥ ਦਾ ਇਸ਼ਾਰਾ ਕਰ ਕੇ ਰੋਕ ਦਿੱਤਾ। ਫਿਰ ਬੜੀ ਹਲੀਮੀ ਨਾਲ ਉਹ ਬੋਲਣ ਲੱਗਿਆ, “ਸਿਰਫ ਲੋਕਾਂ ਨੂੰ ਮਾਰਨਾ ਈ ਜਹਾਦ ਨ੍ਹੀਂ ਐ। ਜਿਹੜੇ ਡਾਕਟਰ ਕੈਂਸਰ ਦੀ ਬਿਮਾਰੀ ਦਾ ਇਲਾਜ ਕਰਕੇ ਮਰੀਜ਼ ਦੀ ਜਾਨ ਬਚਾਉਂਦੇ ਨੇ, ਇਹ ਉਨ੍ਹਾਂ ਦਾ ਜਹਾਦ ਐ ਕੈਂਸਰ ਦੇ ਖਿਲਾਫ। ਤੁਸੀਂ ਡਾਕਟਰ, ਲੋਕਾਂ ਦੀਆਂ ਅੱਖਾਂ ਦਾ ਅਪਰੇਸ਼ਨ ਕਰ ਕੇ ਉਨ੍ਹਾਂ ਨੂੰ ਨਜ਼ਰ ਵਾਪਸ ਦਿੰਦੇ ਓ, ਉਹ ਤੁਹਾਡਾ ਜਹਾਦ ਐ, ਅੰਨ੍ਹੇਪਣ ਦੇ ਖਿਲਾਫ। ਇਸ ਤਰ੍ਹਾਂ ਜਿੰਨੀਆਂ ਮਰਜ਼ੀ ਮਿਸਾਲਾਂ ਲੈ ਲਉ। ਤੂੰ ਇਹ ਮਿੱਥ ਲੈ ਕਿ ਤੂੰ ਅਨਪੜ੍ਹਤਾ ਦੇ ਖਿਲਾਫ ਜਹਾਦ ਲੜਨਾ ਐ ਤੇ ਗਰੀਬ ਬਸਤੀਆਂ ’ਚ ਜਾ ਕੇ ਬੱਚਿਆਂ ਨੂੰ ਮੁਫਤ ਤਾਲੀਮ ਦੇਣੀ ਸ਼ੁਰੂ ਕਰ, ਇਹ ਤੇਰਾ ਅਸਲੀ ਜਹਾਦ ਹੋਵੇਗਾ।”

ਇਸ ਪਿੱਛੋਂ ਇਮਾਮ ਨੇ ਗੱਲਬਾਤ ਬਰਖਾਸਤ ਕਰ ਦਿੱਤੀ। ਅਮਜਦ ਅਤੇ ਆਫੀਆ ਘਰ ਆ ਗਏ। ਅਗਲੇ ਦਿਨ ਉਹ ਅਮਜਦ ਦੇ ਘਰ ਚਲੇ ਗਏ, ਪਰ ਇਸ ਪਿੱਛੋਂ ਉਨ੍ਹਾਂ ਵਿਚਕਾਰ ਸੁਲ੍ਹਾ ਨਾ ਹੋਈ। ਇਸ ਗੱਲ ਦੇ ਦੋ ਦਿਨ ਪਿੱਛੋਂ ਅਮਜਦ ਨੇ ਦੇਖਿਆ ਕਿ ਉਸ ਦੇ ਬੈਂਕ ਵਿਚ ਅੱਠ ਹਜ਼ਾਰ ਡਾਲਰ ਘਟਦੇ ਹਨ। ਉਸ ਨੇ ਆਫੀਆ ਨਾਲ ਗੱਲ ਕੀਤੀ ਤਾਂ ਥੋੜ੍ਹੀ ਨਾਂਹ-ਨੁੱਕਰ ਤੋਂ ਬਾਅਦ ਉਹ ਮੰਨ ਗਈ ਕਿ ਪੈਸੇ ਉਸ ਨੇ ਕਢਵਾਏ ਹਨ। ਅਮਜਦ ਨੇ ਪੁੱਛਿਆ ਕਿ ਉਸ ਨੇ ਇਹ ਪੈਸੇ ਕਿੱਥੇ ਵਰਤੇ ਹਨ।

“ਮੈਨੂੰ ਲੋੜ ਸੀ, ਇਸ ਕਰ ਕੇ ਉਹ ਮੈਂ ਕਿਧਰੇ ਵਰਤ ਲਏ।”

“ਪਰ ਤੂੰ ਮੈਨੂੰ ਤਾਂ ਦੱਸਿਆ ਨ੍ਹੀਂ ਕਿ ਤੈਨੂੰ ਅਜਿਹੀ ਕੀ ਲੋੜ ਆਣ ਪਈ ਕਿ ਇਕੱਠਾ ਅੱਠ ਹਜ਼ਾਰ ਡਾਲਰ ਕਢਵਾ ਲਿਆ।”

“ਕਿਉਂ, ਤੈਨੂੰ ਹਰ ਗੱਲ ਦੱਸਣੀ ਜ਼ਰੂਰੀ ਐ?” ਆਫੀਆ ਭੜਕ ਉਠੀ।



*ਆਫੀਆ ਅਤੇ ਉਸ ਦੇ ਤਿੰਨਾਂ ਬੱਚਿਆਂ ਦੀ ਤਸਵੀਰ।*

“ਮੇਰੀ ਵੀ ਗੱਲ ਸੁਣ ਲੈ ਫਿਰ...।” ਅਮਜਦ ਦਾ ਚਿਹਰਾ ਵੀ ਲਾਲ ਹੋਣ ਲੱਗਿਆ। ਉਹ ਰਤਾ ਕੁ ਰੁਕਦਾ ਫਿਰ ਬੋਲਿਆ, “ਤੇਰਾ ਮੇਰਾ ਇਕੱਠੇ ਰਹਿਣ ਦਾ ਕੀ ਫਾਇਦਾ ਜਦੋਂ ਤੂੰ ਹਰ ਗੱਲ ਮੈਥੋਂ ਚੋਰੀ ਰੱਖਦੀ ਐਂ। ਜੋ ਤੂੰ ਸਾਹਮਣੇ ਦਿਸਦੀ ਐਂ, ਇਸ ਤੋਂ ਬਿਨਾਂ ਤੇਰੀ ਵੱਖਰੀ ਜ਼ਿੰਦਗੀ ਵੀ ਐ ਅਤੇ ਉਸ ਵਿਚ ਪਤਾ ਨ੍ਹੀਂ ਤੂੰ ਕੀ ਕਰਦੀ ਐਂ। ਮੈਂ ਅੱਕ ਚੁੱਕਿਆਂ ਤੇਰੀਆਂ ਜ਼ਿਆਦਤੀਆਂ ਸਹਿੰਦਾ। ਹੁਣ ਆਪਾਂ ਇੱਕ ਛੱਤ ਹੇਠਾਂ ਨ੍ਹੀਂ ਰਹਿ ਸਕਦੇ।”

ਆਫੀਆ ਨੇ ਬਿਨਾਂ ਕਿਸੇ ਗੱਲ ਦਾ ਜੁਆਬ ਦਿਤਿਆਂ ਬੱਚੇ ਚੁੱਕੇ ਤੇ ਟੈਕਸੀ ਲੈ ਕੇ ਪੇਕੀਂ ਤੁਰ ਗਈ। ਕਈ ਦਿਨ ਇਸੇ ਤਰ੍ਹਾਂ ਗੁਜ਼ਰ ਗਏ। ਫਿਰ ਦੋਨਾਂ ਪਰਿਵਾਰਾਂ ਦੇ ਵਡੇਰਿਆਂ ਨੇ ਸਾਂਝੇ ਬੰਦਿਆਂ ਦੀ ਮੱਦਦ ਨਾਲ ਮਿਲਣ ਦਾ ਪ੍ਰਬੰਧ ਕੀਤਾ ਤੇ ਉਨ੍ਹਾਂ ਵਿਚਕਾਰ ਸੁਲ੍ਹਾ ਕਰਵਾਉਣ ਦੀ ਕੋਸ਼ਿਸ਼ ਕੀਤੀ। ਗੱਲ ਸਿਰੇ ਵੀ ਚੜ੍ਹ ਗਈ। ਫੈਸਲਾ ਕੀਤਾ ਗਿਆ ਕਿ ਦੋਨੋਂ ਜਣੇ ਆਪਣਾ ਵੱਖਰਾ ਅਪਾਰਟਮੈਂਟ ਲੈ ਕੇ ਕਿਧਰੇ ਰਹਿਣ। ਉਨ੍ਹਾਂ ਲਈ ਵੱਖਰੇ ਅਪਾਰਟਮੈਂਟ ਦਾ ਇੰਤਜ਼ਾਮ ਕਰ ਦਿੱਤਾ ਗਿਆ ਤੇ ਉਹ ਬੱਚਿਆਂ ਸਮੇਤ ਉਥੇ ਜਾ ਕੇ ਰਹਿਣ ਲੱਗੇ। ਉਥੇ ਹਫਤਾ ਕੁ ਲੰਘਿਆ ਸੀ ਕਿ ਫਿਰ ਝਗੜਾ ਸ਼ੁਰੂ ਹੋ ਗਿਆ। ਕਾਫੀ ਦੇਰ ਬਹਿਸਣ ਤੋਂ ਬਾਅਦ ਅਮਜਦ ਨੇ ਠੰਢਾ ਹੌਕਾ ਭਰਦਿਆਂ ਕਿਹਾ, “ਆਫੀਆ ਬੱਸ, ਹੁਣ ਆਪਾਂ ਹੋਰ ਇਕੱਠੇ ਨ੍ਹੀਂ ਰਹਿ ਸਕਦੇ।”

“ਫਿਰ?”

“ਮੈਂ ਤੈਥੋਂ ਤਲਾਕ ਚਾਹੁੰਨਾਂ।”

ਉਸ ਦੀ ਇਹ ਗੱਲ ਸੁਣ ਕੇ ਆਫੀਆ ਦੇ ਮੂੰਹ ‘ਤੇ ਪਲਿੱਤਣ ਛਾ ਗਈ। ਉਸ ਨੇ ਬੱਚੇ ਚੁੱਕੇ ਅਤੇ ਆਪਣੇ ਮਾਂ ਪਿਉ ਦੇ ਘਰ ਚਲੀ ਗਈ। ਅਮਜਦ ਚੁੱਪ-ਚਾਪ ਆਪਣੇ ਘਰ ਆ ਗਿਆ। ਦੋ ਕੁ ਹਫਤਿਆਂ ਪਿੱਛੋਂ ਖਾਨ ਪਰਿਵਾਰ ਨੇ ਫਿਰ ਤੋਂ ਵਡੇਰਿਆਂ ਦੀ ਬੈਠਕ ਬੁਲਾਉਣੀ ਚਾਹੀ, ਪਰ ਆਫੀਆ ਦੇ ਪਰਿਵਾਰ ਵਾਲਿਆਂ ਨੇ ਉਨ੍ਹਾਂ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਖਾਨ ਪਰਿਵਾਰ ਦਾ ਫੋਨ ਚੁੱਕਣਾ ਹੀ ਬੰਦ ਕਰ ਦਿੱਤਾ। ਉਂਜ ਤਾਂ ਅਮਜਦ ਤਿੰਨ ਵਾਰੀ ‘ਤਲਾਕ’ ਕਹਿ ਕੇ ਤਲਾਕ ਲੈ ਸਕਦਾ ਸੀ, ਪਰ ਹੁਣ ਸਦੀਕੀ ਪਰਿਵਾਰ ਉਸ ਦਾ ਫੋਨ ਹੀ ਨਹੀਂ ਚੁੱਕਦਾ ਸੀ, ਆਫੀਆ ਨਾਲ ਗੱਲ ਹੋਣੀ ਤਾਂ ਦੂਰ ਦੀ ਗੱਲ। ਫਿਰ ਉਸ ਨੇ ਚਿੱਠੀ ਲਿਖ ਕੇ ਤਲਾਕ ਮੰਗਣ ਦਾ ਸੋਚਿਆ, ਪਰ ਇਸੇ ਵਿਚਕਾਰ ਹੀ ਆਫੀਆ ਦਾ ਪਿਉ, ਸੁਲੇਹ ਸਦੀਕੀ ਫੌਤ ਹੋ ਗਿਆ। ਸਦੀਕੀ ਪਰਿਵਾਰ ਵਾਲੇ ਭਾਵੇਂ ਅਮਜਦ ਨੂੰ ਆਫੀਆ ਦੇ ਪਿਉ ਦੀ ਮੌਤ ਦਾ ਜ਼ਿੰਮੇਵਾਰ ਠਹਿਰਾ ਰਹੇ ਸਨ ਤੇ ਕਹਿ ਰਹੇ ਸਨ ਕਿ ਉਹ ਧੀ ਦਾ ਗਮ ਨਾ ਸਹਿ ਸਕਿਆ, ਇਸੇ ਲਈ ਉਸ ਨੂੰ ਦਿਲ ਦਾ ਦੌਰਾ ਪੈ ਗਿਆ; ਪਰ ਸਭ ਨੂੰ ਪਤਾ ਸੀ ਕਿ ਇਹ ਗੱਲ ਸਹੀ ਨਹੀਂ ਸੀ, ਸਗੋਂ ਬਹੁਤਿਆਂ ਦਾ ਸੋਚਣਾ ਸੀ ਕਿ ਉਹ ਚੰਗਾ ਬੰਦਾ ਸੀ ਜੋ ਆਫੀਆ ਅਤੇ ਅਮਜਦ ਵਿਚਕਾਰ ਸ਼ਾਇਦ ਸਮਝੌਤਾ ਕਰਵਾ ਸਕਦਾ ਸੀ। ਹੁਣ ਜਦੋਂ ਉਹ ਨਾ ਰਿਹਾ ਤਾਂ ਸਭ ਉਮੀਦਾਂ ਖਤਮ ਹੋ ਗਈਆਂ। ਉਦੋਂ ਜਿਹੇ ਹੀ ਆਫੀਆ ਨੇ ਹਸਪਤਾਲ ‘ਚ ਮੁੰਡੇ ਨੂੰ ਜਨਮ ਦਿੱਤਾ, ਪਰ ਉਸ ਨੇ ਜਾਂ ਉਸ ਦੇ ਪਰਿਵਾਰ ਵਾਲਿਆਂ ਨੇ ਅਮਜਦ ਨੂੰ ਇਸ ਬੱਚੇ ਬਾਰੇ ਭਿਣਕ ਨਾ ਪੈਣ ਦਿੱਤੀ। ਨਾ ਹੀ ਉਨ੍ਹਾਂ ਮੁੜ ਕੇ ਅਮਜਦ ਨੂੰ ਦੂਜੇ ਬੱਚਿਆਂ ਨੂੰ ਮਿਲਣ ਦਿੱਤਾ। ਇਸੇ ਵਿਚਕਾਰ ਹੀ ਸਰਕਾਰੀ ਕਾਰਿੰਦੇ ਤਲਾਕ ਵਾਲਾ ਕਾਗਜ਼ ਲੈ ਕੇ ਆਫੀਆ ਕੋਲ ਗਏ ਤਾਂ ਉਸ ਨੇ ਇਸ ‘ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਇੱਕ ਦਿਨ ਸ਼ਾਮ ਵੇਲੇ ਅਮਜਦ ਦੀ ਮਾਂ ਨੇ ਉਸ ਨਾਲ ਗੱਲ ਛੇੜੀ, “ਅਮਜਦ ਬੇਟੇ, ਆਪਾਂ ਹਰ ਹੀਲਾ ਵਰਤ ਕੇ ਦੇਖ ਲਿਆ ਪਰ ਗੱਲ ਕਿਸੇ ਸਿਰੇ ਨ੍ਹੀਂ ਲੱਗਦੀ।”

“ਅੰਮੀ ਸ਼ਾਇਦ ਆਫੀਆ ਨੂੰ ਅਕਲ ਆ ਜਾਵੇ ਤੇ ਉਹ ਤਲਾਕਨਾਮੇ ’ਤੇ ਦਸਤਖਤ ਕਰ ਦੇਵੇ।” ਉਂਜ ਉਹ ਦਿਲੋਂ ਇਹ ਚਾਹੁੰਦਾ ਸੀ ਕਿ ਕਾਸ਼! ਆਫੀਆ ਸੁਧਰ ਜਾਵੇ ਤੇ ਤਲਾਕ ਵਾਲਾ ਮਸਲਾ ਟਲ ਜਾਵੇ। ਇਹ ਸੋਚ, ਉਸ ਦੀ ਆਫੀਆ ਪ੍ਰਤੀ ਮੁਹੱਬਤ ’ਚੋਂ ਉਪਜਦੀ ਸੀ।

“ਨ੍ਹੀਂ ਬੇਟੇ, ਹਰ ਗੱਲ ਦਾ ਕੋਈ ਵਕਤ ਹੁੰਦੈ। ਜਦੋਂ ਗੱਲ ਕਿਸੇ ਖਾਸ ਮੁਕਾਮ ਤੋਂ ਅੱਗੇ ਨਿਕਲ ਜਾਵੇ ਤਾਂ ਫਿਰ ਦੁਬਾਰਾ ਤੋਂ ਇਕੱਠੇ ਰਹਿਣ ਦੀ ਕੋਈ ਤੁਕ ਨ੍ਹੀਂ ਰਹਿ ਜਾਂਦੀ।” ਉਸ ਦੀ ਮਾਂ ਉਸ ਦੇ ਮਨ ਦੇ ਭਾਵ ਸਮਝਦੀ ਸੀ।

“ਠੀਕ ਐ ਅੰਮੀ, ਜਿਵੇਂ ਤੁਹਾਡੀ ਮਰਜ਼ੀ ਐ ਉਵੇਂ ਕਰ ਲਵੋ।” ਅਮਜਦ ਨੇ ਨਿਰਾਸ਼ ਜਿਹਾ ਜੁਆਬ ਦਿੱਤਾ।

“ਅਮਜਦ ਬੇਟੇ, ਪਿਛਲੀ ਵਾਰ ਮੈਥੋਂ ਗਲਤੀ ਹੋਈ ਸੀ ਜਿਸ ਦੀ ਤੈਨੂੰ ਇੰਨੀ ਸਜ਼ਾ ਭੁਗਤਣੀ ਪਈ। ਇਸ ਵਾਰ ਮੈਂ ਰਿਸ਼ਤਾ ਆਪਣੇ ਹੀ ਪਰਿਵਾਰ ’ਚੋਂ ਲੱਭੂੰਗੀ।”

ਅਮਜਦ ਨੇ ਇਸ ਗੱਲ ਦਾ ਕੋਈ ਜੁਆਬ ਨਾ ਦਿੱਤਾ ਤੇ ਉਹ ਉਠ ਕੇ ਦੂਜੇ ਕਮਰੇ ‘ਚ ਚਲਾ ਗਿਆ। ਇਨ੍ਹੀਂ ਦਿਨੀਂ ਉਹ ਕਰਾਚੀ ਦੇ ਹੀ ਇੱਕ ਹਸਪਤਾਲ ‘ਚ ਕੰਮ ਕਰਦਾ ਸੀ। ਅਸਲ ‘ਚ ਜ਼ਾਹਿਰਾ ਖਾਂ ਨੇ ਆਪਣੇ ਪੇਕਿਆਂ ਵੱਲੋਂ ਘਰਾਂ ‘ਚੋਂ ਲੱਗਦੇ ਕਿਸੇ ਭਰਾ ਦੀ ਕੁੜੀ ਉਸ ਲਈ ਪਸੰਦ ਕਰ ਰੱਖੀ ਸੀ। ਬੱਸ ਉਹ ਅਮਜਦ ਦੀ ਸਹਿਮਤੀ ਚਾਹੁੰਦੀ ਸੀ। ਇਹ ਮਸਲਾ ਵੀ ਹੱਲ ਹੋ ਗਿਆ ਤਾਂ ਗੱਲ ਅੱਗੇ ਚਲਾ ਦਿੱਤੀ ਗਈ। ਜ਼ਾਹਿਰਾ ਖਾਂ ਅਤੇ ਨਵੀਂ ਲਾੜੀ ਦਾ ਪਿਉ ਚਾਹੁੰਦੇ ਸਨ ਕਿ ਨਿਕਾਹ ਵਾਲਾ ਮਸਲਾ ਛੇਤੀ ਹੱਲ ਹੋ ਜਾਵੇ। ਉਨ੍ਹਾਂ ਨੂੰ ਡਰ ਸੀ ਕਿ ਕਿਧਰੇ ਆਫੀਆ ਫਿਰ ਤੋਂ ਅਮਜਦ ਨਾਲ ਪਿਆਰ ਜਤਾ ਕੇ ਵਾਪਸ ਨਾ ਆ ਜਾਵੇ। ਕਾਹਲੀ ਕਾਹਲੀ ਵਿਚ ਸਾਦੀ ਜਿਹੀ ਰਸਮ ਕਰ ਕੇ ਮੰਗਣੀ ਕਰ ਦਿੱਤੀ ਗਈ। ਅਮਜਦ ਦੇ ਘਰਵਾਲੇ ਚਾਹੁੰਦੇ ਸਨ ਕਿ ਇਸ ਦੇ ਨਾਲ ਹੀ ਜੇ ਆਫੀਆ ਦੇ ਤਲਾਕ ਵਾਲਾ ਕੰਮ ਵੀ ਨਿੱਬੜ ਜਾਵੇ ਤਾਂ ਫਿਰ ਉਹ ਬਿਲਕੁਲ ਨਿਸ਼ਚਿੰਤ ਹੋ ਜਾਣਗੇ, ਪਰ ਇਹੋ ਇੱਕ ਮਸਲਾ ਉਨ੍ਹਾਂ ਨੂੰ ਸਭ ਤੋਂ ਵੱਧ ਔਖਾ ਲੱਗ ਰਿਹਾ ਸੀ।

ਮੰਗਣੀ ਵਾਲੀ ਸ਼ਾਮ ਅਮਜਦ ਨੇ ਆਪਣੀ ਹੋਣ ਵਾਲੀ ਬੀਵੀ ਨੂੰ ਸ਼ਾਮ ਦੇ ਖਾਣੇ ਲਈ ਕਿਧਰੇ ਬਾਹਰ ਲੈ ਕੇ ਜਾਣਾ ਸੀ। ਇਸੇ ਲਈ ਉਸ ਨੇ ਸ਼ਾਮ ਦਾ ਕੰਮ ਜਲਦੀ ਨਿਬੇੜ ਲਿਆ। ਉਦੋਂ ਹੀ ਨਰਸ ਨੇ ਆ ਕੇ ਉਸ ਨੂੰ ਸੁਨੇਹਾ ਦਿੱਤਾ ਕਿ ਕੋਈ ਕੁੜੀ ਉਸ ਨੂੰ ਮਿਲਣ ਆਈ ਹੈ। ਉਸ ਨੇ ਸੋਚਿਆ ਕਿ ਉਸ ਦੀ ਨਵੀਂ ਦੁਲਹਨ ਹੋਵੇਗੀ। ਉਸ ਨੇ ਡਾਕਟਰਾਂ ਵਾਲਾ ਗਾਊਨ ਲਾਹ ਦਿੱਤਾ ਤੇ ਆਪਣੇ ਕੱਪੜੇ ਵਗੈਰਾ ਠੀਕ ਕੀਤੇ। ਉਹ ਜਿਉਂ ਹੀ ਬਾਹਰ ਆਇਆ ਤਾਂ ਦੇਖਦਾ ਹੀ ਰਹਿ ਗਿਆ। ਸਾਹਮਣੇ ਆਫੀਆ ਖੜ੍ਹੀ ਸੀ। ਇਸ ਵੇਲੇ ਉਹ ਉਸ ਨੂੰ ਇੰਨੀ ਸੁੰਦਰ ਲੱਗੀ ਜਿੰਨੀ ਪਹਿਲੀ ਮੁਲਾਕਾਤ ਵੇਲੇ ਵੀ ਨਹੀਂ ਲੱਗੀ ਸੀ। ਉਥੇ ਆਲੇ ਦੁਆਲੇ ਦੇ ਸਟਾਫ ਨੂੰ ਇਹੋ ਸੀ ਕਿ ਇਹ ਅਮਜਦ ਦੀ ਹੋਣ ਵਾਲੀ ਬੀਵੀ ਹੈ। ਆਫੀਆ ਵੱਲ ਦੇਖਦਿਆਂ ਅਮਜਦ ਨੇ ਅੰਦਾਜ਼ਾ ਲਾ ਲਿਆ ਕਿ ਇਹ ਤਕਰਬੀਨ ਮਹੀਨਾ ਕੁ ਪਹਿਲਾਂ ਬੱਚੇ ਨੂੰ ਜਨਮ ਦੇ ਚੁੱਕੀ ਹੋਵੇਗੀ, ਪਰ ਫਿਰ ਵੀ ਇਸ ਵੇਲੇ ਉਸ ਦੀ ਖ਼ੂਬਸੂਰਤੀ ਲਾਜੁਆਬ ਸੀ।

“ਜਨਾਬ ਕਿਨ੍ਹਾਂ ਸੋਚਾਂ ’ਚ ਗੁੰਮ ਨੇ?” ਆਫੀਆ ਨੇ ਅਗਾਂਹ ਹੁੰਦਿਆਂ ਬੜੇ ਹੀ ਮੋਹ ਨਾਲ ਅਮਜਦ ਦੀ ਬਾਂਹ ਫੜ ਲਈ। ਅਮਜਦ ਦੀ ਰੂਹ ਨੂੰ ਸਕੂਨ ਮਿਲ ਗਿਆ।

“ਮੈਂ ਤਾਂ ਤੈਨੂੰ ਈ ਦੇਖ ਰਿਹਾ ਸੀ। ਕਿੰਨੀ ਖ਼ੂਬਸੂਰਤ ਲੱਗ ਰਹੀ ਐਂ। ਪਰ...।”

“ਪਰ...ਪਰ ਕੀ ਮੇਰੇ ਭੋਲੇ ਭਾਲੇ ਡਾਕਟਰ ਸਾਹਿਬ?” ਆਫੀਆ ਨੇ ਉਸ ਦੀ ‘ਪਰ’ ਦਾ ਮਤਲਬ ਸਮਝਦਿਆਂ ਗੁੱਝਾ ਮਖੌਲ ਕੀਤਾ।

“ਹੁਣ ਸਮਝ ਈ ਗਈ ਐਂ ਤਾਂ ਆਪ ਈ

ਦੱਸ ਦੇ।"

"ਤੇਰਾ ਛੋਟਾ ਸਾਹਿਬਜ਼ਾਦਾ ਇੱਕ ਮਹੀਨੇ ਦਾ ਹੋ ਚੁੱਕਾ ਐ।" ਆਫੀਆ ਨੇ ਉਸ ਦੀ ਬਾਂਹ 'ਤੇ ਪੋਲੀ ਜਿਹੀ ਚੂੰਢੀ ਵੱਡੀ।

"ਤੇ ਮੈਨੂੰ ਪਤਾ ਵੀ ਨ੍ਹੀਂ?" ਅਮਜਦ ਨੇ ਰੋਸਾ ਦਿਖਾਇਆ।

"ਮੈਂ ਮੰਨਦੀ ਆਂ ਇਹ ਗੱਲ, ਪਰ ਕਈ ਵਾਰ ਇਨਸਾਨ ਦੇ ਹੱਥ ਵੱਸ ਕੁਝ ਨ੍ਹੀਂ ਹੁੰਦਾ। ਹੁਣ ਤੂੰ ਈ ਦੱਸ ਕਿ ਉਸ ਵੇਲੇ ਮੈਂ ਤਾਂ ਤੈਨੂੰ ਇਹ ਖ਼ਬਰ ਦੇਣ ਦੀ ਹਾਲਤ 'ਚ ਨ੍ਹੀਂ ਸੀ। ਘਰ ਦੇ ਕਿਸੇ ਹੋਰ ਮੈਂਬਰ ਨੇ ਤੁਹਾਡੇ ਵੱਲ ਇਹ ਇਤਲਾਹ ਭੇਜਣੀ ਸੀ, ਪਰ ਮੇਰਾ ਖਿਆਲ ਐ ਕਿ ਆਪਣੇ ਦੋਹਾਂ ਦੇ ਘਰਵਾਲੇ ਆਪਾਂ ਨੂੰ ਜੋੜਨ ਨਾਲੋਂ ਤੋੜਨ ਵੱਲ ਵੱਧ ਧਿਆਨ ਦੇ ਰਹੇ ਨੇ।" ਆਫੀਆ ਨੇ ਬਹਾਨੇ ਨਾਲ ਨਵ-ਜਨਮੇ ਬੱਚੇ ਬਾਰੇ ਅਮਜਦ ਦੇ ਘਰ ਇਤਲਾਹ ਨਾ ਦੇਣ ਲਈ ਆਪਣੇ ਘਰ ਵਾਲਿਆਂ ਨੂੰ ਕਸੂਰਵਾਰ ਠਹਿਰਾਇਆ। ਨਾਲ ਹੀ ਉਸ ਨੇ ਉਨ੍ਹਾਂ ਦੀ ਆਪਸੀ ਅਣ-ਬਣ ਲਈ ਪਹਿਲੀ ਵਾਰ ਆਪਣੇ ਪੇਕੇ ਵਾਲਿਆਂ ਨੂੰ ਵੀ ਦੋਸ਼ ਦਿੱਤਾ। ਅਮਜਦ ਕੁਝ ਨਾ ਬੋਲਿਆ ਤਾਂ ਆਫੀਆ ਨੇ ਉਸ ਦੀ ਠੋਡੀ ਘੁਮਾ ਕੇ ਆਪਣੇ ਵੱਲ ਕਰਦਿਆਂ ਕਿਹਾ, "ਚੱਲ ਹੁਣ ਤਾਂ ਇਸ ਗੱਲ ਬਾਰੇ ਮੁਆਫ ਕਰ ਦੇਹ। ਹੁਣ ਤਾਂ ਮੈਂ ਆਪ ਚੱਲ ਕੇ ਤੈਨੂੰ ਦੱਸਣ ਆਈ ਆਂ।" ਆਫੀਆ ਨੇ ਖੂਬਸੂਰਤ ਅਦਾ ਕਰਦਿਆਂ ਕੰਨਾਂ ਨੂੰ ਹੱਥ ਲਾਏ। ਅਮਜਦ ਨੂੰ ਆਫੀਆ ਦਾ ਭੋਲਾਪਣ ਅੰਦਰ ਤੱਕ ਭਾਅ ਗਿਆ। ਉਸ ਨੇ ਉਸ ਦਾ ਹੱਥ ਘੁੱਟ ਕੇ ਫੜ ਲਿਆ। ਉਹ ਉਵੇਂ ਤੁਰਦੇ ਬਾਹਰ ਆ ਗਏ।

"ਮੇਰਾ ਖਿਆਲ ਐ ਕਿ ਮੇਰਾ ਪਿਆਰਾ ਪਿਆਰਾ ਮੀਆਂ ਇੰਨਾ ਤਾਂ ਸਮਝਦਾ ਈ ਹੋਵੇਗਾ ਕਿ ਸ਼ਾਮ ਦਾ ਵੇਲਾ ਐ ਤੇ ਮੈਨੂੰ ਭੁੱਖ ਵੀ ਬਹੁਤ ਲੱਗੀ ਹੋਊਗੀ?"

"ਊਹ ਹਾਂ ਹਾਂ! ਆਪਾਂ ਕਿਸੇ ਨੇੜਲੇ ਰੈਸਟੋਰੈਂਟ 'ਚ ਚੱਲਦੇ ਆਂ।" ਇੰਨਾ ਕਹਿੰਦਿਆਂ ਅਮਜਦ, ਆਫੀਆ ਨੂੰ ਲੈ ਕੇ ਕਾਰ ਵੱਲ ਤੁਰ ਪਿਆ।

"ਵੈਸੇ ਮੈਂ ਜਾਣਦੀ ਆਂ ਕਿ ਮੇਰਾ ਡਾਕਟਰ ਮੀਆਂ ਹੱਦ ਦਰਜੇ ਦਾ ਕੰਜੂਸ ਐ, ਪਰ ਜਨਾਬ ਅੱਜ ਇਹ ਕੰਜੂਸੀ ਨ੍ਹੀਂ ਚੱਲਣੀ। ਅੱਜ ਆਪਣੇ ਸਾਹਿਬਜ਼ਾਦੇ ਦੇ ਜਨਮ ਦੀ ਖੁਸ਼ੀ 'ਚ ਇਹ ਡਿਨਰ ਮੇਰੀ ਪਸੰਦ ਦਾ ਹੋਵੇਗਾ।

"ਦੱਸ ਫਿਰ ਕਿੱਥੇ ਚੱਲੀਏ?"

"ਹੋਟਲ ਸ਼ੈਰੇਟਨ।"

"ਠੀਕ ਐ ਬੈਠ ਗੱਡੀ 'ਚ।" ਅਮਜਦ ਨੇ ਤਾਕੀ ਖੋਲ੍ਹ ਕੇ ਆਫੀਆ ਨੂੰ ਨਾਲ ਬਿਠਾ ਲਿਆ ਤੇ ਚੱਲ ਪਿਆ। ਸ਼ੈਰੇਟਨ ਹੋਟਲ ਦੇ ਰੈਸਟੋਰੈਂਟ ਜਾ ਕੇ ਉਨ੍ਹਾਂ ਬੜਾ ਸ਼ਾਨਦਾਰ ਡਿਨਰ ਕੀਤਾ। ਆਫੀਆ ਦੀ ਹੋਂਦ ਨੇ ਪਿਛਲੇ ਕਿੰਨੇ ਹੀ ਦਿਨਾਂ ਤੋਂ ਪ੍ਰੇਸ਼ਾਨ ਤੁਰੇ ਫਿਰਦੇ ਅਮਜਦ ਦਾ ਕਾਲਜਾ ਠਾਰ ਦਿੱਤਾ।

"ਕਿਵੇਂ ਰਿਹਾ ਡਿਨਰ?" ਅਮਜਦ ਬਿੱਲ ਦੇ ਕੇ ਤੁਰਦਾ ਬੋਲਿਆ।

"ਅਮਜਦ ਤੇਰੇ ਹੱਥ ਦਾ ਤਾਂ ਜ਼ਹਿਰ ਵੀ ਆਬ-ਏ-ਹਯਾਤ ਐ। ਇਹ ਤਾਂ ਫਿਰ ਵੀ ਡਿਨਰ ਐ।" ਆਫੀਆ ਨੇ ਹਨੇਰੇ ਜਿਹੇ 'ਚ ਪਿੱਛੋਂ ਦੀ ਹੋ ਕੇ ਅਮਜਦ ਨੂੰ ਜੱਫੀ ਪਾ ਲਈ। ਅਮਜਦ ਨੇ ਉਸ ਦੀ ਬਾਂਹ ਫੜ ਕੇ ਨਾਲ ਲਾ ਲਿਆ।

"ਹੁਣ ਫਿਰ ਕੀ ਪ੍ਰੋਗਰਾਮ ਐ?"

"ਆ ਜਾ ਸਾਹਮਣੇ ਪਾਰਕ 'ਚ ਚੱਲਦੇ ਆਂ।" ਆਫੀਆ ਉਸ ਨੂੰ ਪਾਰਕ ਵੱਲ ਲੈ ਤੁਰੀ। ਉਹ ਹੋਟਲ ਦੇ ਲਾਨ ਦੀ ਕੋਨੇ ਵਾਲੀ ਨਿਵੇਕਲੀ ਜਿਹੀ ਪੱਥਰ ਦੀ ਬੈਂਚ 'ਤੇ ਬੈਠ ਗਏ। ਆਫੀਆ ਨੇ ਅਮਜਦ ਦੀ ਬਾਂਹ ਨਾਲ ਸਿਰ ਲਾ ਕੇ ਅੱਖਾਂ ਮੀਚ ਲਈਆਂ ਤੇ ਮਨ 'ਚ ਸੋਚਿਆ ਕਿ ਕਾਸ਼! ਵਕਤ ਇੱਥੇ ਹੀ ਰੁਕ ਜਾਵੇ। ਅਮਜਦ, ਆਫੀਆ ਦੇ ਵਾਲਾਂ 'ਚ ਹੱਥ ਫੇਰਨ ਲੱਗਿਆ।

"ਅਮਜਦ, ਕਿੰਨੇ ਚੰਗੇ ਸਨ ਉਹ ਦਿਨ ਜਦੋਂ ਆਪਾਂ ਬੋਸਟਨ ਰਹਿੰਦੇ ਹੁੰਦੇ ਸੀ।"

"ਉਨ੍ਹਾਂ ਸੁਹਾਵਣੇ ਦਿਨਾਂ ਦੀ ਯਾਦ ਬੜਾ ਤੜਫਾਉਂਦੀ ਐ ਆਫੀਆ, ਕੀ ਦੱਸਾਂ।" ਅਮਜਦ ਨੇ ਵੀ ਠੰਢਾ ਹੌਕਾ ਭਰਿਆ।

"ਆਪਾਂ ਲੜਦੇ ਝਗੜਦੇ ਵੀ ਸੀ, ਪਰ ਪਲਾਂ 'ਚ ਈ ਉਹੋ ਜਿਹੇ ਫਿਰ ਹੋ ਜਾਂਦੇ ਹੁੰਦੇ ਸੀ।"

"ਮੈਨੂੰ ਤੇਰੀ ਲੜਨ ਤੇ ਮੰਨਣ ਦੀ ਅਦਾ ਬੜੀ ਪਿਆਰੀ ਲੱਗਦੀ ਹੁੰਦੀ ਸੀ।"

"ਤੇ ਮੈਨੂੰ ਤੇਰੀ ਮੂੰਹ ਫੁਲਾਉਣ ਦੀ।" ਆਫੀਆ ਨੇ ਅਮਜਦ ਵੱਲ ਮੂੰਹ ਕਰ ਕੇ ਉਸ ਦੀ ਨਕਲ ਲਾਹੀ ਤਾਂ ਦੋਨੋਂ ਹੱਸ ਪਏ।

"ਕਾਸ਼ ਕਿ ਉਹ ਦਿਨ ਵਾਪਸ ਆ ਜਾਣ।"

"ਲੰਘੇ ਦਿਨ ਵੀ ਕਦੇ ਵਾਪਸ ਆਏ ਨੇ ਕਮਲੀਏ, ਪਰ ਆਪਾਂ ਮੌਜੂਦਾ ਵਕਤ ਨੂੰ ਜ਼ਰੂਰ ਉਹੋ ਜਿਹਾ ਬਣਾ ਸਕਦੇ ਆਂ। ਬੱਸ ਇਨਸਾਨ ਦੇ ਹੱਥ ਇੰਨਾ ਕੁ ਈ ਹੁੰਦਾ ਐ।"

"ਅਮਜਦ ਪਿਛਲੇ ਦਿਨੀਂ ਆਪਾਂ ਲੜਨ ਝਗੜਨ ਦੀਆਂ ਸਭ ਹੱਦਾਂ ਪਾਰ ਕਰ ਦਿੱਤੀਆਂ ਨੇ। ਕਈ ਵਾਰੀ ਮੈਂ ਤੇਰੇ 'ਤੇ ਹੱਦੋਂ ਵੱਧ ਗੁੱਸੇ ਹੋਈ ਹੋਊਂਗੀ, ਪਰ ਕੀ ਤੈਨੂੰ ਅਜੇ ਵੀ ਮੇਰੇ ਨਾਲ ਮੁਹੱਬਤ ਐ?"

"ਆਫੀਆ, ਮੁਹੱਬਤ ਲੜਨ-ਝਗੜਨ ਨਾਲ ਘਟਦੀ ਵਧਦੀ ਨ੍ਹੀਂ ਹੁੰਦੀ। ਇਕੱਠੇ ਰਹਿੰਦਿਆਂ ਲੜਨਾ-ਝਗੜਨਾ ਆਮ ਗੱਲਾਂ ਨੇ।"

ਆਫੀਆ ਨੇ ਅਮਜਦ ਦੁਆਲੇ ਵਲੀ ਬਾਂਹ ਹੋਰ ਘੁੱਟ ਲਈ। ਅਮਜਦ ਨੂੰ ਵੀ ਇਸ ਵੇਲੇ ਆਫੀਆ ਦਾ ਅੰਤਾਂ ਦਾ ਮੋਹ ਆਇਆ।

"ਮੈਂ ਤੇਰੇ ਨਾਲ ਕਈ ਵਧੀਕੀਆਂ ਕੀਤੀਆਂ ਨੇ ਅਮਜਦ...।" ਇੰਨਾ ਕਹਿੰਦਿਆਂ ਆਫੀਆ ਰੋਣ ਲੱਗੀ। ਅਮਜਦ ਤੋਂ ਉਸ ਦਾ ਰੋਣਾ ਝੱਲ ਨਾ ਹੋਇਆ। ਉਸ ਨੇ ਉਸ ਦੇ ਮੋਢੇ 'ਤੇ ਹੱਥ ਫੇਰਦਿਆਂ ਉਸ ਨੂੰ ਧਰਵਾਸ ਦਿੰਦਿਆਂ, ਫਿਰ ਤੋਂ ਗੱਲਾਂ 'ਚ ਲਾ ਲਿਆ। ਆਫੀਆ ਅਮਜਦ ਦੀ ਬੁੱਕਲ 'ਚ ਸਿਰ ਰੱਖ ਕੇ ਪੈ ਗਈ।

"ਅਹਿਮਦ ਦਾ ਕੀ ਹਾਲ ਐ?" ਉਸ ਨੇ ਉਸ ਦਾ ਮਨ ਪ੍ਰਚਾਉਣ ਲਈ ਗੱਲ ਬੱਚਿਆਂ ਵੱਲ ਮੋੜ ਲਈ।

"ਬਿਲਕੁਲ ਠੀਕ, ਪਰ ਜਦੋਂ ਗੁੱਸੇ ਹੁੰਦੈ ਤਾਂ ਮੱਥੇ 'ਚ ਪਾਈ ਘੂਰੀ, ਪਿਉ ਵਾਂਗੂੰ ਨਾਗਵਲ ਬਣ ਜਾਂਦੀ ਐ।"

"ਤੇ ਮਾਂ ਵਾਂਗੂੰ ਕੁੱਟਣ ਨ੍ਹੀਂ ਪੈਂਦਾ?" ਅਮਜਦ ਨੇ ਆਫੀਆ ਦਾ ਨੱਕ ਫੜ ਕੇ ਹਿਲਾਇਆ। ਆਫੀਆ ਨੇ ਹੱਸਦਿਆਂ ਉਸ ਦੀ ਛਾਤੀ 'ਚ ਪਿਆਰ ਦੀਆਂ ਪੋਲੀਆਂ ਪੋਲੀਆਂ ਮੁੱਕੀਆਂ ਮਾਰੀਆਂ।

"ਮਰੀਅਮ ਕਿਵੇਂ ਐਂ?"

"ਉਹ ਵੀ ਠੀਕ ਐ। ਪੜ੍ਹਨ ਨੂੰ ਬਹੁਤ ਹੁਸ਼ਿਆਰ ਐ।"

"ਪਿਉ 'ਤੇ ਗਈ ਐ ਨਾ।"

"ਪਿਉ 'ਤੇ ਨ੍ਹੀਂ, ਮਾਂ 'ਤੇ ਗਈ ਐ ਜਨਾਬ। ਯਾਦ ਐ, ਕਿਵੇਂ ਮੈਂ ਯੂਨੀਵਰਸਿਟੀ 'ਚੋਂ ਟਾਪ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ।"

"ਮੈਨੂੰ ਮਾਣ ਐਂ ਤੇਰੇ 'ਤੇ ਆਫੀਆ ਪਰ...।"

ਆਫੀਆ ਨੇ ਅਮਜਦ ਦੇ ਮੂੰਹ 'ਤੇ ਉਂਗਲ ਰੱਖਦਿਆਂ ਉਸ ਨੂੰ ਬੋਲਣ ਤੋਂ ਰੋਕ ਦਿੱਤਾ ਤੇ ਬੋਲੀ, "ਇਹ ਪਿਆਰ ਦੀਆਂ ਘੜੀਆਂ ਮਸਾਂ ਮਿਲੀਆਂ ਨੇ। ਇਨ੍ਹਾਂ ਨੂੰ ਆਪਾਂ ਕੜਵਾਹਟ 'ਚ ਬਿਲਕੁਲ ਨ੍ਹੀਂ ਬਦਲਣਾ।"

"ਚੱਲ ਠੀਕ ਐ।"

"ਸਗੋਂ ਮੈਂ ਤਾਂ ਉਹ ਕੜਵਾਹਟਾਂ ਹਮੇਸ਼ਾ ਲਈ ਖਤਮ ਕਰਨ ਆਈ ਆਂ।"

"ਹੈਂ!"

"ਅਮਜਦ ਬੱਚੇ ਤੇਰੇ ਬਿਨਾਂ ਦਿਲ ਨ੍ਹੀਂ ਲਾਉਂਦੇ।" ਆਫੀਆ ਨੇ ਗੱਲ ਹੋਰ ਪਾਸੇ ਮੋੜ ਲਈ।

"ਤੇ ਬੱਚਿਆਂ ਦੀ ਮਾਂ?" ਅਮਜਦ ਹੱਸਿਆ।

"ਮੱਛੀ ਪਾਣੀ ਤੋਂ ਬਾਹਰ ਰਹਿ ਕੇ ਕਿੰਨਾ ਤੜਫਦੀ ਐ, ਇਹ ਪੀੜਾ ਤਾਂ ਸਿਰਫ ਉਹ ਵਿਚਾਰੀ ਖੁਦ ਈ ਜਾਣਦੀ ਐ।" ਆਫੀਆ ਨੇ ਅੱਖਾਂ ਪੂੰਝੀਆਂ।

"ਆਫੀਆ ਤੈਨੂੰ ਦੁੱਖ ਪਹੁੰਚਾਉਣ ਲਈ ਮੈਂ ਤੇਰਾ ਗੁਨਾਹਗਾਰ ਆਂ।"

"ਨ੍ਹੀਂ ਪਲੀਜ਼, ਅਜਿਹੀਆਂ ਗੱਲਾਂ ਨਾ ਕਰ। ਪੁਰਾਣਾ ਸਭ ਕੁਛ ਭੁੱਲ ਜਾਹ।"

"ਠੀਕ ਐ ਪੁਰਾਣੇ ਸਭ ਕੁਛ 'ਤੇ ਮਿੱਟੀ ਪਾਈ। ਹੁਣ ਦੱਸ ਕੀ ਹੁਕਮ ਐ ਸਰਕਾਰ ਦਾ?"

"ਅਮਜਦ ਤੈਨੂੰ ਬੱਚੇ ਬਹੁਤ ਯਾਦ ਕਰਦੇ ਨੇ। ਮੈਥੋਂ ਉਨ੍ਹਾਂ ਦੀ ਤੜਫ ਵੇਖੀ ਨ੍ਹੀਂ ਜਾਂਦੀ।" ਆਫੀਆ ਬੱਚਿਆਂ ਦੀ ਗੱਲ ਕਰ ਰਹੀ ਸੀ ਪਰ ਅਮਜਦ, ਆਫੀਆ ਦੀ ਤੜਫ ਮਹਿਸੂਸ ਕਰ ਰਿਹਾ ਸੀ। ਉਸ ਨੇ ਡੂੰਘਾ ਹੌਕਾ ਭਰਿਆ।



*ਆਫੀਆ ਦੀ ਅੰਮੀ ਇਸਮਤ ਜਿਸ ਵੱਲੋਂ ਉਸ ਦੇ ਜ਼ਿਹਨ ਵਿਚ ਬਿਠਾਏ ਜਹਾਦ ਨੂੰ ਉਹ ਕਦੀ ਵਿਸਾਰ ਨਾ ਸਕੀ।*

"ਮੈਂ ਕਿਹੜਾ ਕੋਈ ਸੁਖੀ ਆਂ ਤੁਹਾਥੋਂ ਬਿਨਾਂ।" ਅਮਜਦ ਹੌਲੀ ਜਿਹੀ ਬੋਲਿਆ।

"ਚੱਲ ਫਿਰ ਆਪਣੇ ਬੱਚਿਆਂ ਕੋਲ ਚੱਲ। ਕਿਉਂ ਆਪਾਂ ਇੱਕ ਦੂਜੇ ਬਿਨਾਂ ਭਟਕਦੇ ਫਿਰਦੇ ਆਂ।"

"ਚੱਲ ਤਾਂ ਵੜਦਾਂ, ਪਰ ਕਿੱਥੇ?"

"ਮੇਰੇ ਘਰ, ਹੋਰ ਕਿੱਥੇ।"

"ਨ੍ਹੀਂ ਆਫੀਆ ਉਥੇ ਨ੍ਹੀਂ ਮੈਂ ਜਾ ਸਕਦਾ। ਤੈਨੂੰ ਪਤਾ ਈ ਐ ਕਿ ਪਿੱਛੇ ਕੀ ਕੁਛ ਹੋ ਕੇ ਹਟਿਆ ਐ।"

"ਅਮਜਦ ਉਸ ਦੇ ਲਈ ਆਪਾਂ ਦੋਨੋਂ ਈ ਕਸੂਰਵਾਰ ਸੀ। ਹੁਣ ਪੁਰਾਣੀਆਂ ਗੱਲਾਂ ਭੁਲਾਉਣ ਦਾ ਫੈਸਲਾ ਵੀ ਆਪਣਾ ਦੋਨਾਂ ਦਾ ਈ ਐ।"

"ਫਿਰ ਵੀ ਆਫੀਆ ਮੈਂ ਮੁਆਫੀ ਚਾਹੁੰਨਾਂ ਉਸ ਘਰ 'ਚ...।" ਅਗਾਂਹ ਉਸ ਨੇ ਗੱਲ ਵਿਚਾਲੇ ਛੱਡ ਦਿੱਤੀ।

"ਚੱਲ ਫਿਰ ਇਉਂ ਕਰਦੇ ਆਂ, ਨਾ ਤੇਰੇ ਘਰ ਤੇ ਨਾ ਈ ਮੇਰੇ। ਆਪਾਂ ਅਪਾਰਟਮੈਂਟ ਲੈ ਲੈਨੇ ਆਂ ਤੇ ਆਪਣੀ ਜ਼ਿੰਦਗੀ ਨਵੇਂ ਸਿਰਿਉਂ ਸ਼ੁਰੂ ਕਰਾਂਗੇ?"

"ਤੇਰੀ ਇਸ ਗੱਲ 'ਤੇ ਗੌਰ ਕੀਤਾ ਜਾ ਸਕਦਾ ਐ।"

"ਗੌਰ ਕੀ ਕਰਨੈਂ। ਆਪਾਂ ਕਿਹੜਾ ਕਿਸੇ ਤੋਂ ਇਜਾਜ਼ਤ ਲੈਣੀ ਆ। ਚੱਲ ਉਠ, ਅੱਜ ਕਿਸੇ ਹੋਟਲ 'ਚ ਰੁਕ ਜਾਵਾਂਗੇ। ਕੱਲ੍ਹ ਨੂੰ ਮੈਂ ਟੈਕਸੀ ਕਰ ਕੇ ਬੱਚਿਆਂ ਨੂੰ ਲੈ ਆਊਂਗੀ ਤੇ ਤੂੰ ਉਦੋਂ ਨੂੰ ਕਿਧਰੇ ਅਪਾਰਟਮੈਂਟ ਦਾ ਇੰਤਜ਼ਾਮ ਕਰ ਲਵੀਂ।"

"ਹਾਂ ਇਹ ਗੱਲ ਤੇਰੀ ਬਿਲਕੁਲ ਠੀਕ ਐ।"

ਅਮਜਦ ਦੇ ਹਾਮੀ ਭਰਦਿਆਂ ਹੀ ਆਫੀਆ ਨੇ ਉਸ ਦੇ ਦੁਆਲੇ ਬਾਂਹਾਂ ਕੱਸ ਲਈਆਂ। ਉਸ ਨੂੰ ਲੱਗਿਆ ਜਿਵੇਂ ਕਿ ਮਨ ਤੋਂ ਮਣਾਂ ਮੂੰਹੀਂ ਭਾਰ ਲਹਿ ਗਿਆ ਹੋਵੇ। ਇੰਨੇ ਨੂੰ ਅਮਜਦ ਦੇ ਫੋਨ ਦੀ ਘੰਟੀ ਵੱਜੀ। ਉਸ ਨੇ ਆਫੀਆ ਨੂੰ ਉਵੇਂ ਹੀ ਛਾਤੀ ਨਾਲ ਲਾਈ ਰੱਖਿਆ ਤੇ ਫੋਨ ਆਨ ਕਰ ਕੇ ਹੈਲੋ ਕਹੀ। ਉਧਰ ਫੋਨ 'ਤੇ ਉਸ ਦੀ ਮਾਂ ਦੀ ਆਵਾਜ਼ ਆਈ, "ਪੁੱਤਰ ਅਮਜਦ, ਤੂੰ ਕਿੱਧਰ ਰਹਿ ਗਿਐਂ?"

"ਅੰਮੀ ਮੈਂ ਤਾਂ...।" ਉਸ ਨੇ ਆਫੀਆ ਨੂੰ ਮੂੰਹ 'ਤੇ ਉਂਗਲ ਰੱਖਣ ਦਾ ਇਸ਼ਾਰਾ ਕੀਤਾ ਤੇ ਫਿਰ ਅੱਗੇ ਬੋਲਿਆ, "ਅੰਮੀ ਮੈਨੂੰ ਤਾਂ ਇੱਧਰ ਕਿਧਰੇ ਕੰਮ ਆਉਣਾ ਪੈ ਗਿਆ ਸੀ।"

ਆਫੀਆ ਜਿਸ ਦਾ ਚਿੱਤ ਅਮਜਦ ਦੀ ਮਾਂ ਦਾ ਫੋਨ ਆਉਣ 'ਤੇ ਹੀ ਖਰਾਬ ਹੋ ਗਿਆ ਸੀ, ਫੋਨ 'ਚੋਂ ਉਸ ਤੱਕ ਪਹੁੰਚਦੀ ਗੱਲ ਧਿਆਨ ਨਾਲ ਸੁਣਨ ਲੱਗੀ। ਅਮਜਦ ਦੀ ਮਾਂ ਬੋਲੀ, "ਤੈਨੂੰ ਯਾਦ ਹੋਣਾ ਚਾਹੀਦਾ ਸੀ ਕਿ ਤੂੰ ਅੱਜ ਕਿਸੇ ਨੂੰ ਡਿਨਰ ਕਰਵਾਉਣ ਲੈ ਕੇ ਜਾਣਾ ਸੀ।"

"ਜੀ ਅੰਮੀ। ਮੈਂ ਤੁਹਾਨੂੰ ਬਾਅਦ ਵਿਚ ਫੋਨ ਕਰਦਾਂ।"

ਅਮਜਦ ਦੀ ਮਾਂ ਨੇ ਉਸ ਦੀ ਦੁਬਾਰਾ ਫੋਨ ਕਰਨ ਵਾਲੀ ਗੱਲ ਸੁਣੀ ਈ ਨਾ ਤੇ ਆਪ ਮੁਹਾਰੇ ਹੀ ਬੋਲਣ ਲੱਗੀ, "ਤੇਰੀ ਹੋਣ ਵਾਲੀ ਦੁਲਹਨ ਤੇਰੀ ਉਡੀਕ ਕਰਦੀ ਰਹੀ। ਤੂੰ ਨਾ ਆਇਆ ਤਾਂ ਆਖਰ ਉਹ ਘਰ ਚਲੀ ਗਈ।"

"ਹੋਣ ਵਾਲੀ ਦੁਲਹਨ!?" ਇਹ ਲਫਜ਼ ਸੁਣਦਿਆਂ ਹੀ ਆਫੀਆ ਦੇ ਸੀਨੇ 'ਤੇ ਆਰੀ ਚੱਲ ਗਈ, ਫਿਰ ਵੀ ਉਹ ਜ਼ਬਤ 'ਚ ਰਹੀ। ਉਸ ਨੂੰ ਅਮਜਦ ਦੀ ਮਾਂ ਦੀ ਗੱਲ ਫਿਰ ਸੁਣਨ ਲੱਗੀ, "ਹੁਣੇ ਇਹ ਹਾਲ ਐ ਤਾਂ ਪਿੱਛੋਂ ਕੀ ਪੂਰੀਆਂ ਪਾਉਗੇ। ਦੋ ਦਿਨ ਪਿੱਛੋਂ ਤੁਹਾਡਾ ਨਿਕਾਹ ਐ। ਤੂੰ ਕੁਛ ਤਾਂ ਸੋਚਣਾ ਸੀ।"

ਹੁਣ ਆਫੀਆ ਤੋਂ ਆਪਣੇ ਆਪ 'ਤੇ ਕਾਬੂ ਨਾ ਰੱਖ ਹੋਇਆ। ਉਹ ਛਾਲ ਮਾਰ ਕੇ ਉਠੀ।

"ਅਮਜਦ ਬੰਦਿਆ, ਪਿਆਰ ਦੇ ਵਾਅਦੇ ਮੇਰੇ ਨਾਲ, ਤੇ ਉਧਰ ਨਵਾਂ ਨਿਕਾਹ ਰਚਾਉਣ ਦੀ ਤਿਆਰੀ ਚੱਲ ਰਹੀ ਐ। ਮੈਂ ਤੈਨੂੰ ਇੰਨਾ ਕਮੀਨਾ ਨ੍ਹੀਂ ਸੀ ਸਮਝਿਆ।" ਇੰਨਾ ਕਹਿੰਦਿਆਂ ਆਫੀਆ ਨੇ ਝਪਟ ਕੇ ਅਮਜਦ ਦੇ ਗਲਾਮੇ 'ਚ ਹੱਥ ਪਾ ਲਿਆ। ਉਹ ਉਸ ਨੂੰ ਇੱਧਰ-ਉਧਰ ਖਿਚਦੀ ਰਹੀ। ਫਿਰ ਉਸ ਦੀ ਛਾਤੀ 'ਚ ਮੁੱਕੀਆਂ ਮਾਰਨ ਲੱਗੀ। ਮੁੱਕੀਆਂ ਮਾਰ ਮਾਰ ਕੇ ਉਹ ਹਫ ਗਈ ਤਾਂ ਅਮਜਦ ਦੀ ਛਾਤੀ ਨਾਲ ਲੱਗਣ ਨੂੰ ਅਹੁਲੀ ਜਿਵੇਂ ਉਹ ਹਰ ਲੜਾਈ ਪਿੱਛੋਂ ਕਰਦੀ ਹੁੰਦੀ ਸੀ, ਪਰ ਫਿਰ ਉਹ ਇੱਕਦਮ ਰੁਕੀ ਤੇ ਪਿਛਾਂਹ ਹਟਦੀ ਹੱਥਾਂ 'ਚ ਮੂੰਹ ਲੈ ਕੇ ਰੋਣ ਲੱਗੀ। ਅਮਜਦ ਦੀ ਵੀ ਰੁੱਸੀ ਹੋਈ ਆਫੀਆ ਨੂੰ ਸੀਨੇ ਨਾਲ ਲਾਉਣ ਦੀ ਚਾਹਤ ਮਨ 'ਚ ਹੀ ਰਹਿ ਗਈ।

ਕੁਝ ਦੇਰ ਹੌਕੇ ਭਰਦਿਆਂ ਆਫੀਆ ਸੰਭਲੀ ਤੇ ਉਸ ਨੇ ਜਾਣ ਲਈ ਆਪਣਾ ਬੈਗ ਚੁੱਕ ਲਿਆ।

"ਆਫੀਆ ਮੇਰੀ ਗੱਲ ਸੁਣ...।" ਅਮਜਦ ਨੇ ਉਸ ਨੂੰ ਰੋਕਣਾ ਚਾਹਿਆ, ਪਰ ਆਫੀਆ ਨੇ ਉਸ ਵੱਲ ਧਿਆਨ ਨਾ ਦਿੱਤਾ।

"ਅਜੇ ਕੁਛ ਨ੍ਹੀਂ ਹੋਇਆ। ਮੈਂ ਸਭ ਸੰਭਾਲ ਲਊਂਗਾ। ਤੂੰ ਮੈਥੋਂ ਮੂੰਹ ਨਾ ਮੋੜ।"

"ਅਮਜਦ ਰੱਸੀ ਟੁੱਟ ਚੁੱਕੀ ਐ। ਹੁਣ ਜਿੰਨਾ ਮਰਜ਼ੀ ਜ਼ੋਰ ਲਾ ਲੈ, ਇਸ ਨੇ ਦੁਬਾਰਾ ਜੁੜਨਾ ਨ੍ਹੀਂ; ਪਰ ਦੁੱਖ ਇਸ ਗੱਲ ਦਾ ਐ ਕਿ ਮੈਂ ਐਵੇਂ ਭੁਲੇਖੇ ਪਾਲਦੀ ਰਹੀ।"

"ਆਫੀਆ ਪੂਰੀ ਗੱਲ ਸੁਣ ਲੈ, ਐਵੇਂ ਝੋਰਾ ਨਾ ਕਰ।"

ਆਫੀਆ ਨੇ ਉਸ ਦੀ ਗੱਲ ਵਿਚਕਾਰੋਂ ਹੀ ਕੱਟ ਦਿੱਤੀ ਤੇ ਬੋਲੀ, "ਤੇਰੀ ਹਾਂ ਤੋਂ ਬਿਨਾਂ ਤਾਂ ਇਹ ਨਿਕਾਹ ਨ੍ਹੀਂ ਹੋ ਰਿਹਾ ਹੋਣਾ? ਮੈਂ ਇਹ ਵੀ ਜਾਣਦੀ ਆਂ ਕਿ ਮੈਨੂੰ ਮਨੋ ਉਤਾਰਨ ਪਿੱਛੋਂ ਈ ਤੂੰ ਰਜ਼ਾਮੰਦੀ ਦਿੱਤੀ ਹੋਊਗੀ। ਫਿਰ ਕੀ ਫਾਇਦਾ ਐਵੇਂ ਸਫਾਈਆਂ ਦੇਣ ਦਾ? ਚੰਗਾ ਤੈਨੂੰ ਨਵੀਂ ਜ਼ਿੰਦਗੀ ਮੁਬਾਰਕ।" ਆਫੀਆ ਉਠ ਕੇ ਤੁਰ ਪਈ।

"ਆਫੀਆ ਇੱਕ ਵਾਰ ਮੇਰੀ ਗੱਲ ਸੁਣ ਲੈ, ਫਿਰ ਭਾਵੇਂ...।" ਅਮਜਦ ਕੁਝ ਕਹਿਣ ਲੱਗਿਆ ਤਾਂ ਆਫੀਆ ਨੇ ਰੁਕਦੀ ਹੋਈ ਨੇ ਉਸ ਦੀ ਗੱਲ ਅਣਸੁਣੀ ਕਰਦਿਆਂ ਕਿਹਾ, "ਤੈਨੂੰ ਪਤਾ ਐ ਕਿ ਮੈਂ ਤੇਰੇ ਵਾਰ ਵਾਰ ਕੋਸ਼ਿਸ਼ ਕਰਨ 'ਤੇ ਵੀ ਤਲਾਕਨਾਮੇ 'ਤੇ ਦਸਤਖਤ ਕਿਉਂ ਨ੍ਹੀਂ ਸੀ ਕਰਦੀ?"

ਅਮਜਦ ਨੇ ਕੋਈ ਜੁਆਬ ਨਾ ਦਿੱਤਾ ਤਾਂ ਆਫੀਆ ਫਿਰ ਬੋਲੀ, "ਕਿਉਂਕਿ ਮੈਨੂੰ ਪਤਾ ਸੀ ਕਿ ਤੂੰ ਮੈਨੂੰ ਟੁੱਟ ਕੇ ਮੁਹੱਬਤ ਕਰਦਾ ਐਂ। ਤੇ ਇਹ ਤਲਾਕ ਵਾਲੇ ਐਵੇਂ ਡਰਾਵੇ ਨੇ। ਮੈਂ ਸੋਚਦੀ ਹੁੰਦੀ ਸੀ ਕਿ ਆਪਾਂ ਦੋਨੋਂ ਇੱਕ ਦੂਜੇ ਨੂੰ ਇੰਨੀ ਮੁਹੱਬਤ ਕਰਦੇ ਆਂ ਕਿ ਇੱਕ ਦੂਜੇ ਬਿਨਾਂ ਰਹਿ ਈ ਨ੍ਹੀਂ ਸਕਦੇ, ਪਰ ਮੈਨੂੰ ਕੀ ਪਤਾ ਸੀ ਕਿ ਤੇਰੇ ਦਿਲ 'ਚ ਖੋਟ ਐ।"

ਆਫੀਆ ਖੜ੍ਹ ਕੇ ਅਮਜਦ ਦੇ ਬੋਲਣ ਦਾ ਇੰਤਜ਼ਾਰ ਕਰਦੀ ਰਹੀ, ਪਰ ਜਦੋਂ ਉਹ ਕੁਝ ਨਾ ਹੀ ਬੋਲਿਆ ਤਾਂ ਉਹ ਮੁੜਦੀ ਹੋਈ ਅਮਜਦ ਵੱਲ ਆ ਗਈ ਤੇ ਠਰੰਮੇ ਨਾਲ ਬੋਲੀ, "ਜਿਸ ਵਜ੍ਹਾ ਕਰ ਕੇ ਮੈਂ ਇਹ ਤਲਾਕ ਵਾਲਾ ਕੰਮ ਰੋਕਿਆ ਹੋਇਆ ਸੀ, ਉਹ ਵਜ੍ਹਾ ਹੁਣ ਰਹੀ ਈ ਨ੍ਹੀਂ ਤਾਂ ਮੇਰਾ ਐਵੇਂ ਅੜੇ ਰਹਿਣ ਦਾ ਕੀ ਫਾਇਦਾ। ਆ ਮੇਰੇ ਨਾਲ ਹੁਣੇ ਵਕੀਲ ਦੇ ਚੱਲ ਕੇ ਤਲਾਕਨਾਮੇ 'ਤੇ ਦਸਤਖਤ ਕਰਵਾ ਲੈ।" ਅਮਜਦ ਫਿਰ ਵੀ ਕੁਝ ਨਾ ਬੋਲਿਆ ਤਾਂ ਆਫੀਆ ਉਸ ਦਾ ਹੱਥ ਫੜ ਕੇ ਖਿਚਦੀ ਬਾਹਰ ਲੈ ਆਈ। ਉਥੋਂ ਟੈਕਸੀ ਲੈ ਕੇ ਨੇੜੇ ਹੀ ਵਕੀਲ ਦੇ ਦਫਤਰ ਪਹੁੰਚੇ। ਜਿੱਥੇ ਕਿਤੇ ਵਕੀਲ ਨੇ ਕਿਹਾ, ਆਫੀਆ ਨੇ ਦਸਤਖਤ ਕਰ ਦਿੱਤੇ। ਕੰਮ ਮੁੱਕ ਗਿਆ ਤਾਂ ਆਫੀਆ ਜਾਣ ਲਈ ਉਠ ਖੜ੍ਹੀ ਹੋਈ। ਵਕੀਲ ਫਾਈਲ ਸਮੇਟਦਾ ਬੋਲਿਆ, "ਅਮਜਦ ਸਾਹਿਬ, ਇਸ ਤਲਾਕਨਾਮੇ ਅਨੁਸਾਰ ਤੁਸੀਂ ਬੱਚਿਆਂ ਦਾ ਖਰਚਾ ਹਰ ਮਹੀਨੇ ਉਦੋਂ ਤੱਕ ਅਦਾ ਕਰਦੇ ਰਹੋਗੇ ਜਦੋਂ ਤੱਕ ਉਹ ਬਾਲਗ ਨ੍ਹੀਂ ਹੋ ਜਾਂਦੇ, ਤੇ ਤੁਸੀਂ ਮੋਹਤਰਮਾ ਆਫੀਆ, ਅਮਜਦ ਸਾਹਿਬ ਨੂੰ ਬੱਚਿਆਂ ਨਾਲ ਮਿਲਣ ਤੋਂ ਨ੍ਹੀਂ ਰੋਕੋਗੇ। ਇਹ ਕਾਨੂੰਨੀ ਨੁਕਤੇ ਹਨ, ਇਸੇ ਕਰ ਕੇ ਤੁਹਾਨੂੰ ਪੜ੍ਹ ਕੇ ਸੁਣਾਏ ਨੇ।" ਵਕੀਲ ਪਾਸੇ ਹਟ ਗਿਆ ਤਾਂ ਤੁਰਨ ਤੋਂ ਪਹਿਲਾਂ ਆਫੀਆ, ਅਮਜਦ ਨਾਲ ਹੱਥ ਮਿਲਾਉਂਦਿਆਂ ਬੋਲੀ, "ਨਵੀਂ ਜ਼ਿੰਦਗੀ ਮੁਬਾਰਕ ਮਿਸਟਰ ਅਮਜਦ। ਇਹ ਸ਼ਾਇਦ ਆਪਣੀ ਆਖਰੀ ਮੁਲਾਕਾਤ ਐ।" ਆਫੀਆ ਨੇ ਬਾਹਰੋਂ ਟੈਕਸੀ ਲਈ ਤੇ ਚਲੀ ਗਈ। ਇਸ ਦੇ ਕੁਝ ਦਿਨਾਂ ਪਿੱਛੋਂ ਅਮਜਦ ਦਾ ਨਿਕਾਹ ਹੋ ਗਿਆ।

***(ਚੱਲਦਾ)***

# ਆਫ਼ੀਆ ਦੇ ਜਹਾਦ ਦਾ ਸੱਚ

'ਪੰਜਾਬ ਟਾਈਮਜ਼' ਵਿਚ ਲੜੀਵਾਰ ਚੱਲ ਰਹੀ ਹਰਮਹਿੰਦਰ ਚਹਿਲ ਦੀ ਲਿਖਤ 'ਆਫੀਆ ਸਦੀਕੀ ਦਾ ਜਹਾਦ' ਧਾਰਮਿਕ ਜਨੂੰਨ ਬਾਰੇ ਬਹੁਤ ਅੱਛੀ ਰੋਸ਼ਨੀ ਪਾਉਂਦੀ ਹੈ। ਕਿਸ ਤਰ੍ਹਾਂ ਘਰ ਦੇ ਅਤੇ ਬਾਹਰਲੇ ਹਾਲਾਤ ਮਿਲ ਕੇ ਇਨਸਾਨ ਅੰਦਰ ਅਸਹਿਣਸ਼ੀਲਤਾ ਦਾ ਜਜ਼ਬਾ ਭਰ ਦਿੰਦੇ ਹਨ, ਇਸ ਨੂੰ ਲੇਖਕ ਨੇ ਬਹੁਤ ਦਿਲਚਸਪ ਢੰਗ ਨਾਲ ਪੇਸ਼ ਕੀਤਾ ਹੈ।

ਚਹਿਲ ਸਾਹਿਬ ਨੇ ਆਫ਼ੀਆ ਦੀ ਜ਼ਿੰਦਗੀ ਦੀਆਂ ਅਸਲੀ ਘਟਨਾਵਾਂ ਲੈ ਕੇ ਆਪਣੀ ਇਹ ਕਹਾਣੀ ਤਿਆਰ ਕੀਤੀ ਹੈ। ਪਿਛਲੇ ਸਮੇਂ ਦੌਰਾਨ ਆਫੀਆ ਬਾਰੇ ਬਥੇਰੀਆਂ ਖਬਰਾਂ ਆਈਆਂ ਹਨ ਪਰ ਜ਼ਿੰਦਗੀ ਦੀਆਂ ਘਟਨਾਵਾਂ ਆਪਣੇ ਆਪ ਵਿਚ ਕੇਵਲ ਹੱਡੀਆਂ ਦਾ ਪਿੰਜਰ ਹੀ ਹੁੰਦੀਆਂ ਹਨ। ਲੇਖਕ ਨੇ ਆਪਣੀ ਕਲਮ ਨਾਲ ਉਸ ਵਿਚ ਜਾਨ ਪਾ ਦਿੱਤੀ ਹੈ। ਪੜ੍ਹਨ ਵਾਲੇ ਨੂੰ ਆਫੀਆ ਕੇਵਲ ਜਹਾਦੀ ਹੀ ਨਹੀਂ ਲਗਦੀ, ਬਲਕਿ ਬੇਟੀ, ਭੈਣ ਤੇ ਗੁੰਮਰਾਹ ਵਿਅਕਤੀ ਵੀ ਦਿਸਦੀ ਹੈ।

ਸਰਲ ਬੋਲੀ ਅਤੇ ਸਰਲ ਤੇ ਸੰਖੇਪ ਵਾਰਤਾਲਾਪ ਨਾਲ ਕਹਾਣੀ ਦੀ ਰਵਾਨੀ ਡੂੰਘੇ ਵਹਿੰਦੇ ਪਾਣੀਆਂ ਵਰਗੀ ਜਾਪਦੀ ਹੈ। ਮਜ਼ਹਬੀ ਅਸਹਿਣਸ਼ੀਲਤਾ ਲਈ ਪਰਿਵਾਰ ਅਤੇ ਉਸ ਵੇਲੇ ਦੇ ਪਾਕਿਸਤਾਨ ਦੇ ਹਾਲਾਤ ਵੀ ਸਾਫ਼ ਦਿਸਦੇ ਹਨ। ਲੇਖਕ ਨੇ ਆਫ਼ੀਆ ਤੇ ਉਸ ਦੇ ਪਰਿਵਾਰ ਨੂੰ ਆਧੁਨਿਕ ਇਤਿਹਾਸਕ ਘਟਨਾਵਾਂ ਨਾਲ ਜੋੜ ਕੇ ਇਸਲਾਮੀ ਜਹਾਦ ਦੀ ਸਾਫ਼ ਤਸਵੀਰ ਖਿੱਚੀ ਹੈ। ਇਕ ਪਰਿਵਾਰ ਤੇ ਵਿਅਕਤੀ ਦੇ ਜੀਵਨ ਨੂੰ ਇਸ ਤਰ੍ਹਾਂ ਇਕ ਲੜੀ ਵਿਚ ਪਰੋ ਦੇਣਾ ਬਹੁਤ ਸ਼ਲਾਘਯੋਗ ਕੰਮ ਹੈ।

ਆਫ਼ੀਆ ਅਤੇ ਜਹਾਦੀਆਂ ਦੀਆਂ ਭਾਵਨਾਵਾਂ ਕਿਸ ਤਰ੍ਹਾਂ ਇਸਲਾਮੀ ਦੇਸ਼ਾਂ ਵਿਚ ਅਮਰੀਕਾ ਦੀ ਬੇਲੋੜੀ ਦਖ਼ਲਅੰਦਾਜ਼ੀ ਨਾਲ ਭੜਕਦੀਆਂ ਹਨ, ਇਸ ਦਾ ਵੀ ਲਿਖਤ ਵਿਚ ਚੰਗਾ-ਚੋਖਾ ਜ਼ਿਕਰ ਹੈ। ਅਮਰੀਕੀ ਜ਼ਿੰਦਗੀ ਦਾ ਚੰਗਾ ਗਿਆਨ ਹੋਣ ਕਰ ਕੇ ਆਫ਼ੀਆ ਦੀ ਇੱਥੇ ਦੀ ਰਹਿਣੀ ਤੇ ਕੰਮ-ਕਾਜ ਨੂੰ ਬਹੁਤ ਸੁਚੇਤ ਢੰਗ ਨਾਲ ਪੇਸ਼ ਕੀਤਾ ਹੈ।

ਮਜ਼ਹਬੀ ਅਸਹਿਣਸ਼ੀਲਤਾ ਲਈ ਆਫੀਆ ਦੇ ਪਰਿਵਾਰ ਉਤੇ ਆਲੇ-ਦੁਆਲੇ ਦਾ ਅਸਰ ਕਿਸ ਤਰ੍ਹਾਂ ਹੋਇਆ, ਇਸ ਦਾ ਵਰਣਨ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਕਿਸ ਤਰ੍ਹਾਂ ਹਰ ਅਸਹਿਣਸ਼ੀਲ ਬੰਦੇ ਨੂੰ ਹਰ ਦੂਜਾ ਬੰਦਾ ਗ਼ਲਤ ਨਜ਼ਰ ਆਉਂਦਾ ਹੈ; ਇਸ ਬਿਰਤਾਂਤ ਵਿਚ ਆਫ਼ੀਆ ਨੂੰ ਯਕੀਨ ਹੋ ਜਾਂਦਾ ਹੈ ਕਿ ਸਿਰਫ਼ ਇਸਲਾਮ ਹੀ ਸੁੱਚਾ ਧਰਮ ਹੈ ਅਤੇ ਬਾਕੀ ਹੋਰ ਸਾਰੇ ਧਰਮ ਝੂਠ ਹਨ, ਮੁਸਲਮਾਨਾਂ ਤੋਂ ਬਿਨਾਂ ਸਭ ਕਾਫ਼ਰ। ਐਸੇ ਗਿਆਨ ਤੋਂ ਬਾਅਦ ਬੰਦੇ ਦੀਆਂ ਅੱਖਾਂ ਬੰਦ ਹੋ ਜਾਂਦੀਆਂ ਤੇ ਮਨ ਵਿਚ ਵੀ ਕੋਈ ਹੋਰ ਜਗ੍ਹਾ ਨਹੀਂ ਰਹਿੰਦੀ। ਆਫ਼ੀਆ ਤੇ ਉਸ ਦੇ ਸਾਥੀ ਜਹਾਦੀਆਂ ਨੂੰ ਫ਼ੇਰ ਹੋਰ ਕੁਝ ਸਿੱਖਣ ਜਾਂ ਸੋਚਣ ਦੀ ਲੋੜ ਨਹੀਂ ਰਹਿੰਦੀ। ਇਸ ਨੂੰ ਉਰਦੂ ਦੇ ਸ਼ਾਇਰ ਯਾਸ ਚੰਗੇਜ਼ੀ ਨੇ ਇਉਂ ਦੱਸਿਆ ਹੈ,

ਸਬ ਤੇਰੇ ਸਿਵਾ ਕਾਫਿਰ
ਆਖ਼ਰ ਇਸ ਕਾ ਮਤਲਬ ਕਿਆ।
ਸਰ ਇਰਾਦੇ ਇਨਸਾਨ ਕਾ
ਏਸਾ ਖਬਤ-ਏ-ਮਜ਼ਹਬ ਕਿਆ।
ਮੇਰੀ ਸੋਚ ਮੁਤਾਬਕ ਹਰਮਹਿੰਦਰ ਚਹਿਲ ਨੇ ਜੋ ਕੁਝ ਆਫ਼ੀਆ ਬਾਰੇ ਅਤੇ ਆਫੀਆ ਦੇ ਬਹਾਨੇ ਲਿਖਿਆ ਹੈ, ਉਹ ਧਾਰਮਿਕ ਜਨੂੰਨ ਤੇ ਇਸਲਾਮੀ ਜਹਾਦ ਨੂੰ ਸਮਝਣ ਲਈ ਬਹੁਤ ਲਾਭਦਾਇਕ ਹੈ। ਇਸ ਲਿਖਤ ਲਈ ਧੰਨਵਾਦ ਹਰਮਹਿੰਦਰ ਚਹਿਲ।

***-ਸਰਬਜੀਤ ਸਿੰਘ ਸਿੱਧੂ***

---

ਹਰਮਹਿੰਦਰ ਚਹਿਲ ਨੇ ਆਪਣੀ ਰਚਨਾ 'ਆਫੀਆ ਸਦੀਕੀ ਦਾ ਜਹਾਦ' ਵਿਚ ਬਹੁਤ ਹੀ ਕਮਾਲ ਦੇ ਤਰੀਕੇ ਨਾਲ ਆਫੀਆ ਸਦੀਕੀ ਦੇ ਕਿਰਦਾਰ ਨੂੰ ਚਿਤਰਿਆ ਹੈ। ਆਫੀਆ ਵੀ ਉਨ੍ਹਾਂ ਪੈੜਾਂ 'ਤੇ ਚੱਲੀ ਜੋ ਮਨੁੱਖ ਨੂੰ ਮਜ਼ਹਬ ਦੀਆਂ ਸੌੜੀਆਂ ਸੋਚਾਂ ਵੱਲ ਤੋਰਦੀ ਹੈ। ਇਹ ਸੌੜੀਆਂ ਸੋਚਾਂ ਕਈ ਵਾਰ ਬੰਦੇ ਨੂੰ ਬਹੁਤ ਹੀ ਵੱਡੀਆਂ ਮੁਸੀਬਤਾਂ ਵਿਚ ਫਸਾ ਦਿੰਦੀਆਂ ਹਨ। ਇਹੋ ਕੁਝ ਆਫੀਆ ਨਾਲ ਹੋਇਆ।

***-ਫਕੀਰ ਚੰਦ ਸੈਂਪਲਾ, ਐਲ ਏ।***

## ਪਾਠਕਾਂ ਦੀ ਰਾਏ




# ਰਿਸ਼ਤਿਆਂ ਦੇ ਆਰ ਪਾਰ

*ਸੂਖਮ-ਭਾਵੀ ਕਹਾਣੀਕਾਰ ਦਲਬੀਰ ਚੇਤਨ ਨੇ ਮਨੁੱਖੀ ਰਿਸ਼ਤਿਆਂ ਨਾਲ ਧੜਕਦੀਆਂ ਕਈ ਖ਼ੂਬਸੂਰਤ ਕਹਾਣੀਆਂ ਲਿਖੀਆਂ ਹਨ। 'ਰਿਸ਼ਤਿਆਂ ਦੇ ਆਰ ਪਾਰ' ਨਾਂ ਦੀ ਕਹਾਣੀ ਰਿਸ਼ਤਿਆਂ ਦੀ ਅਜਿਹੀ ਹੀ ਗੂੜ੍ਹੀ ਲਿਖਤ ਹੈ। ਕਹਾਣੀ ਦਾ ਮੁੱਖ ਪਾਤਰ ਕਈ ਉਤਰਾਅ-ਚੜ੍ਹਾਅ ਦੇਖਦਾ ਹੈ, ਪਰ ਮੋਹ ਦੀਆਂ ਤੰਦਾਂ ਟੁੱਟਣ ਨਹੀਂ ਦਿੰਦਾ। ਮੋਹ ਦੀਆਂ ਇਹ ਸੂਖਮ ਤੰਦਾਂ ਇਸ ਕਹਾਣੀ ਦੇ ਆਰ ਪਾਰ ਫੈਲੀਆਂ ਨਜ਼ਰੀਂ ਪੈਂਦੀਆਂ ਹਨ ਅਤੇ ਪਾਠਕ-ਮਨ ਨੂੰ ਲਗਾਤਾਰ ਹਲੂਣਦੀਆਂ ਹਨ। ਨਾਲ ਹੀ ਇਹ ਪਾਤਰ ਹਾਲਤ ਨੂੰ ਸਿੱਧਿਆਂ ਹੋ ਕੇ ਟੱਕਰਦਾ ਹੈ। ਇੱਦਾਂ ਦੀ ਕਹਾਣੀ ਲਿਖਣਾ ਦਲਬੀਰ ਚੇਤਨ ਦੇ ਹਿੱਸੇ ਹੀ ਆਇਆ ਸੀ। -ਸੰਪਾਦਕ*

ਦਲਬੀਰ ਚੇਤਨ

ਸੱਥਰ ਉਤੇ ਬੈਠੀ ਸੋਗੀ ਭੀੜ ਵੱਲ ਵੇਖਦਿਆਂ ਮੇਰਾ ਹੌਕਾ ਨਿਕਲ ਗਿਆ। ਆਪਣਾ ਹੀ ਵਿਹੜਾ ਓਪਰਾ ਜਿਹਾ ਲੱਗਾ ਤੇ ਹਿਰਾਸੇ ਚਿਹਰੇ ਧੁੰਦਲੇ ਤੇ ਬੇਪਛਾਣੇ। ਘਰ ਦੀ ਹਵਾ ਭਾਵੇਂ ਕਈ ਮਹੀਨਿਆਂ ਤੋਂ ਸਹਿਮੀ ਜਿਹੀ ਸੀ ਪਰ ਹੁਣ ਤਾਂ ਵਿਰਲਾਪ ਬਣ ਕੇ ਉਹ ਚਵ੍ਹਾਂ ਕੋਨਿਆਂ ਵਿਚ ਘੁੰਮ ਗਈ ਸੀ। ਹਫ਼ਤਾ ਕੁ ਪਹਿਲਾਂ ਘਰੋਂ ਤੁਰਨ ਲੱਗਿਆਂ, ਚਾਚੇ ਦੇ ਮੂੰਹ ਵੱਲ ਵਿੰਹਦਿਆਂ ਮਨ ਵਿਚ ਹੌਲ ਜਿਹਾ ਪਿਆ ਸੀ। ਸ਼ਾਇਦ ਇਹ ਆਂਦਰਾਂ ਦੇ ਮੋਹ ਦਾ ਇਲਹਾਮ ਸੀ ਕਿ ਆਪਣੇ ਛੋਟੇ ਭਰਾ ਨੂੰ, ਨਾ ਚਾਹੁੰਦਿਆਂ ਵੀ ਕਹਿ ਹੋ ਗਿਆ ਸੀ, "ਇੰਜ ਲਗਦੈ ਜਿਵੇਂ ਚਾਚੇ ਨੂੰ ਮੁੜ ਨਹੀਂ ਵੇਖਣਾ।" ਤੇ ਉਹੋ ਗੱਲ ਹੋਈ। ਹੈਦਰਾਬਾਦ ਮੇਰੇ ਪਹੁੰਚਣ ਤੋਂ ਪਹਿਲਾਂ ਹੀ ਤਾਰ ਪਹੁੰਚ ਗਈ ਸੀ ਤੇ ਮੈਂ ਉਨ੍ਹੀਂ ਪੈਰੀਂ ਪਿਛਾਂਹ ਮੁੜ ਆਇਆ ਸਾਂ।

ਅੰਤਾਂ ਦਾ ਲੰਬਾ ਗੱਡੀ ਦਾ ਸਫ਼ਰ, ਦੁਖੀ ਜ਼ਿੰਦਗੀ ਵਾਂਗ ਹੋਰ ਵੀ ਲੰਬਾ ਲੱਗ ਰਿਹਾ ਸੀ। ਮੂੰਹਜ਼ੋਰ ਅੱਥਰੂਆਂ ਨੂੰ ਡੱਕ-ਡੱਕ ਰੱਖਦਿਆਂ, ਸਿਰ ਫ਼ੋੜੇ ਵਾਂਗ ਦੁਖਣ ਲੱਗ ਪਿਆ। ਸਭ ਕੁਝ ਅੱਖੀਂ ਵੀ ਵੇਖ ਗਿਆ ਸਾਂ, ਫੇਰ ਵੀ ਤਾਰ ਦੇ ਅੱਖਰਾਂ ਉਤੇ ਯਕੀਨ ਨਹੀਂ ਸੀ ਬੱਝਦਾ। ਗੱਡੀ, ਬੱਸ ਤੇ ਫੇਰ ਕੋਹ ਕੁ ਵਾਟ ਤੁਰਦਿਆਂ ਵੀ ਅੱਧ-ਪਚੱਧਾ ਜਿਹਾ ਵਿਸ਼ਵਾਸ ਨਾਲ ਤੁਰਦਾ ਸੀ। ਪਤਾ ਨਹੀਂ ਘਰ ਕਿਨ੍ਹੇ ਜਾ ਦੱਸਿਆ ਸੀ-ਮੇਰੀ ਜਵਾਨ ਹੋ ਰਹੀ ਭੈਣ ਅਗਲਵਾਂਡੀ ਹੀ ਮੇਰੇ ਗਲ ਆ ਚੰਬੜੀ, "ਵੀਰਾ, ਆਪਾਂ ਲੁੱਟੇ ਗਏ...।" ਉਹਨੇ ਕੱਚੀ ਉਮਰ ਵਿਚ ਵੀ ਸਿਆਣਿਆਂ ਵਾਂਗ ਇੰਜ ਧਾਅ ਮਾਰੀ ਕਿ ਮੇਰੇ ਪੀਡੇ ਪੈਰ ਵੀ ਹਿੱਲ ਗਏ। ਉਹਦੇ ਵਾਂਗ ਹੀ ਉਚੀ ਉਚੀ ਭੁੱਬਾਂ ਮਾਰਨ ਨੂੰ ਜੀਅ ਕੀਤਾ ਪਰ ਕੁਝ ਸੋਚਦਿਆਂ ਮੈਂ ਸਾਰੇ ਅੱਥਰੂ ਵਿਚੇ-ਵਿਚ ਪੀ ਗਿਆ।

ਜਿਉਣ ਤੋਂ ਅੱਕਿਆ, ਗਲੀ ਵਿਚ ਤੁਰਦਾ ਫ਼ਿਰਦਾ ਬਾਬਾ ਬਿਸ਼ਨਾ, ਰੋਣ ਦੀ ਆਵਾਜ਼ ਸੁਣ ਕੇ ਕੋਲ ਆ ਖਲੋਤਾ ਤੇ ਮੱਥੇ ਉਤੇ ਹੱਥ ਧਰ ਕੇ ਸਿਆਣਦਾ ਬੋਲਿਆ, "ਰੱਬ ਵੀ ਧੀ ਦਾ ਖਸਮ ਅਣਸਾਫ਼ ਨਹੀਂ ਕਰਦਾ। ਸਰੂ ਖੱਗ ਕੇ ਲੈ ਗਿਆ ਪਿੰਡ ਦਾ...ਬੜਾ ਔਖਾ ਸੀ ਤਾਂ ਮੈਨੂੰ ਲੈ ਜਾਂਦਾ...ਜੋਅ ਲੈਂਦਾ ਜਿਹੜੇ ਖਰਾਸੇ ਜੋਣਾ ਸੀ।" ਬਾਬਾ ਬਿਸ਼ਨਾ ਆਪਣੇ ਖੂੰਡੇ ਉਤੇ ਪੂਰਾ ਭਾਰ ਪਾਈ, ਰੱਬ ਨਾਲ ਗਾਲੋ-ਗਾਲੀ ਹੋਇਆ ਪਿਆ ਸੀ। ਉਹ ਹਰ ਮਰਨੇ ਉਤੇ ਸਿਵਿਆਂ ਤੱਕ ਜ਼ਰੂਰ ਜਾਂਦਾ ਸੀ ਤੇ ਫ਼ੇਰ ਆਪਣੇ ਸੂਏ ਲੱਗੇ ਖੂੰਡੇ ਨਾਲ ਮੰਜੇ ਕੁ ਥਾਂ 'ਤੇ ਲਕੀਰ ਖਿੱਚਦਾ ਕਹਿੰਦਾ, "ਲੈ ਭਈ, ਹੁਣ ਆਪਣੀ ਵਾਰੀ ਆ...ਭੁੱਲੀਂ ਨਾ।" ਪਤਾ ਨਹੀਂ ਉਹ ਕਿੰਨੀ ਕੁ ਵਾਰ ਆਪਣੀਆਂ ਵਾਰੀਆਂ ਮੱਲ ਹੰਭ ਗਿਆ ਸੀ। ਰੱਬ ਹਰ ਅਗਲੀ ਵਾਰ ਉਹਦੀ ਥਾਂ ਕੋਈ ਹੋਰ ਹੀ ਅਣਕਿਆਸਿਆ ਬੰਦਾ ਲੈ ਜਾਂਦਾ ਤੇ ਬਾਬਾ ਬਿਸ਼ਨਾ ਹਰ ਨਵੇਂ ਮਰਨ ਉਤੇ ਰੱਬ ਨੂੰ ਗਾਲੀਂ ਉਤਰ ਆਉਂਦਾ। ਹੁਣ ਉਹੀ ਬਾਬਾ ਬਿਸ਼ਨਾ ਮੇਰੇ ਮੋਢੇ ਉਤੇ ਹੱਥ ਰੱਖੀ, ਦਿਲਾਸਾ ਬਣਿਆ ਖਲੋਤਾ ਸੀ।

ਬਿਸ਼ਨਾ ਮਰਨਾ ਚਾਹੁੰਦਾ ਸੀ ਤੇ ਚਾਚਾ ਜਿਉਣਾ, ਪਰ ਇਹ ਸਾਰਿਆਂ ਨੂੰ ਪਤਾ ਸੀ ਕਿ ਉਹਨੇ ਬਹੁਤਾ ਚਿਰ ਜਿਉਣਾ ਨਹੀਂ। ਉਹ ਤਾਂ ਤਿੜਕੇ ਘੜੇ ਦਾ ਪਾਣੀ ਸੀ ਜਾਂ ਫੇਰ ਮੁੱਕ ਰਹੇ ਤੇਲ ਦਾ ਦੀਵਾ, "ਬੀਰਿਆ! ਮੈਨੂੰ ਆਪਣਾ ਵਿਆਹ ਈ ਵਿਖਾ ਛੱਡ।" ਕਦੇ ਕਦੇ ਉਹ ਕਹਿੰਦਾ ਤੇ ਉਹਦੇ ਹਸੂੰ ਹਸੂੰ ਕਰਦੇ ਚਿਹਰੇ ਉਤੇ ਪਲ ਦੀ ਪਲ ਉਦਾਸੀ ਆ ਜਾਂਦੀ। ਉਹਦੀ ਕੋਈ ਵੀ ਇਹੋ ਜਿਹੀ ਗੱਲ ਮੈਨੂੰ ਸੂਲੀ ਟੰਗ ਦਿੰਦੀ ਪਰ ਉਹ ਮੌਕਾ ਤਾੜਦਿਆਂ ਬਹੁਤ ਛੇਤੀ ਹਾਸੇ ਦੀ ਕੋਈ ਅਗਰਬੱਤੀ ਬਾਲ ਲੈਂਦਾ, "ਫੇਰ ਨਾ ਆਖੀਂ ਜੇ ਅਸਾਂ ਕਿਤੇ 'ਤੁੰਗ ਦਿੱਤਾ। ਆਪਾਂ ਤਾਂ ਕੁੜੀ ਨਾਲੋਂ ਕੁੜਮਣੀ ਸੋਹਣੀ ਲੱਭਾਂਗੇ।" ਆਪਣੇ ਵੱਲੋਂ ਉਹ ਬੜੀ ਚਲਾਕੀ ਨਾਲ ਗੱਲ ਨੂੰ ਨਵਾਂ ਮੋੜ ਦੇ ਜਾਂਦਾ ਤੇ ਮੈਂ ਵੀ ਝੂਠਾ ਜਿਹਾ ਹੱਸ ਪੈਂਦਾ।

ਸਾਰੇ ਪਿੰਡ 'ਚੋਂ ਸੋਹਣਾ-ਸੁਨੱਖਾ ਤੇ ਜਵਾਨ ਚਾਚਾ ਦਿਨਾਂ 'ਚ ਹੀ ਵਿਚੇ ਵਿਚ ਪੀਤਾ ਗਿਆ। ਅਖੀਰਲੇ ਦਿਨਾਂ ਵਿਚ ਉਹ ਆਪਣੇ ਸਰੀਰ ਨੂੰ ਵੇਖ ਝੂਰਨ ਲੱਗ ਪਿਆ ਸੀ। ਕਦੇ ਮੁਕਲਾਵਾ ਲੈਣ ਗਿਆ ਚਾਚਾ ਪਹਿਲੀ ਵਾਰ ਹੀ ਆਂਢ-ਗੁਆਂਢ ਗੱਲਾਂ ਕਰਨ ਲਾ ਆਇਆ ਸੀ। ਦਾਣਿਆਂ ਦੀ ਭਰੀ ਬੋਰੀ ਸੁਫ਼ੇ 'ਚੋਂ ਚੁੱਕ ਕੇ ਪਿਛਲੇ ਅੰਦਰ ਲਾਉਣੀ ਸੀ। ਸੱਸ ਬੰਦੇ ਲੈਣ ਗਈ। ਚਾਚੇ ਨੂੰ ਪਤਾ ਲੱਗਾ ਤਾਂ ਉਹਨੇ ਇਕੱਲੇ ਹੀ ਬੋਰੀ ਚੁੱਕ ਕੇ ਥਾਂ ਸਿਰ ਲਾ ਦਿੱਤੀ। ਸੱਸ ਮਾੜੀ ਨਜ਼ਰੋਂ ਡਰਦੀ ਚਾਚੇ ਦੇ ਕਾਲੇ ਟਿੱਕੇ ਲਾਉਂਦੀ ਫਿਰੇ ਤੇ ਚਾਚੀ ਨੂੰ ਆਪਣਾ ਪੀਡਾ ਸਰੀਰ ਵੀ ਕੱਚਾ ਲੱਗੀ ਜਾਵੇ।

...ਭੈਣ ਦੀਆਂ ਭੁੱਬਾਂ ਸੁਣ, ਹੋਰ ਵੀ ਕਈ ਲਾਗੇ ਆ ਖਲੋਤੇ ਸਨ, ਕਹਿਣ ਲੱਗੇ, "ਲੰਬੜਦਾਰ ਅਲੋਂ ਬੜੀ ਮਾੜੀ ਹੋਈ ਐ।" ਹੋਈ ਤਾਂ ਸੱਚਮੁੱਚ ਹੀ ਜੱਗੋਂ ਤੇਰਵੀਂ ਸੀ ਪਰ ਉਹਨੂੰ ਕੀ ਕਹਿੰਦਾ! ਐਵੇਂ ਸਿਆਣੇ ਜਿਹੇ ਬਣਦਿਆਂ ਕਹਿ ਦਿੱਤਾ, "ਅੱਛਾ, ਜੋ ਦਾਤੇ ਨੂੰ ਮੰਜ਼ੂਰ...ਬੰਦਾ ਕੀ ਕਰ ਸਕਦੈ।" ਲੰਬੜਦਾਰ ਤਾਂ ਪਿੰਡ ਵਿਚ ਖੌਰੇ ਪੰਜ ਕਿ ਛੇ ਸਨ, ਪਰ ਉਨ੍ਹਾਂ ਸਾਰਿਆਂ ਦੇ ਨਾਂ ਸਨ ਲੰਬੜਦਾਰ ਨੱਥਾ ਸਿੰਘ...ਲੰਬੜਦਾਰ ਇੰਦਰ ਸਿੰਘ ਪਰ ਚਾਚੇ ਦੇ ਨਾਂ ਨਾਲ ਇਹ ਇੰਜ ਜੁੜ ਗਿਆ ਸੀ ਜਿਵੇਂ ਉਹਦਾ ਨਾਂ ਹੀ ਲੰਬੜਦਾਰ ਹੋਵੇ। ਯਾਦ ਆਇਆ, ਸਕੂਲੇ ਪੜ੍ਹਦਿਆਂ ਮੇਰੀ ਛੁੱਟੀ ਦੀ ਅਰਜ਼ੀ ਉਤੇ ਚਾਚਾ ਹੀ ਉਰਦੂ 'ਚ ਦਸਤਖ਼ਤ ਕਰਿਆ ਕਰਦਾ ਸੀ। ਇਕ ਵਾਰ ਸਾਡਾ ਮਾਸਟਰ ਅਰਜ਼ੀਆਂ ਉਤੇ ਰੁਤਬੇ ਲੱਗੇ ਵੇਖ ਕੇ ਖਿਝ ਵਿਚ ਆ ਕੇ ਕਹਿਣ ਲੱਗਾ, "ਇਹ ਕੀ ਹੋਇਆ ਕੈਪਟਨ ਕਰਤਾਰ ਸਿਹੁੰ, ਜ਼ੈਲਦਾਰ ਸੁੱਚਾ ਸਿਹੁੰ, ਲੰਬੜਦਾਰ ਜੋਗਿੰਦਰ ਸਿਹੁੰ...ਇਹ ਸਕੂਲ ਐ, ਕੋਈ ਕਚ੍ਹੈਰੀ ਨਈਂ।" ਅਗਲੀ ਵਾਰ ਅਰਜ਼ੀ ਉਤੇ ਚਾਚੇ ਤੋਂ ਦਸਤਖਤ ਕਰਵਾਉਣ ਲੱਗਿਆਂ ਮੈਂ ਆਖਿਆ, "ਚਾਚਾ, ਅਰਜ਼ੀ ਉਤੇ 'ਕੱਲਾ ਨਾਂ ਈ ਲਿਖਿਆ ਕਰ, ਨੰਬਰਦਾਰ ਨਾ ਲਿਖੀਂ।" ਉਹ ਹੱਸ ਹੱਸ ਦੂਹਰਾ ਹੋ ਗਿਆ, "ਭਈ, ਮੈਂ ਤਾਂ ਏਦਾਂ ਈ ਦਸਖ਼ਤ ਕਰਨੇ ਸਿੱਖੇ ਨੇ, ਮੈਨੂੰ ਨਈਂ ਪਤਾ ਏਦ੍ਹੇ 'ਚੋਂ ਲੰਬੜਦਾਰ ਕੇੜ੍ਹਾ ਤੇ ਜੋਗਿੰਦਰ ਸਿਹੁੰ ਕੇੜ੍ਹਾ?" ਤੇ ਉਹਦੀ ਗੱਲ ਸੁਣ ਕੇ ਮੈਂ ਵੀ ਉਹਦੇ ਧੁੱਪ ਰੰਗੇ ਹਾਸੇ ਵਿਚ ਸ਼ਾਮਿਲ ਹੋ ਗਿਆ ਸੀ।

ਇਹੋ ਨੰਬਰਦਾਰੀ ਉਹਨੂੰ ਲੈ ਬੈਠੀ। ਤਹਿਸੀਲ ਦਾ ਕਚਹਿਰੀ ਦਾ ਉਹਨੂੰ ਅਜਿਹਾ ਚਸਕਾ ਪਿਆ ਕਿ ਪਿੰਡ ਉਹਦਾ ਪੈਰ ਹੀ ਨਾ ਲੱਗਦਾ। ਦਿਨ ਚੜ੍ਹਦਿਆਂ ਹੀ ਬੁੱਕਲ ਮਾਰ ਕੇ ਘਰੋਂ ਨਿਕਲ ਜਾਣਾ ਤੇ ਦਿਨ ਛਿਪੇ ਦਾਰੂ ਨਾਲ ਡੱਕੇ ਮੁੜਨਾ ਉਹਦਾ ਨਿੱਤ ਦਾ ਕੰਮ ਸੀ। ਉਹਦੀਆਂ ਪੈਲੀਆਂ ਦਿਨ-ਬਦਿਨ ਨਖਸਮੀਆਂ ਬਣਦੀਆਂ ਗਈਆਂ ਤੇ ਮਾੜੀ ਮੋਟੀ ਉਗੀ ਫ਼ਸਲ ਖਸਮਾਂ ਬਾਝ ਪਾਊਂ ਖਿੰਜੂ ਹੁੰਦੀ ਰਹੀ। ਜਿਹੜਾ ਚਾਚਾ ਹੋਰਨਾਂ ਦੀਆਂ ਰਜਿਸਟਰੀਆਂ ਉਤੇ ਗਵਾਹੀਆਂ ਪਾਇਆ ਕਰਦਾ ਸੀ...ਹੁਣ ਆਪ ਬੈਅ ਕਰਨ ਲੱਗ ਪਿਆ। ਵਿੰਹਦਿਆਂ ਵਿੰਹਦਿਆਂ ਉਹਦੀਆਂ ਪੈਲੀਆਂ ਦੀ ਮਲਕੀਅਤ ਤੇ ਵਲਦੀਅਤ ਬਦਲ ਗਈ। ਆਮਦਨ ਘਟਦੀ ਗਈ। ਸ਼ਰਾਬ ਵਧਦੀ ਗਈ ਤੇ ਚੰਦਨ ਦੇਹੀ ਘੁਣ ਖਾਧੀ ਬਣ ਗਈ।

ਉੜਾਂ-ਥੁੜਾਂ 'ਚ ਘਿਰੇ ਚਾਚੇ ਨੂੰ ਖ਼ਤਰਨਾਕ ਬਿਮਾਰੀ ਨੇ ਆ ਦਬੋਚਿਆ ਪਰ ਉਹ ਚੁੱਪ-ਚਾਪ ਸਭ ਕੁਝ ਆਪਣੀ ਇਕੱਲੀ ਜਿੰਦ ਉਤੇ ਹੀ ਜਰਦਾ ਰਿਹਾ। ਤੇ ਜਦੋਂ ਤੱਕ ਸਾਰਿਆਂ ਨੂੰ ਪਤਾ ਲੱਗਾ, ਰੋਗ ਅਸਾਧ ਬਣ ਚੁੱਕਾ ਸੀ। ਡਾਕਟਰ ਨੇ ਦਵਾਵਾਂ ਦਿੱਤੀਆਂ ਤੇ ਨਾਲ ਹੀ ਵਧੀਆ ਖੁਰਾਕ ਖਾਣ ਦੀਆਂ ਨਸੀਹਤਾਂ। ਜਦੋਂ ਉਹਦੇ ਖੁਰਦੇ ਸਰੀਰ ਵੱਲ ਵੇਖ ਮੈਂ ਉਦਾਸ ਹੁੰਦਾ ਤਾਂ ਉਹ ਹੱਸਦਾ ਹੱਸਦਾ ਕਹਿੰਦਾ, "ਊਂ ਸਾਲੀ ਬਿਮਾਰੀ ਹੈ ਤਾਂ ਚੰਗੀ। ਘਰ ਖਾਣ ਨੂੰ ਖੁੱਲ੍ਹਾ ਹੋਵੇ ਤਾਂ ਇਹੋ ਜਿਹੀ ਬਿਮਾਰੀ ਦਾ ਕੀ ਐ?" ਤੇ ਉਹਦੀ ਆਸ ਅਨੁਸਾਰ ਜਦ ਮੈਂ ਫ਼ੇਰ ਵੀ ਨਾ ਹੱਸਦਾ ਤਾਂ ਉਹ ਉਚੀ ਉਚੀ ਗਾਉਂਦਾ ਉਠ ਕੇ ਬਾਹਰ ਨੂੰ ਤੁਰ ਪੈਂਦਾ।

ਵਿਹੜੇ ਪੈਰ ਪਾਉਂਦਿਆਂ ਹੀ ਘਰ ਦੇ ਸਾਰੇ ਜੀਅ ਵਾਰੀ ਵਾਰੀ ਮੇਰੇ ਗਲ ਚੰਬੜ ਕੇ ਰੋ ਉਠੇ। ਰਾਹ ਵਿਚ ਬੇਗਾਨਿਆਂ ਸਾਹਮਣੇ ਵੀ ਵਰੂੰ ਵਰੂੰ ਕਰਦੀਆਂ ਡੱਕ ਡੱਕ ਰੱਖੀਆਂ ਅੱਖਾਂ ਪਤਾ ਨਹੀਂ ਕਿਉਂ ਪਥਰਾ ਜਿਹੀਆਂ ਗਈਆਂ ਤੇ ਮੈਂ ਡੌਰਾ ਭੌਰਾ ਜਿਹਾ, ਸਾਰੇ ਹੱਲੇ ਚੁੱਪ-ਚਾਪ ਝੱਲ ਗਿਆ। ਦਰੀ ਉਤੇ ਬੈਠੇ ਬੰਦਿਆਂ ਨੇ 'ਬੜੀ ਮਾੜੀ ਹੋਈ' ਦੀ ਮੁਹਾਰਨੀ ਨਾਲ ਹਮਦਰਦੀ ਜਤਾਈ ਤੇ ਚਾਚੇ ਦੀਆਂ ਗੱਲਾਂ ਕਰਨ ਲੱਗੇ। ਮੇਰਾ ਵੀ ਜੀਅ ਕਰਦਾ ਸੀ ਕੋਈ ਚਾਚੇ ਦੀਆਂ ਗੱਲਾਂ ਕਰੀ ਜਾਵੇ, ਪਰ ਬਹੁਤ ਛੇਤੀ ਉਹਦੇ ਬਾਰੇ ਹੁੰਦੀਆਂ ਗੱਲਾਂ ਵੀ ਦੁਨਿਆਵੀ ਜਿਹੀਆਂ ਬਣ ਗਈਆਂ, ਤੇ ਗੱਲ ਅਖੀਰ ਚਾਚੇ ਦੇ ਰਹਿੰਦੇ ਚਾਰ ਸਿਆੜਾਂ ਉਤੇ ਆ ਖਲੋਂਦੀ। ਤੇ ਜਦੋਂ ਇਹ ਗੱਲ ਉਹਦੇ ਸਿਆੜਾਂ ਤੋਂ ਵੀ ਤਿਲਕ ਕੇ ਬੈਠੇ ਲੋਕਾਂ ਦੇ ਆਪਣੇ ਵਧਾਏ ਸਿਆੜਾਂ ਦੀ ਹੋਣ ਲੱਗ ਪਈ ਤਾਂ ਮੈਂ ਉਕਤਾ ਕੇ ਚਾਚੇ ਦੇ ਉਸ ਮੰਜੇ ਕੋਲ ਜਾ ਖਲੋਤਾ, ਜਿੱਥੇ ਮੈਂ ਉਹਨੂੰ ਕੁਝ ਦਿਨ ਪਹਿਲਾਂ ਮੌਤ ਨਾਲ ਜੂਝਦਾ ਛੱਡ ਕੇ ਗਿਆ ਸੀ। ਉਥੇ ਝੱਲਿਆਂ ਵਾਂਗ ਬੈਠੀ ਦਾਦੀ, ਮੇਰਾ ਸਿਰ ਆਪਣੀ ਬੁੱਕਲ ਵਿਚ ਲੈਂਦਿਆਂ ਫਿੱਸ ਪਈ, "ਤੇਰਾ ਚਾਚਾ ਮੇਰਾ ਬੁਢਾਪਾ ਰੋਲ ਲਿਆ...ਇਹ ਕੋਈ ਉਹਦੀ ਜਾਣ ਦੀ ਉਮਰ ਸੀ?" ਲੱਗਦਾ ਸੀ ਜਿਵੇਂ ਰੋ ਰੋ ਕੇ ਉਹਦੇ ਸਾਰੇ ਅੱਥਰੂ ਮੁੱਕ ਗਏ ਸਨ ਤੇ ਉਨ੍ਹਾਂ ਖੁਸ਼ਕ ਅੱਖਾਂ ਵਿਚ ਦਰਦ ਹੀ ਦਰਦ ਬਾਕੀ ਸੀ।

ਦਾਦੀ ਦੇ ਵੈਣ ਵੀ ਮੈਥੋਂ ਸੁਣੇ ਨਾ ਗਏ ਤੇ ਮੈਂ ਫੇਰ ਬਾਹਰ ਆ ਕੇ ਮਰਦਾਂ ਦੀ ਢਾਣੀ ਵਿਚ ਬੈਠ ਗਿਆ। ਹੁਣ ਗੱਲਾਂ ਪਿੱਛੇ ਜਿਹੇ ਪੈ ਚੁੱਕੀਆਂ ਵੋਟਾਂ ਦੀਆਂ ਅਤੇ ਜ਼ਿਮੀਦਾਰਾਂ ਨੂੰ ਘੱਟ ਮਿਲਦੇ ਭਾਵਾਂ ਦੀਆਂ ਹੋ ਰਹੀਆਂ ਸਨ। ਖੂਹੀ ਵਾਲਾ ਕਰਮ ਸਿਹੁੰ ਜਿਹਨੂੰ ਲੋਕ ਬਹੁਤਾ ਬੋਲਣ ਕਰ ਕੇ ਰੇਡੀਓ ਵੀ ਆਂਹਦੇ ਸਨ, ਭਾਰਤ ਦੀ ਸਿਆਸਤ ਉਤੇ ਇੰਜ ਬੋਲ ਰਿਹਾ ਸੀ ਜਿਵੇਂ ਉਹ ਹੀ ਦੇਸ਼ ਦਾ ਪਾਲਸੀ-ਮੇਕਰ ਹੋਵੇ। ਜੀਅ ਕੀਤਾ, ਉਹਨੂੰ ਆਖਾਂ ਕਿ ਲੈਕਚਰ ਬੰਦ ਕਰੇ ਪਰ ਕਹਿ ਨਹੀਂ ਹੋਇਆ। ਮੈਂ ਉਖੜਵੀਆਂ ਨਜ਼ਰਾਂ ਨਾਲ ਏਧਰ ਉਧਰ ਵੇਖਣ



ਲੱਗ ਪਿਆ। ਸਾਹਮਣੇ ਔਰਤਾਂ ਵਿਚ ਬੈਠੇ ਮੈਨੂੰ ਉਹ ਚਿਹਰਾ ਦਿਸਿਆ ਜਿਹੜਾ ਚਾਚੇ ਦੀ ਪੂਰੀ ਜ਼ਿੰਦਗੀ ਨਾਲ ਜੁੜਿਆ ਹੋਇਆ ਸੀ। ਜੀਹਦੇ ਲਈ ਉਹਨੇ ਕਈ ਸੱਚੀਆਂ ਝੂਠੀਆਂ ਤੋਹਮਤਾਂ ਝੱਲ ਲਈਆਂ ਸਨ ਪਰ ਪਿੱਛੇ ਨਹੀਂ ਸੀ ਹਟਿਆ।

ਚਾਚੇ ਦਾ ਜਿਗਰੀ ਯਾਰ ਮਲੂਕਾ ਭਰ ਜਵਾਨੀ ਵਿਚ ਹੀ ਕੁਝ ਦਿਨ ਬਿਮਾਰ ਰਹਿ ਕੇ ਤੁਰਦਾ ਬਣਿਆ ਸੀ ਤੇ ਚਾਚੇ ਨੂੰ ਆਪਣੀ ਸਾਰੀ ਦੁਨੀਆਂ ਹੀ ਸੁੰਞੀ ਸੁੰਞੀ ਲੱਗਣ ਲੱਗ ਪਈ ਸੀ। ਧੁੱਪ ਦੇ ਰੰਗ ਵਰਗੀ ਉਹਦੀ ਵਿਧਵਾ ਧੁੱਪ ਦੀ ਉਮਰੇ ਹੀ ਕਾਲੀ ਮੱਸਿਆ ਬਣ ਗਈ ਸੀ ਤੇ ਚਾਚਾ ਹਮਦਰਦੀ ਦਾ ਦੀਵਾ ਬਣ ਉਹਦੇ ਮਹਿਲੀਂ ਬਲ ਉਠਿਆ ਸੀ।

ਪਰ ਵਿਧਵਾ ਦਾ ਆਪਣਾ ਜੋਬਨ ਤੇ ਸਾਲ ਕੁ ਦਾ ਮੁੰਡਾ, ਵੈਲੀ ਜੇਠ ਦੀਆਂ ਅੱਖਾਂ ਵਿਚ ਕਿੱਲ ਬਣ ਕੇ ਚੁਭ ਗਏ ਸਨ। ਮੁੰਡੇ ਨੂੰ ਉਹ ਆਪਣਾ ਸ਼ਰੀਕ ਸਮਝਣ ਲੱਗ ਪਿਆ ਸੀ ਤੇ ਭਰਜਾਈ ਦੇ ਹੁਸਨ ਉਤੇ ਉਹਦੀ ਮੈਲੀ ਅੱਖ, ਭਰਾ ਦੀ ਮੌਤ ਪਿੱਛੋਂ ਹੋਰ ਵੀ ਮੈਲੀ ਹੋ ਗਈ ਸੀ। ਉਹ ਯਾਰਾਂ-ਬਾਸ਼ਾਂ ਦੀ ਢਾਣੀ ਵਿਚ ਬੋਤਲ ਦੁਆਲੇ ਬੈਠਾ ਬਾਘੀ ਪਾਉਂਦਾ, "ਉਹ ਏਥੇ ਰਹੂ ਤਾਂ ਮੇਰੀ ਰੰਨ ਬਣ ਕੇ, ਨਈਂ ਤੇ ਸਣੇ ਮੁੰਡੇ ਉਹਦੇ ਫੱਟੇ ਚੁੱਕ ਦੂੰ...।" ਉਹਦੇ ਕੰਨੀਂ ਕੰਨਸੋਆਂ ਪੈਂਦੀਆਂ ਤਾਂ ਉਹ ਕੰਬਦੇ ਹੱਥਾਂ ਨਾਲ ਮੁੰਡੇ ਨੂੰ ਹਿੱਕ ਨਾਲ ਘੁੱਟ ਲੈਂਦੀ। ਜਿੰਨੇ ਜੋਗੀ ਵੀ ਸੀ, ਉਹਦੇ ਉਤੇ ਤਾਂ ਬਣ ਕੇ ਤਣ ਜਾਂਦੀ, ਪਰ ਪੁੰਗਰ ਰਹੇ ਬੂਟੇ ਨੂੰ ਛਾਂ ਨਾਲੋਂ ਵਾੜ ਦੀ ਬਹੁਤੀ ਲੋੜ ਸੀ ਤੇ ਚਾਚੇ ਨੇ ਆਪਣੇ ਹੱਥਾਂ ਦੀ ਵਾੜ ਉਨ੍ਹਾਂ ਦੁਆਲੇ ਬੀੜ ਦਿੱਤੀ।

ਤੇ ਇੰਨੇ ਨਾਲ ਹੀ ਲੋਕਾਂ ਨੇ ਖੰਭਾਂ ਦੀਆਂ ਡਾਰਾਂ ਬਣਾ ਲਈਆਂ ਤੇ ਵਿੰਹਦਿਆਂ ਵਿੰਹਦਿਆਂ ਡਾਰਾਂ ਪਿੰਡ ਉਤੋਂ ਸ਼ੂਕਦੀਆਂ ਲੰਘ ਗਈਆਂ। ਉਨ੍ਹੀਂ ਦਿਨੀਂ ਪਿੰਡ ਦੇ ਚੋਬਰਾਂ ਨੂੰ ਜਿਵੇਂ ਹੋਰ ਕੋਈ ਕੰਮ ਨਹੀਂ ਸੀ ਰਹਿ ਗਿਆ। ਉਹ ਕੁਝ ਦਿਨ ਉਹਦੇ ਘਰ ਦੇ ਗੇੜੇ ਕੱਢਦੇ। ਆਨੀਂ-ਬਹਾਨੀਂ ਮਰਨ ਵਾਲੇ ਨਾਲ ਆਪਣੀ ਹਮਦਰਦੀ ਜਤਾਉਂਦੇ ਤੇ ਜਦ ਗੱਲ ਨਾ ਬਣਦੀ ਤਾਂ ਉਹਦੇ ਕਿੱਸੇ ਜੋੜਨ ਲੱਗ ਪੈਂਦੇ। ਘਟਨਾ ਕਿਸੇ ਤਰ੍ਹਾਂ ਦੀ ਵੀ ਹੁੰਦੀ, ਪਰ ਚਾਚੇ ਦਾ ਨਾਂ ਜ਼ਰੂਰ ਹੁੰਦਾ। ਇਹ ਗੱਲਾਂ ਉਨ੍ਹਾਂ ਤੱਕ ਵੀ ਅੱਪੜਦੀਆਂ ਤਾਂ ਉਹ ਉਦਾਸ ਜਿਹੇ ਹੋ ਜਾਂਦੇ। ਤੇ ਜਦੋਂ ਮਿਲਦੇ ਤਾਂ ਇਕ-ਦੂਜੇ ਸਾਹਮਣੇ ਅੱਖਾਂ ਵੀ ਉਚੀਆਂ ਕਰਨ ਦਾ ਹੀਆ ਨਾ ਕਰਦੇ। ਇਕ ਦਿਨ ਸਾਹਮਣੇ ਬੈਠੀ ਉਦਾਸ ਔਰਤ ਨੇ ਚਾਚੇ ਨੂੰ ਡੂੰਘੇ ਦੁੱਖ ਨਾਲ ਕਿਹਾ ਸੀ, "ਤੂੰ ਇੰਜ ਘਰ ਨਾ ਆਇਆ ਕਰ।" ਤੇ ਚਾਚਾ ਚੁੱਪ-ਚਾਪ ਉਠ ਕੇ ਤੁਰ ਪਿਆ ਸੀ। ਚਾਚੇ ਦੇ ਜਾਣ ਬਾਅਦ ਇਹ ਔਰਤ ਘਬਰਾਈ ਸੀ, ਤੜਫੀ ਸੀ, ਆਪਣੇ ਆਪ ਨਾਲ ਹੀ ਲੜਦਿਆਂ ਮਹਿਸੂਸ ਕੀਤਾ ਸੀ ਕਿ ਉਹਦੇ ਬਗੈਰ ਉਹ ਕਿੰਨੀ ਊਣੀ ਊਣੀ ਤੇ ਅਧੂਰੀ ਸੀ। ਅਗਲੇ ਹੀ ਦਿਨ, ਇਹ ਘਰ ਬੈਠੀ ਉਹਨੂੰ ਉਡੀਕਦੀ ਰਹੀ...ਉਹ ਨਾ ਆਇਆ। ਗਲੀ 'ਚੋਂ ਲੰਘਦੇ ਪੈਰਾਂ ਦੀਆਂ ਬਿੜਕਾਂ ਲੈਂਦੀ ਰਹੀ...ਉਹ ਉਨ੍ਹਾਂ ਰਾਹਾਂ 'ਚੋਂ ਵੀ ਨਾ ਲੰਘਿਆ। ਤੇ ਤੀਜੇ ਦਿਨ ਮੌਕਾ ਵੇਖ ਕੇ ਇਹ ਉਹਦੇ ਘਰ ਹੀ ਆ ਗਈ। ਚਾਚਾ ਮੰਜੇ ਉਤੇ ਬੈਠਾ ਸੀ, ਉਠ ਕੇ ਖਲੋ ਗਿਆ ਪਰ ਬੋਲਿਆ ਕੁਝ ਨਹੀਂ ਸੀ। ਥੋੜ੍ਹੀ ਚੁੱਪ ਤੋਂ ਬਾਅਦ ਇਸੇ ਔਰਤ ਨੇ ਕਿਹਾ ਸੀ, "ਤੂੰ ਗੁੱਸਾ ਕਰ ਲਿਆ...ਮੈਂ ਤਾਂ ਤੇਰੇ ਭਲੇ ਲਈ ਹੀ ਕਿਹਾ ਸੀ।" ਚਾਚਾ ਅਜੇ ਵੀ ਚੁੱਪ ਸੀ। ਉਹ ਫ਼ੇਰ ਬੋਲੀ, "ਮੇਰੇ ਨਾਲ ਤਾਂ ਏਦੋਂ ਵੱਧ ਕੀ ਹੋ ਜੂ...ਸੋਚਦੀ ਸਾਂ ਕਿਤੇ ਤੇਰਾ ਵੀ ਵੱਸਦਾ ਰਸਦਾ ਘਰ ਨਾ ਪੁੱਟਿਆ ਜਾਏ।" ਫੇਰ ਇਕ ਚੁੱਪ ਤੇ ਉਸ ਚੁੱਪ ਤੋਂ ਬਾਅਦ, ਹੁਣ ਚਾਚੇ ਦੀ ਵਾਰੀ ਸੀ, "ਆਪਾਂ ਤਾਂ ਸੱਚੇ ਆਂ ਨਾ...ਬਕਣ ਦੇ ਲੋਕਾਂ ਨੂੰ ਜੋ ਬਕਦੇ ਨੇ।"

"ਇਹੋ ਮੈਂ ਕਹਿਣ ਆਈ ਸਾਂ...ਲੋਕਾਂ ਦਾ ਵੱਸ ਚੱਲੇ ਤਾਂ ਉਹ ਜਿਉਣ ਵੀ ਨਾ ਦੇਣ।" ਇਸ ਔਰਤ ਨੇ ਕਿਹਾ ਸੀ ਤੇ ਮੈਂ ਨਾਲ ਦੇ ਕਮਰੇ ਵਿਚ ਬੈਠਾ ਆਦਰ ਨਾਲ ਸਿਜਦੇ ਵਿਚ ਝੁਕ ਗਿਆ ਸਾਂ।

ਜਦੋਂ ਡਾਕਟਰਾਂ ਦੀਆਂ ਦਵਾਈਆਂ ਬੇਅਸਰ ਹੋਣ ਲੱਗੀਆਂ ਤਾਂ ਇਸ ਔਰਤ ਨੇ ਕਈ ਗੁਰਦੁਆਰਿਆਂ ਵਿਚ ਮੱਥੇ ਰਗੜੇ ਤੇ ਸਿਆਣਿਆਂ ਤੋਂ ਪੁੱਛਾਂ ਪਵਾਈਆਂ ਸਨ। ਬੜਾ ਵਿਸ਼ਵਾਸ ਸੀ ਇਹਨੂੰ ਰੱਬ ਉਤੇ ਕਿ ਉਹ ਦੂਜੀ ਵਾਰ ਏਦਾਂ ਦਾ ਅਨਰਥ ਨਹੀਂ ਕਰੇਗਾ, ਪਰ ਇਸ ਵਾਰ ਦੀ ਛੁੱਟੀ ਵਿਚ ਮੈਂ ਵੇਖਿਆ ਸੀ, ਇਹਦਾ ਵਿਸ਼ਵਾਸ ਜਿਵੇਂ ਥਿੜ੍ਹਕ ਗਿਆ ਸੀ। ਹੁਣ ਇਹ ਮੇਰੇ ਨਾਲ ਚਾਚੇ ਦੀ ਨਿਘਰਦੀ ਹਾਲਤ ਉਤੇ ਚਿੰਤਾ ਕਰਦੀ ਰੋਣਹਾਕੀ ਹੋ ਜਾਂਦੀ ਸੀ। ਚਾਚੇ ਦਾ ਭੋਰਾ-ਭੋਰਾ ਕਰ ਕੇ ਟੁੱਟਣਾ ਮੇਰੇ ਲਈ ਵੀ ਅਸਹਿ ਸੀ ਪਰ ਪਤਾ ਨਹੀਂ ਕਿਉਂ, ਮੈਨੂੰ ਇਸ ਔਰਤ ਦੇ ਸਾਹਮਣੇ ਆਪਣਾ ਦਰਦ ਛੋਟਾ ਛੋਟਾ ਲੱਗਣ ਲੱਗ ਪੈਂਦਾ ਸੀ। ਇਕ ਦਿਨ ਇਹ ਡਾਢੇ ਹੀ ਦੁੱਖ ਨਾਲ ਮੈਨੂੰ ਕਹਿਣ ਲੱਗੀ, "ਏਦ੍ਹੇ ਬਾਰੇ ਸੋਚਦੀ ਆਂ ਤਾਂ ਕਾਂਬਾ ਛਿੜ ਜਾਂਦੈ...ਮੈਂ ਆਂਹਦੀ ਆਂ ਰੱਬਾ! ਜੇ ਤੂੰ ਏਦ੍ਹੀ ਜਾਨ ਨਈਂ ਬਖਸ਼ਣੀ ਤਾਂ ਮੈਨੂੰ ਪਹਿਲਾਂ ਚੁੱਕ ਲੈ।" ਉਸ ਦਿਨ ਬੇਵਸੇ ਅੱਥਰੂਆਂ ਉਤੇ ਸਾਡਾ ਦੋਵਾਂ ਦਾ ਜ਼ੋਰ ਨਹੀਂ ਸੀ ਚੱਲਿਆ ਤੇ ਅਸੀਂ ਵਾਪਰਨ ਵਾਲੀ ਹੋਣੀ ਨੂੰ ਕਿਆਸਦੇ ਜਿਵੇਂ ਸੂਲੀ ਟੰਗੇ ਗਏ ਸਾਂ। ਕਿੰਨੇ ਚਿਰ ਪਿੱਛੋਂ ਇਸ ਔਰਤ ਨੇ ਲੰਮਾ ਹੌਕਾ ਲਿਆ ਸੀ ਤੇ ਮੈਂ ਵੀ ਆਪਣੇ ਅੱਥਰੂ ਪੂੰਝਦਾ ਚੁੱਪ-ਚਾਪ ਉਠ ਕੇ ਤੁਰ ਪਿਆ ਸਾਂ।

ਤੇ ਫੇਰ...ਚਾਚੇ ਦੇ ਭਾਂਡੇ ਵੱਖਰੇ ਹੋ ਗਏ ਸਨ ਤੇ ਬਿਸਤਰਾ ਵੱਖਰਾ। ਘਰ ਦੇ ਜੀਅ ਉਹਦੇ ਨਾਲ ਗੱਲਾਂ ਕਰਨੋਂ ਤ੍ਰਹਿੰਦੇ ਸਨ। ਜਵਾਨ ਹੋ ਰਹੇ ਬੱਚਿਆਂ ਨੂੰ ਉਹਦੇ ਲਾਗੇ ਬਹਿਣਾ ਜਾਂ ਜੂਠਾ ਖਾਣ ਤੋਂ ਵਰਜ ਦਿੱਤਾ ਗਿਆ ਸੀ। ਪੂਰੀ ਉਮਰ ਹੰਢਾ ਚੁੱਕੀ ਦਾਦੀ, ਆਂਢ-ਗੁਆਂਢ ਆਪਣੀ ਮਮਤਾ ਦਾ ਪੂਰਾ ਵਿਖਾਵਾ ਪਾਉਂਦੀ ਪਰ ਘਰ ਵਿਚ ਉਹ ਵੀ ਚਾਚੇ ਤੋਂ ਇਕ ਵਿੱਥ ਉਤੇ ਖਲੋ ਗਈ ਸੀ। ਵਾਹ ਲੱਗਦਿਆਂ, ਚਾਚਾ ਆਪ ਵੀ ਪੂਰਾ ਬੰਧੇਜ ਰੱਖਦਾ, ਫੇਰ ਵੀ ਉਹ ਚਾਹੁੰਦਾ ਸੀ ਕਿ ਕੋਈ ਉਹਦੇ ਨਾਲ ਹੱਸੇ ਖੇਡੇ, ਗੱਲਾਂ ਕਰੇ। ਉਹਨੂੰ ਬਿਮਾਰੀ ਤੇ ਮੌਤ ਦੀ ਸੋਚ ਨਾਲੋਂ ਬਹੁਤਾ ਘਰਦਿਆਂ ਦਾ ਵਤੀਰਾ ਵਿੰਨ੍ਹਦਾ ਰਹਿੰਦਾ। ਗੁਰਦੁਆਰੇ ਦੇ ਤਵੇ ਉਤੇ ਸਵੇਰੇ ਸ਼ਾਮ ਵੱਜਦਾ ਸ਼ਬਦ 'ਜਗਤ ਮੇਂ ਝੂਠੀ ਦੇਖੀ ਪ੍ਰੀਤ' ਹੁਣ ਉਹਨੂੰ ਸੱਚਾ ਸੱਚਾ ਲੱਗਣ ਲੱਗ ਪਿਆ ਸੀ। ਚਾਚੀ ਤਾਂ ਸਾਰੀ ਉਮਰ ਹੀ ਉਹਦੇ ਹੱਥੋਂ ਸਤੀ ਰਹੀ ਸੀ। ਉਹਦੇ 'ਕਾਰਿਆਂ' ਤੋਂ ਅੱਕੀ, ਉਹ ਹਮੇਸ਼ਾਂ ਹੀ ਉਚਾ-ਨੀਵਾਂ ਬੋਲਦੀ ਰਹਿੰਦੀ। ਉਹ ਖਿਝਦੀ ਤਾਂ ਚਾਚਾ ਅੱਗਿਓਂ ਹੱਸ ਛੱਡਦਾ, "ਸ਼ੀਰੇ ਦੀ ਮਾਂ, ਪਤੀ ਪਰਮੇਸ਼ਰ ਨਾਲ ਇੰਜ ਤੱਤੀ ਨਾ ਹੋਇਆ ਕਰ...ਅਸਾਂ ਕਿਤੇ ਬਹਿ ਰਹਿਣਾ। ਪੁੱਤ ਗੱਭਰੂ ਹੋ ਕੇ ਆਪੇ ਚੁੱਕ ਲੈਣਗੇ ਘਰ ਦਾ ਧੰਦਾਲ।" ਹੁਣ ਤਾਂ ਉਹ ਕੋਈ ਜ਼ਰੂਰੀ ਗੱਲ ਕਰਨ ਲੱਗੀ ਨੱਕ ਤੇ ਮੂੰਹ ਉਤੇ ਆਪਣੀ ਚੁੰਨੀ ਵਲ੍ਹੇਟ ਲੈਂਦੀ ਸੀ ਤੇ ਅਜਿਹੇ ਵੇਲੇ ਚਾਚੇ ਦੀ ਉਦਾਸੀ ਵੇਖੀ ਨਹੀਂ ਸੀ ਜਾਂਦੀ।

ਥੋੜ੍ਹੇ ਦਿਨ ਪਹਿਲਾਂ, ਇਕ ਤ੍ਰਿਕਾਲੀਂ ਚਾਚੀ ਦੇ ਉਚੇ ਬੋਲ ਵਿਹੜੇ ਵਿਚਲੀ ਕੰਧ ਟੱਪ ਗਏ ਸਨ। ਪਤਾ ਨਹੀਂ ਉਹ ਕਿਹੜੀ ਗੱਲੋਂ ਹਿਰਖੀ ਪਈ ਸੀ। ਉਹਦੇ ਤੱਤੇ ਬੋਲ ਮੈਨੂੰ ਵੀ ਲੂੰਹਦਾ ਕਰ ਗਏ ਸਨ, "ਜਵਾਨੀ ਗਾਲ'ਤੀ ਹੋਰਾਂ ਦੇ ਬੂਹੇ। ਹੁਣ ਮਰਨ ਲੱਗਾ ਸਾਨੂੰ ਆ ਚੰਬੜਿਆ। ਜੀਦ੍ਹਾ ਸਿਰ੍ਹਾਣਾ ਮੱਲ ਕੇ ਬਹਿ ਰਹਿੰਦਾ ਸੀ, ਉਹ ਹੁਣ ਵੀ ਤਾਂ ਪਿੰਡ ਵਿਚ ਈ ਵੱਸਦੀ ਐ।" ਤੇ ਪਤਾ ਨਹੀਂ ਹੋਰ ਕੀ ਕੀ ਸੁਣਿਆ ਸੀ ਉਸ ਦਿਨ।

ਉਸ ਦਿਨ ਚਾਚੇ ਦੀ ਉਦਾਸੀ ਝੱਲੀ ਨਹੀਂ ਸੀ ਜਾਂਦੀ। ਉਹ ਕਿੰਨਾ ਚਿਰ ਮੇਰੇ ਕੋਲ ਬੈਠਾ ਸੰਸਾਰੀ ਰਿਸ਼ਤਿਆਂ ਤੇ ਜ਼ਿੰਦਗੀ ਦੀਆਂ ਤਲਖੀਆਂ, ਇਸ ਵਿਚਲੇ ਮੋਹ ਅਤੇ ਜਨਮ ਮਰਨ ਦੀਆਂ ਗੱਲਾਂ ਕਰਦਾ ਰਿਹਾ। ਉਸ ਦਿਨ ਮੈਂ ਪਹਿਲੀ ਵਾਰ ਚਾਚੇ ਨੂੰ ਏਨਾ ਗੰਭੀਰ ਵੇਖਿਆ ਸੀ। ਜ਼ਿੰਦਗੀ ਤੇ ਮੌਤ ਦੇ ਵਿਚਕਾਰ ਲਟਕਦਾ ਉਹ ਗਿਆਨੀਆਂ ਵਾਂਗ ਕਹਿ ਰਿਹਾ ਸੀ, "ਕੁਝ ਵੀ ਹੋਵੇ, ਮਰਨ ਨੂੰ ਭੋਰਾ ਦਿਲ ਨਈਂ ਕਰਦਾ, ਪਰ ਮੈਨੂੰ ਆਪਣਾ ਅੰਤ ਦੀਹ੍ਦਾ। ਹੁਣ ਬਹੁਤ ਚਿਰ ਜੀਅ ਨਈਂ ਹੋਣਾ।" ਮੈਥੋਂ ਇਹ ਸਭ ਕੁਝ ਝੱਲਿਆ ਨਹੀਂ ਸੀ ਗਿਆ ਤੇ ਮੈਂ ਧਾਹਾਂ ਮਾਰ ਰੋ ਉਠਿਆ ਸੀ ਪਰ ਚਾਚਾ ਮੈਨੂੰ ਦਿਲਾਸੇ ਦਿੰਦਾ ਕਹਿ ਰਿਹਾ ਸੀ, "ਹੈ ਕਮਲਾ, ਕੋਈ ਸਾਰੀ ਉਮਰ ਵੀ ਨਾਲ ਨਿਭਦਾ?" ਪਰ ਮੈਨੂੰ ਧਰਵਾਸ ਦੇਣ ਵਾਲਾ ਚਾਚਾ ਆਪ ਵੀ ਡੋਲਿਆ ਹੋਇਆ ਸੀ। ਵਰੂੰ ਵਰੂੰ ਵਰਦੀਆਂ ਅੱਖਾਂ ਉਹਨੇ ਆਪਣੇ ਰਹਿੰਦੇ ਖੂੰਹਦੇ ਹਠ ਨਾਲ ਰੋਕ ਤਾਂ ਲਈਆਂ ਸਨ ਪਰ ਉਨ੍ਹਾਂ ਵਿਚਲੀ ਪੀੜ ਉਸ ਤੋਂ ਰੋਕੀ ਨਹੀਂ ਸੀ ਗਈ। ਮੇਰੇ ਨਾਲ ਹਰ ਭੇਤ ਸਾਂਝਾ ਕਰ ਲੈਣ ਵਾਲਾ ਚਾਚਾ, ਉਸ ਦਿਨ ਭਰੀਆਂ ਭਰਾਈਆਂ ਅੱਖਾਂ ਨਾਲ ਮੇਰੇ ਕੋਲੋਂ ਤੁਰ ਪਿਆ ਸੀ ਤੇ ਜਾਂਦਿਆਂ ਹੀ ਇਸ ਔਰਤ ਦੇ ਮੋਢਿਆਂ ਉਤੇ ਸਿਰ ਰੱਖ ਕੇ ਬੱਚਿਆਂ ਵਾਂਗ ਰੋ ਪਿਆ ਸੀ ਤੇ ਇਹ ਔਰਤ ਉਹਦੇ ਅੱਥਰੂ ਪੂੰਝਦੀ ਤੇ ਦਿਲਾਸੇ ਦਿੰਦੀ ਉਹਦੀ ਮਾਂ ਬਣ ਗਈ ਸੀ। ਫੇਰ ਇਸੇ ਔਰਤ ਨੇ ਉਹਦੇ ਸਿਰ ਨੂੰ ਆਪਣੇ ਪੱਟਾਂ ਉਤੇ ਰੱਖਦਿਆਂ ਪਲੋਸਣਾ ਸ਼ੁਰੂ ਕਰ ਦਿੱਤਾ ਸੀ। ਪਿਆਰ ਤੋਂ ਥੁੜਿਆ ਚਾਚਾ ਵਿਸਮਾਦੀ ਹਾਲਤ ਵਿਚ ਉਂਜ ਹੀ ਕਿੰਨਾ ਚਿਰ ਪਿਆ ਰਿਹਾ ਤੇ ਫੇਰ ਜਿਵੇਂ ਉਹਨੂੰ ਬਹੁਤ ਵੱਡੇ ਅਨਰਥ ਹੋਣ ਦਾ ਅਹਿਸਾਸ ਹੋਇਆ। ਉਹ ਆਪਣਾ ਮੂੰਹ ਪਾਸੇ ਨੂੰ ਫੇਰਦਾ ਫੇਰ ਰੋ ਉਠਿਆ ਸੀ। ਇਸ ਔਰਤ ਨੇ

# ‘ਰਿਸ਼ਤਿਆਂ ਦੇ ਆਰ ਪਾਰ’ ਖੜ੍ਹਾ ਦਲਬੀਰ ਚੇਤਨ

## ਦਰਦਾਂ ਦੀ ਬਾਤ

ਜੇਠ ਹਾੜ੍ਹ ਦਾ ਮਹੀਨਾ। ਰਾਤ ਕਿੰਨੀ ਕੁ ਤੁਰ ਗਈ, ਇਸ ਦਾ ਕੋਈ ਇਲਮ ਨਹੀਂ। ਮੈਂ ਤੇ ਮੇਰੇ ਚਾਚੇ ਦਾ ਹਾਣੀ ਪੁੱਤ ਇਕੋ ਹੀ ਮੰਜੇ ‘ਤੇ ਸੌਂ ਰਹੇ ਸਾਂ। ਲਾਗੇ ਸੁੱਤੀ ਦਾਦੀ ਮਾਂ ਜ਼ੋਰ-ਜ਼ੋਰ ਦੀ ਆਵਾਜ਼ਾਂ ਦੇ ਰਹੀ ਸੀ, “ਵੇ ਮੁੰਡਿਓ! ਉਠੋ!! ਭਾਣਾ ਵਾਪਰ ਗਿਆ ਜੇ।” ਬਾਹਰੋਂ ਟਰੈਕਟਰ ਦੀ ਆਵਾਜ਼ ਅਤੇ ਨਾਲ ਹੀ ਜਨਾਨੀਆਂ ਦੇ ਰੋਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਦਾਦੀ ਮਾਂ ਦੀ ਡੰਗੋਰੀ ਗੁਆਚ ਗਈ ਸੀ ਤੇ ਸਾਡੇ ਕੋਲੋਂ ਰੋਜ਼ ਵਾਂਗ, ਬਾਹਰਲੇ ਦਰਵਾਜ਼ੇ ਨੂੰ ਜੰਦਰਾ ਮਾਰ ਕੇ ਸਰ੍ਹਾਣੇ ਥੱਲੇ ਰੱਖੀ ਚਾਬੀ ਨਹੀਂ ਸੀ ਮਿਲ ਰਹੀ। ਬਾਹਰੋਂ ਬੰਦਿਆਂ ਦੀਆਂ ਆਵਾਜ਼ਾਂ ਹੋਰ ਉਚੀਆਂ ਹੋ ਗਈਆਂ ਕਿ ‘ਦਰਵਾਜ਼ਾ ਖੋਲ੍ਹੋ।’ ਦਰਵਾਜ਼ਾ ਖੁੱਲ੍ਹਿਆ ਤਾਂ ਕੀ ਦੇਖਦੇ ਹਾਂ-ਟਰਾਲੀ ’ਚ ਚਾਚਾ ਮੰਜੇ ਉਤੇ ਸਦਾ ਲਈ ਸੌਂ ਚੁੱਕਾ ਸੀ।

‘ਰਿਸ਼ਤਿਆਂ ਦੇ ਆਰ ਪਾਰ’ ਕਹਾਣੀ ਵਿਚਲਾ ਚਾਚਾ ਜੋਗਿੰਦਰ ਸਿੰਘ ਨੰਬਰਦਾਰ ਮੇਰਾ ਸਕਾ ਚਾਚਾ ਏ। ਮੇਰੇ ਪਿਤਾ ਜੀ ਤਿੰਨ ਭਰਾ ਸਨ। ਵੱਡੇ ਮੇਰੇ ਪਿਤਾ ਜੀ, ਇਹ ਛੋਟੇ ਅਤੇ ਇਸ ਤੋਂ ਛੋਟਾ ਪਿੰਡ ਪਰਿਵਾਰ ਦੇ ਨਾਲ ਰਹਿ ਰਿਹਾ ਏ। ਦਾਦਾ ਜੀ ਪਿੰਡ ਦੇ ਆਲ੍ਹਾ ਨੰਬਰਦਾਰ ਸਨ। ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ, ਮੇਰੇ ਪਿਤਾ ਜੀ ਫੌਜ ਵਿਚ ਹੋਣ ਕਰ ਕੇ, ਦਾਦਾ ਜੀ ਦੀ ਨੰਬਰਦਾਰੀ ਚਾਚੇ ਦੇ ਹਿੱਸੇ ਆਈ। ਫਿਰ ਉਹ ਅਸ਼ਟਾਮਾਂ ਉਤੇ ਉਰਦੂ ਦੇ ਸਿੱਖੇ ਹੋਏ ਦਸਤਖ਼ਤ ਕਰਦਾ ਕਰਦਾ ਆਪਣੀ ਜ਼ਿੰਦਗੀ ਦੀਆਂ ਰੇਖਾਵਾਂ ਉਤੇ ਵੀ ਕਰ ਬੈਠਾ।

ਚੇਤਨ ਦੱਸਦਾ ਹੁੰਦਾ ਸੀ ਕਿ ‘ਰਿਸ਼ਤਿਆਂ ਦੇ ਆਰ ਪਾਰ’ ਕਹਾਣੀ ਰਸਾਲਿਆਂ ਵਿਚ ਛਪਣ ਵਾਲੀਆਂ ਉਸ ਦੀਆਂ ਕਹਾਣੀਆਂ ਵਿਚੋਂ ਤੀਜੀ ਜਾਂ ਚੌਥੀ ਸੀ। ਇਹ ਕਹਾਣੀ ‘ਨਾਗਮਣੀ’ ਵਿਚ ਛਪੀ ਸੀ। ਅੰਮ੍ਰਿਤਾ ਪ੍ਰੀਤਮ ਨੇ ਖ਼ਤ ਰਾਹੀਂ ਲੇਖਕ ਦੀ ‘ਰਿਸ਼ਤਿਆਂ ਦੇ ਆਰ ਪਾਰ’ ਵੇਖਣ ਦੀ ਸਮਰੱਥਾ ਦਾ ਜ਼ਿਕਰ ਕੀਤਾ ਅਤੇ ਇੰਨੀ ਪਿਆਰੀ ਕਹਾਣੀ ਲਿਖਣ ਲਈ ਬਹੁਤ ਸਾਰਾ ਪਿਆਰ ਵੀ ਭੇਜਿਆ। ਉਨ੍ਹਾਂ ਦੀ ਇਸ ਚਿੱਠੀ ਸਦਕਾ ਮੈਨੂੰ ਵੀ ਇਹ ਕਹਾਣੀ ਬਹੁਤ ਪਿਆਰੀ ਲੱਗਣ ਲੱਗ ਪਈ। ‘ਨਾਗਮਣੀ’ ਦੇ ਅਗਲੇ ਅੰਕ ਵਿਚ ਇਸ ਕਹਾਣੀ ਬਾਰੇ ਡਾ. ਇੰਦੂ ਦਾ ਖ਼ਤ ਛਪਿਆ, ‘ਲੇਖਕ ਤਾਂ ਕਹਾਣੀ ਦੀ ਨਾਇਕਾ ਦੇ ਮੋਢੇ ਉਤੇ ਸਿਰ ਰੱਖ ਕੇ, ਤੇ ਰੋ ਕੇ ਆਪਣਾ ਦੁੱਖ ਹਲਕਾ ਕਰ ਲੈਂਦਾ ਹੈ, ਪਰ ਅਸੀਂ ਪਾਠਕ ਕੀਹਦੇ ਮੋਢੇ ਉਤੇ ਸਿਰ ਰੱਖ ਕੇ ਰੋਈਏ!’ ਇਹ ਖ਼ਤ ਪੜ੍ਹ ਕੇ ਮੈਨੂੰ ਇਹ ਕਹਾਣੀ ਹੋਰ ਵੀ ਪਿਆਰੀ ਲੱਗਣ ਲੱਗ ਪਈ। ਇਹ ਕਹਾਣੀ ਅੰਗੇਰਜ਼ੀ, ਹਿੰਦੀ, ਉਰਦੂ, ਤੈਲਗੂ ਤੇ ਗੁਜਰਾਤੀ ਭਾਸ਼ਾਵਾਂ ਵਿਚ ਅਨੁਵਾਦ ਹੋਈ।

ਉਦੋਂ ਮੇਰੀ ਉਮਰ 10-11 ਸਾਲ ਦੀ ਸੀ। ਸਾਡਾ ਘਰ ਤੇ ਵਿਹੜਾ ਬਹੁਤ ਛੋਟਾ ਸੀ। ਚਾਚੇ ਦਾ ਘਰ ਤੇ ਵਿਹੜਾ ਨਾਲੋ-ਨਾਲ ਇਕੱਠੇ ਹੋਣ ਕਰ ਕੇ ਉਹ ਖੁੱਲ੍ਹਾ ਲਗਦਾ ਸੀ ਤੇ ਅਸੀਂ ਖੇਡਦੇ-ਮੱਲਦੇ ਵੀ ਚਾਚੇ ਦੇ ਵਿਹੜੇ ਵਿਚ ਹੀ ਹੁੰਦੇ ਸਨ। ਬਹੁਤ ਦੇਰ ਤੱਕ ਘਰਾਂ ਵਿਚ ਸੋਗ ਰਿਹਾ ਤੇ ਸਾਨੂੰ ਵਿਹੜੇ ਵਿਚ ਖੇਡਣ ਵੀ ਨਹੀਂ ਸੀ ਦਿੱਤਾ ਜਾਂਦਾ। ਜੇ ਕਦੇ ਉਸ ਵਿਹੜੇ ਵਿਚ ਮਾਹੌਲ ਚੰਗਾ ਹੋਣ ਲੱਗਦਾ ਤਾਂ ਕੋਈ ਦਿਨ-ਦਿਹਾਰ ਆ ਜਾਂਦਾ, ਤੇ ਘਰ ਵਿਚ ਫ਼ੇਰ ਮਾਸੀਆਂ, ਭੂਆ ਹੋਰੀਂ ਆ ਕੇ ਰੋਣ ਲੱਗ ਜਾਂਦੀਆਂ।...ਫੇਰ ਬਹੁਤ ਦੇਰ ਤੱਕ ਵਿਹੜਾ ਉਦਾਸ ਰਹਿੰਦਾ। ਇਕ ਵਾਰੀ ਮੈਂ ਮਾਂ ਨਾਲ ਗੁੱਸੇ ਹੋ ਗਿਆ ਸੀ ਕਿ ਕਿੰਨੀਆਂ ਵਿਸਾਖੀਆਂ ਤੇ ਦੀਵਾਲੀਆਂ ਲੰਘ ਗਈਆਂ ਨੇ, ਘਰ ਵਿਚ ਕੁਝ ਖਾਣ-ਪੀਣ ਲਈ ਨਹੀਂ ਆਇਆ। ਜਲੇਬੀਆਂ ਤਾਂ ਕਿਧਰੇ ਰਹੀਆਂ, ਕਿਸੇ ਦਿਨ-ਦਿਹਾਰ ‘ਤੇ ਪਕੌੜੇ ਵੀ ਨਾ ਕੱਢ ਕੇ ਦਿੱਤੇ।...ਤੇ ਮਾਂ ਨੇ ਅੱਗਿਓਂ ਘੂਰ ਕੇ ਕਿਹਾ ਸੀ, “ਇਕੋ ਵਿਹੜੇ ਵਿਚ ਵੱਸਦੇ ਆਂ। ਮੇਰੇ ਕੋਲੋਂ ਸਰੀਕਾਂ ਤੋਂ ਗੱਲਾਂ ਨਹੀਂ ਸੁਣ ਹੁੰਦੀਆਂ।” ਉਦੋਂ ਇਹ ਗੱਲ ਮੇਰੇ ਸਿਰ ਉਤੋਂ ਦੀ ਲੰਘ ਗਈ ਸੀ।

ਦਾਦੀ ਮਾਂ ਦੱਸਦੀ ਹੁੰਦੀ ਸੀ, “ਚਾਚਾ ਬਹੁਤ ਜੁਆਨ ਤੇ ਸੋਹਣਾ ਹੁੰਦਾ ਸੀ। ਜਦੋਂ ਰੌਲੇ ਪਏ, ਆਪਣੇ ਘਰ ਵਿਚ ਇਕ ਮੁਸਲਮਾਨ ਤਾਜੀ ਜੁਲਾਹਾ ਕੰਮ ਕਰਦਾ ਹੁੰਦਾ ਸੀ। ਉਹਦੀਆਂ ਦੋ ਜੁਆਨ ਧੀਆਂ ਸਨ। ਰੌਲਿਆਂ ਵਿਚ ਮੈਂ ਉਨ੍ਹਾਂ ਨੂੰ ਆਪਣੇ ਘਰ ਰੱਖ ਲਿਆ ਸੀ। ਤੇਰੇ ਪਿਤਾ ਜੀ ਬਾਹਰ ਰਹਿੰਦੇ ਸਨ ਤੇ ਘਰ ਦੀ ਰਾਖੀ ਤੇਰਾ ਚਾਚਾ ਹੀ ਕਰਦਾ ਹੁੰਦਾ ਸੀ। ਰਾਤ ਨੂੰ ਵੀ ਬਾਹਰਲੇ ਦਰਵਾਜ਼ੇ ਅੱਗੇ ਮੰਜੇ ‘ਤੇ ਬੈਠਾ ਰਹਿੰਦਾ ਸੀ ਤੇ ਜਦੋਂ ਠੰਢ-ਠੰਢੋਲਾ ਹੋਇਆ ਤਾਂ ਮੈਂ ਫੇਰ ਤੇਰੇ ਚਾਚੇ ਨੂੰ ਕਿਹਾ, ‘ਤਾਜੀ ਤੇ ਇਹਦੀਆਂ ਧੀਆਂ ਨੂੰ ਇਨ੍ਹਾਂ ਦੇ ਮੁਹੱਲਿਆਂ ਵਿਚ ਛੱਡ ਆ।’...ਤੇ ਚਾਚੇ ਨੇ ਆਪਣੇ ਦੋ-ਤਿੰਨ ਹੋਰ ਬੇਲੀ ਲਏ ਤੇ ਉਨ੍ਹਾਂ ਨੂੰ ਜਿੱਥੇ ਜ਼ਿਆਦਾ ਮੁਸਲਮਾਨ ਰਹਿੰਦੇ ਸਨ, ਉਥੇ ਛੱਡ ਆਏ।”

ਮੈਂ ਚਾਚੇ ਨੂੰ ਆਪਣੀ ਹੋਸ਼ ਵਿਚ ਬਿਮਾਰ ਹੀ ਵੇਖਿਆ। ਬੱਸ ਘਰ ਆਉਣਾ ਤਾਂ ਖੰਘਦੇ ਹੀ ਰਹਿਣਾ। ਮੇਰੇ ਬੀਜੀ ਨੇ ਕਈ ਵਾਰੀ ਕਹਿਣਾ, “ਵੇ ਜੋਗਿੰਦਰ ਸਿੰਹਾਂ! ਤੂੰ ਐਵੇਂ ਖੰਘਦਾ ਰਹਿੰਦਾ ਏਂ। ਸੁਰਜੀਤ ਸਿੰਘ (ਚਾਚੀ ਦਾ ਡਾਕਟਰ ਭਰਾ) ਕੋਲ ਤੂੰ ਜਾਂਦਾ ਨਹੀਂ। ਜਾਹ, ਜੰਡਿਆਲੇ ਤੋਂ ਸੋਹਨ ਲਾਲ ਤੋਂ ਹੀ ਦਵਾਈ ਲੈ ਆ। ਨਾਲੇ ਉਹ ਕਿਹੜਾ ਪੈਸੇ ਲੈਂਦਾ, ਖੰਘ ਦੀ ਦਵਾਈ ਤਾਂ ਉਹਦੀ ਸ਼ਰਤੀਆ ਏ।” ਚਾਚੇ ਨੇ ਅੱਗਿਓਂ ਇਹ ਕਹਿ ਕੇ ਟਾਲ ਛੱਡਣਾ, “ਇਹ ਕੁੱਤੇ ਖੰਘ ਏ, ਆਪੇ ਹੀ ਹਟ ਜਾਵੇਗੀ।”

1965 ਦੀ ਲੜਾਈ ਤੋਂ ਇਕ ਸਾਲ ਪਹਿਲਾਂ ਸਾਡੇ ਪਿੰਡ ਅਤੇ ਲਾਗੇ ਦੇ ਇਕ-ਦੋ ਹੋਰ ਪਿੰਡਾਂ ਵਿਚ ਫੌਜ ਖੂਹਾਂ ‘ਤੇ ਆ ਕੇ ਬੈਠ ਗਈ। ਉਹ ਲੜਾਈ ਤੋਂ ਦੋ ਕੁ ਮਹੀਨੇ ਪਹਿਲਾਂ ਉਠ ਕੇ ਗਈ। ਲੰਮਾ ਸਮਾਂ ਰਹਿਣ ਕਰ ਕੇ ਹਰ ਖੂਹ ਦੇ ਜ਼ਿਮੀਂਦਾਰ ਨਾਲ ਫੌਜੀਆਂ ਦੀ ਯਾਰੀ ਵਾਲਾ ਮਾਹੌਲ ਹੋ ਗਿਆ। ਜ਼ਿਮੀਂਦਾਰ ਸਵੇਰੇ ਕੰਮ ਕਰਨ ਜਾਂਦੇ ਤਾਂ ਨਾਲ ਫੌਜੀਆਂ ਲਈ ਲੱਸੀ ਦੀ ਬਾਲਟੀ ਲੈ ਜਾਂਦੇ, ਤੇ ਆਪ ਸਾਰਾ ਦਿਨ ਫੌਜੀਆਂ ਨਾਲ ਰੋਟੀ-ਪਾਣੀ ਛਕਦੇ ਰਹਿੰਦੇ। ਸਾਡੇ ਖੂਹ ‘ਤੇ ਇਕ ਕੈਪਟਨ ਸੀ ਜਿਸ ਦਾ ਨਾਂ ਕਰਿਆਪਾ ਸੀ। ਉਹ ਮਦਰਾਸ ਦੀ ਪਲਟਣ ਵਿਚ ਸੀ। ਮੇਰੇ ਬੀਜੀ ਇਕ ਦਿਨ ਮੇਰੇ ਵੱਡੇ ਭਰਾ ਨੂੰ ਕਹਿਣ ਲੱਗੀ, “ਵੇ ਜਗਦੀਸ਼! ਤੂੰ ਕਹਿੰਦਾ ਏਂ ਆਪਣੇ ਖੂਹ ਵਾਲਾ ਕੈਪਟਨ ਤੇਰਾ ਯਾਰ ਏ, ਵੇ ਉਹਨੂੰ ਕਹਿ, ਤੇਰੇ ਚਾਚੇ ਨੂੰ ਆਪਣੇ ਡਾਕਟਰ ਨੂੰ ਹੀ ਦਿਖਾ ਦੇਵੇ।”

ਮੇਰੇ ਪਿਤਾ ਜੀ ਫੌਜ ਵਿਚ ਹੋਣ ਕਰ ਕੇ ਮੇਰੇ ਬੀਜੀ ਨੂੰ ਇਹ ਯਕੀਨ ਸੀ ਕੇ ਫੌਜ ਦੇ ਡਾਕਟਰ ਬਹੁਤ ਸਿਆਣੇ ਹੁੰਦੇ ਹਨ। ਕਰਿਆਪੇ ਨਾਲ ਗੱਲ ਕੀਤੀ ਤਾਂ ਉਹ ਮੰਨ ਗਿਆ। ਚਾਚਾ ਵੀ ਫੌਜੀ ਡਾਕਟਰ ਕੋਲੋਂ ਇਲਾਜ ਨੂੰ ਮੰਨ ਗਿਆ। ਡਾਕਟਰ ਨੇ ਜਦੋਂ ਚਾਚੇ ਦਾ ਚੈਕਅੱਪ ਕੀਤਾ ਤਾਂ ਮੇਰੇ ਵੱਡੇ ਭਰਾ ਨੂੰ ਕਹਿਣ ਲੱਗਾ, “ਤੇਰੇ ਚਾਚੇ ਨੂੰ ਟੀ.ਬੀ. (ਤਪਦਿਕ) ਏ।” ਟੀ.ਬੀ. ਦੀ ਬਿਮਾਰੀ ਉਨ੍ਹਾਂ ਦਿਨਾਂ ਵਿਚ ਅੱਜਕੱਲ੍ਹ ਕੈਂਸਰ ਵਾਂਗ ਸਮਝੀ ਜਾਂਦੀ ਸੀ। ਨਾ ਉਸ ਵਕਤ ਟੀ.ਬੀ. ਦਾ ਇਲਾਜ ਸੀ। ਜੇ ਸੀ ਤਾਂ ਬਹੁਤ ਮਹਿੰਗਾ। ਘਰ ਆ ਕੇ ਜਦੋਂ ਬੀਜੀ ਨੂੰ ਦੱਸਿਆ ਤਾਂ ਉਹ ਹੈਰਾਨ ਹੋ ਗਏ, “ਮੈਂ ਤਾਂ ਅੱਗੇ ਹੀ ਕਹਿੰਦੀ ਸੀ, ਇਹ ਕੁੱਤੇ ਖੰਘ ਨਹੀਂ ਏ। ਵੇ ਜਗਦੀਸ਼! ਤੂੰ ਕੱਲ੍ਹ ਨੂੰ ਹੀ ਆਪਣੀ ਚਾਚੀ ਨੂੰ ਲੈ ਕੇ ਆਪਣੇ ਮਾਮੇ ਨੂੰ ਦੱਸ ਕੇ ਆ।” ਮਾਮਾ ਸੁਰਜੀਤ ਸਿੰਘ ਆਪਣੇ ਇਲਾਕੇ ਦਾ ਮੰਨਿਆ ਡਾਕਟਰ ਹੈ। ਉਸ ਵਕਤ ਉਹ ਆਪਣੇ ਪਿੰਡ ਤਲਵੰਡੀ ਡਗਰਾ ਵਿਚ ਹੀ ਦੁਕਾਨ ਕਰਦਾ ਸੀ, ਪਰ ਹੁਣ ਉਹਨੇ ਤੇ ਉਹਦੇ ਡਾਕਟਰ ਬੇਟੇ ਨੇ ਅੰਮ੍ਰਿਤਸਰ ਵਿਚ ਬਹੁਤ ਵੱਡਾ ਹਸਪਤਾਲ ਖੋਲ੍ਹਿਆ ਏ। ਚਾਚੇ ਦੇ ਸਹੁਰੇ ਹੋਣ ਦੇ ਨਾਲ ਨਾਲ ਸਾਡੀਆਂ ਹੋਰ ਵੀ ਰਿਸ਼ਤੇਦਾਰੀਆਂ ਹਨ। ਮਾਮੇ ਨੂੰ ਪਤਾ ਲੱਗਦਿਆਂ ਸਾਰ ਉਹ ਪਿੰਡ ਆ ਗਿਆ ਤੇ ਚਾਚੇ ਨੂੰ ਨਾਲ ਲੈ ਗਿਆ। ਅੱਡ ਕਮਰੇ ਵਿਚ ਰੱਖਿਆ। ਦੋ ਸਾਲ ਤੱਕ ਉਹਨੇ ਚਾਚੇ ਦਾ ਇਲਾਜ ਕੀਤਾ ਅਤੇ ਫਿਰ ਚਾਚਾ ਪਿੰਡ ਆ ਗਿਆ।

ਚਾਚਾ ਠੀਕ ਹੋ ਕੇ ਘਰ ਆ ਗਿਆ ਸੀ ਪਰ ਕੋਈ ਕੰਮ-ਕਾਰ ਕਰਨ ਜੋਗਾ ਨਹੀਂ ਸੀ। ਸਾਡੇ ਪਿੰਡ ਵਿਚ ਬਹੁਤੇ ਪਰਿਵਾਰ ਪਰਜਾਪਤ ਹਨ ਜੋ ਵਪਾਰ ਦਾ ਕੰਮ ਕਰਦੇ ਹਨ। ਉਨ੍ਹਾਂ ਦੀਆਂ ਜੇਬਾਂ ਵਿਚ ਸਦਾ ਹੀ ਨੋਟ ਖੜਕਦੇ ਰਹਿੰਦੇ। ਸਾਡੇ ਪਰਿਵਾਰ ਨਾਲ ਬਹੁਤ ਸਾਰੇ ਪਰਿਵਾਰ ਸ਼ਰੀਕੇ ਵਾਂਗ ਹੀ ਮੇਲ-ਜੋਲ, ਖੁਸ਼ੀ-ਗਮੀ ਦੇ ਭਾਈਵਾਲ ਹਨ। ਇਕ ਦਿਨ ਚਾਚੇ ਦੇ ਤਿੰਨ-ਚਾਰ ਬੇਲੀ ਤਾਰੀ, ਚਰਨ ਸਿੰਘ, ਕੁੰਨਣ ਸਿੰਘ-ਸਾਰੇ ਹੀ ਘਰ ਆਏ। ਕਹਿਣ ਲੱਗੇ, “ਨੰਬਰਦਾਰਾ! ਸਾਨੂੰ ਤੇਰੀ ਬਿਮਾਰੀ ਦਾ ਬੜਾ ਦੁੱਖ ਏ। ਤੂੰ ਘਰ ਬੈਠ ਕੇ ਕੀ ਕਰੇਂਗਾ? ਬੱਚੇ ਵੀ ਪਾਲਣੇ ਨੇ। ਤੂੰ ਸਾਡੀ ਗੱਲ ਮੰਨ, ਸਾਡੇ ਨਾਲ ਆ...ਅਸੀਂ ਤੈਨੂੰ ਵਪਾਰ ਦੀਆਂ ਰਮਜ਼ਾਂ ਦੱਸਾਂਗੇ ਅਤੇ ਪੈਸੇ ਵੀ ਆਪਣੇ ਕੋਲੋਂ ਲਾ ਦਿਆਂਗੇ।” ਚਾਚੇ ਨੂੰ ਪਤਾ ਨਹੀਂ ਇਹ ਗੱਲ ਕਿਵੇਂ ਚੰਗੀ ਲੱਗੀ, ਉਹ ਵਪਾਰੀ ਬਣ ਗਿਆ। ਪਿੰਡਾਂ ਵਿਚੋਂ ਜਿਣਸਾਂ ਲੈਣੀਆਂ ਤੇ ਸ਼ਹਿਰ ਜਾ ਕੇ ਵੇਚ ਆਉਣੀਆਂ। ਕੁਝ ਦੇਰ ਬਾਅਦ ਚਾਚੇ ਨੇ ਵੀ 5-6 ਜੇਬਾਂ ਵਾਲੀ ਚਿੱਟੀ ਫ਼ਤੂਹੀ ਕਮੀਜ਼ ਦੇ ਥੱਲਿਓ ਪਾ ਲਈ ਜਿਹਨੂੰ ਅਸੀਂ ਪਰਜਾਪਤਾਂ ਦਾ ਬੈਂਕ ਕਹਿੰਦੇ ਹੁੰਦੇ ਸਾਂ। ਇਹ ਧੰਦਾ ਉਹਦੇ ਬਹੁਤ ਰਾਸ ਆਇਆ ਪਰ ਸਿਹਤ ਨੇ ਜ਼ਿਆਦਾ ਦੇਰ ਸਾਥ ਨਾ ਦਿੱਤਾ। ਫੇਰ ਇਕ ਵਾਰੀ ਢਿੱਲਾ ਹੋਇਆ ਤਾਂ ਹਸਪਤਾਲ ਪਹੁੰਚ ਗਿਆ ਤੇ ਬੱਸ ਫੇਰ ਹਸਪਤਾਲ ਤੋਂ ਉਹ ਟਰਾਲੀ ਵਿਚ ਹੀ ਆਇਆ ਸੀ।

ਹਸੂੰ-ਹਸੂੰ ਕਰਨ ਵਾਲਾ ਚਾਚਾ ਦੁਨੀਆਂ ਤੋਂ ਤੁਰ ਗਿਆ ਸੀ। ਅੱਜ 44-45 ਸਾਲ ਬੀਤ ਗਏ ਹਨ। ਫਿਰ ਦਲਬੀਰ ਚੇਤਨ ਵੀ ਇਸ ਦੁਨੀਆਂ ਤੋਂ ਤੁਰ ਗਿਆ। ਅਸੀਂ ਪਿੰਡ ਛੱਡ ਕੇ ਸ਼ਹਿਰ ਅੰਮ੍ਰਿਤਸਰ ਜਾ ਵਸੇ। ਚੇਤਨ ਦੇ ਤੁਰ ਜਾਣ ਤੋਂ ਬਾਅਦ ਇਕ ਦਿਨ ਚਾਚੀ ਜੀ ਸ਼ਹਿਰ ਘਰ ਆਏ ਅਤੇ ਸਾਰੇ ਪਰਿਵਾਰ ਨੂੰ ਇਕੱਠਾ ਕੀਤਾ। ਫਿਰ ਮੇਰੇ ਪਿਤਾ ਜੀ ਨੂੰ ਕਹਿਣ ਲੱਗੇ, “ਸਰਦਾਰ ਜੀ! ਦਲਬੀਰ ਸਿਰਫ਼ ਤੁਹਾਡਾ ਪੁੱਤ ਹੀ ਨਹੀਂ ਸੀ। ਉਹਨੂੰ ਮੈਂ ਜੰਮਿਆ ਤਾਂ ਨਹੀਂ, ਪਰ ਉਹ ਢਿੱਡੋਂ ਜੰਮੇ ਨਾਲੋਂ ਵੀ ਜ਼ਿਅਦਾ ਕਰ ਕੇ ਗਿਆ ਮੇਰੇ ਨਾਲ, ਤੇ ਮੇਰੇ ਪਰਿਵਾਰ ਨਾਲ।...ਜਦ ਦਲਬੀਰ ਆਪਣੇ ਚਾਚੇ ਦੇ ਮਰਨੇ ‘ਤੇ ਆਇਆ ਸੀ, ਮੈਨੂੰ ਆਪਣੇ ਪਿੰਡ ਵਾਲੇ ਡਾਕੀਏ ਕੋਲ ਲੈ ਗਿਆ। ਮੇਰਾ ਤੇ ਡਾਕੀਏ ਦਾ ਹੱਥ ਆਪਣੇ ਸਿਰ ’ਤੇ ਰਖਵਾ ਕੇ ਸਹੁੰ ਖੁਆਈ ਕਿ ਜੋ ਮੈਂ ਕਹਿਣ ਲੱਗਾਂ, ਇਹ ਆਪਣੇ ਤਿੰਨਾਂ ਵਿਚ ਹੀ ਰਹੇ, ਤੇ ਫੇਰ ਡਾਕੀਏ ਨੂੰ ਕਿਹਾ, ‘ਤਾਇਆ ਜੀ, ਮੈਂ ਫੌਜ ਵਿਚੋਂ ਚਾਚੀ ਦੇ ਨਾਂ ਹਰ ਮਹੀਨੇ ਮਨੀਆਰਡਰ ਭੇਜਿਆ ਕਰਾਂਗਾ, ਤੁਸੀਂ ਚਾਚੀ ਨੂੰ ਸੱਦ ਕੇ ਚੁੱਪ-ਚੁਪੀਤੇ ਇਹਦੀ ਮੁੱਠੀ ਵਿਚ ਪੈਸੇ ਦੇ ਦਿਆ ਕਰਨੇ ਤਾਂ ਕਿ ਮੇਰੇ ਚਾਚੇ ਦੇ ਘਰ ਦਾ ਚੁੱਲ੍ਹਾ ਵੀ ਬਲਦਾ ਰਹੇ।”...ਚਾਚੀ ਰੋ ਵੀ ਰਹੀ ਸੀ, ਆਪਣੇ ਮਨ ਦਾ ਭਾਰ ਵੀ ਹੌਲਾ ਕਰ ਰਹੀ ਸੀ, “ਹੁਣ ਉਹ ਤੁਰ ਗਿਆ ਏ ਤਾਂ ਅੱਜ ਮੈਂ ਉਹਦੀ ਸਹੁੰ ਤੋੜਦੀ ਹਾਂ!”

ਦਲਬੀਰ ਚੇਤਨ ਜੋ ਆਪਣੇ ਪਾਤਰਾਂ ਦੇ ਦੁੱਖਾਂ ਨੂੰ ਲੈ ਕੇ ਬੁੱਕਲ ਵਿਚ ਰੋਂਦਾ ਸੀ, ਉਹ ਆਪਣੇ ਘਰ ਦੇ ਦੁੱਖ ਦਾ ਸਹਾਈ ਕਿਉਂ ਨਾ ਹੁੰਦਾ ਭਲਾ? ਬੱਸ! ਇਹ ਸਭ ਸਿਰਫ ਉਸ ਦੇ ਹਿੱਸੇ ਹੀ ਆਇਆ ਸੀ। ਇਹ ਸੀ ‘ਰਿਸ਼ਤਿਆਂ ਦੇ ਆਰ ਪਾਰ’ ਵਾਲਾ ਦਲਬੀਰ ਚੇਤਨ। ਮੇਰਾ ਮੋਹਵੰਤਾ ਭਰਾ...।

**-ਪਰਸ਼ਿੰਦਰ**
**ਫੋਨ: 469-335-2263**

# ਰਿਸ਼ਤਿਆਂ ਦੇ ਆਰ ਪਾਰ

(ਪਿਛਲੇ ਸਫੇ ਦੀ ਬਾਕੀ)

ਆਪਣੇ ਦੋਹਾਂ ਹੱਥਾਂ ਨਾਲ ਉਹਦਾ ਚਿਹਰਾ ਸਿੱਧਾ ਕੀਤਾ। ਇਕ ਟੱਕ ਉਹ ਕਿੰਨਾ ਚਿਰ ਉਹਦੇ ਵੱਲ ਵਿੰਹਦੀ ਰਹੀ ਤੇ ਫੇਰ ਉਹਦੇ ਬੁੱਲ੍ਹਾਂ ’ਤੇ ਆਪਣੇ ਬੁੱਲ੍ਹ ਰੱਖ ਕੇ ਬਿਮਾਰ ਬੁੱਲ੍ਹਾਂ ਨੂੰ ਇਹ ਮੁੜ ਮੁੜ ਚੁੰਮਦਿਆਂ ਕਹਿ ਰਹੀ ਸੀ, “ਜੀਅ ਕਰਦੈ ਤੇਰੀ ਸਾਰੀ ਬਿਮਾਰੀ ਚੂਸ ਲਵਾਂ।” ਤੇ ਉਸ ਵੇਲੇ ਇਹ ਪਤਾ ਨਹੀਂ ਉਸ ਦੀ ਕੀ ਲੱਗਦੀ ਸੀ...ਜੋ ਸਭ ਕੁਝ ਹੁੰਦਿਆਂ ਵੀ ਦੁਨਿਆਵੀ ਰਿਸ਼ਤਿਆਂ ਵਿਚ ਕੁਝ ਵੀ ਨਹੀਂ ਸੀ।

ਇਹਦੇ ਬਾਰੇ ਸੋਚਦਿਆਂ ਮੇਰੇ ਥਿੜਕੇ ਮਨ ਨੂੰ ਬੜੀ ਢਾਰਸ ਮਿਲੀ। ਤ੍ਰਿਕਾਲਾਂ ਪੈਣ ਕਰ ਕੇ ਲੋਕ ਹੌਲੀ ਹੌਲੀ ਉਠ ਕੇ ਜਾਣ ਲੱਗ ਪਏ ਸਨ। ਕਰਮ ਸਿਹੁੰ ਰੇਡੀਓ ਬੋਲਦਾ ਤਾਂ ਰਿਹਾ ਸੀ ਪਰ ਮੈਨੂੰ ਉਹਦੀ ਆਵਾਜ਼ ਅੱਖਰ ਨਹੀਂ ਸੀ ਰਹੀ। “ਅੱਛਾ ਹੌਸਲਾ ਰੱਖੋ, ਉਹਦੀ ਕੀਤੀ ਤਾਂ ਜਰਨੀ ਪੈਂਦੀ ਐ।” ਆਖਰੀ ਬੰਦਾ ਕਰਮ ਸਿਹੁੰ ਵੀ ਮੇਰੇ ਲਾਗੋਂ ਉਠ ਕੇ ਚਲਾ ਗਿਆ। ਮੈਂ ਸਾਹਮਣੇ ਵੇਖਿਆ, ਸਾਰੀਆਂ ਔਰਤਾਂ ਵੀ ਜਾ ਚੁੱਕੀਆਂ ਸਨ। ਡੂੰਘਾ ਸਾਹ ਲੈਂਦਿਆਂ ਮੈਂ ਬੋਝਲ ਮਨ ਨੂੰ ਹੌਲਾ ਕਰਨਾ ਚਾਹਿਆ।

ਸੂਰਜ ਬਨੇਰਿਆਂ ਤੋਂ ਉਹਲੇ ਹੋ ਰਿਹਾ ਸੀ ਤੇ ਵਿਹੜੇ ਵਿਚ ਲੰਮੇ ਕੰਬਦੇ ਪਰਛਾਵੇਂ ਡਰਾਉਣੇ ਜਿਹੇ ਲਗਦੇ ਸਨ। ਅਸਤ ਹੋ ਰਿਹਾ ਸੂਰਜ ਮੈਨੂੰ ਚਾਚੇ ਵਰਗਾ ਲੱਗਾ ਪਰ ਸੂਰਜ ਤਾਂ ਕੱਲ੍ਹ ਵੀ ਚੜ੍ਹੇਗਾ, ਚਾਚੇ ਨੇ ਨਹੀਂ ਸੀ ਬਹੁੜਨਾ। ਮੈਂ ਚਾਚੇ ਬਾਰੇ ਸੋਚਦਾ ਉਠ ਕੇ ਬਾਹਰ ਨੂੰ ਤੁਰ ਪਿਆ ਤੇ ਉਸ ਰਾਹ ਉਤੇ ਤੁਰਦਾ ਗਿਆ ਜਿਸ ਉਤੇ ਚਾਚੇ ਨੇ ਆਪਣਾ ਅੰਤਮ ਸਫ਼ਰ ਕੀਤਾ ਹੋਵੇਗਾ। ਨੀਵੀਂ ਪਾਈ ਤੁਰਦਿਆਂ ਮੈਂ ਸ਼ਾਇਦ ਚਾਚੇ ਦੀਆਂ ਪੈੜਾਂ ਲੱਭ ਰਿਹਾ ਸਾਂ ਪਰ ਮਨੁੱਖ ਆਖ਼ਰੀ ਸਫ਼ਰ ਆਪਣੇ ਪੈਰਾਂ ਨਾਲ ਥੋੜ੍ਹਾ ਕਰਦੈ?

ਮੜ੍ਹੀਆਂ ਵਿਚ ਪਹੁੰਚਿਆ ਤਾਂ ਬਾਬੇ ਬਿਸ਼ਨੇ ਨੂੰ ਸਵਾਹ ਦੀ ਢੇਰੀ ਕੋਲ ਖਲੋਤਾ ਦੇਖ ਕੇ ਹੈਰਾਨ ਹੀ ਰਹਿ ਗਿਆ। ਉਹ ਖੂੰਡੇ ਦੇ ਆਸਰੇ, ਉਤਾਂਹ ਨੂੰ ਮੂੰਹ ਚੁੱਕੀ ਰੱਬ ਨਾਲ ਆਢਾ ਲਾਈ ਖਲੋਤਾ ਸੀ। ਕੁਝ ਸਾਲ ਪਹਿਲਾਂ ਉਹਦਾ ਜਵਾਨ ਜਹਾਨ ਪੁੱਤ ਛੋਟੀ ਜਿਹੀ ਗੱਲੇ ਹੀ ਸ਼ਰੀਕਾਂ ਨੇ ਵੱਢ ਦਿੱਤਾ ਸੀ ਤਾਂ ਉਹਦੇ ਲਈ ਪਿੰਡ ਦੀਆਂ ਕੰਧਾਂ ਕਾਲੀਆਂ ਹੋ ਗਈਆਂ ਸਨ। ਉਨ੍ਹੀਂ ਦਿਨੀਂ ਉਹ ਸਵੇਰੇ ਸ਼ਾਮ ਮੜ੍ਹੀਆਂ ਵਿਚ ਬੈਠਾ ਰੋਂਦਾ ਰਹਿੰਦਾ। ਪੁੱਤ ਨੂੰ ਛਾਂ ਦੇਣ ਲਈ ਰੁੱਖ ਲਾਉਂਦਾ, ਪਾਣੀ ਪਾਉਂਦਾ ਤੇ ਰੱਬ ਨੂੰ ਗਾਲਾਂ ਕੱਢ ਕੱਢ ਕੇ ਆਪਣਾ ਮਨ ਠੰਢਾ ਕਰਦਾ। ਹੁਣ ਵੀ ਪਿੰਡ ਦੀ ਕੋਈ ਬੇਵਕਤੀ ਮੌਤ ਉਹਦੇ ਜ਼ਖ਼ਮਾਂ ਨੂੰ ਫੇਰ ਹਰਾ ਕਰ ਜਾਂਦੀ ਤੇ ਉਹਦੀਆਂ ਗਾਲਾਂ ਹੋਰ ਵੀ ਉਚੀਆਂ ਹੋ ਜਾਂਦੀਆਂ।

ਇਕ ਮਨ ਕੀਤਾ, ਉਹਨੂੰ ਆਖਾਂ, “ਆ ਘਰ ਨੂੰ ਚੱਲੀਏ...ਇਥੇ ਜੋ ਗੁਆਚਦਾ, ਮੁੜ ਲੱਭਦਾ ਨਈਂ”, ਪਰ ਜਾਣਦਾ ਸਾਂ, ਮੈਥੋਂ ਕੁਝ ਵੀ ਕਿਹਾ ਨਹੀਂ ਜਾਣਾ। ਮੈਨੂੰ ਤਾਂ ਆਪਣੇ ਬੋਲ ਹੀ ਮਰ ਮੁੱਕ ਗਏ ਲੱਗਦੇ ਸਨ।

ਮੈਂ ਚੁੱਪ-ਚਾਪ ਭਰੀਆਂ ਅੱਖਾਂ ਨਾਲ ਪਿੰਡ ਨੂੰ ਤੁਰ ਪਿਆ। ਪਲੋ ਪਲ ਹਨੇਰੇ ਦੀ ਉਸਰ ਰਹੀ ਕੰਧ ਮੈਨੂੰ ਹੋਰ ਵੀ ਇਕੱਲਾ ਕਰੀ ਜਾ ਰਹੀ ਸੀ। ਇਸ ਇਕੱਲ ਵਿਚ ਮੈਨੂੰ ਫੇਰ ਉਸ ਔਰਤ ਦੀ ਯਾਦ ਆਈ ਜੋ ਕਿਸੇ ਹਨੇਰੇ ਕੋਨੇ ਵਿਚ ਬਹਿ ਕੇ ਬੜੇ ਹੀ ਉਹਲੇ ਨਾਲ ਆਪਣਾ ਮਨ ਹੌਲਾ ਕਰਦੀ ਹੋਵੇਗੀ। ਮੈਂ ਬੋਝਲ ਕਦਮੀਂ ਉਹਦੇ ਵਿਹੜੇ ਜਾ ਵੜਿਆ। ਉਥੇ ਵੀ ਹਨੇਰਾ ਸੀ, ਮੇਰੇ ਮਨ ਵਿਚਲੇ ਹਨੇਰੇ ਤੋਂ ਵੀ ਗੂੜ੍ਹਾ ਹਨੇਰਾ। ਉਹ ਚਿੱਟੇ ਕੱਪੜਿਆਂ ਵਿਚ ਚਾਨਣ ਵਾਂਗ ਮੇਰੇ ਵੱਲ ਆਈ। ਕੋਲ ਆ ਕੇ ਖਲੋ ਗਈ ਤੇ ਪਛਾਣਦਿਆਂ ਮੈਨੂੰ ਆਪਣੀਆਂ ਬਾਹਾਂ ਵਿਚ ਘੁੱਟ ਕੇ ਝੱਲਿਆਂ ਵਾਂਗ ਰੋ ਉਠੀ। ਮੇਰੇ ਵੀ ਕਈਆਂ ਦਿਨਾਂ ਦੇ ਡੱਕੇ ਅੱਥਰੂ ਝਲਾਰਾਂ ਬਣ ਵਹਿ ਤੁਰੇ...।

# ਦਇਆਵਾਨ ਅਧਿਆਪਕ ਦਾ ਪਰਉਪਕਾਰ

## ਯਾਦ ਝਰੋਖਾ

ਇਹ ਵਾਕਿਆ ਸਾਲ 1975 ਦੇ ਅਪਰੈਲ ਮਹੀਨੇ ਦਾ ਹੈ। ਸਾਡੇ ਬੀ.ਏ. ਦੇ ਆਖਰੀ ਸਾਲ ਦੇ ਇਮਤਿਹਾਨ ਚੱਲ ਰਹੇ ਸਨ। ਡੀ.ਏ.ਵੀ. ਕਾਲਜ ਅਬੋਹਰ ਵਿਚ ਪ੍ਰੋ. ਮੱਖਣ ਲਾਲ ਸਾਨੂੰ ਪੰਜਾਬੀ ਵਿਸ਼ਾ ਪੜ੍ਹਾਉਂਦੇ ਸਨ। ਜਿਸ ਦਿਨ ਸਾਡਾ ਪੰਜਾਬੀ ਦਾ ਪਰਚਾ ਸੀ, ਉਸ ਰਾਤ ਮੈਂ ਚੰਗੀ ਤਰ੍ਹਾਂ ਸੌਂ ਨਾ ਸਕਿਆ। ਪੰਜਾਬੀ ਵਿਸ਼ੇ ਦੀ ਤਿਆਰੀ ਵਿਚ ਮੇਰਾ ਮਨ ਨਹੀਂ ਲੱਗ ਰਿਹਾ ਸੀ। ਪਰਚੇ ਦੇ ਵੱਡੇ ਸਿਲੇਬਸ ਨੂੰ ਦੇਖਦਿਆਂ ਮਨ ਵਿਚ ਖਲਬਲੀ ਜਿਹੀ ਮਚੀ ਪਈ ਸੀ। ਇਸੇ ਜੱਕੋਤੱਕੀ ਵਿਚ ਕਦੇ ਕਿਤਾਬ ਖੋਲ੍ਹ ਲੈਂਦਾ ਅਤੇ ਕਦੇ ਬੰਦ ਕਰ ਦਿੰਦਾ। ਪਰ ਮਨ ਪੜ੍ਹਾਈ ਵਿਚ ਟਿਕ ਨਹੀਂ ਰਿਹਾ ਸੀ। ਰਾਤ ਦੇ ਕਦੋਂ ਤਿੰਨ ਵੱਜ ਗਏ ਮੈਨੂੰ ਪਤਾ ਹੀ ਨਾ ਲੱਗਾ। ਆਖਰ ਹਥਿਆਰ ਸੁੱਟਣ ਵਾਂਗ ਮੈਂ ਸੌਣ ਦੀ ਕੋਸ਼ਿਸ਼ ਕਰਨ ਲੱਗਾ। ਨੀਂਦ ਆ ਨਹੀਂ ਸੀ ਰਹੀ। ਉਸਲਵੱਟੇ ਲੈਂਦਿਆਂ ਸਵੇਰ ਦੇ ਪੰਜ ਵੱਜ ਗਏ। ਮੈਂ ਇਕ ਗਿਲਾਸ ਠੰਢੇ ਪਾਣੀ ਦਾ ਪੀਤਾ ਅਤੇ ਕੁਝ ਮਿੰਟਾਂ ਪਿਛੋਂ ਮੇਰੀ ਅੱਖ ਲੱਗ ਗਈ ਪਰ ਜਦੋਂ ਜਾਗਿਆ ਦਿਨ ਦੇ ਸਾਢੇ ਗਿਆਰਾਂ ਵੱਜ ਗਏ ਸਨ। ਸ਼ੁਕਰ ਇਹ ਕਿ ਪੇਪਰ ਦੋ ਵਜੇ ਸ਼ੁਰੂ ਹੋਣਾ ਸੀ।

ਇਸ ਤਰ੍ਹਾਂ ਦਿਨ ਦੇ ਕੰਮ ਨਿਪਟਾ ਕੇ ਅਤੇ ਛੇਤੀ ਛੇਤੀ ਇਕ ਅੱਧ ਫੁਲਕਾ ਸਟੋਵ ‘ਤੇ ਸੇਕ ਕੇ ਜਦੋਂ ਕਿਰਾਏ ਦੇ ਕਮਰੇ ਵਿਚੋਂ ਕਾਲਜ ਲਈ ਨਿਕਲਿਆ, ਉਦੋਂ ਤੱਕ ਡੇਢ ਵੱਜ ਚੁੱਕਿਆ ਸੀ। ਕਾਲਜ ਜਾਣ ਲਈ ਸਾਈਕਲ ਕੱਢਿਆ ਤੇ ਲੱਗਾ ਵਾਹੋਦਾਹੀ ਚਲਾਉਣ। ਅਬੋਹਰ ਦੀ ਜੈਨ ਨਗਰੀ ਤੋਂ ਸਾਡੇ ਕਾਲਜ ਦਾ ਰਸਤਾ ਸਾਈਕਲ ‘ਤੇ ਦਸ ਮਿੰਟਾਂ ਦਾ ਸੀ ਪਰ ਮੈਂ ਤਾਂ ਛੇਤੀ ਤੋਂ ਛੇਤੀ ਕਾਲਜ ਪਹੁੰਚਣ ਦੀ ਕਾਹਲ ਵਿਚ ਸੀ। ਇਸ ਲਈ ਸਾਈਕਲ ਖਾਲ ਵਾਲੇ ਕੱਚੇ ਰਸਤੇ ‘ਤੇ ਪਾ ਲਿਆ। ਇਸੇ ਰਾਹ ‘ਤੇ ਕੁਝ ਦਿਨ ਪਹਿਲਾਂ ਕਾਲਜ ਤੋਂ ਕੋਈ 100 ਗਜ਼ ਦੂਰ ਭਿਵਾਨੀ ਕਾਟਨ ਮਿੱਲ ਦੇ ਬੰਗਲੇ ਕੋਲ ਖਾਲ ਦੀ ਮੁਰੰਮਤ ਲਈ ਬੱਜਰੀ ਦੀ ਢੇਰੀ ਲਾਈ ਗਈ ਸੀ। ਉਂਜ ਸਾਡਾ ਕਾਲਜ ਨੂੰ ਜਾਣ ਅਤੇ ਆਉਣ ਦਾ ਇਹੋ ਹੀ ਰਾਹ ਹੁੰਦਾ ਸੀ। ਫਰਕ ਸਿਰਫ ਏਨਾ ਸੀ ਕਿ ਪਹਿਲਾਂ ਮੈਂ ਜਦੋਂ ਪੈਦਲ ਜਾਣਾ ਹੁੰਦਾ ਉਦੋਂ ਇਸ ਰਾਹ ਆਉਂਦਾ ਤੇ ਜਦੋਂ ਸਾਈਕਲ ‘ਤੇ ਹੋਣਾ ਤਾਂ ਮੇਨ ਸੜਕ ਰਸਤੇ ਹੀ ਆਉਂਦਾ-ਜਾਂਦਾ। ਪਰ ਅੱਜ ਤਾਂ ਮੈਂ ਸ਼ਾਰਟ ਕੱਟ ਰਸਤੇ ਛੇਤੀ ਪਹੁੰਚਣ ਲਈ ਇਸ ਖਾਲ ਵਾਲੀ ਪਹੀ ‘ਤੇ ਪੈ ਗਿਆ ਸਾਂ।

ਜਦੋਂ ਮੈਂ ਤੇਜ਼ ਰਫਤਾਰ ਸਾਈਕਲ ‘ਤੇ ਬੱਜਰੀ ਪਾਰ ਕਰਨ ਲੱਗਾ ਤਾਂ ਮੇਰੇ ਸਾਈਕਲ ਦਾ ਪਿਛਲਾ ਪਹੀਆ ਲਗਭਗ ਦੋ ਫੁੱਟ ਥੱਲੇ ਫਿਸਲ ਗਿਆ ਅਤੇ ਮੈਂ ਧੜੰਮ ਕਰਕੇ ਬੱਜਰੀ ਦੇ ਢੇਰ ‘ਤੇ ਜਾ ਡਿੱਗਿਆ। ਮੈਂ ਦੇਖਿਆ ਮੇਰੇ ਖੱਬੇ ਗੋਡੇ ਨੇੜਿਉਂ ਪੈਂਟ ਦਾ ਚੋਖਾ ਲੰਗਾਰ ਲਹਿ ਗਿਆ ਸੀ ਅਤੇ ਗੋਡੇ ਵਿਚ ਬੱਜਰੀ ਧਸ ਜਾਣ ਕਾਰਨ ਗੋਡੇ ਤੋਂ ਹੇਠਾਂ ਸਾਰੀ ਲੱਤ ਲਹੂ ਲੁਹਾਨ ਹੋ ਗਈ ਸੀ। ਮੈਨੂੰ ਬਹੁਤੀ ਸੱਟ ਗੋਡੇ ‘ਤੇ ਹੀ ਲੱਗੀ ਸੀ ਪਰ ਮੇਰੇ ਖੱਬੇ ਹੱਥ ‘ਚ ਵੀ ਰੋੜੀ ਚੁਭੀ ਹੋਈ ਸੀ। ਮੈਂ ਆਪਣੇ ਆਪ ਨੂੰ ਸੰਭਾਲਿਆ, ਸਾਈਕਲ ਚੁੱਕਿਆ। ਸਾਈਕਲ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਖੱਬੀ ਲੱਤ ਲਗਭਗ ਜਵਾਬ ਦੇ ਗਈ ਸੀ। ਗੋਡੇ ‘ਤੇ ਲੱਗਾ ਡੂੰਘਾ ਜ਼ਖ਼ਮ ਅਤੇ ਉਸ ‘ਤੇ ਪੈਂਟ ਘਿਸਰਨ ਕਾਰਨ ਅਤਿ ਅਸਹਿਣਯੋਗ ਹਾਲਤ ਹੋ ਗਈ ਸੀ ਮੇਰੀ। ਮੈਂ ਦੋ ਚਾਰ ਪੈਡਲ ਮਾਰ ਕੇ ਸਾਈਕਲ ਤੋਂ ਹੇਠਾਂ ਉਤਰ ਗਿਆ। ਉਧਰੋਂ ਪੇਪਰ ਦਾ ਸਮਾਂ ਹੋ ਰਿਹਾ ਸੀ ਪਰ ਕਾਲਜ ਅਜੇ ਦੋ ਚਾਰ ਫਰਲਾਂਗ ਦੂਰ ਸੀ। ਕਾਹਲੀ ਨਾਲ ਪੈਰ ਪੁੱਟਦਾ ਤਾਂ ਜ਼ਖ਼ਮ ‘ਚੋਂ ਚੀਸ ਨਿਕਲਦੀ। ਮੇਰੇ ਗੋਡੇ ‘ਚੋਂ ਖ਼ੂਨ ਸਿੰਮਣ ਕਾਰਨ ਮੇਰੀ ਜੁੱਤੀ ਵੀ ਤਰ-ਬਤਰ ਹੋ ਗਈ ਸੀ।

ਆਖਰ ਕਾਲਜ ਦਾ ਗੇਟ ਆਉਣ ‘ਤੇ ਥੋੜ੍ਹੀ ਤਸੱਲੀ ਜਿਹੀ ਹੋ ਗਈ। ਜੇਬ ਵਿਚ ਹੱਥ ਮਾਰ ਕੇ ਆਪਣੇ ਰੋਲ ਨੰਬਰ ਵਾਲੀ ਸਲਿੱਪ ਟੋਹੀ, ਉਹ ਜੇਬ ਵਿਚ ਹੀ ਸੀ। ਅਜੇ ਸਾਈਕਲ ਕਾਲਜ ਰੋਡ ‘ਤੇ ਸਿੱਧਾ ਹੀ ਕੀਤਾ ਸੀ ਕਿ ਸਾਡੇ ਪੰਜਾਬੀ ਦੇ ਪ੍ਰੋਫੈਸਰ ਮੱਖਣ ਲਾਲ ਰਿਕਸ਼ੇ ਵਿਚ ਆਉਂਦੇ ਮੇਰੇ ਕੋਲ ਰੁਕ ਗਏ। ਉਨ੍ਹਾਂ ਨੇ ਮੇਰੀ ਖਸਤਾ ਹਾਲਤ ਭਾਂਪ ਲਈ ਸੀ। ‘ਓ ਕੀ ਹੋ ਗਿਆ ਤੈਨੂੰ?’ ਉਨ੍ਹਾਂ ਨੇ ਸੱਜੇ ਹੱਥ ਨਾਲ ਸਵਾਲੀਆ ਇਸ਼ਾਰਾ ਕਰਦਿਆਂ ਮੇਰੇ ਕੋਲ ਰਿਕਸ਼ਾ ਖੜ੍ਹਾ ਕਰਕੇ ਪੁੱਛਿਆ। ‘ਜੀ ਬੱਸ ਸਾਈਕਲ ਰੋੜੀ ਤੋਂ ਤਿਲ੍ਹਕ ਗਿਆ ਸੀ ਜ਼ਰਾ।’ ਮੈਂ ਉਨ੍ਹਾਂ ਦੇ ਬਰਾਬਰ ਆਉਣ ‘ਤੇ ਆਪਣਾ ਸਾਈਕਲ ਰੋਕ ਕੇ ਆਪਣੇ ਨਾਲ ਵਾਪਰੀ ਘਟਨਾ ਬਾਰੇ ਬੱਸ ਏਨਾ ਹੀ ਕਹਿ ਸਕਿਆ।

‘ਲੈ ਇਹ ਜ਼ਰਾ ਤਾਂ ਨਹੀਂ ਲਗਦਾ। ਤੇਰੀ ਲੱਤ ਤਾਂ ਖ਼ੂਨ ਨਾਲ ਲੱਥਪਥ ਹੋਈ ਪਈ ਐ,’ ਏਨਾ ਕਹਿ ਕੇ ਉਹ ਰਿਕਸ਼ੇ ਤੋਂ ਉਤਰ ਆਏ। ਉਨ੍ਹੀਂ ਦਿਨੀਂ ਡੀ.ਏ.ਵੀ. ਕਾਲਜ ਅਬੋਹਰ ਦੇ ਪਹਿਲੇ ਗੇਟ ’ਤੇ ਚਾਹ ਦੁੱਧ ਦੀ ਇਕ ਦੁਕਾਨ ਹੁੰਦੀ ਸੀ। ਉਨ੍ਹਾਂ ਉਸ ਦੁਕਾਨ ਤੋਂ ਆਪ ਪਾਣੀ ਦਾ ਗਿਲਾਸ ਲਿਆ ਕੇ ਮੈਨੂੰ ਪਿਆਇਆ। ਮੇਰੇ ਊਬੜ-ਖਾਬੜ ਵਾਲਾਂ ਵਿਚ ਹੱਥ ਫੇਰਿਆ। ਆਪਣੇ ਰੁਮਾਲ ਨਾਲ ਪਸੀਨੇ ਨਾਲ ਭਿੱਜਿਆ ਮੇਰਾ ਮੱਥਾ ਪੂੰਝਿਆ। ਮੈਨੂੰ ਰਿਕਸ਼ੇ ਵਿਚ ਬੈਠਣ ਲਈ ਕਿਹਾ ਪਰ ਤਦ ਤਕ ਮੇਰੀ ਹਾਲਤ ਕਾਫੀ ਸਾਵੀਂ ਹੋ ਗਈ ਸੀ। ਪ੍ਰੋ. ਮੱਖਣ ਲਾਲ ਨੇ ਮੈਨੂੰ ਹੌਲੀ ਹੌਲੀ ਪ੍ਰੀਖਿਆ ਕੇਂਦਰ ਦੇ ਹਾਲ ਵੱਲ ਆਉਣ ਲਈ ਕਿਹਾ ਅਤੇ ਆਪ ਰਿਕਸ਼ੇ ਵਿਚ ਬੈਠ ਕੇ ਚਲੇ ਗਏ। ਉਹ ਮੈਨੂੰ ਮੇਰੇ ਤੋਂ ਪਹਿਲਾ ਪ੍ਰੀਖਿਆ ਵਾਲੇ ਕਮਰੇ ਅੱਗੇ ਖੜ੍ਹੇ ਮਿਲੇ। ਪ੍ਰੀਖਿਆ ਦੇ ਤੈਅ ਸਮੇਂ ਤੋਂ 5-10 ਮਿੰਟ ਜ਼ਿਆਦਾ ਸਮਾਂ ਹੋ ਗਿਆ ਸੀ। ਪ੍ਰੋ. ਮੱਖਣ ਲਾਲ ਨੇ ਪ੍ਰੀਖਿਆ ਕੇਂਦਰ ਦੇ ਸਟਾਫ ਨੂੰ ਮੇਰੇ ਨਾਲ ਵਾਪਰੀ ਘਟਨਾ ਅਤੇ ਮੇਰੀ ਹਾਲਤ ਬਾਰੇ ਦੱਸਿਆ। ਇਸ ਤਰ੍ਹਾਂ ਉਨ੍ਹਾਂ ਮੈਨੂੰ ਪਰਚਾ ਕਰਨ ਦੀ ਇਜਾਜ਼ਤ ਦਿਵਾ ਦਿੱਤੀ।

ਹੁਣ ਜਦੋਂ ਵੀ ਕਦੇ ਸੜਕ ਕਿਨਾਰੇ ਪਈ ਬੱਜਰੀ ਦੇਖਦਾ ਹਾਂ ਤਾਂ ਮੇਰੇ ਖੱਬੇ ਗੋਡੇ ‘ਚੋਂ ਚੀਸ ਵਾਂਗ ਇਕ ਝਰਨਾਟ ਨਿਕਲਦੀ ਹੈ। ਮੇਰੇ ਸਾਹਮਣੇ ਉਸੇ ਵੇਲੇ ਆਪਣੇ ਦਇਆਵਾਨ ਪ੍ਰੋ. ਮੱਖਣ ਲਾਲ ਦਾ ਚਿੰਤਾਵਾਨ ਚਿਹਰਾ ਆ ਜਾਂਦਾ ਹੈ ਅਤੇ ਉਨ੍ਹਾਂ ਦੇ ਉਸ ਪਰਉਪਕਾਰੀ ਵਤੀਰੇ ਅੱਗੇ ਇਕ ਸੱਚੇ ਸ਼ਰਧਾਲੂ ਵਾਂਗ ਮੈਂ ਹਮੇਸ਼ਾ ਸਿਰ ਝੁਕਾ ਕੇ ਉਨ੍ਹਾਂ ਨੂੰ ਯਾਦ ਕਰਦਾ ਹਾਂ। ਜੇ ਉਹ ਉਸ ਦਿਨ ਇਕ ਫਰਿਸ਼ਤੇ ਵਾਂਗ ਹਾਜ਼ਰ ਨਾ ਹੁੰਦੇ ਤਾਂ ਮੈਂ ਆਪਣਾ ਪਰਚਾ ਦੇ ਵੀ ਸਕਦਾ ਜਾਂ ਨਾ, ਕੁਝ ਨਹੀਂ ਕਹਿ ਸਕਦਾ।

**-ਕੁਲਦੀਪ ਭੁੱਲਰ**
**ਫੋਨ: 91-98158-61096**

ooraa



ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org








M.K. Nijjar DDS

Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

510-794-7058

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

**"I take your accident personally"**

Free initial consultation. No fee if no recovery.

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information

www. markcohenlaw.com or call us at 510.792.4008

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

Since 1990

# PCS SACRAMENTO

Non Profit

Presents (USA)

24ਵਾਂ ਵਿਸਾਖੀ ਮੇਲਾ

# Visakhi Mela

**Celebration On Saturday,**

**20th APRIL 2013**

**At 4.00 P. M.**

**AT**

**S.E.S. Hall**

**10427 E. STOCKTON BLVD.**

**ELK GROVE, CA 95624**



**Featuring : Songs, Gidha & Bhangra, Dances, Skits and Much More**

## SPONSORS

Indo American Desh Bhagat Foundation, Indus Valley American Chamber of Commerce, Punjab Arts & Culture Promotions, Indo American Cultural Organization, Harjit Singh (Mountain Mike's Pizza Elkgrove), Inderjit Singh (Mountain Mike's Pizza Elkgrove Florin), Bagga Palace, India House of Grocery, Desi Bazar, India spices& music in Elkgrove, Rajinder Singh, Gurnek Singh, Jaswinder Sandhu, Avtar Atwal, Charan Badwal, Baljinder Johal, Piara Singh Parhar, Malkit Boparai, Jassi (Power Mart), Aklesh Singh, A V Sweets, Sukhchain Singh, Joga Ghuman, Hardeep Singh, Manjeet Dhillon (Modesto), Raghvir Gill, S.P.Singh, Amarjit Singh, Manpreet Singh, Inderjit Singh, Parminderjit Singh, Jaswant Singh, Gurchetan Singh, Manjit Singh, Kulwinder Bobby, Varinder Sekhon & Manjit Singh (Punjab Insurance & Immigration Tax Service) & Paramjit Dhaliwal (Fresno), Bakhshish Gill, Amarjit Dulai, Gurmukh Gosal (Sheration) Wells Fargo Bank, Sky West Real Estate, Money Gram(Fast Trip Florin Rd) P. Mann Trucking, Manjit Singh, Nirmal Singh, Gurdeep Dhillon, Sukhchan Singh, Jaswinder Boparai, Jasvir Thandi (Century21 Real Estate) & Alex Singh (Quality Vending).

## ORGANIZING COMMITTEE

Rajinder Pal Singh, Amrik Singh, Harjinder Basra, Tirath Sahota, Paramjit Dhillon, Surinder Bindra, Ajaib Kahlon, Rashpal Pharwala, Jarnail Sarpanch, Debi Gill, Sukhraj Singh, Bhupinder Rehal, Jaswinder Pooni, Jaswant Shad, Arjinder Kukki, M.S.Chahal, Pavittar Nahal, Satwinder Rangi, Varinder Sanghera, Kamal Banga, Paminder Virk, Balbir Johal, Avtar Dodd, Harjinder Pandher, Satvinder Sarhadi, Pal Singh, Manhor Lal Ratti, Jarnail Mander & Jagjit Kandola

*Spcl. Appearance*

**Bhangra & Gidda**

ਕੈਲੇਫੋਰਨੀਆ ਦੇ ਉੱਘੇ ਕਲਾਕਾਰ ਇਸ ਵਿੱਚ ਭਾਗ ਲੈ ਰਹੇ ਹਨ। ਸਮੂਹ ਪੰਜਾਬੀ ਭਾਈਚਾਰੇ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਹੁੰਮ ਹੁਮਾ ਕੇ ਪਹੁੰਚੋ।

*For More Information Please Contact :*

| | | |
|---|---|---|
| *Participation:* | Rashpal Pharwala | (916) 880-0531 |
| | Tirath Sahota | (916) 271-8382 |
| | Amrik Parhar | (916) 502-0064 |
| *Host by:* | Jaswant S. Shad | (209) 992-7185 |

**ADMISSION FREE**

Please No Alcohol, No Food or Drinks Inside the Hall. No Cameras Will Be Allowed Inside The Hall, Security Will Be Tightly Enforced

Website : www.punjabiculturalsocietysacramento.com

Printer : Barapind Printing Press (E-mail: barapindpress@gmail.com)



WATCH A NEW MOVIE EVERYDAY
1000+ SOUTH ASIAN MOVIES ON DEMAND FOR FREE
SUBSCRIBE TO THE PUNJABI PACK FOR $24.99/MO
AND GET MOVIES ON DEMAND FREE FOR A YEAR
BIG MAGIC INTERNATIONAL + BIGFLIX
CHANNEL SELECTION WILL VARY BY PACKAGE
PACKAGES STARTING FROM $24.99/MO
1.888.242.2276
Facebook.com/DishPunjabiTV
www.DishSouthAsianTV.com/MOD
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Offer valid with activation of new DISH residential service with a qualifying South Asian package ($19.99/mo or higher) between 2/01/13 and 04/30/13. You must separately sign up for Big Magic by calling 1.888.723.0197, and visit www.dish.com/southasianmod by 5/15/13 to redeem offer; your account will be credited on or about 7/01/13. You must maintain qualifying South Asian package for the duration. After promotional period Big Magic add-on package will continue at then-current price unless you call or go online to downgrade. May not be combined with other special offers. Depending on qualifying plan, one or more of the following will apply – activation fee (minimum $79), Social Security Number, credit approval, 24-month Agreement, early cancellation fee. Upgrade fees will apply for select receivers based on model. Monthly fees for receivers may apply. Some plans require all payments to be made in advance, including monthly programming, pay-per-view (prior to event), equipment upgrades and other one-time charges. New and qualifying former customers only. Offer is subject to the terms of the Promotional and Residential Customer Agreements. All prices, packages, programming, features, functionality and offers subject to change without notice. ©2013, DISH Network L.L.C. All rights reserved.